**Book Online** 123GoAir
WWW.123GOAIR.COM
Cheap Airline tickets to India and Worldwide.
Fares to India starting at $625*
**Call: 1-844-234-6247**
Email: info@123goair.com
*RT Fare Incl. Taxes Conditions Apply
95-81 114 street, Richmond Hill, NY 11419

**Real Estate Services**
BUY, SELL or RENT
Queens, Long Island & Manhattan

Sunny Singh
Ph: 917-679-0029
E-mail: sunny.singhre@gmail.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419



Nineteenth Year of Publication | ਨਿਊ ਯਾਰਕ ਐਡੀਸ਼ਨ | Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com


# ਪੰਜਾਬ ਟਾਈਮਜ਼


Punjab Times, Vol 19, Issue 30, July 28, 2018 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਪੰਥਕ ਮਸਲਿਆਂ ਉਤੇ ਮੱਲਾਂ ਮਾਰਨ ਲਈ ਭੱਜ ਨੱਠ ਸ਼ੁਰੂ

**ਚੰਡੀਗੜ੍ਹ:** ਪੰਜਾਬ ਦੀਆਂ ਸਿਆਸੀ ਧਿਰਾਂ ਨੇ ਪੰਥਕ ਮੁੱਦਿਆਂ ਉਤੇ ਮੱਲਾਂ ਮਾਰਨ ਲਈ ਭੱਜ ਨੱਠ ਸ਼ੁਰੂ ਕਰ ਦਿੱਤੀ ਹੈ। ਪਿਛਲੇ ਕੁਝ ਦਿਨਾਂ ਤੋਂ ਕੈਪਟਨ ਅਮਰਿੰਦਰ ਸਿੰਘ ਦੀਆਂ ਸਰਗਰਮੀਆਂ ਨੂੰ ਦੇਖਦੇ ਹੋਏ ਅਕਾਲੀ ਦਲ (ਬਾਦਲ) ਵੀ ਸਰਗਰਮ ਹੋ ਗਿਆ ਹੈ। ਜੇਲ੍ਹ ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਵੱਲੋਂ ਸ਼ੁਰੂ ਕੀਤੀ ਭੁੱਖ ਹੜਤਾਲ ਪਿੱਛੋਂ ਬਾਦਲਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਿਹੜੀ ਫੁਰਤੀ ਦਿਖਾਈ ਹੈ, ਉਸ ਤੋਂ ਜਾਪ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਗਾਮੀ ਲੋਕ ਸਭਾ ਚੋਣਾਂ ਵਿਚ ਪੰਥਕ ਮਸਲਿਆਂ ਆਸਰੇ ਬੇੜੀ ਪਾਰ ਲਾਉਣ ਦੀ ਤਿਆਰੀ ਵਿਚ ਹੈ।

ਰਾਜੋਆਣਾ ਨੇ ਪਿਛਲੇ ਵਰ੍ਹੇ ਵੀ ਆਪਣੀ ਸਜ਼ਾ ਬਾਰੇ ਅਪੀਲ ਉਤੇ ਸੁਣਵਾਈ ਨਾ ਹੋਣ ਕਾਰਨ ਭੁੱਖ ਹੜਤਾਲ ਕੀਤੀ ਸੀ। ਉਸ ਸਮੇਂ ਸ਼੍ਰੋਮਣੀ ਕਮੇਟੀ ਨੇ ਕੇਂਦਰ ਕੋਲ ਪਹੁੰਚ ਕਰਨ ਦਾ ਭਰੋਸਾ ਦੇ ਕੇ ਭੁੱਖ ਹੜਤਾਲ ਖਤਮ ਕਰਵਾਈ ਸੀ ਪਰ ਪੌਣੇ ਦੋ ਸਾਲਾਂ ਵਿਚ ਇਸ ਬਾਰੇ ਚੁੱਪ ਹੀ ਧਾਰੀ ਰੱਖੀ। ਹੁਣ ਰਾਜੋਆਣਾ ਵੱਲੋਂ ਮੁੜ ਭੁੱਖ ਹੜਤਾਲ ਸ਼ੁਰੂ ਕਰਨ ਪਿੱਛੋਂ ਅਕਾਲੀ ਆਗੂ ਅਗਲੇ ਹੀ ਦਿਨ ਗ੍ਰਹਿ ਮੰਤਰੀ ਨੂੰ ਜਾ ਮਿਲੇ ਅਤੇ ਮਸਲਾ ਹੱਲ ਹੋਣ ਦਾ ਦਾਅਵਾ ਕਰ ਰਹੇ ਹਨ। ਇਹੀ ਨਹੀਂ, ਪੰਥਕ ਪਛਾਣ ਮੁੜ ਕਾਇਮ ਕਰਨ ਲਈ ਪਾਰਟੀ ਹਾਈ ਕਮਾਂਡ ਨੇ ਜ਼ਿਲ੍ਹਾ ਜਥੇਦਾਰਾਂ ਨੂੰ ਹਦਾਇਤਾਂ ਕੀਤੀਆਂ ਹਨ ਕਿ ਉਹ ਆਪੋ-ਆਪਣੇ ਇਲਾਕਿਆਂ ਵਿਚ ਉਨ੍ਹਾਂ ਮਸਲਿਆਂ ਨੂੰ ਤਰਜੀਹ ਦੇਣ ਜਿਹੜੇ ਸਿੱਧੇ ਤੌਰ ਉਤੇ ਸਿੱਖ ਧਰਮ ਨਾਲ ਜੁੜੇ ਹੋਏ ਹਨ। ਜਲੰਧਰ ਛਾਉਣੀ ਹਲਕੇ ਦੇ ਕਲਗੀਧਰ ਐਵੇਨਿਊ ਵਿਚ ਪੈਂਦੇ ਇਕ ਗੁਰਦੁਆਰੇ 'ਚੋਂ ਗੁਰੂ ਗ੍ਰੰਥ ਸਾਹਿਬ ਦੇ ਚਾਰ ਸਰੂਪ ਚੁੱਕ ਕੇ ਕਿਸੇ ਦੂਜੇ ਗੁਰੂ ਘਰ ਲਿਜਾਣ ਨੂੰ ਜ਼ਿਲ੍ਹਾ ਅਕਾਲੀ ਦਲ ਨੇ ਇਕ ਵੱਡੇ ਮੁੱਦੇ ਵਜੋਂ ਉਭਾਰਨ ਦਾ ਯਤਨ ਆਰੰਭ ਦਿੱਤਾ ਹੈ। ਇਸ ਬਾਰੇ ਬਾਕਾਇਦਾ ਗੁਰਦੁਆਰਾ ਸੈਂਟਰਲ ਟਾਊਨ ਵਿਚ ਮੀਟਿੰਗ ਸੱਦੀ ਗਈ ਸੀ ਜਿਸ ਦੀ ਪ੍ਰਧਾਨਗੀ ਨਵੇਂ ਥਾਪੇ ਗਏ ਜ਼ਿਲ੍ਹਾ ਪ੍ਰਧਾਨ ਵਿਧਾਇਕ ਗੁਰ ਪ੍ਰਤਾਪ ਸਿੰਘ ਵਡਾਲਾ ਨੇ ਕੀਤੀ। ਇਸ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਹਾਜ਼ਰ ਰਹਿਣ ਦੀਆਂ ਹਦਾਇਤਾਂ ਵੀ ਕੀਤੀਆਂ ਗਈਆਂ ਸਨ।

ਦੱਸ ਦਈਏ ਕਿ ਹੁਣ ਤੱਕ ਪੰਥਕ ਮਸਲਿਆਂ ਦੇ ਨਾਂ ਉਤੇ ਸਿਆਸਤ ਚਮਕਾਉਣ ਵਾਲੇ ਅਕਾਲੀ ਦਲ (ਬਾਦਲ) ਨੇ ਇਸ ਵਾਰ ਪੰਜਾਬ ਵਿਧਾਨ ਸਭਾ ਚੋਣਾ ਵਿਚ ਆਪਣਾ ਪੈਂਤੜਾ ਬਦਲਿਆ ਸੀ। ਡੇਰਾ ਸਿਰਸਾ ਮੁਖੀ ਨੂੰ ਮੁਆਫੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਾਰਨ ਉਠੇ ਰੋਹ ਪਿੱਛੋਂ ਬਾਦਲਾਂ ਨੇ ਪੰਥਕ ਮਸਲਿਆਂ ਦੀ ਥਾਂ 'ਵਿਕਾਸ' ਨੂੰ ਅੱਗੇ ਰੱਖ ਚੋਣਾਂ ਲੜੀਆਂ ਸਨ ਪਰ ਨਮੋਸ਼ੀ ਵਾਲੀ ਹਾਰ ਪਿੱਛੋਂ ਅਕਾਲੀ ਦਲ ਮੁੜ ਪੰਥਕ ਮਸਲਿਆਂ ਆਸਰੇ ਉਠਣ ਦੀ ਤਿਆਰੀ ਵਿਚ ਜੁਟ ਗਿਆ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਇਸ ਪਾਸੇ ਕਾਫੀ ਸਰਗਰਮੀ ਦਿਖਾ ਰਹੇ ਹਨ। ਪਿਛਲੇ ਹਫਤੇ ਕੈਪਟਨ ਨੇ ਚੰਡੀਗੜ੍ਹ ਵਿਚ ਪੰਜਾਬ ਦੇ ਕਾਡਰ ਦੀ ਸੁਰੱਖਿਆ ਕਰਨ ਅਤੇ ਚੰਡੀਗੜ੍ਹ ਪੰਜਾਬ ਨੂੰ ਦੇਣ ਲਈ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਸੀ। ਇਸ ਤੋਂ ਇਲਾਵਾ ਬੰਦੀ ਸਿੰਘਾਂ ਦੀ ਰਿਹਾਈ ਲਈ ਸਬੰਧਤ ਸੂਬਾ ਸਰਕਾਰਾਂ ਤੱਕ ਪਹੁੰਚ ਕੀਤੀ ਗਈ ਹੈ। ਜੋਧਪੁਰ ਦੇ ਨਜ਼ਰਬੰਦਾਂ ਨੂੰ ਪੰਜਾਬ ਸਰਕਾਰ ਵੱਲੋਂ ਇਕਤਰਫਾ ਮੁਆਵਜ਼ਾ ਦਿੱਤਾ ਗਿਆ ਤੇ ਹੁਣ ਫਿਰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਦੇ ਅਗਲੇ ਵਰ੍ਹੇ ਮਨਾਏ ਜਾਣ ਵਾਲੇ ਸ਼ਤਾਬਦੀ

*(ਬਾਕੀ ਸਫਾ 6 ਉਤੇ)*

# ਅਮਰੀਕੀ ਵਿਦਿਆਰਥੀ ਪੜ੍ਹਨਗੇ ਸਿੱਖੀ ਦਾ ਪਾਠ

**ਨਿਊ ਯਾਰਕ:** ਅਮਰੀਕਾ ਵਿਚ ਰਹਿੰਦੇ 70 ਫੀਸਦੀ ਲੋਕ ਸਿੱਖੀ ਦੇ ਫਲਸਫ਼ੇ ਤੋਂ ਅਨਜਾਣ ਹਨ। ਲਿਹਾਜ਼ਾ ਵਿਦਿਆਰਥੀਆਂ ਨੂੰ ਹੁਣ ਸਿੱਖੀ, ਸਿੱਖ ਧਰਮ ਤੇ ਉਨ੍ਹਾਂ ਦੀਆਂ ਰਵਾਇਤਾਂ ਬਾਰੇ ਸਿੱਖਿਅਤ ਕਰਨ ਲਈ ਨਿਊ ਯਾਰਕ ਦੇ ਸਕੂਲਾਂ ਵੱਲੋਂ ਆਪਣੇ ਪਾਠਕ੍ਰਮ ਵਿਚ ਘੱਟ ਗਿਣਤੀ ਭਾਈਚਾਰੇ ਬਾਰੇ ਸਬਕ ਸ਼ਾਮਲ ਕੀਤੇ ਜਾਣਗੇ।

ਰਿਪੋਰਟ ਮੁਤਾਬਕ ਇਕ ਗੈਰ ਲਾਭਕਾਰੀ ਸਿੱਖ ਜਥੇਬੰਦੀ 'ਦਿ ਯੂਨਾਈਟਿਡ ਸਿੱਖਜ਼' ਨੇ ਨਿਊ ਯਾਰਕ ਸ਼ਹਿਰ ਦੇ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਅਮਰੀਕੀ ਵਿਦਿਆਰਥੀਆਂ ਨੂੰ ਸਿੱਖੀ ਦਾ ਪਾਠ ਪੜ੍ਹਾਉਣ ਦਾ ਬੀੜਾ ਚੁੱਕਿਆ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਉਹ ਨਿਊ ਯਾਰਕ ਦੇ ਪੰਜ ਸਕੂਲਾਂ 'ਚ ਪੰਜਵੀਂ ਤੇ ਛੇਵੀਂ ਜਮਾਤ ਤੋਂ ਇਸ ਨਵੇਂ ਪਾਠਕ੍ਰਮ ਨੂੰ ਸ਼ਾਮਲ ਕਰਨਗੇ। 'ਦਿ ਯੂਨਾਈਟਿਡ ਸਿੱਖਜ਼' ਦੇ ਸੀਨੀਅਰ ਪਾਲਿਸੀ ਸਲਾਹਕਾਰ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਕੀਤੇ ਅਧਿਐਨ 'ਚ ਪਤਾ ਲੱਗਾ ਹੈ ਕਿ 70 ਫੀਸਦੀ ਅਮਰੀਕੀਆਂ ਨੂੰ ਸਿੱਖਾਂ ਦੀ ਪਛਾਣ ਨਹੀਂ ਹੈ। ਅਮਰੀਕੀ ਵਿਦਿਆਰਥੀ ਆਪਣੇ ਸਿੱਖ ਜਮਾਤੀਆਂ ਬਾਰੇ ਵੀ ਕੋਰੇ ਹਨ। ਰਿਪੋਰਟ 'ਚ ਸਿੰਘ ਦੇ ਹਵਾਲੇ ਨਾਲ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਕੋਈ ਸੋਝੀ ਨਹੀਂ ਕਿ ਅਸੀਂ ਕੌਣ ਹਾਂ, ਸਾਡੀ ਹੋਂਦ ਕੀ ਹੈ, ਅਸੀਂ ਕਿਥੋਂ ਆਏ ਹਾਂ ਜਾਂ ਅਸੀਂ ਕਿਸ ਮੁਲਕ 'ਚੋਂ ਆਉਂਦੇ ਹਾਂ। ਇਹ ਤੱਥ ਕਿ ਅਸੀਂ ਭਾਰਤ ਨਾਲ ਸਬੰਧ ਰੱਖਦੇ ਹਾਂ, ਨੂੰ ਠੀਕ ਢੰਗ ਨਾਲ ਨਹੀਂ ਸਮਝਿਆ ਜਾਂਦਾ। ਅਸਲ ਵਿਚ ਸ਼ਹਿਰ ਦੇ ਕੁਝ ਸਕੂਲਾਂ ਦੀਆਂ ਜਮਾਤਾਂ ਵਿਚ ਇਸ ਦੀ ਪਲੇਠੀ ਸ਼ੁਰੂਆਤ ਸਤੰਬਰ 2016 ਵਿਚ ਹੋਈ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਵਿਦਿਅਕ ਸਾਲ ਦੇ ਆਖਿਰ ਤੱਕ ਪੰਜਵੀਂ ਤੇ ਛੇਵੀਂ ਜਮਾਤ ਵਿੱਚ 70 ਫੀਸਦੀ ਬੱਚਿਆਂ ਨੂੰ ਸਿੱਖੀ ਦਾ ਪਾਠ ਪੜ੍ਹਾ ਦਿੱਤਾ ਜਾਵੇਗਾ। ਸਿੱਖਿਆ ਵਿਭਾਗ ਵੱਲੋਂ ਅਗਲੇ ਕੁਝ ਸਾਲਾਂ ਵਿਚ ਬਾਕੀ ਰਹਿੰਦੇ ਸਕੂਲਾਂ ਵਿਚ ਵੀ ਨਵੇਂ ਪਾਠਕ੍ਰਮ ਨੂੰ ਲਾਗੂ ਕਰ ਦਿੱਤਾ ਜਾਵੇਗਾ।

# ਹਜੂਮੀ ਕਤਲਾਂ ਬਾਰੇ ਮੋਦੀ ਸਰਕਾਰ ਨੂੰ ਘੇਰਾ

**ਨਵੀਂ ਦਿੱਲੀ:** ਹਜੂਮੀ ਕਤਲ ਦੀਆਂ ਵਧਦੀਆਂ ਘਟਨਾਵਾਂ 'ਤੇ ਮੋਦੀ ਸਰਕਾਰ ਨੂੰ ਆਕਰਕਾਰ ਘੇਰਾ ਪੈ ਗਿਆ ਹੈ। ਵਿਰੋਧੀ ਧਿਰ ਵੱਲੋਂ ਲੋਕ ਸਭਾ ਵਿਚ ਹੰਗਾਮਾ ਕੀਤੇ ਜਾਣ 'ਤੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਹਿਣਾ ਪਿਆ ਕਿ ਹਜੂਮੀ ਕਤਲਾਂ ਨੂੰ ਰੋਕਣ ਲਈ ਜੇ ਲੋੜ ਪਈ ਤਾਂ ਸਰਕਾਰ ਵੱਲੋਂ ਕਾਨੂੰਨ ਬਣਾਇਆ ਜਾਵੇਗਾ। ਇਸ ਮੁੱਦੇ 'ਤੇ ਸਰਕਾਰ ਨੂੰ ਲੋਕ ਸਭਾ ਵਿਚ ਕਾਂਗਰਸ, ਤ੍ਰਿਣਮੂਲ ਕਾਂਗਰਸ ਅਤੇ ਖੱਬੇ ਪੱਖੀ ਪਾਰਟੀਆਂ ਦੇ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਯਾਦ ਰਹੇ ਕਿ ਭਾਰਤ ਵਿਚ ਹਜੂਮੀ ਕਤਲਾਂ ਦਾ ਸਿਲਸਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਰਾਜਸਥਾਨ ਦੇ ਅਲਵਰ ਜ਼ਿਲ੍ਹੇ ਦੇ ਪਿੰਡ ਲੱਲਾਵੰਡੀ ਵਿਚ ਇਕ ਵਾਰੀ ਫਿਰ ਗਊ ਤਸਕਰੀ ਦੇ ਸ਼ੱਕ 'ਚ ਇਕ ਵਿਅਕਤੀ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਗਈ। ਮ੍ਰਿਤਕ ਦਾ ਨਾਂ ਅਕਬਰ ਦੱਸਿਆ ਜਾ ਰਿਹਾ ਹੈ ਤੇ ਉਹ ਹਰਿਆਣਾ ਦੇ ਕੋਲਗਾਂਵ ਦਾ ਰਹਿਣ ਵਾਲਾ ਸੀ। ਸੂਬਾ ਸਰਕਾਰ ਨੇ ਇਸ ਮਾਮਲੇ ਦੀ ਨਿਆਂਇਕ ਜਾਂਚ ਕਰਾਉਣ ਦਾ ਫੈਸਲਾ ਕੀਤਾ ਹੈ। ਨਾਲ ਹੀ ਪੀੜਤ ਦੇ ਪਰਿਵਾਰ ਨੂੰ 1.25 ਲੱਖ ਰੁਪਏ ਦੇਣ ਦਾ ਹੁਕਮ ਦਿੱਤਾ ਗਿਆ ਹੈ। ਚੇਤੇ ਰਹੇ ਕਿ ਅਕਬਰ ਦੋ ਗਾਵਾਂ ਲੈ ਕੇ ਜਾ ਰਿਹਾ ਸੀ ਕਿ ਕੁਝ ਲੋਕਾਂ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਪੁਲਿਸ ਨੇ ਉਸ ਨੂੰ ਸਮੇਂ ਸਿਰ ਹਸਪਤਾਲ ਪਹੁੰਚਾਉਣ ਦੀ ਥਾਂ ਪਹਿਲਾਂ ਗਊਆਂ ਨੂੰ ਸੰਭਾਲਣ ਨੂੰ ਤਰਜੀਹ ਦਿੱਤੀ। ਇਲਾਜ 'ਚ ਦੇਰੀ ਕਾਰਨ


*(ਬਾਕੀ ਸਫਾ 6 ਉਤੇ)*


Ad Space Available
Please Call,
Ph: 847-359-0746


Harpreet Singh
WorldWide Travel
www.fly2world.com
866 66 INDIA
46342
Special Sale 2018
ਅੰਮ੍ਰਿਤਸਰ $975

ਦਿੱਲੀ $855
ਟੈਕਸ ਸਮੇਤ

734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit for departure between Sep 5th and Dec 8th. Fare may change without notice, please call for more details. Other conditions

Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832


KAPURTHALA SPORTS & CULTURAL CLUB USA (REGd.)
Presents
7th FOOTBALL, BASKETBALL
& VOLLEYBALL TOURNAMENT
SUNDAY, AUGUST 5th, 2018
Time: 9:00 am
Q-435-M Van Buren, High School, 230-17 Hillside Ave., Queens, NY 11427
AR Helping Hands Foundation
Hope to a better life...
THAKUR DIGITAL PHOTO & VIDEO
917 854 4109
MUKTI PETROLEUM
ਫੁੱਟਬਾਲ, ਬਾਸਕਿਟਬਾਲ ਅਤੇ ਵਾਲੀਬਾਲ ਦੇ ਨਾਲ ਨਾਲ
ਬੱਚਿਆਂ ਦੀਆਂ ਦੌੜਾਂ ਕਰਵਾਈਆਂ ਜਾਣਗੀਆਂ
PARMINDER SINGH
TONY AVELLA
HARRY SINGH
RATTAN SINGH
DEEPAK BHARDWAJ
RAGHBIR SINGH
SARABJIT S. KHERA
TARLOCHAN SINGH
RITTU SPEEDO
JARNAIL SINGH
GURMEET SINGH
DEEPAK VERMA
JAGIR SINGH
B. K. KALIA
S. S. SANDHAR
GURDEV GOGI
TEJINDER (T.J.)
SATISH SHARMA
BALDEV S. PADDA
HIMMAT SINGH
JASBIR SINGH
JUGNU
JAGDEEP DEOL
PARAMJIT JOSHAN
PARAS WARAICH
S.S. WARAICH
K. S. WARAICH
ASHWANI KUMAR
SURINDER SINGH
JOHN CHOWDHARY
RAVINDER SINGH
RANJEET S. DHAMI
MAKHAN SINGH
BHAGI CHANNI
GYAN S. JASWAL
NARINDER SINGH
RANDHIR BRAR
IQBAL SINGH
KEWAL SINGH
DALJEET SINGH
R.S HAPPY
DIDAR SINGH
GURDEEP SINGH
Raja Sahib Sports Club Doaba
JASPREET GILL
AMRIK S. CHAHAL
PARDEEP KUMAR
KRANTI BEGOWAL
BHINDA BEGOWAL
RAVINDER S. GILL
SPS SANDHU
SANTOKH SINGH
RANJIT S. PADDA
J. S. BAL
R. K. SHARMA
JARNAIL SINGH
VIKAS SHARMA
Shaheed Bhai Mani Singh Cultural Society
JINDER SINGH
TIRTH KANG
NIRMAL KANG
RINKU & MOHAN SHARMA
SHRI SINGH
SURINDER SINGH
HAPPY
DARA SINGH
DALJIT KHERA
J.S. CHEEMA
KULDEEP SINGH
MOHAN SINGH TJ
GURMIT SINGH
107 AUTO BODY
516-605-2700
Real Estate
Buying & Selling
Commercial & Residential
Mortgages
Purchase & Refinance
Legal Services
CUSTOMBUILT HOMES
MANDEEP SINGH
B & M AUTO SERVICE INC.
CHICAGO'S PIZZA
With-A-Twist
Home of the Authentic Indian Pizza
Canam fone
MY TICKET
Shaheed Kartar Singh Sarabha Sports Club
Roop Collection
SUNOCO
B.K. Petroleum Corp
Bhattis Unisex Salon
LUCKY DRAW
LUCKY WINNER PRIZES
1st iPhone
2nd L.E.D TV
3rd Apple Airpods
Punjabi Virsa Sports Kabaddi Club
ASPIRE TAX & ACCOUNTING SERVICES INC.
Baltej Singh Brar # 718-554-0900
9423 Lefferts Blvd S. Richmond Hill, NY 11419
S & J SERVICE STATION, INC.
TATA WATERPROOFING CORPORATION
KARAMJIT SINGH
718-666-8022
D&S Auto Repair Inc.
SOCCER TEMAS PLAYING IN OUR TOURNAMENT
INDIA
AFGHANISTAN
BANGLADESH
BHUTAN
CANADA
INDIA WEST
NEPAL
TURKEY
THAILAND
WEST INDIES
ATHLETIC EVENTS
ADULTS
5000 Meter
400 Meter
100 Meter
100 Meter Over 50 Yrs
CHILDREN
Upto 5 Yrs - 50 Meter
Upto 7 Yrs - 50 Meter
Upto 9 Yrs - 75 Meter
Upto 11 Yrs - 100 Meter
Upto 13 Yrs - 100 Meter
Upto 15 Yrs - 100 Meter
Upto 17 Yrs - 100 Meter
EVENTS FOR WOMENS
CHATTI RACE
&
MUSICAL CHAIR RACE
FOR BASKETBALL REGISTRATION CONTACT
JOGA S. JASWAL - 347-335-1014
FOR VOLLEYBALL REGISTRATION CONTACT
ROMY - 347-547-5647
FOR SOCCER REGISTRATION CONTACT
VIKAS - 917-500-3152
FOR ATHLETIC REGISTRATION CONTACT
MANMOHAN SINGH - 347-607-1383
Bellerose Sports Club
CURRY & CO.
271-19 UNION TPKE.
718-749-5418
Surya Sweets
One Stop Driving School
917 751 6492
INDIAN VISA CENTER
261-03 HILLSIDE AVE. FLORAL PARK, NY 11004
718-554-0000
JAI HIND ENTERPRISES INC.
718 470 9020
ask for KUMAR OR RAJ
Khera Transport Inc.
718 647 4744
RAJ AUTO CENTER
FOREIGN & DOMESTIC CAR REPAIRS
248-55 JAMAICA AVE. BELLEROSE, NY 11426
718-347-3434
Hillside Hardware Store Inc.
718 343 0072
CARLUX LIMOUSINE
516-307-0777
DISHNET SHOP
COMMERCIAL & RESIDENTIAL
236-01 BRADDOCK AVE. BELLEROSE, NY 11426
718-343-0408
Arora Insurance Agency Inc.
718 831 1230
Bhagat Auto Repair Center
718 347 7200
PANKS SPORTS
Contact 516-851-8044
Sunny Truck Driving School
718 353 6745
PUNJABI DHABA
(718) 487-8002
President J.S.Kari 917 681 5959
Vice President J. S. Bal 917 915 1900
Secretary R. K. Sharma 516 263 8373
Treasurer M. S. Waraich 917 597 6667
Joint Secretary Sukhdev S. Matu 347-229-2227
LIVE ON TV
ARV ਪੰਜਾਬ
GLOBAL PUNJAB
ਪੰਜਾਬ ਟਾਈਮਜ਼
ਆਪਣਾ ਪੰਜਾਬ
ਸ਼ਾਨੇ ਪੰਜਾਬ
Ajay Chaudhri (Papa Johns Pizza)
Bhagat Dhanna Jatt Society
Vasdev & Sharma Family
Jasbir S. Kataria
Narinder S. Padda
Harminder S. Rintu
Narinder S. Deol
Kuljit Singh
Vinod Kumar Toor
Sandeep Sharma
Harjit Singh
Jaswinder Singh
Kulwant Singh Bajwa
Charanjit Singh
Arvinder Singh
Manni Singh Bajwa
Mr. Pushp
Manjinder Singh
Naresh Kumar
Azad Party
Dr. Pritam Singh
Satnam Singh
79 St. Deli
Karnail S. Aujla
Kuldip S. Dhillon
Parmod K. Master
Pinka Ji
Dharam Pal Sharma
AMBA JEWELERS
SOHNA PUNJAB
(718) 470-9400
BROADWAY 516-697-6200
www.broadwayprintingsigns.com

# 'ਨੈਸ਼ਨਲ ਨਾਈਟ ਆਊਟ ਅਗੇਂਸਟ ਕਰਾਈਮ' 7 ਅਗਸਤ ਨੂੰ

**ਨਿਊ ਯਾਰਕ (ਬਿਊਰੋ):** ਸਥਾਨਕ ਪੁਲਿਸ ਵਿਭਾਗ ਅਤੇ ਕਮਿਊਨਿਟੀ ਕੌਂਸਲ ਵਲੋਂ ਰਲ ਕੇ ਮਨਾਈ ਜਾਂਦੀ 'ਨੈਸ਼ਨਲ ਨਾਈਟ ਆਊਟ ਅਗੇਂਸਟ ਕਰਾਈਮ' ਆਉਂਦੀ 7 ਅਗਸਤ ਨੂੰ ਇਥੇ ਫੋਰਟਿਸ ਪਾਰਕ ਵਿਕਟਰੀ ਫੀਲਡ ਵਿਚ ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ ਮਨਾਈ ਜਾਵੇਗੀ। ਇਹ ਪ੍ਰੋਗਰਾਮ ਨਿਊ ਯਰਕ ਪੁਲਿਸ ਵਿਭਾਗ ਵਲੋਂ ਪੁਲਿਸ ਅਤੇ ਆਮ ਲੋਕਾਂ ਵਿਚਾਲੇ ਤਾਲਮੇਲ ਬਿਠਾਉਣ ਲਈ 35 ਸਾਲ ਪਹਿਲਾਂ ਸ਼ੁਰੂ ਕੀਤਾ ਗਿਆ ਸੀ। ਇਸ ਮੌਕੇ ਲੋਕਾਂ ਨੂੰ ਅੱਖੀਂ ਵੇਖੀਆਂ ਵਾਰਦਾਤਾਂ ਬਾਰੇ ਪੁਲਿਸ ਨੂੰ ਬਿਨਾ ਕਿਸੇ ਡਰ ਭੈਅ ਤੋਂ ਦੱਸਣ ਲਈ ਪ੍ਰੇਰਿਆ ਜਾਂਦਾ ਹੈ।

ਪ੍ਰੋਗਰਾਮ ਵਿਚ ਪੁਲਿਸ ਵਿਭਾਗ ਦੇ ਆਹਲਾ ਅਫਸਰ, ਸਰਕਾਰੀ ਵਕੀਲ, ਅਸੈਂਬਲੀਮੈਨ, ਸੈਨੇਟਰ, ਕਾਂਗਰਸਮੈਨ, ਮੇਅਰ ਆਫਿਸ ਤੋਂ ਨੁਮਾਇੰਦੇ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ। ਪੁਲਿਸ ਵਿਭਾਗ ਵਲੋਂ ਲੋਕਾਂ ਦੀ ਖਾਣ-ਪੀਣ ਦੀਆਂ ਵਸਤਾਂ ਨਾਲ ਸੇਵਾ ਕਰੇਗਾ ਅਤੇ ਬੱਚਿਆਂ ਨੂੰ ਪੁਲਿਸ ਗੱਡੀਆਂ ਵਿਚ ਬਿਠਾ ਕੇ ਹੂਟੇ ਵੀ ਦੇਵੇਗਾ।

ਕਮਿਊਨਿਟੀ ਕੌਂਸਲ ਦੇ ਅਹੁਦੇਦਾਰਾਂ-ਹਰਬੰਸ ਸਿੰਘ ਢਿੱਲੋਂ ਅਤੇ ਗਗਨਦੀਪ ਸਿੰਘ ਅਨੁਸਾਰ ਇਸ ਮੌਕੇ ਖੇਡਾਂ ਅਤੇ ਮਿਊਜ਼ਿਕਲ ਪ੍ਰੋਗਰਾਮ ਵੀ ਹੋਵੇਗਾ। ਭਾਰਤੀ ਖਾਣਿਆਂ ਤੋਂ ਇਲਾਵਾ ਅਮੈਰਿਕਨ, ਚੀਨੀ ਅਤੇ ਗਿਆਨਾ ਦੇ ਖਾਣਿਆਂ ਦਾ ਮੁਫਤ ਪ੍ਰਬੰਧ ਹੋਵੇਗਾ। ਲੱਕੀ ਡਰਾਅ ਰਾਹੀਂ ਬੱਚਿਆਂ ਲਈ ਸਾਈਕਲ ਅਤੇ 10 ਸਕੂਲੀ ਬੈਗ ਵੀ ਇਨਾਮ ਵਜੋਂ ਕੱਢੇ ਜਾਣਗੇ।

# 'ਧੀਆਂ ਪੁਕਾਰਦੀਆਂ' ਸੰਸਥਾ ਲਏਗੀ ਧੀਆਂ ਦੀ ਸਾਰ


**ਸ਼ਿਕਾਗੋ (ਬਿਊਰੋ):** ਇਥੋਂ ਦੀ ਸਬਰਬ ਨੇਪਰਵਿਲ ਆਧਾਰਤ ਗੈਰ ਮੁਨਾਫਾ ਸੰਸਥਾ 'ਧੀਆਂ ਪੁਕਾਰਦੀਆਂ' ਨੇ ਪੰਜਾਬ ਵਿਚ ਧੀਆਂ ਦੀ ਸਾਰ ਲੈਣ ਅਤੇ ਉਨ੍ਹਾਂ ਦੇ ਹੱਕ ਵਿਚ ਆਵਾਜ਼ ਉਠਾਉਣ ਦਾ ਬੀੜਾ ਚੁੱਕਿਆ ਹੈ। 2011 ਵਿਚ ਬਣਾਈ ਗਈ ਇਹ ਸੰਸਥਾ ਭਾਰਤ, ਖਾਸ ਕਰ ਪੰਜਾਬ ਵਿਚ ਯੁਗਾਂ ਤੋਂ ਚੱਲ ਰਹੀ ਧੀਆਂ ਨੂੰ ਕੁੱਖਾਂ ਵਿਚ ਹੀ ਮਾਰ ਦੇਣ ਦੀ ਕੁਰੀਤੀ ਨੂੰ ਖਤਮ ਕਰਨ ਲਈ ਇਸ ਦੇ ਦੂਰਰਸੀ ਭੈੜੇ ਸਿੱਟਿਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰ ਰਹੀ ਹੈ ਅਤੇ ਇਸ ਤੋਂ ਆਪਣੇ ਮਿਸ਼ਨ ਵਿਚ ਕਾਫੀ ਹੱਦ ਤੱਕ ਕਾਮਯਾਬੀ ਵੀ ਮਿਲੀ ਹੈ।



ਕੁਲਦੀਪ ਸਿੰਘ ਸਰਾਂ

ਸੰਸਥਾ ਵਲੋਂ ਲੋੜਵੰਦ ਪਰਿਵਾਰਾਂ ਦੀਆਂ ਬੱਚੀਆਂ, ਜੋ ਕਾਲਜ ਦੀ ਪੜ੍ਹਾਈ ਪੂਰੀ ਕਰਨਾ ਚਾਹੁੰਦੀਆਂ ਹਨ, ਉਨ੍ਹਾਂ ਦੀ ਇਖਲਾਕੀ ਤੇ ਵਿੱਤੀ ਮਦਦ ਕੀਤੀ ਜਾਂਦੀ ਹੈ। ਵਿਦਿਆ ਉਨ੍ਹਾਂ ਨੂੰ ਕੁੱਖ ਵਿਚ ਧੀਆਂ ਨੂੰ ਮਾਰਨ ਲਈ ਸਮਾਜ ਦੇ ਵੱਖ ਵੱਖ ਪਾਸਿਆਂ ਤੋਂ ਪੈਣ ਵਾਲੇ ਦਬਾਓ ਦਾ ਮੁਕਾਬਲਾ ਕਰਨ ਦੇ ਯੋਗ ਬਣਾਉਂਦੀ ਹੈ।

ਸੰਸਥਾ ਦੇ ਮੋਢੀ ਕੁਲਦੀਪ ਸਿੰਘ ਸਰਾਂ ਨੇ ਲੰਘੇ ਐਤਵਾਰ ਇਥੇ ਗੁਰਦੁਆਰਾ ਪੈਲਾਟਾਈਨ



ਵਿਖੇ ਆਪਣੀ ਇਸ ਸੰਸਥਾ ਬਾਰੇ ਜਾਣਕਾਰੀ ਸੰਗਤਾਂ ਨਾਲ ਸਾਂਝੀ ਕਰਦਿਆਂ ਸੰਗਤਾਂ ਤੋਂ ਇਸ ਕਾਰਜ ਲਈ ਸਹਿਯੋਗ ਦੀ ਬੇਨਤੀ ਕੀਤੀ ਜਿਸ ਪ੍ਰਤੀ ਸੰਗਤ ਅਤੇ ਗੁਰਦੁਆਰਾ ਪ੍ਰਬੰਧਕਾਂ ਨੇ ਭਰਵਾਂ ਹੁੰਗਾਰਾ ਦਿੱਤਾ।

ਪ੍ਰਬੰਧਕ ਬੋਰਡ ਅਤੇ ਸੰਗਤ ਨੇ ਫੌਰੀ ਤੌਰ 'ਤੇ ਸੰਸਥਾ ਲਈ 3929 ਡਾਲਰ ਦੀ ਮਦਦ ਇਕੱਤਰ ਕਰ ਕੇ ਦਿੱਤੀ। ਸ. ਸਰਾਂ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਇਸ ਮਦਦ ਨਾਲ ਉਨ੍ਹਾਂ ਨੂੰ ਧੀਆਂ ਦੇ ਹੱਕ ਵਿਚ ਮੁਹਿੰਮ ਚਲਾਉਣ ਲਈ ਹੋਰ ਉਤਸ਼ਾਹ ਮਿਲਿਆ ਹੈ।

ਜ਼ਿਕਰਯੋਗ ਹੈ ਕਿ ਹੁਣ ਤੱਕ ਧੀਆਂ ਪੁਕਾਰਦੀਆਂ ਸੰਸਥਾ ਲਈ ਮਾਲੀ ਵਸੀਲੇ ਪਰਿਵਾਰ ਅਤੇ ਦੋਸਤਾਂ ਮਿੱਤਰਾਂ ਰਾਹੀਂ ਹੀ ਮੁਹੱਈਆ ਕੀਤੇ ਜਾਂਦੇ ਰਹੇ ਹਨ। ਸ. ਸਰਾਂ ਨੇ ਦੱਸਿਆ ਕਿ ਸਾਡੇ ਯਤਨਾਂ ਨਾਲ ਇਕੱਤਰ ਹੁੰਦੀ 3500 ਡਾਲਰ ਮਹੀਨੇ ਦੀ ਮਾਮੂਲੀ ਰਕਮ ਨਾਲ ਵੀ ਅਸੀਂ ਕਾਲਜ ਪੜ੍ਹਦੀਆਂ 327 ਲੜਕੀਆਂ ਦੀ ਮਦਦ ਕਰਦੇ ਆਏ ਹਾਂ, ਜਿਨ੍ਹਾਂ ਵਿਚੋਂ 184 ਕਾਲਜ ਦੀ ਪੜ੍ਹਾਈ ਮੁਕੰਮਲ ਵੀ ਕਰ ਚੁਕੀਆਂ ਹਨ। ਉਨ੍ਹਾਂ ਕਿਹਾ ਕਿ ਇਸ ਮਿਸ਼ਨ ਨੂੰ ਜਲਦੀ ਪੂਰਾ ਕਰਨ ਲਈ ਉਨ੍ਹਾਂ ਗੁਰਦੁਆਰਾ ਸਾਹਿਬਾਨ ਤੱਕ ਪਹੁੰਚ ਕਰਨ ਦਾ ਨਿਰਣਾ ਕੀਤਾ ਅਤੇ ਇਸ ਮਕਸਦ ਨਾਲ ਉਹ ਗੁਰਦੁਆਰਾ ਪੈਲਾਟਾਈਨ ਦੀਆਂ ਸੰਗਤਾਂ ਦੇ ਸਨਮੁਖ ਹੋਏ। ਸ. ਸਰਾਂ ਨਾਲ ਸੰਪਰਕ ਫੋਨ: 630-305-3486 ਰਾਹੀਂ ਕੀਤਾ ਜਾ ਸਕਦਾ ਹੈ।

# ਅਦਾਲਤ ਵਲੋਂ ਗੁਰਦੁਆਰਾ ਰਿਚਮੰਡ ਖਿਲਾਫ ਕੇਸ ਰੱਦ

**ਰਿਚਮੰਡ ਹਿੱਲ:** ਅਦਾਲਤ ਨੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ (ਨਿਊ ਯਾਰਕ) ਖਿਲਾਫ ਦਰਜ ਕੇਸਾਂ ਨੂੰ ਬੇਬੁਨਿਆਦ ਕਰਾਰ ਦਿੰਦਿਆਂ ਰੱਦ ਕਰ ਦਿੱਤੇ ਹਨ।

ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿੱਲੋਂ ਅਤੇ ਮੀਡੀਆ ਇੰਚਾਰਜ ਸ. ਸੁਖਜਿੰਦਰ ਸਿੰਘ ਨਿੱਝਰ ਨੇ ਦੱਸਿਆ ਕਿ ਅਦਾਲਤ ਨੇ ਹਰਿੰਦਰ ਸਿੰਘ, ਹਰਬੰਸ ਸਿੰਘ ਢਿੱਲੋਂ, ਮਨਜਿੰਦਰ ਕੌਰ ਢਿੱਲੋਂ ਵਲੋਂ ਗੁਰਦੁਆਰਾ ਸਾਹਿਬ ਖਿਲਾਫ ਜੋ ਵੀ ਕੇਸ ਕੀਤੇ ਗਏ ਸਨ, ਉਹ ਸਾਰੇ ਰੱਦ ਕਰ ਦਿੱਤੇ ਹਨ। ਅਦਾਲਤ ਨੇ ਉਸ ਸਮੇਂ ਦੇ ਪ੍ਰਧਾਨ ਸ. ਗੁਰਦੇਵ ਸਿੰਘ ਕੰਗ ਅਤੇ ਚੋਣ ਕਮਿਸ਼ਨਰ ਟੀ. ਪੀ. ਸਿੰਘ ਵੱਲੋਂ 22 ਅਕਤੂਬਰ 2016 ਨੂੰ ਜੋ ਚੋਣ ਕਰਵਾਈ ਗਈ ਸੀ, ਉਸ ਨੂੰ ਜਾਇਜ਼ ਦੱਸਿਆ ਹੈ। ਜਾਣਕਾਰੀ ਅਨੁਸਾਰ ਹਰਿੰਦਰ ਸਿੰਘ, ਮਨਜਿੰਦਰ ਕੌਰ ਢਿੱਲੋਂ ਵੱਲੋਂ ਸ. ਗੁਰਦੇਵ ਸਿੰਘ ਕੰਗ ਅਤੇ ਚੋਣ ਕਮਿਸ਼ਨਰ ਟੀ. ਪੀ. ਸਿੰਘ ਉਪਰ ਜੋ ਕੇਸ ਕੀਤੇ ਗਏ ਸਨ, ਉਹ ਵੀ ਅਦਾਲਤ ਨੇ ਰੱਦ ਕਰ ਦਿੱਤੇ ਹਨ।

ਉਨ੍ਹਾਂ ਕਿਹਾ ਕਿ ਕੁਝ ਲੋਕਾਂ ਵੱਲੋਂ ਗਲਤ ਖਬਰਾਂ ਫੈਲਾਉਣ ਦਾ ਯਤਨ ਕੀਤਾ ਜਾ ਰਿਹਾ ਹੈ ਅਤੇ ਗੁਰਦੁਆਰਾ ਸਾਹਿਬ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਸੰਗਤ ਨੂੰ ਬੇਨਤੀ ਕੀਤੀ ਹੈ ਕਿ ਉਹ ਅਜਿਹੀਆਂ ਅਫਵਾਹਾਂ ਤੋਂ ਖਬਰਦਾਰ ਰਹਿਣ ਅਤੇ ਇਸ ਬਾਰੇ ਹੋਰ ਜਾਣਕਾਰੀ ਲਈ ਮੌਜੂਦਾ ਪ੍ਰਧਾਨ ਸ. ਕੁਲਦੀਪ ਸਿੰਘ ਢਿੱਲੋਂ ਨਾਲ ਫੋਨ: 347-324-2405 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਦਿੱਲੀ ਦੇ ਸਕੂਲੀ ਵਿਦਿਆਰਥੀ ਦੀ ਕੁੱਟ ਕੁੱਟ ਕੇ ਹੱਤਿਆ

**ਨਵੀਂ ਦਿੱਲੀ:** ਕੌਮੀ ਰਾਜਧਾਨੀ ਦਿੱਲੀ ਦੇ ਇਕ ਸਕੂਲ ਵਿਚ 17 ਸਾਲਾਂ ਦੇ ਵਿਦਿਆਰਥੀ ਨੂੰ ਲੜਕਿਆਂ ਦੇ ਇਕ ਗੁੱਟ ਨੇ ਕੁੱਟ ਕੁੱਟ ਕੇ ਮਾਰ ਦਿੱਤਾ। ਘਟਨਾ ਸਕੂਲ ਪਰਿਸਰ ਅੰਦਰ ਹੀ ਵਾਪਰੀ। ਜਯੋਤੀ ਨਗਰ ਦੇ ਐਸ.ਕੇ. ਵੀ ਸਕੂਲ 'ਚ ਇਹ ਵਾਰਦਾਤ ਹੋਈ। ਜਦੋਂ ਪੁਲਿਸ ਕਰਮੀ ਘਟਨਾ ਵਾਲੀ ਥਾਂ ਉਤੇ ਪੁੱਜੇ ਤਾਂ ਉਨ੍ਹਾਂ ਦੇਖਿਆ ਕਿ 10ਵੀਂ ਜਮਾਤ ਦਾ ਵਿਦਿਆਰਥੀ ਗੌਰਵ ਬੁਰੀ ਤਰ੍ਹਾਂ ਜ਼ਖਮੀ ਪਿਆ ਸੀ।

ਗੌਰਵ ਨੂੰ ਉਸ ਦਾ ਭਰਾ ਗੋਬਿੰਦਾ ਗੁਰੂ ਤੇਗ ਬਹਾਦਰ ਹਸਪਤਾਲ ਲੈ ਕੇ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲੀਸ ਅਧਿਕਾਰੀ ਮੁਤਾਬਕ ਗੌਰਵ ਆਪਣੇ ਮਾਪਿਆਂ ਨਾਲ ਬਾਬਰਪੁਰ 'ਚ ਰਹਿੰਦਾ ਸੀ ਅਤੇ ਉਹ ਅਧਿਆਪਕ ਨੂੰ ਮਿਲਣ ਲਈ ਸਕੂਲ ਗਿਆ ਸੀ।

*To Advertise with Punjab Times*
***Call: 847-359-0746***

## Matrimonials

### ਵਰ ਦੀ ਲੋੜ ਹੈ

Jatt Sikh family looking match for daughter 26, 5'-4", US citizen, completing healthcare administration. Wanted suitable well educated, good looking citizen or green card holder. Contact, Ph: 734-548-2767 29-32

Saraswat Brahmin well settled family from Ludhiana district seeks a suitable match in USA/Canada for their beautiful slim daughter 25/5'5", studying Masters in English at Punjab University, Chandigarh. Contact: advashwaniatre@gmail.com or India phone 91-98141-37081 29

### ਵਰ ਦੀ ਲੋੜ ਹੈ

Parents seek suitable medico match for their dentist doctor daughter, US citizen, 34 yrs, 5'-4", attractive, never married, family oriented. Cast no bar. Pl. call or text, Ph: 916-254-6378 or E-mail: psmiles1212@gmail.com 27-34

### ਲੜਕੀ ਦੀ ਲੋੜ ਹੈ

Looking for a suitable girl for Ramgarhia Sikh boy 32 yrs, 5'-10", working at a very reputed IT company in Bay area, California. Please contact: Ph: 512-806-4053 or email:psingh03850@gmail.com 30-

# ਪੰਜਾਹ ਸਾਲ ਪਹਿਲਾਂ ਹਾਦਸਾਗ੍ਰਸਤ ਜਹਾਜ਼ ਦਾ ਮਲਬਾ ਲੱਭਿਆ

**ਦੇਹਰਾਦੂਨ:** ਹਿਮਾਚਲ ਪ੍ਰਦੇਸ਼ ਦੀ ਸਪਿਤੀ ਵਾਦੀ ਵਿਚ 50 ਸਾਲ ਪਹਿਲਾਂ ਭਾਰਤੀ ਹਵਾਈ ਸੈਨਾ ਦੇ ਇਕ ਜਹਾਜ਼ ਹਾਦਸੇ ਵਿਚ ਮਾਰੇ ਗਏ ਫੌਜੀ ਦੀ ਗਲੀ ਸੜੀ ਲਾਸ਼ ਅਤੇ ਜਹਾਜ਼ ਦਾ ਮਲਬਾ ਪਰਬਤਾਰੋਹੀਆਂ ਦੇ ਇਕ ਦਸਤੇ ਦੀ ਨਜ਼ਰ ਪੈ ਗਿਆ।

ਰਿਪੋਰਟਾਂ ਮਿਲੀਆਂ ਹਨ ਕਿ ਸਾਬਕਾ ਸੋਵੀਅਤ ਸੰਘ ਵੇਲੇ ਦਾ ਬਣਿਆ ਭਾਰਤੀ ਹਵਾਈ ਸੈਨਾ ਦਾ ਏਐਨ-12 ਹਵਾਈ ਜਹਾਜ਼ 7 ਫਰਵਰੀ 1968 ਨੂੰ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ ਜਦੋਂ ਮੌਸਮ ਖਰਾਬ ਹੋਣ ਕਾਰਨ ਪਾਇਲਟ ਨੇ ਲੇਹ ਤੋਂ ਵਾਪਸ ਚੰਡੀਗੜ੍ਹ ਮੁੜਨ ਦਾ ਫੈਸਲਾ ਕੀਤਾ ਸੀ। ਜਹਾਜ਼ ਦੇ ਆਖਰੀ ਰੇਡੀਓ ਸੰਪਰਕ ਵੇਲੇ ਇਹ ਰੋਹਤਾਂਗ ਦੱਰੇ ਤੋਂ ਲੰਘ ਰਿਹਾ ਸੀ।

\ਪਰਬਤਾਰੋਹੀ ਟੀਮ ਦੇ ਆਗੂ ਰਾਜੀਵ ਰਾਵਤ ਨੇ ਦੱਸਿਆ ਕਿ ਟੀਮ ਪਹਿਲੀ ਤੋਂ 15 ਜੁਲਾਈ ਤੱਕ ਚੰਦਰਭਾਗਾ-13 ਪੀਕ ਤੱਕ ਕੂੜੇ ਕਰਕਟ ਦੀ ਸਫਾਈ ਮੁਹਿੰਮ ਉਤੇ ਸੀ। ਉਹ ਇਸ ਮੁਹਿੰਮ ਦੌਰਾਨ ਕਰੀਬ 18 ਹਜ਼ਾਰ ਫੁੱਟ ਦੀ ਉਚਾਈ 'ਤੇ ਢਾਕਾ ਗਲੇਸ਼ੀਅਰ ਉਪਰ ਇਕ ਜਹਾਜ਼ ਦਾ ਮਲਬਾ ਤੇ ਇਕ ਫੌਜੀ ਦੀ ਗਲੀ ਸੜੀ ਲਾਸ਼ ਦੇਖ ਕੇ ਦੰਗ ਰਹਿ ਗਏ।

ਹਾਲਾਂਕਿ ਇਹ ਹਾਦਸਾ ਪੰਜਾਹ ਸਾਲ ਪਹਿਲਾਂ ਹੋਇਆ ਸੀ ਪਰ ਫੌਜੀ ਦੇ ਹੱਥ ਅਤੇ ਵਾਲ ਐਨ ਠੀਕ ਠਾਕ ਜਾਪਦੇ ਸਨ ਪਰ ਉਸ ਦਾ ਸਿਰ ਝੁਕਿਆ ਹੋਇਆ ਸੀ।

ਇਸ ਬਾਰੇ ਟੀਮ ਨੂੰ 11 ਜੁਲਾਈ ਨੂੰ ਪਤਾ ਚਲਿਆ ਸੀ ਪਰ ਫੌਜ ਨੂੰ ਇਸ ਦੀ ਖਬਰ ਵਾਪਸ ਆਉਣ 'ਤੇ 15 ਜੁਲਾਈ ਨੂੰ ਦਿੱਤੀ ਜਾ ਸਕੀ ਸੀ। ਟੀਮ ਨੇ ਕੋਈ ਵੀ ਚੀਜ਼ ਇਧਰ ਉਧਰ ਨਹੀਂ ਕੀਤੀ ਪਰ ਤਸਵੀਰਾਂ ਲਈਆਂ ਸਨ ਤੇ ਇਕ ਵੀਡੀਓ ਬਣਾ ਕੇ ਫੌਜੀ ਅਧਿਕਾਰੀਆਂ ਨੂੰ ਭੇਜੀ ਸੀ। ਸ਼ਾਇਦ ਗਲੇਸ਼ੀਅਰਾਂ 'ਤੇ ਬਰਫ ਪਿਘਲਣ ਕਰ ਕੇ ਹਾਦਸੇ ਬਾਰੇ ਪਤਾ ਚੱਲ ਸਕਿਆ। ਜਹਾਜ਼ ਦਾ ਮਲਬਾ ਤੇ ਹੋਰ ਲਾਸ਼ਾਂ ਦੋ-ਢਾਈ ਕਿਲੋਮੀਟਰ ਰਕਬੇ ਵਿਚ ਫੈਲੀਆਂ ਹੋ ਸਕਦੀਆਂ ਹਨ।

**ਤੰਦੂਰੀਏ, ਕੁੱਕ ਤੇ ਵੇਟਰ ਦੀ ਲੋੜ ਹੈ**
**ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ ਅਤੇ ਵੇਟਰ ਦੀ ਲੋੜ ਹੈ**
**ਮੁਫਤ ਖਾਣਾ ਤੇ ਹੋਰ ਸਹੂਲਤਾਂ**
**ਸੰਪਰਕ ਕਰੋ: ਮਿਸਟਰ ਸਿੰਘ**
**ਫੋਨ: 608-886-2500**
27-

**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**
**ਫੋਨ (408) 687-1899**
**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**
**7021 Village Park Way, Dublin, CA 94568**
Email:
Homeomedicine@yahoo.com

**Michigan Truck Driving School**
**6405 Middlebelt Road, Romulus, MI 48174**
**ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!**
**ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ**




***ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਈਸੈਂਸ ਲਓ**
***3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ**
**Raj Jamarai Cell:734-644-1010 Office:734-747-4298**

# ਇੰਗਲੈਂਡ 'ਚ ਸਿੱਖਾਂ ਨੂੰ ਮਿਲੇਗਾ ਵੱਖਰੀ ਕੌਮ ਦਾ ਦਰਜਾ

**ਲੰਡਨ:** ਇੰਗਲੈਂਡ ਵਿਚ ਰਹਿੰਦੇ ਸਿੱਖਾਂ ਨੂੰ ਸਾਲ 2021 ਦੀ ਮਰਦਮਸ਼ੁਮਾਰੀ ਵਿਚ ਇਕ ਵੱਖਰੀ ਜਾਤੀ (ਨਸਲ) ਵਜੋਂ ਦਰਜ ਕੀਤਾ ਜਾਵੇਗਾ। ਇਸ ਵੇਲੇ ਇਸ ਦੇਸ਼ ਵਿਚ 'ਸਿੱਖ' ਸਿਰਫ ਇਕ



ਧਰਮ ਮੰਨਿਆ ਜਾਂਦਾ ਹੈ, ਜਾਤੀ/ਨਸਲ ਨਹੀਂ। ਇਹ ਇਕ ਬਹੁਤ ਵੱਡਾ ਕਦਮ ਹੋਵੇਗਾ ਤੇ ਉਸ ਤੋਂ ਬਾਅਦ ਸਿੱਖਾਂ ਨੂੰ ਇਸ ਦੇਸ਼ ਦੀਆਂ ਸਾਰੀਆਂ ਜਨਤਕ ਸੇਵਾਵਾਂ ਆਸਾਨੀ ਨਾਲ ਉਪਲਬਧ ਹੋ ਸਕਣਗੀਆਂ।

ਪਿਛਲੇ ਵਰ੍ਹੇ ਇੰਗਲੈਂਡ ਦੇ 100 ਐਮ.ਪੀਜ਼., ਜਿਨ੍ਹਾਂ ਵਿਚ ਭਾਰਤੀ ਮੂਲ ਦੇ ਸੰਸਦ ਮੈਂਬਰ ਵੀ ਸਨ, ਨੇ ਅਥਾਰਟੀ ਨੂੰ ਕਿਹਾ ਸੀ ਕਿ ਸਾਲ 2021 ਦੀ ਮਰਦਮਸ਼ੁਮਾਰੀ (ਜਨਗਣਨਾ) ਵੇਲੇ ਸਿੱਖਾਂ ਲਈ ਇਕ ਵੱਖਰੀ ਜਾਤੀ ਦਾ ਬਾਕਸ ਰੱਖਿਆ ਜਾਵੇ।

ਨੈਸ਼ਨਲ ਸਟੈਟਿਸਟਿਕਸ ਆਫਸ (ਰਾਸ਼ਟਰੀ ਅੰਕੜਾ ਦਫਤਰ) ਵੱਲੋਂ ਹੁਣ ਸਾਲ 2021 ਦੀ ਮਰਦਮਸ਼ੁਮਾਰੀ ਦੇ ਫਾਰਮ ਵਿਚ 'ਸਿੱਖਇਜ਼ਮ' ਨੂੰ ਇਕ ਜਾਤੀ (ਨਸਲ) ਵਜੋਂ ਸ਼ਾਮਲ ਕਰਨ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

ਪਰ ਹਾਲੇ ਇਸ ਮਾਮਲੇ ਨੂੰ ਲੈ ਕੇ ਕੁਝ ਸ਼ੰਕੇ ਵੀ ਪਾਏ ਜਾ ਰਹੇ ਹਨ ਕਿ ਪਤਾ ਨਹੀਂ ਸਾਰੇ 4.30 ਲੱਖ ਸਿੱਖ ਇਸ ਨੂੰ ਪ੍ਰਵਾਨ ਕਰਨਗੇ ਜਾਂ ਨਹੀਂ। ਬ੍ਰਿਟਿਸ਼ ਸਿੱਖਾਂ ਦੇ ਸਰਬ-ਪਾਰਟੀ ਸੰਸਦੀ ਸਮੂਹ ਨੇ ਵੀ ਇਸ ਮਾਮਲੇ 'ਤੇ ਜਨਤਕ ਸਲਾਹ-ਮਸ਼ਵਰੇ ਲਈ ਗੁਰਦੁਆਰਿਆਂ ਤੋਂ ਮਦਦ ਮੰਗੀ ਹੈ।

ਇੰਗਲੈਂਡ ਦੇ ਨਸਲ ਸਬੰਧਾਂ ਬਾਰੇ ਕਾਨੂੰਨ 1976 ਅਧੀਨ ਸਿੱਖਾਂ ਨੂੰ ਕਾਨੂੰਨੀ ਤੌਰ ਉਤੇ ਇਕ ਜਾਤੀ ਸਮੂਹ ਵਜੋਂ ਮਾਨਤਾ ਹਾਸਲ ਹੈ। ਉਂਜ ਸਿੱਖਾਂ ਨੂੰ 2001 ਦੀ ਮਰਦਮਸ਼ੁਮਾਰੀ ਤੋਂ ਇਕ ਵਿਕਲਪਿਕ ਧਾਰਮਿਕ ਪ੍ਰਸ਼ਨ ਦੇ ਅੰਦਰ ਇਕ ਵੱਖਰੇ ਧਰਮ ਵਜੋਂ ਵੀ ਮਾਨਤਾ ਹਾਸਲ ਹੈ।

### ਖੁਦ ਨੂੰ ਭਾਰਤੀ ਦੱਸਣ ਤੋਂ ਝਿਜਕਦੇ ਨੇ ਬਹੁਤੇ ਸਿੱਖ

ਸਾਲ 2011 ਦੀ ਮਰਦਮਸ਼ੁਮਾਰੀ ਵਿਚ 83,000 ਤੋਂ ਵੱਧ ਸਿੱਖਾਂ ਨੇ ਜਾਤੀ ਦੇ ਸੁਆਲ ਉਤੇ ਕਿਸੇ ਵੀ ਵਿਕਲਪ ਉਤੇ ਸਹੀ ਦਾ ਨਿਸ਼ਾਨ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ। ਉਂਜ ਮਰਦਮਸ਼ੁਮਾਰੀ ਵਾਲੇ ਫਾਰਮ ਵਿਚ 'ਭਾਰਤੀ' ਦਾ ਵਿਕਲਪ ਸੀ ਪਰ ਉਨ੍ਹਾਂ ਨੇ ਉਸ ਉਤੇ ਸਹੀ ਦਾ ਨਿਸ਼ਾਨ ਨਹੀਂ ਲਾਇਆ ਸੀ। ਹੁਣ ਯੂਕੇ ਦੇ ਨਸਲ ਸਬੰਧੀ ਐਕਟ, 1976 ਤਹਿਤ ਸਿੱਖ ਖੁਦ ਨੂੰ ਕਾਨੂੰਨੀ ਤੌਰ 'ਤੇ ਭਾਰਤੀ ਜਾਂ ਬਰਤਾਨਵੀ ਭਾਰਤੀ ਦਰਸਾਉਂਦੇ ਹਨ। ਸਾਲ 2001 ਦੀ ਮਰਦਮਸ਼ੁਮਾਰੀ ਤੋਂ ਹੀ ਸਿੱਖ ਧਰਮ ਨੂੰ ਵੱਖਰਾ ਧਰਮ ਮੰਨਿਆ ਜਾ ਰਿਹਾ ਹੈ। ਸਾਲ 2017 ਵਿਚ ਓ.ਐਨ.ਐਸ. ਨੇ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਪਛਾਣ ਦੇਣ ਲਈ ਇੰਗਲੈਂਡ ਦੇ ਸੰਘਣੀ ਸਿੱਖ ਵਸੋਂ ਵਾਲੇ ਖਿੱਤਿਆਂ ਵਿਚ ਆਨ ਲਾਈਨ ਸਰਵੇਖਣ ਕਰਵਾਇਆ ਸੀ ਤਾਂ ਉਨ੍ਹਾਂ ਵਿਚੋਂ ਤਿੰਨ ਚੌਥਾਈ ਨੇ ਆਪਣਾ ਧਰਮ ਤੇ ਕੌਮ ਨੂੰ ਵੱਖੋ-ਵੱਖ ਤੌਰ ਉਤੇ ਸਿੱਖ ਹੀ ਦੱਸਿਆ ਸੀ।

## ਸਾਊਦੀ 'ਚ ਔਰਤਾਂ ਹੁਣ ਲਾਉਣਗੀਆਂ ਅੰਬਰੀ ਉਡਾਰੀ

**ਨਵੀਂ ਦਿੱਲੀ:** ਸਾਊਦੀ ਅਰਬ ਵਿਚ ਮਹਿਲਾਵਾਂ ਖਿਲਾਫ਼ ਚੱਲ ਰਹੀ ਸਦੀਆਂ ਪੁਰਾਣੀ ਰੂੜੀਵਾਦੀ ਸੋਚ ਹੁਣ ਖਤਮ ਹੋ ਜਾਏਗੀ। ਸੜਕਾਂ ਉਤੇ ਆਜ਼ਾਦੀ ਨਾਲ ਗੱਡੀਆਂ ਦੌੜਾਉਣ ਤੋਂ ਬਾਅਦ ਹੁਣ ਮਹਿਲਾਵਾਂ ਹਵਾਈ ਜਹਾਜ਼ ਉਡਾਉਣ ਦੀ ਵੀ ਤਿਆਰੀ ਕਰ ਰਹੀਆਂ ਹਨ। ਮਹਿਲਾਵਾਂ ਲਈ ਇਥੇ ਪਹਿਲਾ ਫਲਾਈਟ ਸਕੂਲ ਖੋਲ੍ਹਿਆ ਗਿਆ ਹੈ।

ਸਾਊਦੀ ਅਜਿਹਾ ਮੁਸਲਮਾਨ ਦੇਸ਼ ਹੈ ਜਿਥੇ ਔਰਤਾਂ ਲਈ ਡਰਾਈਵਿੰਗ ਲਾਇਸੈਂਸ ਉਤੇ ਲੱਗਾ ਬੈਨ ਹਟਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਹੁਣ ਔਰਤਾਂ ਲਈ ਵਿਕਾਸ ਦੇ ਨਵੇਂ ਰਾਹ ਖੁੱਲ੍ਹ ਰਹੇ ਹਨ। ਸਾਊਦੀ 'ਚ ਅਲ ਅਰਬੀਆ ਨਿਊਜ਼ ਚੈਨਲ ਮੁਤਾਬਕ ਆਕਸਫੌਰਡ ਏਵੀਏਸ਼ਨ ਅਕਾਦਮੀ ਸਾਊਦੀ ਦੇ ਪੂਰਬੀ ਸ਼ਹਿਰ ਦਮਨ ਵਿਚ ਨਵੀਂ ਸ਼ਾਖਾ ਖੋਲ੍ਹੀ ਜਾ ਰਹੀ ਹੈ ਤੇ ਇਹ ਸਤੰਬਰ ਵਿਚ ਸ਼ੁਰੂ ਹੋਏਗੀ। ਕੰਪਨੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਹੁਣ ਤੋਂ ਹੀ ਵੱਡੀ ਗਿਣਤੀ ਅਰਜ਼ੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ।

# ਨਹੀਂ ਰਹੀ ਪਾਕਿਸਤਾਨ ਦੀ ਸਭ ਤੋਂ ਲੰਮੀ ਔਰਤ

**ਇਸਲਾਮਾਬਾਦ:** ਪਾਕਿਸਤਾਨ ਦੀ ਸਭ ਤੋਂ ਲੰਬੀ ਔਰਤ ਹੋਣ ਦੀ ਹੈਸੀਅਤ ਨਾਲ 2003 'ਚ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ 'ਚ ਨਾਂ ਦਰਜ ਕਰਾਉਣ ਵਾਲੀ ਜ਼ਿਲ੍ਹਾ ਟੋਬਾ ਟੇਕ ਸਿੰਘ ਦੀ ਬੀਬੀ ਜ਼ੈਨਬ ਦਾ ਦਿਹਾਂਤ ਹੋ ਗਿਆ। 7 ਫੁੱਟ 2 ਇੰਚ ਦੇ ਕੱਦ ਵਾਲੀ ਬੀਬੀ ਜ਼ੈਨਬ 46 ਵਰ੍ਹਿਆਂ ਦੀ ਸੀ ਅਤੇ ਲੰਬੇ ਸਮੇਂ ਤੋਂ ਮੰਦਹਾਲੀ ਦੇ ਦੌਰ ਵਿਚੋਂ ਗੁਜ਼ਰ ਰਹੀ ਸੀ।

ਦੱਸਿਆ ਜਾ ਰਿਹਾ ਹੈ ਕਿ ਜ਼ਿਲ੍ਹਾ ਟੋਬਾ ਟੇਕ ਸਿੰਘ ਤੋਂ 14 ਕਿਲੋਮੀਟਰ ਦੂਰ ਪਿੰਡ ਰਾਜਾਨਾ 'ਚ ਆਪਣੀ ਛੋਟੀ ਭੈਣ ਨਾਲ ਰਹਿੰਦੀ ਬੀਬੀ ਜ਼ੈਨਬ ਸ਼ੂਗਰ ਅਤੇ ਹੱਡੀਆਂ ਦੀ ਬਿਮਾਰੀ ਨਾਲ ਪੀੜਤ ਸੀ ਅਤੇ ਆਰਥਿਕ ਹਾਲਤ ਖਰਾਬ ਹੋਣ ਕਰਕੇ ਉਸ ਲਈ ਆਪਣੀ ਬਿਮਾਰੀ ਦਾ ਇਲਾਜ ਕਰਾਉਣਾ ਮੁਸ਼ਕਿਲ ਹੋ ਗਿਆ ਸੀ। ਉਹ ਆਪਣੀ ਬਿਮਾਰੀ ਕਾਰਨ ਚੱਲਣ ਫਿਰਨ ਤੋਂ ਵੀ ਮੁਹਤਾਜ ਹੋ ਚੁੱਕੀ ਸੀ। ਦੱਸਣਯੋਗ ਹੈ ਕਿ ਜ਼ੈਨਬ ਨੂੰ ਰੋਜ਼ਾਨਾ ਪਿੰਡ ਦੇ ਸਰਕਾਰੀ ਹਸਪਤਾਲ 'ਚ ਇੰਸੂਲਿਨ ਲਵਾਉਣ ਅਤੇ ਹੱਡੀਆਂ ਦੇ ਇਲਾਜ ਲਈ ਜਾਣਾ ਪੈਂਦਾ ਸੀ। ਉਸ ਦੇ ਲੰਬੇ ਕੱਦ ਕਾਰਨ ਉਸ ਲਈ ਬੱਸ ਜਾਂ ਆਟੋ ਰਿਕਸ਼ਾ ਉਤੇ ਬੈਠਣਾ ਸੰਭਵ ਨਾ ਹੋਣ ਕਰਕੇ ਉਸ ਨੇ ਸਾਬਕਾ ਪ੍ਰਧਾਨ ਮੰਤਰੀ ਮੀਆਂ ਨਵਾਜ਼ ਸ਼ਰੀਫ ਨੂੰ ਨਿੱਜੀ ਤੌਰ ਉਤੇ ਮਿਲ ਕੇ ਉਸ ਲਈ ਐਂਬੂਲੈਂਸ ਸੇਵਾ ਉਪਲਬਧ ਕਰਾਉਣ ਦੀ ਮੰਗ ਕੀਤੀ ਸੀ, ਪਰ ਉਸ ਲਈ ਇਹ ਸੇਵਾ ਉਸ ਦੇ ਅੰਤ ਤੱਕ ਵੀ ਉਪਲਬਧ ਨਹੀਂ ਹੋ ਸਕੀ।



# ਸਮਾਰਟਫੋਨ ਰੇਡੀਏਸ਼ਨ ਯਾਦ ਸ਼ਕਤੀ 'ਤੇ ਪਾਉਂਦੀ ਹੈ ਮਾੜਾ ਅਸਰ

**ਲੰਡਨ:** ਮੋਬਾਈਲ ਫੋਨ ਵਿਚੋਂ ਨਿਕਲਦੀ ਰੇਡੀਏਸ਼ਨ ਦੇ ਲੰਮੇ ਸਮੇਂ ਤੱਕ ਸੰਪਰਕ ਵਿਚ ਆਉਣ ਨਾਲ ਗੱਭਰੂਆਂ ਦੀ ਯਾਦਦਾਸ਼ਤ ਸ਼ਕਤੀ ਅਸਰ ਅੰਦਾਜ਼ ਹੁੰਦੀ ਹੈ। ਇਹ ਦਾਅਵਾ ਇਕ ਅਧਿਐਨ 'ਚ ਕੀਤਾ ਗਿਆ ਹੈ।

ਐਨਵਾਇਰਨਮੈਂਟਲ ਹੈਲਥ ਪਰਸਪੇਕਟਿਵਜ਼ ਨਾਂ ਦੇ ਜਰਨਲ 'ਚ ਛਪੇ ਇਸ ਅਧਿਐਨ ਵਿਚ ਸਵਿਟਜ਼ਰਲੈਂਡ ਦੇ ਲਗਭਗ ਸੱਤ ਸੌ ਗੱਭਰੂਆਂ ਨੂੰ ਸ਼ਾਮਲ ਕੀਤਾ ਗਿਆ ਸੀ।

ਸਵਿਸ ਟਰੋਪੀਕਲ ਤੇ ਪਬਲਿਕ ਹੈਲਥ ਇੰਸਟੀਚਿਊਟ (ਸਵਿਸ ਟੀ.ਪੀ.ਐਚ.) ਦੇ ਵਿਗਿਆਨੀਆਂ ਨੇ ਅਧਿਐਨ ਦੌਰਾਨ ਵਾਇਰਲੈੱਸ ਕਮਿਊਨੀਕੇਸ਼ਨ ਯੰਤਰਾਂ ਵਿਚੋਂ ਨਿਕਲਦੀਆਂ ਰੇਡੀਓ ਫ੍ਰੀਕੁਐਂਸੀ ਇਲੈਕਟ੍ਰੋਮੈਗਨੇਟਿਕ ਫੀਲਡ (ਆਰ.ਐਫ-ਈ.ਐਮ.ਐਫ.) ਦੇ ਸੰਪਰਕ ਵਿਚ ਆਉਣ ਅਤੇ ਗੱਭਰੂਆਂ ਵਿਚ ਯਾਦਸ਼ਕਤੀ ਦੀ ਕਾਰਗੁਜ਼ਾਰੀ ਦਾ ਲੇਖਾ ਜੋਖਾ ਕੀਤਾ ਹੈ। ਅਧਿਐਨ ਵਿਚ ਸਾਹਮਣੇ ਆਇਆ ਹੈ ਕਿ ਲਗਾਤਾਰ ਇਕ ਸਾਲ ਮੋਬਾਈਲ ਫੋਨ ਵਿਚੋਂ ਨਿਕਲਦੀ ਰੇਡੀਏਸ਼ਨ ਕਰ ਕੇ ਬਣਦੇ ਆਰ.ਐਫ-ਈ.ਐਮ.ਐਫ. ਦੇ ਸੰਪਰਕ ਵਿਚ ਆਉਣ ਨਾਲ ਗੱਭਰੂਆਂ ਦੀ ਯਾਦ ਸ਼ਕਤੀ ਉਤੇ ਨਕਾਰਾਤਮਕ ਅਸਰ ਪੈਂਦਾ ਹੈ।

ਵਿਗਿਆਨੀਆਂ ਮੁਤਾਬਕ ਅੰਕਾਂ ਸਬੰਧੀ ਯਾਦਦਾਸ਼ਤ ਮੁੱਖ ਤੌਰ 'ਤੇ ਦਿਮਾਗ ਦੇ ਸੱਜੇ ਹਿੱਸੇ ਵਿਚ ਹੁੰਦੀ ਹੈ ਤੇ ਗੱਭਰੂ ਆਮ ਕਰ ਕੇ ਸਿਰ ਦੇ ਸੱਜੇ ਹਿੱਸੇ ਰਾਹੀਂ ਵਧੇਰੇ ਮੋਬਾਈਲ ਫੋਨ ਵਰਤਦੇ ਹਨ। ਸਵਿਸ ਟੀ.ਪੀ.ਐਚ. ਵਿਚ ਐਨਵਾਇਰਨਮੈਂਟਲ ਐਕਸਪੋਜ਼ਰਜ਼ ਤੇ ਹੈਲਥ ਦੇ ਮੁਖੀ ਮਾਰਟਿਨ ਰੂਸਲੀ ਨੇ ਕਿਹਾ ਕਿ ਯਾਦ ਸ਼ਕਤੀ ਘਟਣ ਲਈ ਮੁੱਖ ਤੌਰ ਉਤੇ ਆਰ.ਐਫ-ਈ.ਐਮ.ਐਫ. ਜ਼ਿੰਮੇਵਾਰ ਹੈ, ਜਿਸ ਨੂੰ ਦਿਮਾਗ ਜਜ਼ਬ ਕਰ ਲੈਂਦਾ ਹੈ। ਰੂਸਲੀ ਨੇ ਕਿਹਾ ਕਿ ਅਜੇ ਭਾਵੇਂ ਇਹ ਸਾਫ ਨਹੀਂ ਕਿ ਆਰ.ਐਫ-ਈ.ਐਮ.ਐਫ. ਦਿਮਾਗ ਦੇ ਕਾਰਜਾਂ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ਜਾਂ ਫਿਰ ਸਾਡੀਆਂ ਲੱਭਤਾਂ ਦੀ ਲੰਮੇ ਸਮੇਂ 'ਚ ਕਿੰਨੀ ਕੁ ਸਾਰਥਕਤਾ ਹੈ। ਉਨ੍ਹਾਂ ਕਿਹਾ ਕਿ ਹੈੱਡਫੋਨਜ਼ ਜਾਂ ਲਾਊਡ ਸਪੀਕਰ ਦੀ ਵਰਤੋਂ ਨਾਲ ਜੋਖਮ ਨੂੰ ਘੱਟ ਜ਼ਰੂਰ ਕੀਤਾ ਜਾ ਸਕਦਾ ਹੈ।

# ਮੁਟਿਆਰ ਨੂੰ ਫਾਂਸੀ ਦੀ ਤੀਹਰੀ ਸਜ਼ਾ

**ਨਵੀਂ ਦਿੱਲੀ:** ਨੇਹਾ ਵਰਮਾ ਤੇ ਉਸ ਦੇ ਦੋ ਸਾਥੀਆਂ ਨੂੰ ਇੰਦੌਰ ਦੀ ਸੈਸ਼ਨ ਕੋਰਟ ਨੇ ਤਿੰਨ ਵਾਰ ਫਾਂਸੀ ਦੀ ਸਜ਼ਾ ਸੁਣਾਈ ਸੀ। ਇਹ ਦੇਸ਼ ਦਾ ਪਹਿਲਾ ਮਾਮਲਾ ਹੈ ਜਿਸ ਵਿਚ ਕਿਸੇ ਕੁੜੀ ਨੂੰ ਤਿੰਨ ਵਾਰ ਫਾਂਸੀ ਦੀ ਸਜ਼ਾ ਸੁਣਾਈ ਗਈ ਹੋਵੇ। ਬਾਅਦ ਵਿਚ ਹਾਈ ਕੋਰਟ ਨੇ ਵੀ ਇਸ ਸਜ਼ਾ ਨੂੰ ਬਰਕਰਾਰ ਰੱਖਿਆ ਹੈ। ਫਿਲਹਾਲ ਨੇਹਾ ਇੰਦੌਰ ਜੇਲ੍ਹ ਵਿਚ ਦਿਨ ਕੱਟ ਰਹੀ ਹੈ। ਉਸ ਦੀ ਫਾਂਸੀ ਦੀ ਸਜ਼ਾ ਉਤੇ ਸੁਪਰੀਮ ਕੋਰਟ ਨੇ ਸਟੇਅ ਦੇ ਦਿੱਤਾ ਹੈ ਤੇ ਜਿਥੇ ਉਸ ਦੀ ਆਖਰੀ ਸੁਣਵਾਈ ਬਾਕੀ ਹੈ।

19 ਜੂਨ 2011 ਨੂੰ ਸ੍ਰੀਨਗਰ ਵਿਚ ਰਹਿੰਦੇ ਬੈਂਕ ਅਧਿਕਾਰੀ ਨਿਰੰਜਨ ਦੇਸ਼ ਪਾਂਡੇ ਦੀ ਪਤਨੀ



ਮੇਘਾ (45), ਧੀ ਅਸ਼ਲੇਸ਼ਾ (23) ਤੇ ਸੱਸ ਰੋਹਣੀ ਫੜਕੇ (70) ਨੂੰ ਅਣਪਛਾਤੇ ਲੋਕਾਂ ਨੇ ਮਾਰ ਦਿੱਤਾ ਸੀ। ਦਿਨ ਦਿਹਾੜੇ ਹੋਈ ਇਸ ਘਟਨਾ ਨੇ ਪੂਰੇ ਸੂਬੇ ਵਿਚ ਸਨਸਨੀ ਫੈਲਾ ਦਿੱਤੀ ਸੀ। ਕੁਝ ਦਿਨਾਂ ਬਾਅਦ ਪੁਲਿਸ ਨੇ ਤਿੰਨ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ। ਇਸ ਵਿਚ ਮੁੱਖ ਭੂਮਿਕਾ ਨੇਹਾ ਵਰਮਾ (23) ਦੀ ਸੀ। ਉਸ ਨੇ ਆਪਣੇ ਪ੍ਰੇਮੀ ਰਾਹੁਲ ਉਰਫ ਗੋਵਿੰਦਾ ਚੌਧਰੀ (24) ਤੇ ਉਸ ਦੇ ਦੋਸਤ ਮਨੋਜ ਅਟੋਦੇ (32) ਦੀ ਸਹਾਇਤਾ ਨਾਲ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਇੰਦੌਰ ਦੇ ਇਤਿਹਾਸ ਵਿਚ ਇਹ ਪਹਿਲਾ ਮਾਮਲਾ ਸੀ, ਜਿਸ ਵਿਚ ਲੁੱਟ ਤੇ ਤੀਹਰੇ ਕਤਲ ਮਾਮਲੇ ਵਿਚ ਇਕ ਕੁੜੀ ਕਾਨੂੰਨੀ ਸ਼ਿਕੰਜੇ ਵਿਚ ਆਈ ਹੈ।

ਪੁੱਛਗਿੱਛ ਵਿਚ ਨੇਹਾ ਨੇ ਦੱਸਿਆ ਸੀ ਕਿ ਉਹ ਤੇ ਰੋਹਿਤ ਪਿਆਰ ਕਰਦੇ ਸਨ ਤੇ ਵਿਆਹ ਕਰਨਾ ਚਾਹੁੰਦੇ ਸੀ, ਪਰ ਪੈਸੇ ਨਾ ਹੋਣ ਕਾਰਨ ਉਹ ਵਿਆਹ ਨਹੀਂ ਸੀ ਕਰ ਰਹੇ। ਘਟਨਾ ਦੇ ਲਗਭਗ ਦੋ ਮਹੀਨੇ ਪਹਿਲਾਂ ਸ਼ਹਿਰ ਦੇ ਸ਼ਾਪਿੰਗ ਮਾਲ ਵਿਚ ਨੇਹਾ ਦੀ ਮੁਲਾਕਾਤ ਮੇਘਾ ਨਾਲ ਹੋਈ ਸੀ। ਉਸ ਨੂੰ ਪਤਾ ਸੀ ਕਿ ਮੇਘਾ ਦੇ ਪਤੀ ਵੱਡੇ ਅਧਿਕਾਰੀ ਹਨ ਤੇ ਉਸ ਦੇ ਘਰ ਧੀ ਅਸ਼ਲੇਸ਼ ਤੇ ਉਸ ਦੀ ਮਾਂ ਤੋਂ ਇਲਾਵਾ ਹੋਰ ਕੋਈ ਨਹੀਂ ਰਹਿੰਦਾ। ਨੇਹਾ ਨੇ ਇਹ ਗੱਲ ਰੋਹਿਤ ਨੂੰ ਦੱਸੀ ਤੇ ਉਨ੍ਹਾਂ ਦੇ ਘਰ ਡਾਕਾ ਮਾਰਨ ਦੀ ਸੋਚੀ।

ਐਤਵਾਰ ਨੂੰ ਨੇਹਾ ਇਕ ਮਾਰਕੀਟਿੰਗ ਕੰਪਨੀ ਦਾ ਫਾਰਮ ਭਰਵਾਉਣ ਨੇਹਾ ਦੇ ਘਰ ਪਹੁੰਚੀ ਸੀ ਤੇ ਉਥੇ ਸਾਰਾ ਕੁਝ ਸਹੀ ਦੇਖ ਉਸ ਨੇ ਉਥੋਂ ਹੀ ਰੋਹਿਤ ਨੂੰ ਫੋਨ ਕਰ ਕੇ ਸੱਦ ਲਿਆ। ਰੋਹਿਤ ਤੇ ਮਨੋਜ ਨੇ ਘਰ ਅੰਦਰ ਦਾਖਲ ਹੋ ਕੇ ਸਭ ਤੋਂ ਪਹਿਲਾਂ ਮੇਘਾ ਨੂੰ ਗੋਲੀ ਮਾਰੀ। ਗੋਲੀ ਦੀ ਆਵਾਜ਼ ਸੁਣ ਜਦ ਅਸ਼ਲੇਸ਼ ਤੇ ਉਸ ਦੀ ਨਾਨੀ ਰੋਹਣੀ ਭੱਜਦੇ ਹੋਏ ਬਾਹਰ ਆਏ ਤਾਂ ਰੋਹਿਤ ਤੇ ਮਨੋਜ ਨੇ ਉਨ੍ਹਾਂ ਉਤੇ ਚਾਕੂਆਂ ਨਾਲ ਵਾਰ ਕੀਤੇ। ਕੁਝ ਹੀ ਦੇਰ ਵਿਚ ਦੋਵਾਂ ਨੇ ਦਮ ਤੋੜ ਦਿੱਤਾ। ਇਸ ਤੋਂ ਬਾਅਦ ਤਿੰਨਾਂ ਨੂੰ ਘਰ ਵਿਚ ਜੋ ਵੀ ਕੀਮਤੀ ਸਮਾਨ ਮਿਲਿਆ, ਲੈ ਕੇ ਫਰਾਰ ਹੋ ਗਏ।

ਅਪਰਾਧ ਸਾਬਤ ਹੋਣ 'ਤੇ ਫਾਂਸੀ ਦੀ ਸਜ਼ਾ ਇਕ ਵਾਰ ਹੀ ਦਿੱਤੀ ਜਾ ਸਕਦੀ ਹੈ, ਪਰ ਇਸ ਮਾਮਲੇ ਨੂੰ ਰੇਅਰ ਆਫ ਦਿ ਰੇਅਰੈਸਟ ਮੰਨਦਿਆਂ ਹਰ ਅਪਰਾਧੀ ਨੂੰ ਤੀਹਰੀ ਸਜ਼ਾ ਸੁਣਾਈ।

## 120 ਔਰਤਾਂ ਨਾਲ ਜਬਰ ਜਨਾਹ ਕਰਨ ਵਾਲਾ ਬਾਬਾ ਅੜਿੱਕੇ ਆਇਆ

**ਚੰਡੀਗੜ੍ਹ:** ਫਤਿਆਬਾਦ ਪੁਲਿਸ ਨੇ ਆਪੇ ਬਣੇ ਇਕ ਧਰਮ ਗੁਰੂ ਨੂੰ ਆਪਣੀਆਂ ਚੇਲੀਆਂ ਨਾਲ ਜਬਰ ਜਨਾਹ ਕਰਨ ਦੇ ਦੋਸ਼ਾਂ ਹੇਠ ਗ੍ਰਿਫਤਾਰ ਕੀਤਾ ਹੈ। ਸੋਸ਼ਲ ਮੀਡੀਆ ਉਤੇ ਇਕ ਵੀਡੀਓ ਵਾਇਰਲ ਹੋਣ ਤੋਂ ਬਾਅਦ ਖੁਲਾਸਾ ਹੋਇਆ ਹੈ ਕਿ ਉਸ ਨੇ 120 ਔਰਤਾਂ ਨਾਲ ਜਬਰ ਜਨਾਹ



ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਖੁਫ਼ੀਆ ਸੂਹ ਮਿਲਣ ਉਤੇ ਅਮਰ ਪੁਰੀ ਉਰਫ 'ਜਲੇਬੀ' ਬਾਬਾ ਨੂੰ ਉਸ ਦੀ ਫਤਿਆਬਾਦ ਜ਼ਿਲ੍ਹੇ ਦੇ ਸ਼ਕਤੀ ਨਗਰ ਸਥਿਤ ਰਿਹਾਇਸ਼ ਤੋਂ ਗ੍ਰਿਫਤਾਰ ਕੀਤਾ ਗਿਆ ਹ।

ਛਾਪੇ ਦੌਰਾਨ ਦੋਸ਼ੀ ਕੋਲੋਂ ਜਿਨਸੀ ਸ਼ੋਸ਼ਣ ਪੀੜਤਾਂ ਦੀਆਂ ਕਲਿਪਾਂ ਵਾਲੀਆਂ ਵੀਡੀਓ ਸੀਡੀਆਂ ਬਰਾਮਦ ਕੀਤੀਆਂ ਗਈਆਂ ਹਨ। ਇਨ੍ਹਾਂ ਸੀਡੀਆਂ 'ਚ ਬਾਬਾ ਵੱਖ-ਵੱਖ ਔਰਤਾਂ ਦਾ ਜਿਨਸੀ ਸ਼ੋਸ਼ਣ ਕਰਦਾ ਹੋਇਆ ਦੇਖਿਆ ਜਾ ਸਕਦਾ ਹੈ। ਮਾਮਲਾ ਦਰਜ ਕਰ ਲਿਆ ਹੈ ਤੇ ਜਾਂਚ ਕੀਤੀ ਜਾ ਰਹੀ ਹੈ।

# ਮਰੀਅਮ ਦੀ ਮਹਿਲਾ ਕੈਦੀਆਂ ਨੂੰ ਪੜ੍ਹਾਉਣ ਦੀ ਬੇਨਤੀ ਰੱਦ

**ਇਸਲਾਮਾਬਾਦ:** ਅਦਿਆਲਾ ਜੇਲ੍ਹ ਪ੍ਰਸ਼ਾਸਨ ਨੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ.ਐਮ.ਐਲ-ਐਨ.) ਦੀ ਨੇਤਾ ਮਰੀਅਮ ਨਵਾਜ਼ ਦੀ ਮਹਿਲਾ ਕੈਦੀਆਂ ਨੂੰ ਪੜ੍ਹਾਉਣ ਦੀ ਬੇਨਤੀ ਰੱਦ ਕਰ ਦਿੱਤੀ ਹੈ। ਰਾਵਲਪਿੰਡੀ ਦੀ ਅਦਿਆਲਾ ਜੇਲ੍ਹ 'ਚ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ (68) ਤੇ ਉਸ ਦੀ ਧੀ ਮਰੀਅਮ ਨਵਾਜ਼ (44) ਕ੍ਰਮਵਾਰ 10 ਤੇ 7 ਸਾਲਾਂ ਦੀ ਸਜ਼ਾ ਭੁਗਤ ਰਹੇ ਹਨ।

ਅਦਾਲਤ ਨੇ ਉਨ੍ਹਾਂ ਨੂੰ ਲੰਡਨ 'ਚ 4 ਲਗਜ਼ਰੀ ਫਲੈਟਾਂ ਦੀ ਪਰਿਵਾਰਕ ਮਾਲਕੀ ਸਿੱਧ ਹੋਣ ਉਤੇ 6 ਜੁਲਾਈ ਨੂੰ ਦੋਸ਼ੀ ਕਰਾਰ ਦਿੱਤਾ ਸੀ। ਦੱਸਣਯੋਗ ਹੈ ਕਿ ਮਰੀਅਮ ਨਵਾਜ਼ ਦੇ ਜੇਲ੍ਹ 'ਚ ਹੋਰ ਕੈਦੀਆਂ ਨੂੰ ਨਾ ਮਿਲ ਸਕਣ ਦੇ ਹੁਕਮਾਂ ਕਾਰਨ ਜੇਲ੍ਹ ਅਧਿਕਾਰੀਆਂ ਨੇ ਮਹਿਲਾ ਕੈਦੀਆਂ ਨੂੰ ਪੜ੍ਹਾਉਣ ਦੀ ਬੇਨਤੀ ਪ੍ਰਵਾਨ ਨਹੀਂ ਕੀਤੀ ਹੈ। ਇਥੋਂ ਤੱਕ ਕਿ ਉਸ ਵੱਲੋਂ ਵਾਰ-ਵਾਰ ਬੇਨਤੀ ਕਰਨ ਦੇ ਬਾਵਜੂਦ ਜੇਲ੍ਹ ਅਧਿਕਾਰੀਆਂ ਵੱਲੋਂ ਉਸ ਨੂੰ ਇਕ ਪੈਨ ਤੇ ਕਾਗਜ਼ ਵੀ ਮੁਹੱਈਆ ਨਹੀਂ ਕਰਵਾਇਆ ਗਿਆ।

## ਭਾਰਤ-ਅਮਰੀਕਾ ਸੰਵਾਦ 6 ਸਤੰਬਰ ਨੂੰ ਨਵੀਂ ਦਿੱਲੀ 'ਚ

**ਵਾਸ਼ਿੰਗਟਨ:** ਭਾਰਤ-ਪ੍ਰਸ਼ਾਂਤ ਖਿੱਤੇ ਵਿਚ ਦਰਪੇਸ਼ ਚੁਣੌਤੀਆਂ ਤੇ ਦੁਵੱਲੇ ਰਣਨੀਤਕ ਸਬੰਧਾਂ ਨੂੰ ਨਵੀਆਂ ਬੁਲੰਦੀਆਂ ਉਤੇ ਲਿਜਾਣ ਸਬੰਧੀ ਭਾਰਤ ਤੇ ਅਮਰੀਕਾ ਵਿਚ ਹੋਣ ਵਾਲੀ 2+2 ਗੱਲਬਾਤ 6 ਸਤੰਬਰ ਨੂੰ ਨਵੀਂ ਦਿੱਲੀ 'ਚ ਹੋਵੇਗੀ। ਇਹ ਐਲਾਨ ਅਮਰੀਕੀ ਵਿਦੇਸ਼ ਮੰਤਰਾਲੇ ਨੇ ਕੀਤਾ। ਉਂਜ ਇਸ ਐਲਾਨ ਨਾਲ ਲੰਮੇ ਸਮੇਂ ਤੋਂ ਉਡੀਕੀ ਜਾ ਰਹੀ ਇਸ ਮੀਟਿੰਗ ਨੂੰ ਲੈ ਕੇ ਬਣੀ ਬੇਯਕੀਨੀ ਖਤਮ ਹੋ ਗਈ ਹੈ।


# ਬੇਵਸਾਹੀ ਮਤਾ: ਮੋਦੀ ਸਰਕਾਰ ਅਤੇ ਵਿਰੋਧੀ ਧਿਰ ਦੇ ਖੂਬ ਫਸੇ ਸਿੰਗ

**ਨਵੀਂ ਦਿੱਲੀ:** ਵਿਰੋਧੀ ਧਿਰ ਵੱਲੋਂ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਖਿਲਾਫ਼ ਲੋਕ ਸਭਾ ਵਿਚ ਪੇਸ਼ ਕੀਤਾ ਬੇਵਸਾਹੀ ਦਾ ਮਤਾ 325 ਦੇ ਮੁਕਾਬਲੇ 126 ਵੋਟਾਂ ਨਾਲ ਡਿੱਗ ਗਿਆ। ਬੀਜੂ ਜਨਤਾ ਦਲ (ਬੀ.ਜੇ.ਡੀ.), ਸ਼ਿਵ ਸੈਨਾ ਤੇ ਤਿਲੰਗਾਨਾ ਰਾਸ਼ਟਰ ਸਮਿਤੀ (ਟੀ.ਆਰ.ਐਸ.) ਦੇ ਮੈਂਬਰ ਸਦਨ ਵਿਚੋਂ ਗੈਰਹਾਜ਼ਰ ਰਹੇ। ਮਤੇ ਉਤੇ ਵੋਟਿੰਗ ਸਮੇਂ 451 ਮੈਂਬਰ ਹਾਜ਼ਰ ਸਨ। ਇਨ੍ਹਾਂ ਸਭਨਾਂ ਦੀਆਂ ਵੋਟਾਂ ਸਹੀ ਨਿਕਲੀਆਂ ਤੇ ਕੋਈ ਵੋਟ ਰੱਦ ਨਹੀਂ ਹੋਈ। ਅੰਨਾ ਡੀ.ਐਮ.ਕੇ. ਦੇ ਕਈ ਮੈਂਬਰਾਂ ਨੇ ਸਰਕਾਰ ਦਾ ਸਾਥ ਦਿੱਤਾ।

ਪਹਿਲਾਂ ਬੇਵਸਾਹੀ ਮਤੇ ਉਤੇ ਦਸ ਘੰਟੇ ਚੱਲੀ ਬਹਿਸ ਦਾ ਲੰਮਾ ਜੁਆਬ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ, ਇਸ ਦੇ ਨੇਤਾ ਰਾਹੁਲ ਗਾਂਧੀ ਅਤੇ ਹੋਰ ਵਿਰੋਧੀ ਆਗੂਆਂ ਉਤੇ ਤਿੱਖੇ ਵਾਰ ਕੀਤੇ ਅਤੇ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦੀ ਪੂਰੀ ਤਫਸੀਲ ਪੇਸ਼ ਕੀਤੀ। ਉਨ੍ਹਾਂ ਨੇ ਰਾਹੁਲ ਗਾਂਧੀ ਦਾ ਮਜ਼ਾਕ ਉਡਾਉਂਦਿਆਂ ਲੋਕ ਸਭਾ ਵਿਚ ਕਿਹਾ ਕਿ ਉਹ ਆਪਣੀ ਸੀਟ ਤੋਂ ਉਠ ਕੇ ਇਸ ਲਈ ਉਨ੍ਹਾਂ ਨੂੰ ਜੱਫੀ ਪਾਉਣ ਆਇਆ, ਕਿਉਂਕਿ ਉਸ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਬੈਠਣ ਦੀ ਕਾਹਲ ਹੈ, ਇਹ ਉਸ ਦੇ ਘੁਮੰਡ ਦਾ ਪ੍ਰਤੀਕ ਹੈ। ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਬੈਠਣ ਦਾ ਫੈਸਲਾ ਦੇਸ਼ ਦੇ 125 ਕਰੋੜ ਲੋਕਾਂ ਦੇ ਹੱਥ ਵਿਚ ਹੈ ਕਿ ਕੌਣ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਬੈਠੇਗਾ ਅਤੇ ਕੌਣ ਨਹੀਂ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਨੂੰ ਭਗਵਾਨ ਇੰਨੀ ਸ਼ਕਤੀ ਦੇਵੇ ਕਿ ਉਹ 2024 ਦੇ ਵਿਚ ਫਿਰ ਬੇਵਸਾਹੀ ਮਤਾ ਪੇਸ਼ ਕਰਨ।

ਉਨ੍ਹਾਂ ਦੀਆਂ ਸ਼ੁਭਕਾਮਨਾਵਾਂ ਉਨ੍ਹਾਂ ਦੇ ਨਾਲ ਹਨ। ਜਦੋਂ ਰਾਹੁਲ ਗਾਂਧੀ ਅਚਾਨਕ ਪ੍ਰਧਾਨ ਮੰਤਰੀ ਕੋਲ ਪੁੱਜ ਗਏ ਤਾਂ ਪਹਿਲਾਂ ਤਾਂ ਉਹ ਥੋੜ੍ਹਾ ਹੱਕਾ ਬੱਕਾ ਰਹਿ ਗਏ ਪਰ ਫਿਰ ਜਲਦੀ ਹੀ ਸੰਭਲ ਗਏ। ਜਦੋਂ ਰਾਹੁਲ ਗਾਂਧੀ ਮੁੜੇ ਤਾਂ ਉਨ੍ਹਾਂ ਨੇ ਉਸ ਦੀ ਪਿੱਠ ਥਪਥਪਾਈ ਅਤੇ ਬਾਅਦ ਵਿਚ ਉਸ ਦੀ ਕਾਰਵਾਈ ਨੂੰ ਥੋੜ੍ਹਾ ਹੱਸ ਕੇ ਛੁਟਿਆਉਣ ਦੀ ਕੋਸ਼ਿਸ਼ ਵਜੋਂ ਮੁਸਕਰਾਹਟ ਵੀ ਦਿਖਾਈ। ਰਾਹੁਲ ਗਾਂਧੀ ਦੀ ਕਾਰਵਾਈ ਉਤੇ ਪ੍ਰਧਾਨ ਮੰਤਰੀ ਪਿੱਛੇ ਬੈਠੇ ਭਾਜਪਾ ਦੇ ਮੈਂਬਰ ਹੱਕੇ-ਬੱਕੇ ਰਹਿ ਗਏ। ਆਪਣੇ ਭਾਸ਼ਣ ਵਿਚ ਮੋਦੀ ਨੇ ਸਾਰੇ ਲੋਕ ਸਭਾ ਮੈਂਬਰਾਂ ਨੂੰ ਬੇਵਸਾਹੀ ਮਤੇ ਨੂੰ ਡੇਗਣ ਦੀ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਇਹ ਕਾਂਗਰਸ ਦੇ ਘੁਮੰਡ ਦਾ ਪ੍ਰਤੀਕ ਹੈ ਤੇ ਉਸ ਦੇ ਸੰਭਾਵੀ ਭਾਈਵਾਲਾਂ ਦੀ ਪ੍ਰੀਖਿਆ ਹੈ।

ਉਨ੍ਹਾਂ ਕਿਹਾ ਕਿ ਬੇਵਸਾਹੀ ਮਤੇ ਦੇ ਪਿੱਛੇ ਘੁਮੰਡ ਹੈ। ਉਨ੍ਹਾਂ ਕਾਂਗਰਸ ਨੂੰ ਰਗੜੇ ਲਾਉਂਦਿਆਂ ਕਿਹਾ ਕਿ ਇਹ ਸਰਕਾਰ ਦੀ ਪ੍ਰੀਖਿਆ ਨਹੀਂ ਹੈ ਸਗੋਂ ਕਾਂਗਰਸ ਅਤੇ ਉਸ ਦੇ ਭਾਈਵਾਲਾਂ ਦੀ ਤਾਕਤ ਦੀ ਪ੍ਰੀਖਿਆ ਹੈ। ਤਿੱਖੇ ਹਮਲਿਆਂ ਦੇ ਨਾਲ ਦਸ ਘੰਟਿਆਂ ਦੀ ਬਹਿਸ ਨੂੰ ਨਿਬੇੜਦਿਆਂ ਅਤੇ ਵਿਰੋਧੀ ਆਗੂਆਂ ਦੇ ਉਤੇ ਮੋੜਵੇਂ ਹੱਲੇ ਕਰਦਿਆਂ ਕਿਹਾ ਕਿ ਕੁਝ ਲੋਕ ਨਾਕਾਰਾਤਮਿਕ ਬਹਿਸ ਵਿਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਉਹ ਲੋਕਾਂ ਨੂੰ ਖੁਸ਼ ਕਰਨ ਜਾਂ ਵੋਟ ਬੈਂਕ ਦੀ ਸਿਆਸਤ ਨਹੀਂ ਕਰਦੇ। ਉਹ ਸਭ ਦਾ ਸਾਥ ਤੇ ਸਭ ਦੇ ਵਿਕਾਸ ਦਾ ਮੰਤਰ ਲੈ ਕੇ ਚੱਲ ਰਹੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਕਦਮ ਚੁੱਕ ਰਹੀ ਹੈ। ਵਿਰੋਧੀ ਧਿਰ ਅਤੇ ਖਾਸ ਤੌਰ ਉਤੇ ਕਾਂਗਰਸ ਨੂੰ ਚੀਫ ਜਸਟਿਸ, ਮੁੱਖ ਚੋਣ ਕਮਿਸ਼ਨਰ ਅਤੇ ਇਲੈਕਟ੍ਰਾਨਿਕ ਮਸ਼ੀਨਾਂ ਉਤੇ ਯਕੀਨ ਨਹੀਂ ਹੈ।



### ਮੋਦੀ ਚੌਕੀਦਾਰ ਨਹੀਂ, ਭ੍ਰਿਸ਼ਟਾਚਾਰ 'ਚ ਭਾਗੀਦਾਰ: ਰਾਹੁਲ

**ਨਵੀਂ ਦਿੱਲੀ:** ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਖਿਲਾਫ਼ ਲੋਕ ਸਭਾ ਵਿਚ ਪੇਸ਼ ਬੇਵਸਾਹੀ ਮਤੇ ਉਤੇ ਬੋਲਦਿਆਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭ੍ਰਿਸ਼ਟਾਚਾਰ ਦਾ 'ਭਾਗੀਦਾਰ' ਦੱਸ ਕੇ ਤਿੱਖੀਆਂ ਚੋਭਾਂ ਲਾਈਆਂ। ਰਾਹੁਲ ਨੇ ਕਿਹਾ ਕਿ ਲੋਕ ਮੋਦੀ ਦੇ 'ਜੁਮਲਈ' ਹਮਲਿਆਂ ਤੋਂ ਪੀੜਤ ਹਨ। ਕਾਂਗਰਸ ਪ੍ਰਧਾਨ ਨੇ ਹਾਲਾਂਕਿ ਇਨ੍ਹਾਂ ਚੁਭਵੇਂ ਹਮਲਿਆਂ ਮਗਰੋਂ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੀ ਸੀਟ 'ਤੇ ਜਾ ਕੇ ਜੱਫੀ ਪਾਈ।

## ਮੋਦੀ ਨੇ ਅੰਕੜਿਆਂ ਦੀ ਖੇਡ 'ਚ ਉਲਝਾਏ ਕਿਸਾਨ

**ਚੰਡੀਗੜ੍ਹ:** ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਸਾਉਣੀ ਦੀਆਂ ਫਸਲਾਂ ਦੇ ਸਮਰਥਨ ਮੁੱਲ ਵਿਚ ਕੀਤੇ ਵਾਧੇ ਨਾਲ ਵੀ ਸੂਬੇ ਦੀ ਕਿਸਾਨੀ ਨੂੰ ਕੋਈ ਬਹੁਤੀ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ ਤੇ ਇਹ ਵਾਧਾ ਸਿਰਫ



ਅੰਕੜਿਆਂ ਦੀ ਖੇਡ 'ਚ ਹੀ ਉਲਝ ਕੇ ਰਹਿ ਗਿਆ ਹੈ। ਕੇਂਦਰ ਸਰਕਾਰ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਸਮਰਥਨ ਮੁੱਲ 'ਚ ਲਾਗਤ ਦਾ 20 ਤੋਂ 60 ਫੀਸਦੀ ਤੱਕ ਵਾਧਾ ਕੀਤਾ ਗਿਆ ਹੈ ਤੇ ਕਈ ਫਸਲਾਂ 'ਤੇ ਤਾਂ ਇਸ ਤੋਂ ਵੀ ਜ਼ਿਆਦਾ ਵਾਧਾ ਕੀਤਾ ਗਿਆ ਹੈ ਪਰ ਜੇਕਰ ਇਕੱਲੇ ਝੋਨੇ ਦੀ ਫਸਲ ਦੀ ਹੀ ਗੱਲ ਕੀਤੀ ਜਾਵੇ ਤਾਂ ਸਰਕਾਰ ਦੇ ਦਾਅਵੇ ਕਿਸੇ ਦੇ ਵੀ ਗਲੇ ਤੋਂ ਹੇਠਾਂ ਨਹੀਂ ਉਤਰ ਰਹੇ।

ਝੋਨੇ ਦੇ ਸਮਰਥਨ ਮੁੱਲ ਵਿਚ 200 ਰੁਪਏ ਦਾ ਕੀਤਾ ਵਾਧਾ ਸਿਰਫ 13 ਫੀਸਦੀ ਹੀ ਬਣਦਾ ਹੈ, ਜਦਕਿ ਝੋਨੇ ਉਤੇ ਲਾਗਤ ਕਈ ਗੁਣਾ ਜ਼ਿਆਦਾ ਵਧੀ ਹੈ। ਦੱਸਣਯੋਗ ਹੈ ਕਿ ਪਿਛਲੇ ਸਾਲ ਡੀਜ਼ਲ ਦਾ ਭਾਅ 55.38 ਰੁਪਏ ਪ੍ਰਤੀ ਲੀਟਰ ਸੀ, ਜਦਕਿ ਇਸ ਵਾਰ ਡੀਜ਼ਲ ਦੀਆਂ ਕੀਮਤਾਂ 'ਚ 22 ਫੀਸਦੀ ਦਾ ਵਾਧਾ ਹੋਇਆ ਤੇ ਇਸ ਸਮੇਂ ਡੀਜ਼ਲ 68 ਰੁਪਏ ਤੋਂ ਉਪਰ ਮਿਲ ਰਿਹਾ ਹੈ। ਇਸੇ ਤਰ੍ਹਾਂ ਡਾਇਆ (ਡੀ.ਏ.ਪੀ.) ਖਾਦ ਦਾ ਬੋਰਾ ਜੋ ਪਿਛਲੇ ਸਾਲ ਇਕ ਹਜ਼ਾਰ ਦੇ ਕਰੀਬ ਮਿਲਦਾ ਸੀ, ਇਸ ਵਾਰ ਉਸ ਦੀਆਂ ਕੀਮਤਾਂ 'ਚ 25 ਫੀਸਦੀ ਦਾ ਵਾਧਾ ਹੋਇਆ ਤੇ ਇਸ ਸਮੇਂ ਕਿਸਾਨਾਂ ਨੂੰ ਡਾਇਆ ਖਾਦ ਦਾ ਬੋਰਾ 1260 ਰੁਪਏ ਦੇ ਹਿਸਾਬ ਨਾਲ ਮਿਲ ਰਿਹਾ ਹੈ।

ਇਸੇ ਤਰ੍ਹਾਂ ਸੁਪਰ ਖਾਦ ਦੀਆਂ ਕੀਮਤਾਂ 'ਚ 20 ਫੀਸਦੀ ਅਤੇ ਜ਼ਿੰਕ ਸਲਫੇਟ ਦੀਆਂ ਕੀਮਤਾਂ 'ਚ 60 ਫੀਸਦੀ ਦੇ ਹਿਸਾਬ ਨਾਲ ਵਾਧਾ ਕੀਤਾ ਗਿਆ, ਜਦਕਿ ਸਰਕਾਰ ਵੱਲੋਂ ਝੋਨੇ ਦਾ ਭਾਅ 200 ਰੁਪਏ ਪ੍ਰਤੀ ਕੁਇੰਟਲ ਵਧਾ ਕੇ 1550 ਤੋਂ 1750 ਰੁਪਏ ਕੀਤਾ ਗਿਆ ਹੈ ਜੋ ਲਾਗਤ ਦੇ ਹਿਸਾਬ ਨਾਲ ਬਹੁਤ ਹੀ ਘੱਟ ਹੈ। ਉਧਰ, ਵਿਰੋਧੀ ਧਿਰ ਕਾਂਗਰਸ ਸਮੇਤ ਵੱਖ-ਵੱਖ ਕਿਸਾਨ ਜਥੇਬੰਦੀਆਂ ਇਸ ਵਾਧੇ ਨੂੰ ਪਹਿਲਾਂ ਹੀ ਨਕਾਰ ਚੁੱਕੀਆਂ ਹਨ ਤੇ ਅਜਿਹੇ 'ਚ ਕੇਂਦਰ ਸਰਕਾਰ ਵੱਲੋਂ ਫਸਲਾਂ ਦੇ ਮੁੱਲ ਵਿਚ ਕੀਤੇ ਗਏ ਵਾਧੇ ਨਾਲ ਕਿਸਾਨਾਂ ਨੂੰ ਕਿੰਨਾ ਕੁ ਫਾਇਦਾ ਹੁੰਦਾ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਜਿਸ ਤਰ੍ਹਾਂ ਫਸਲਾਂ ਦੇ ਸਮਰਥਨ ਮੁੱਲ ਨੂੰ ਇਤਿਹਾਸਕ ਦੱਸਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਪੰਜਾਬ ਫੇਰੀ ਦੌਰਾਨ ਪਿਛਲੇ ਦਿਨੀਂ ਖੁਦ ਅੰਕੜਿਆਂ ਦੇ ਹਵਾਲੇ ਨਾਲ ਸਰਕਾਰ ਦੀ ਪਿੱਠ ਥਪਥਪਾਉਂਦੇ ਹੋਏ ਦਾਅਵਾ ਕੀਤਾ ਸੀ ਕਿ ਸਮਰਥਨ ਮੁੱਲ 'ਚ ਕੀਤਾ ਵਾਧਾ ਕਿਸਾਨਾਂ ਨੂੰ ਕਰਜ਼ਾ ਮੁਕਤ ਕਰਨ ਵਿਚ ਸਹਾਈ ਹੋਵੇਗਾ, ਉਸ ਉਪਰ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

## ਰਾਹੁਲ ਗਾਂਧੀ ਦੀ 'ਜਾਦੂ ਦੀ ਜੱਫੀ' ਸੋਸ਼ਲ ਮੀਡੀਆ 'ਤੇ ਛਾਈ

**ਨਵੀਂ ਦਿੱਲੀ:** ਲੋਕ ਸਭਾ ਵਿਚ ਬਹਿਸ ਦੌਰਾਨ ਰਾਹੁਲ ਗਾਂਧੀ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗਲੇ ਮਿਲਣ ਤੋਂ ਬਾਅਦ 'ਜਾਦੂ ਦੀ ਜੱਫੀ' ਸੋਸ਼ਲ ਮੀਡੀਆ ਉਤੇ ਛਾਅ ਗਈ। ਸੋਸ਼ਲ ਮੀਡੀਆ ਟਵਿਟਰ, ਫੇਸਬੁੱਕ ਉਤੇ ਇਸ ਦੀ ਕਾਫੀ ਚਰਚਾ ਹੋਣ ਲੱਗੀ ਹੈ। ਜਿਥੇ ਕਈ ਲੋਕਾਂ ਨੇ ਰਾਹੁਲ ਦੇ ਇਸ ਅੰਦਾਜ਼ ਦੀ ਖੂਬ ਤਰੀਫ ਕੀਤੀ ਉਥੇ ਇਸ ਉਤੇ ਕਈ ਚੁਟਕਲੇ ਵੀ ਬਣ ਰਹੇ ਹਨ।

ਟਵਿਟਰ ਉਤੇ 'ਪੱਪੂ ਕੀ ਜੱਫੀ', 'ਹੱਗਪਲੋਮੈਸੀ' ਕਰਕੇ ਕਈ ਤਰ੍ਹਾਂ ਕੁਮੈਂਟ ਅਤੇ ਚੁਟਕਲੇ ਪਾਏ ਜਾ ਰਹੇ ਹਨ। ਕਈ ਲੋਕ 'ਮੁੰਨਾਭਾਈ' ਨੂੰ ਯਾਦ ਕਰਕੇ ਇਸ ਨੂੰ ਰਾਹੁਲ ਦੀ ਭਲਮਾਣਸੀ ਦੱਸ ਰਹੇ ਹਨ ਅਤੇ ਕੁਝ ਇਸ ਉਤੇ ਚੁਟਕੀਆਂ ਲੈ ਰਹੇ ਹਨ। ਕਿਸੇ ਨੇ ਕਿਹਾ ਕਿ 'ਪੱਪੂ ਹੁਣ ਮੁੰਨਾਬਾਈ' ਬਣ ਗਿਆ ਹੈ। ਕਿਸੇ ਨੇ ਕਿਹਾ 'ਮੁੰਨਾ ਬਾਈ ਦੀ ਪੱਪੀ-ਜੱਫੀ'। ਕਿਸੇ ਨੇ ਕਿਹਾ 'ਪੱਪੂ ਕੀ ਜੱਫੀ'। ਕਿਸੇ ਨੇ ਟਵੀਟ ਕੀਤਾ ਕਿ 'ਪੱਪੂ ਪ੍ਰੀਆ ਤੋਂ ਸਿਖਲਾਈ ਲੈ ਰਿਹਾ ਹੈ।'

ਸ਼ਿਵ ਸੈਨਾ ਨੇ ਲੋਕ ਸਭਾ 'ਚ ਰਾਹੁਲ ਗਾਂਧੀ ਦੇ ਭਾਸ਼ਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਰਾਹੁਲ ਨੇ ਹੁਣ ਸਿਆਸਤ ਦੇ ਅਸਲੀ ਸਕੂਲ 'ਚ ਗਰੈਜੂਏਸ਼ਨ ਕਰ ਲਈ ਹੈ। ਮਹਾਰਾਸ਼ਟਰ ਸਰਕਾਰ 'ਚ ਭਾਜਪਾ ਦੀ ਭਾਈਵਾਲ ਪਾਰਟੀ ਸ਼ਿਵ ਸੈਨਾ ਨੇ ਸੰਸਦ 'ਚ ਵਿਸ਼ਵਾਸ ਮਤ ਤੋਂ ਅਲੱਗ ਰਹਿਣ ਦਾ ਫੈਸਲਾ ਕੀਤਾ ਸੀ। ਸ਼ਿਵ ਸੈਨਾ ਦੇ ਨੇਤਾ ਸੰਜੇ ਰੌਤ ਨੇ ਕਿਹਾ ਕਿ ਕਾਂਗਰਸ ਪ੍ਰਧਾਨ ਨੇ ਹੁਣ ਸਿਆਸਤ ਦੇ ਅਸਲੀ ਸਕੂਲ 'ਚੋਂ ਗਰੈਜੂਏਸ਼ਨ ਕਰ ਲਈ ਹੈ। ਉਨ੍ਹਾਂ ਕਿਹਾ ਕਿ ਰਾਹੁਲ ਨੇ ਭਾਸ਼ਣ ਖਤਮ ਕਰਨ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗਲੇ ਮਿਲ ਕੇ ਉਨ੍ਹਾਂ ਨੂੰ ਹੈਰਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਜੱਫੀ ਨਹੀਂ, ਮੋਦੀ ਲਈ ਝਟਕਾ ਸੀ।

### 90 ਸਾਲਾ ਬਜ਼ੁਰਗ ਖਿਲਾਫ ਇਰਾਦਾ ਕਤਲ ਦਾ ਕੇਸ

**ਊਨਾ:** ਉਪ ਮੰਡਲ ਬੰਗਾਣਾ ਦੇ ਪਿੰਡ ਨਰੂਹ ਵਿਚ ਇਕ 90 ਸਾਲਾ ਬਜ਼ੁਰਗ ਨੇ ਗੁੱਸੇ ਵਿਚ ਆ ਕੇ ਉਸ ਦੇ ਖੇਤਾਂ ਵਿਚੋਂ ਪਸ਼ੂ ਲਿਜਾ ਰਹੇ ਇਕ ਵਿਅਕਤੀ ਉਤੇ ਗੋਲੀ ਚਲਾ ਦਿੱਤੀ, ਜਿਸ ਨਾਲ ਪਸ਼ੂਆਂ ਦਾ ਮਾਲਕ ਜ਼ਖਮੀ ਹੋ ਗਿਆ ਜਦੋਂਕਿ ਪਿੰਡ ਦੀ ਹੀ ਇਕ ਔਰਤ ਬੇਹੋਸ਼ ਹੋ ਗਈ। ਪੁਲਿਸ ਨੇ ਬਜ਼ੁਰਗ ਬਿਸ਼ਨ ਦਾਸ ਨੂੰ ਗ੍ਰਿਫਤਾਰ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਸਿੱਖ ਵਿਰੋਧੀ ਦੰਗੇ ਹਜੂਮੀ ਕਤਲਾਂ ਦਾ ਸਿਖਰ: ਰਾਜਨਾਥ

**ਨਵੀਂ ਦਿੱਲੀ:** ਵਿਰੋਧੀ ਧਿਰ ਵੱਲੋਂ ਜਨੂਨੀ ਹੱਤਿਆਵਾਂ ਦੇ ਮੁੱਦੇ ਉਤੇ ਸੱਤਾਧਾਰੀ ਭਾਜਪਾ ਨੂੰ ਲਗਾਤਾਰ ਨਿਸ਼ਾਨਾ ਬਣਾਏ ਜਾਣ ਉਤੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ 1984 ਦੇ ਸਿੱਖ ਵਿਰੋਧੀ ਦੰਗੇ ਜਨੂਨੀ ਹੱਤਿਆਵਾਂ ਦਾ ਸਿਖਰ ਸਨ। ਵਿਰੋਧੀ ਧਿਰਾਂ ਵੱਲੋਂ ਜਨੂਨੀ ਹੱਤਿਆਵਾਂ ਦੇ ਮੁੱਦੇ ਉਤੇ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੂੰ ਘੇਰਨ ਬਾਰੇ ਰਾਜਨਾਥ ਸਿੰਘ ਨੇ ਕਿਹਾ ਕਿ ਰਾਜ ਸਰਕਾਰਾਂ ਨੂੰ ਇਸ ਸਬੰਧੀ ਸਖਤ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਕੇਂਦਰ ਹਰ ਤਰ੍ਹਾਂ ਦੀ ਸਹਾਇਤਾ ਕਰੇਗਾ।

ਉਨ੍ਹਾਂ ਕਿਹਾ ਕਿ ਜਨੂਨੀ ਹੱਤਿਆਵਾਂ ਦੀ ਸਭ ਤੋਂ ਵੱਡੀ ਘਟਨਾ 1984 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖਾਂ ਦੀਆਂ ਹੱਤਿਆਵਾਂ ਦੇ ਰੂਪ ਵਿਚ ਵਾਪਰੀ ਸੀ। ਸਰਕਾਰ ਨੇ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਹੈ। ਸਿੱਖ ਭਾਈਚਾਰੇ ਨੂੰ ਇਨਸਾਫ ਦਿੱਤਾ ਜਾਵੇਗਾ। ਉਨ੍ਹਾਂ ਸੰਸਦ ਵਿਚ ਵਿਰੋਧੀ ਧਿਰ ਵੱਲੋਂ ਲਿਆਂਦੇ



ਬੇਭਰੋਸਗੀ ਮਤੇ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਹ ਕਿਸ ਦੇ ਵਿਰੁੱਧ ਬੇਭਰੋਸਗੀ ਮਤਾ ਲਿਆਏ ਹਨ, ਪ੍ਰਧਾਨ ਮੰਤਰੀ ਦੇ ਕਹਿਣ ਉਤੇ ਲੱਖਾਂ ਲੋਕਾਂ ਨੇ ਰਸੋਈ ਗੈਸ ਉੱਤੇ ਸਬਸਿਡੀ ਛੱਡ ਦਿੱਤੀ ਹੈ। ਵਿਰੋਧੀ ਧਿਰ ਨੂੰ ਇਕ ਦੂਜੇ ਉਤੇ ਹੀ ਭਰੋਸਾ ਨਹੀਂ ਹੈ। ਜਦੋਂ ਆਗੂ ਦੀ ਗੱਲ ਆਉਂਦੀ ਹੈ ਤਾਂ ਇਨ੍ਹਾਂ ਦੀ ਫੂਕ ਨਿਕਲ ਜਾਂਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ 2004 ਤੋਂ 2014 ਤੱਕ ਵਿਰੋਧੀ ਧਿਰ ਵਿਚ ਰਹੀ ਹੈ ਅਤੇ ਕਦੇ ਵੀ ਬੇਭਰੋਸਗੀ ਮਤਾ ਲਿਆਉਣ ਬਾਰੇ ਨਹੀਂ ਸੋਚਿਆ।

### ਗੀਤਕਾਰ ਗੋਪਾਲ ਦਾਸ ਨੀਰਜ ਦਾ ਦੇਹਾਂਤ

**ਆਗਰਾ:** ਗੀਤਕਾਰ ਤੇ ਨਾਮਵਰ ਹਿੰਦੀ ਪਦਮਭੂਸ਼ਨ ਪ੍ਰੋ. ਗੋਪਾਲ ਦਾਸ ਸਕਸੇਨਾ ਉਰਫ ਨੀਰਜ ਦਾ ਦਿੱਲੀ ਦੇ ਏਮਜ਼ ਵਿਚ ਦੇਹਾਂਤ ਹੋ ਗਿਆ। ਉਹ 93 ਸਾਲ ਦੇ ਸਨ।

## ਔਰਤਾਂ ਦੇ ਮਾਨ ਸਨਮਾਨ ਪੱਖੋਂ ਭਾਰਤ ਪਛੜਿਆ

**ਪਟਿਆਲਾ:** ਭਾਰਤ ਦੇ ਹਰ ਖੇਤਰ ਵਿਚ ਸਮੇਂ ਦੇ ਨਾਲ ਵਿਕਾਸ ਤੇ ਬਦਲਾਅ ਹੋਣ ਦੇ ਬਾਵਜੂਦ ਦੇਸ਼ ਭਰ ਦੀਆਂ ਔਰਤਾਂ ਨੂੰ ਸੁਰੱਖਿਆ ਅਤੇ ਸਨਮਾਨ ਦੇਣ ਦੇ ਪੱਧਰ 'ਚ ਕੋਈ ਬਹੁਤੀ ਤਬਦੀਲੀ ਆਉਂਦੀ ਨਜ਼ਰ ਨਹੀਂ ਆ ਰਹੀ। ਇਸ ਦਾ ਸਬੂਤ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਹਰ ਦਿਨ ਔਰਤਾਂ ਨਾਲ ਵਾਪਰਦੀਆਂ ਮਾਨਸਿਕ ਅਤੇ ਸਰੀਰਕ ਸ਼ੋਸ਼ਣ ਦੀਆਂ ਘਟਨਾਵਾਂ ਤੋਂ ਮਿਲਦਾ ਹੈ। ਹਿੰਦੁਸਤਾਨ ਵਿਚ ਔਰਤਾਂ ਕਿੰਨੀਆਂ ਕੁ ਸੁਰੱਖਿਅਤ ਹਨ, ਇਸ ਦੀ ਪੁਸ਼ਟੀ ਰਾਜ ਸਭਾ 'ਚ 14 ਮਾਰਚ 2018 ਨੂੰ ਮਨਿਸਟਰੀ ਆਫ ਹੋਮ ਅਫੇਅਰਜ਼ ਵੱਲੋਂ ਔਰਤਾਂ ਖਿਲਾਫ਼ ਹੋਏ ਅਪਰਾਧਾਂ ਸਬੰਧੀ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਦੇ ਆਧਾਰ ਉਤੇ ਪੇਸ਼ ਕੀਤੇ ਰਿਪੋਰਟ ਕਰਦੀ ਹੈ।

ਰਿਪੋਰਟ 'ਚ ਦੱਸਿਆ ਗਿਆ ਸੀ ਕਿ ਸਾਲ 2014 ਤੋਂ 2016 ਤੱਕ 10 ਲੱਖ 7 ਹਜ਼ਾਰ ਤੋਂ ਵੱਧ ਵੱਖ-ਵੱਖ ਅਪਰਾਧਿਕ ਘਟਨਾਵਾਂ ਦੇਸ਼ ਵਿਚ ਔਰਤਾਂ ਨਾਲ ਵਾਪਰੀਆਂ ਸਨ। ਰਿਪੋਰਟ ਵਿਚ ਔਰਤਾਂ ਨਾਲ ਅਤਿਆਚਾਰ, ਛੇੜਛਾੜ, ਜਬਰ ਜਨਾਹ, ਪਿੱਛਾ ਕਰਨਾ, ਪਰੇਸ਼ਾਨ ਕਰਨ ਤੋਂ ਇਲਾਵਾ ਉਹ ਅਪਰਾਧ ਵੀ ਸ਼ਾਮਲ ਹਨ, ਜਿਨ੍ਹਾਂ ਨਾਲ ਮਾਨਸਿਕ ਅਤੇ ਸਰੀਰਕ ਤੌਰ ਉਤੇ ਭਾਰਤੀ ਨਾਰੀਆਂ ਨੂੰ ਨੁਕਸਾਨ ਪਹੁੰਚਦਾ ਹੈ। ਰਿਪੋਰਟ ਅਨੁਸਾਰ ਸਾਲ 2016 ਵਿਚ 3 ਲੱਖ 38 ਹਜ਼ਾਰ 954 ਔਰਤਾਂ ਵੱਖ-ਵੱਖ ਅਪਰਾਧਾਂ ਤੋਂ ਪੀੜਤ ਹੋਈਆਂ। ਇਹ ਅੰਕੜਾ 2015 'ਚ 3 ਲੱਖ 29 ਹਜ਼ਾਰ 243 ਅਤੇ 2014 ਵਿਚ 3 ਲੱਖ 39 ਹਜ਼ਾਰ 457 ਸੀ। ਰਿਪੋਰਟ ਮੁਤਾਬਕ ਉਤਰ ਪ੍ਰਦੇਸ਼ 'ਚ ਸਭ ਤੋਂ ਵੱਧ ਔਰਤਾਂ ਨਾਲ ਅਪਰਾਧਿਕ ਘਟਨਾਵਾਂ ਵਾਪਰੀਆਂ, ਸਾਲ 2016 ਵਿਚ 49 ਹਜ਼ਾਰ 262 ਔਰਤਾਂ ਜੁਰਮ ਦਾ ਸ਼ਿਕਾਰ ਹੋਈਆਂ




ਸੀ। ਦੂਜੇ ਨੰਬਰ ਉਤੇ ਪੱਛਮੀ ਬੰਗਾਲ 'ਚ 32 ਹਜ਼ਾਰ 513, ਤੀਜੇ ਸਥਾਨ 'ਤੇ ਮਹਾਰਾਸ਼ਟਰ 'ਚ 31 ਹਜ਼ਾਰ 338 ਔਰਤਾਂ ਨਾਲ ਅਪਰਾਧਿਕ ਘਟਨਾਵਾਂ ਵਾਪਰੀਆਂ।

27 ਹਜ਼ਾਰ 422 ਔਰਤਾਂ ਸਬੰਧੀ ਅਪਰਾਧਾਂ ਨਾਲ ਰਾਜਸਥਾਨ ਚੌਥੇ ਸਥਾਨ ਉਤੇ ਸੀ। ਪੰਜਵੇਂ ਨੰਬਰ ਉਤੇ ਮੱਧ ਪ੍ਰਦੇਸ਼ 'ਚ 26 ਹਜ਼ਾਰ 604 ਘਟਨਾਵਾਂ ਵਾਪਰੀਆਂ। ਆਸਾਮ 'ਚ 20869, ਉੜੀਸਾ ਵਿਚ 17837, ਆਂਧਰਾ ਪ੍ਰਦੇਸ਼ 'ਚ 16362, ਤੇਲਗਾਨਾ 'ਚ 15374, ਦਿੱਲੀ 15310, ਕਰਨਾਟਕਾ 'ਚ 14131, ਬਿਹਾਰ 'ਚ 13400, ਕੇਰਲਾ ਵਿਚ 10034, ਹਰਿਆਣਾ 'ਚ 9839, ਗੁਜਰਾਤ 'ਚ 8532, ਛੱਤੀਸਗੜ੍ਹ ਵਿਚ 5947, ਝਾਰਖੰਡ 'ਚ 5453, ਪੰਜਾਬ 'ਚ 5105, ਤਾਮਿਲਨਾਡੂ 'ਚ 4463, ਜੰਮੂ ਕਸ਼ਮੀਰ 'ਚ 2850, ਉਤਰਾਖੰਡ ਵਿਚ 1588, ਹਿਮਾਚਲ ਪ੍ਰਦੇਸ਼ 'ਚ 1222, ਤ੍ਰਿਪੁਰਾ 'ਚ 1013, ਚੰਡੀਗੜ੍ਹ ਵਿਚ 414, ਮੇਘਾਲਿਆ ਵਿਚ 372, ਗੋਆ ਵਿਚ 371, ਅਰੁਣਾਚਲ ਪ੍ਰਦੇਸ਼ ਵਿਚ 367, ਮਨੀਪੁਰ 'ਚ 253, ਸਿੱਕਮ 'ਚ 153, ਮਿਜ਼ੋਰਮ 'ਚ 120, ਅੰਡੇਮਾਨ ਨਿਕੋਬਾਰ 'ਚ 108, ਨਾਗਾਲੈਂਡ 'ਚ 105, ਪੁੱਡੂਚਰੀ ਵਿਚ 95, ਦਮਨ ਅਤੇ ਦਿਓ 'ਚ 41, ਡੀ ਐਂਡ ਐਨ ਹਵੇਲੀ ਵਿਚ 28 ਅਤੇ ਲਕਸ਼ਦੀਪ ਔਰਤਾਂ ਖਿਲਾਫ਼ 9 ਅਪਰਾਧਿਕ ਮਾਮਲੇ ਸਾਹਮਣੇ ਆਏ ਸਨ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਥਕ ਧਿਰਾਂ ਨੇ 'ਰਾਇਸ਼ੁਮਾਰੀ 2020' ਬਾਰੇ ਜਤਾਏ ਖਦਸ਼ੇ

**ਅੰਮ੍ਰਿਤਸਰ:** 'ਸਿੱਖਜ਼ ਫਾਰ ਜਸਟਿਸ' ਵੱਲੋਂ ਕਰਾਏ ਜਾ ਰਹੀ ਰਾਇਸ਼ੁਮਾਰੀ 2020 ਦੇ ਮਾਮਲੇ ਵਿਚ ਦਲ ਖਾਲਸਾ ਅਤੇ ਅਕਾਲੀ ਦਲ (ਅੰਮ੍ਰਿਤਸਰ) ਨੇ ਕੁਝ ਖਦਸ਼ੇ ਜਤਾਏ ਹਨ ਤੇ ਸਥਿਤੀ ਸਪਸ਼ਟ ਕਰਨ ਦੀ ਮੰਗ ਕੀਤੀ ਹੈ।

ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਸਿੱਖਜ਼ ਫਾਰ ਜਸਟਿਸ ਦੇ ਸੰਚਾਲਕ ਗੁਰਪਤਵੰਤ ਸਿੰਘ ਪੰਨੂ ਨੂੰ ਚਿੱਠੀ ਭੇਜੀ ਗਈ ਹੈ, ਜਿਸ ਵਿਚ ਉਨ੍ਹਾਂ ਕੁਝ ਸ਼ੰਕੇ ਉਭਾਰੇ ਹਨ ਅਤੇ 12 ਅਗਸਤ ਨੂੰ ਲੰਡਨ ਵਿਚ ਇਸ ਸਬੰਧੀ ਹੋਣ ਵਾਲੀ ਕਾਨਫਰੰਸ ਵਿਚ ਸਥਿਤੀ ਸਪੱਸ਼ਟ ਕਰਨ ਦੀ ਮੰਗ ਕੀਤੀ ਹੈ। ਇਸ ਪੱਤਰ ਵਿਚ ਉਨ੍ਹਾਂ ਆਖਿਆ ਕਿ ਇਨ੍ਹਾਂ ਖਦਸ਼ਿਆਂ ਅਤੇ ਚਿੰਤਾਵਾਂ ਨੂੰ ਕਾਨਫਰੰਸ ਦਾ ਵਿਰੋਧ ਨਾ ਸਮਝਿਆ ਜਾਵੇ। ਦੋ ਸਫਿਆਂ ਦੇ ਇਸ ਪੱਤਰ ਵਿਚ ਉਨ੍ਹਾਂ 8 ਪ੍ਰਸ਼ਨਾਂ ਦੇ ਉਤਰ ਮੰਗੇ ਹਨ, ਤਾਂ ਜੋ ਸਿੱਖ ਕੌਮ ਅੱਗੇ ਰਾਇਸ਼ੁਮਾਰੀ 2020 ਸਬੰਧੀ ਸਥਿਤੀ ਸਪੱਸ਼ਟ ਹੋ ਸਕੇ।

ਉਨ੍ਹਾਂ ਪੁੱਛਿਆ ਕਿ ਇਹ ਸਪੱਸ਼ਟ ਕੀਤਾ ਜਾਵੇ ਕਿ ਪੰਜਾਬ ਵਿਚ ਇਹ ਰਾਇਸ਼ੁਮਾਰੀ ਕਿਸ ਤਰ੍ਹਾਂ ਹੋਵੇਗੀ ਅਤੇ ਕੌਣ ਕਰਾਵੇਗਾ। ਰਾਇਸ਼ੁਮਾਰੀ ਸੰਯੁਕਤ ਰਾਸ਼ਟਰ ਦੇ ਆਦੇਸ਼ਾਂ ਜਾਂ ਨਿਗਰਾਨੀ ਅਧੀਨ ਹੁੰਦੇ ਹੈ ਜਾਂ ਫਿਰ ਕਾਬਜ਼ ਦੇਸ਼ ਵੱਲੋਂ ਕਰਾਇਆ ਜਾਂਦਾ ਹੈ, ਪਰ ਇਸ ਪ੍ਰਸਤਾਵ ਵਿਚ ਅਜਿਹਾ ਕੁਝ ਵੀ ਸਪੱਸ਼ਟ ਨਹੀਂ ਹੈ। ਕੀ ਇਹ ਰਾਇਸ਼ੁਮਾਰੀ ਸੰਸਾਰ ਭਰ ਵਿਚ ਵਸੇ ਸਿੱਖਾਂ ਲਈ ਸੀਮਤ ਹੋਵੇਗੀ ਜਾਂ ਉਸ ਵਿਚ ਸਾਰੇ ਪੰਜਾਬੀ ਹਿੱਸਾ ਲੈ ਸਕਣਗੇ। ਇਹ ਕਿਵੇਂ ਨਿਸ਼ਚਿਤ ਹੋਵੇਗਾ ਕਿ ਕੌਣ ਪ੍ਰਮਾਣਿਤ ਵੋਟਰ ਹੈ ਅਤੇ ਇਹ ਫੈਸਲਾ ਕਰਨ ਦਾ ਹੱਕ ਕਿਸ ਕੋਲ ਹੋਵੇਗਾ ਕਿ ਕੌਣ ਸਹੀ ਵੋਟਰ ਹੈ।

ਪੰਜਾਬ ਵਿਚ ਇਸ ਅੰਦੋਲਨ ਦੀ ਅਗਵਾਈ ਕੌਣ ਕਰੇਗਾ? ਕੀ ਅਜਿਹੀ ਕਾਰਵਾਈ ਪੰਜਾਬ ਅਤੇ ਭਾਰਤ ਵਿਚ ਸਰਕਾਰੀ ਤਸ਼ੱਦਦ ਨੂੰ ਸੱਦਾ ਦੇਵੇਗੀ ਅਤੇ ਆਮ ਲੋਕਾਂ ਦੀ ਰੱਖਿਆ ਲਈ ਕੌਣ ਜ਼ਿੰਮੇਵਾਰ ਹੋਵੇਗਾ।

ਰਾਇਸ਼ੁਮਾਰੀ 2020 ਤੋਂ ਬਾਅਦ ਵੱਖਰਾ ਸਿੱਖ ਰਾਜ ਹੋਂਦ ਵਿਚ ਆਵੇਗਾ, ਕੀ ਅਜਿਹੀ ਧਾਰਨਾ ਨੂੰ ਫੈਲਾਉਣਾ ਲੋਕਾਂ ਨੂੰ ਧੋਖੇ ਵਿਚ ਰੱਖਣਾ ਨਹੀਂ ਹੋਵੇਗਾ। ਦੋਵਾਂ ਸਿੱਖ ਆਗੂਆਂ ਨੇ ਉਮੀਦ ਪ੍ਰਗਟਾਈ ਹੈ ਕਿ ਸਬੰਧਤ ਸਿੱਖ ਆਗੂ ਇਸ ਬਾਰੇ ਲੋਕਾਂ ਨੂੰ ਸਮੁੱਚੀ ਸਥਿਤੀ ਸਪੱਸ਼ਟ ਕਰਨਗੇ। ਪੱਤਰ ਵਿੱਚ ਉਨ੍ਹਾਂ ਲਿਖਿਆ ਕਿ ਦੋਵੇਂ ਸਿੱਖ ਜਥੇਬੰਦੀਆਂ ਪੰਜਾਬ ਵਿਚ ਰਾਇਸ਼ੁਮਾਰੀ ਕਰਾਉਣ ਲਈ ਕਈ ਵਾਰ ਕੌਮੀ ਤੇ ਕੌਮਾਂਤਰੀ ਮੰਚ 'ਤੇ ਇਹ ਮਾਮਲਾ ਰੱਖ ਚੁੱਕੀਆਂ ਹਨ, ਜਿਸ ਕਾਰਨ ਦੋਵਾਂ ਜਥੇਬੰਦੀਆਂ ਨੂੰ ਸਰਕਾਰੀ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਇਨ੍ਹਾਂ ਦੇ ਆਗੂਆਂ ਖ਼ਿਲਾਫ਼ ਕਈ ਕੇਸ ਦਰਜ ਹੋਏ ਹਨ। ਇਸ ਵੇਲੇ ਪੰਜਾਬ ਵਿਚ ਕੋਈ ਵੀ ਪ੍ਰਮੁੱਖ ਸਿਆਸੀ ਧਿਰ ਰਾਇਸ਼ੁਮਾਰੀ ਦੀ ਮੰਗ ਨਹੀਂ ਕਰ ਰਹੀ ਹੈ ਅਤੇ ਅਜਿਹੀ ਕੋਈ ਵਿਵਸਥਾ ਵੀ ਨਹੀਂ ਬਣਾਈ ਗਈ ਹੈ, ਜਿਸ ਰਾਹੀਂ ਸਮੁੱਚੀ ਸਿੱਖ ਕੌਮ ਦੀ ਇਸ ਸਬੰਧੀ ਰਾਇ ਨੂੰ ਯਕੀਨੀ ਬਣਾਇਆ ਜਾ ਸਕੇ।

## ਅਤਿਵਾਦੀ ਹਮਲਿਆਂ ਤੋਂ ਵੱਧ ਸੜਕਾਂ 'ਤੇ ਟੋਇਆਂ ਕਾਰਨ ਮਰਦੇ ਨੇ ਲੋਕ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦੇਸ਼ ਵਿਚ ਸੜਕਾਂ ਉਤੇ ਟੋਇਆਂ ਕਾਰਨ ਵਾਪਰ ਰਹੇ ਹਾਦਸਿਆਂ ਕਾਰਨ ਹੋ ਰਹੀਆਂ ਮੌਤਾਂ ਉਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅਜਿਹੀਆਂ ਘਟਨਾਵਾਂ 'ਚ ਮਰਨ ਵਾਲਿਆਂ ਦੀ ਗਿਣਤੀ ਅਤਿਵਾਦੀ ਹਮਲਿਆਂ 'ਚ ਮਾਰੇ ਜਾਣ ਵਾਲੇ ਲੋਕਾਂ ਦੀ ਗਿਣਤੀ ਤੋਂ ਕਿਤੇ ਵੱਧ ਹੈ।

ਬੈਂਚ ਨੇ ਕਿਹਾ ਕਿ ਸੜਕਾਂ ਉਤੇ ਟੋਇਆਂ ਕਾਰਨ ਵਾਪਰ ਰਹੇ ਹਾਦਸਿਆਂ ਵਿਚ ਵੱਡੀ ਗਿਣਤੀ 'ਚ ਲੋਕਾਂ ਦੀ ਮੌਤ ਹੋ ਰਹੀ ਹੈ। ਬੈਂਚ ਨੇ ਸੜਕ ਸੁਰੱਖਿਆ ਸਬੰਧੀ ਸੁਪਰੀਮ ਕੋਰਟ ਦੀ ਕਮੇਟੀ ਨੂੰ ਇਸ ਮਾਮਲੇ ਉਤੇ ਗੌਰ ਕਰਨ ਲਈ ਕਿਹਾ।

ਬੈਂਚ ਨੇ ਟਿੱਪਣੀ ਕੀਤੀ ਕਿ ਦੇਸ਼ 'ਚ ਸੜਕਾਂ ਉਤੇ ਟੋਇਆਂ ਕਾਰਨ ਹੋਣ ਵਾਲੇ ਹਾਦਸਿਆਂ 'ਚ ਵੱਡੀ ਗਿਣਤੀ ਵਿਚ ਲੋਕ ਮਾਰੇ ਜਾ ਰਹੇ ਹਨ। ਰਿਪੋਰਟ ਕਹਿੰਦੀ ਹੈ ਕਿ ਅਤਿਵਾਦੀ ਹਮਲਿਆਂ 'ਚ ਮਾਰੇ ਗਏ ਲੋਕਾਂ ਤੋਂ ਵੱਧ ਲੋਕ ਸੜਕ ਹਾਦਸਿਆਂ 'ਚ ਮਾਰੇ ਗਏ ਹਨ। ਬੈਂਚ ਨੇ ਇਸ ਸਥਿਤੀ ਨੂੰ ਭਿਆਨਕ ਦੱਸਦਿਆਂ ਕਿਹਾ ਕਿ ਇਹ ਇਕ ਵਿਅਕਤੀ ਦੀ ਜ਼ਿੰਦਗੀ ਅਤੇ ਮੌਤ ਨਾਲ ਜੁੜਿਆ ਗੰਭੀਰ ਮੁੱਦਾ ਹੈ।

ਅਜਿਹੇ ਹਾਦਸਿਆਂ 'ਚ ਮਰਨ ਵਾਲਿਆਂ ਦੇ ਪਰਿਵਾਰਕ ਮੈਂਬਰ ਮੁਆਵਜ਼ੇ ਦੇ ਹੱਕਦਾਰ ਹਨ। ਬੈਂਚ ਨੇ ਸੜਕ ਸੁਰੱਖਿਆ ਦੇ ਮਾਮਲੇ 'ਚ ਅਦਾਲਤ ਦੀ ਕਮੇਟੀ ਨੂੰ ਇਸ ਸਬੰਧੀ ਦੋ ਹਫਤਿਆਂ 'ਚ ਰਿਪੋਰਟ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ। ਸੁਪਰੀਮ ਕੋਰਟ ਨੇ ਦਿੱਲੀ ਦੇ ਪੁਲਿਸ ਕਮਿਸ਼ਨਰ ਨੂੰ ਵੀ ਸੰਮਨ ਜਾਰੀ ਕਰਕੇ ਪੁੱਛਿਆ ਹੈ ਕਿ ਸੜਕਾਂ ਉਤੇ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ 'ਚ 2 ਸਾਲ ਦਾ ਸਮਾਂ ਕਿਉਂ ਲੱਗੇਗਾ?

## ਖਹਿਰਾ ਤੇ ਬਲਬੀਰ ਸਿੰਘ ਦਾ ਰੇੜਕਾ ਕੋਆਰਡੀਨੇਸ਼ਨ ਕਮੇਟੀ ਹਵਾਲੇ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਦਲ ਦੀ ਮੀਟਿੰਗ ਦੌਰਾਨ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਅਤੇ ਸਹਿ ਪ੍ਰਧਾਨ ਬਲਬੀਰ ਸਿੰਘ ਵਿਚਾਲੇ ਚੱਲ ਰਹੇ ਰੇੜਕੇ ਨੂੰ ਕੋਆਰਡੀਨੇਸ਼ਨ ਕਮੇਟੀ ਹਵਾਲੇ ਅਤੇ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਆਦਿ ਨਾਲ ਗੱਠਜੋੜ ਕਰਨ ਦਾ ਮਾਮਲਾ ਹਾਈਕਮਾਂਡ ਹਵਾਲੇ ਕਰਨ ਦਾ ਫੈਸਲਾ ਕੀਤਾ ਗਿਆ।

ਮੀਟਿੰਗ ਦੌਰਾਨ ਕਈ ਵਿਧਾਇਕਾਂ ਨੇ ਸ੍ਰੀ ਖਹਿਰਾ ਵੱਲੋਂ ਡਾ. ਬਲਬੀਰ ਸਿੰਘ ਦੇ ਮੁੱਦੇ ਉਪਰ ਸੋਸ਼ਲ ਮੀਡੀਆ ਵਿਚ ਲਾਈਵ ਹੋਣ ਉਪਰ ਇਤਰਾਜ਼ ਪ੍ਰਗਟ ਕੀਤੇ ਅਤੇ ਭਵਿੱਖ ਵਿਚ ਪਾਰਟੀ ਦੇ ਮੁੱਦੇ ਮੀਡੀਆ ਜਾਂ ਕਿਸੇ ਹੋਰ ਢੰਗ ਨਾਲ ਜਨਤਕ ਨਾ ਕਰਨ ਦੀ ਸਾਰਿਆਂ ਨੂੰ ਨਸੀਹਤ ਦਿੱਤੀ। ਜ਼ਿਕਰਯੋਗ ਹੈ ਕਿ ਸ੍ਰੀ ਖਹਿਰਾ ਦੋਸ਼ ਲਾ ਰਹੇ ਹਨ ਕਿ ਡਾ. ਬਲਬੀਰ ਸਿੰਘ ਵੱਲੋਂ ਕੁਝ ਪਾਰਟੀ ਵਰਕਰਾਂ ਨੂੰ ਕਿਹਾ ਗਿਆ ਹੈ ਕਿ ਉਹ (ਖਹਿਰਾ) ਲੋਕਾਂ ਕੋਲੋਂ ਪੈਸੇ ਇਕੱਠੇ ਕਰ ਰਿਹਾ ਹੈ। ਦੂਸਰੇ ਪਾਸੇ ਡਾ. ਬਲਬੀਰ ਸਿੰਘ ਕਹਿ ਚੁੱਕੇ ਹਨ ਕਿ ਉਨ੍ਹਾਂ ਨੇ ਸ੍ਰੀ ਖਹਿਰਾ ਵਿਰੁੱਧ ਕਿਸੇ ਨੂੰ ਅਜਿਹੀ ਗੱਲ ਨਹੀਂ ਕਹੀ।

ਮੀਟਿੰਗ ਵਿਚ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਆਦਿ ਨਾਲ ਗੱਠਜੋੜ ਦਾ ਮੁੱਦਾ ਉਠਣ ਉਤੇ ਵਿਧਾਇਕਾਂ ਦੀ ਵੱਖ-ਵੱਖ ਰਾਏ ਸਾਹਮਣੇ ਆਈ। ਉਂਜ ਬਹੁਤੇ ਵਿਧਾਇਕਾਂ ਦੀ ਰਾਏ ਸੀ ਕਿ ਇਸ ਮੁੱਦੇ 'ਤੇ ਫਿਲਹਾਲ ਚਰਚਾ ਕਰਨ ਦੀ ਕੋਈ ਤੁਕ ਨਹੀਂ ਹੈ ਕਿਉਂਕਿ ਇਸ ਬਾਬਤ ਹਾਲੇ ਹਾਈਕਮਾਂਡ ਨੇ ਉਨ੍ਹਾਂ ਤੋਂ ਕੋਈ ਰਾਏ ਨਹੀਂ ਮੰਗੀ।

## ਕਤਲ ਮਾਮਲੇ 'ਚ ਬਿਊਟੀ ਕੁਈਨ ਨੂੰ ਸਜ਼ਾ-ਏ-ਮੌਤ

**ਨੈਰੋਬੀ:** ਕੀਨੀਆ ਦੀ ਅਦਾਲਤ ਨੇ ਇਥੋਂ ਦੀ ਇਕ ਸੁੰਦਰੀ ਨੂੰ ਆਪਣੇ ਪੁਰਸ਼ ਸਾਥੀ ਨੂੰ ਮਾਰਨ ਦੇ ਦੋਸ਼ ਵਿਚ ਮੌਤ ਦੀ ਸਜ਼ਾ ਸੁਣਾਈ ਹੈ। ਉਸ ਨੇ ਇਹ ਕਤਲ ਆਪਣੇ ਪ੍ਰੇਮੀ ਉਤੇ 25 ਵਾਰ ਚਾਕੂ ਨਾਲ ਵਾਰ ਕਰਕੇ ਕੀਤਾ ਸੀ। 2015 ਵਿਚ ਰੁਥ ਕਾਮਡੇ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ ਸੀ ਜਿਸ ਵਿਚ ਉਸ ਨੇ ਆਪਣੇ ਸਾਥੀ ਫਰੀਦ ਮੁਹੰਮਦ ਨੂੰ ਚਾਕੂਆਂ ਨਾਲ ਵਾਰ ਕਰਕੇ ਮਾਰ ਦਿੱਤਾ ਸੀ।

ਅਦਾਲਤੀ ਕਾਰਵਾਈ ਦੌਰਾਨ ਮਈ ਵਿਚ ਉਸ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਇਸ ਮਾਮਲੇ ਵਿਚ ਹੁਣ ਉਸ ਨੂੰ ਇਹ ਸਜ਼ਾ ਹੋਈ ਹੈ। ਜੱਜ ਨੇ ਕਾਮਡੇ ਦੇ ਵਤੀਰੇ ਨੂੰ ਬਹੁਤ ਹੀ ਚਲਾਕੀ ਭਰਿਆ ਦੱਸਿਆ। ਉਨ੍ਹਾਂ ਕਿਹਾ ਕਿ ਉਸ ਨੂੰ ਆਪਣੇ ਸਾਥੀ ਨੂੰ ਮਾਰਨ ਤੋਂ ਬਾਅਦ ਵੀ ਕੋਈ ਅਫ਼ਸੋਸ ਨਹੀਂ ਸੀ ਜਦੋਂ ਕਿ ਸਾਰੇ ਪਾਸੇ ਖੂਨ ਹੀ ਖੂਨ ਸੀ।

## ਗੋਲੀ ਲੱਗਣ ਕਾਰਨ ਕਾਂਗਰਸੀ ਆਗੂ ਬਲਵੰਤ ਸ਼ੇਰਗਿੱਲ ਦੀ ਮੌਤ

**ਜਲੰਧਰ:** ਸ਼ਹਿਰ ਦੇ ਭੀੜ ਭੜੱਕੇ ਵਾਲੇ ਬਾਜ਼ਾਰ ਜੋਤੀ ਚੌਕ ਨੇੜੇ ਸਥਿਤ ਸੂਰੀ ਗੰਨ ਹਾਊਸ ਵਿਚ ਭੇਤਭਰੇ ਢੰਗ ਨਾਲ ਗੋਲੀ ਲੱਗਣ ਨਾਲ ਕਾਂਗਰਸੀ ਆਗੂ ਬਲਵੰਤ ਸਿੰਘ ਸ਼ੇਰਗਿੱਲ ਦੀ ਮੌਤ ਹੋ ਗਈ।

ਮ੍ਰਿਤਕ ਬਲਵੰਤ ਸਿੰਘ ਦੇ ਪਿਤਾ ਨਛੱਤਰ ਸਿੰਘ ਦੇ ਬਿਆਨਾਂ ਅਨੁਸਾਰ ਉਹ ਘਰੋਂ ਦੁਪਹਿਰ 12 ਵਜੇ ਆਪਣਾ ਰਿਵਾਲਵਰ ਵੇਚਣ ਲਈ ਕਹਿ ਕੇ ਗਿਆ ਸੀ, ਕਿਉਂਕਿ ਉਸ ਨੇ ਵਿਦੇਸ਼ ਜਾਣਾ ਸੀ ਅਤੇ ਰਿਵਾਲਵਰ ਦਾ ਲਾਇਸੈਂਸ ਵੀ ਖਤਮ ਹੋਣ ਵਾਲਾ ਸੀ। ਨਛੱਤਰ ਸਿੰਘ ਨੇ ਦੱਸਿਆ ਕਿ ਬਲਵੰਤ ਨੇ ਕਦੇ ਵੀ ਘਰ ਵਿਚ ਰਿਵਾਲਵਰ ਲੋਡ ਕਰ ਕੇ ਨਹੀਂ ਸੀ ਰੱਖਿਆ ਤੇ ਘਰੋਂ ਜਾਣ ਲੱਗਿਆਂ ਉਹ ਰਿਵਾਲਵਰ ਵੱਖ ਤੇ ਗੋਲੀਆਂ ਵੱਖਰੀਆਂ ਲੈ ਕੇ ਗਿਆ ਸੀ। ਉਨ੍ਹਾਂ ਆਪਣੇ ਪੁੱਤਰ ਦੀ ਮੌਤ ਨੂੰ ਇਕ ਸਾਜ਼ਿਸ਼ ਦੱਸਿਆ। ਸੀ.ਸੀ.ਟੀ.ਵੀ. ਫੁਟੇਜ ਵਿਚ ਸਾਫ ਨਜ਼ਰੀਂ ਪੈਂਦਾ ਹੈ ਕਿ ਗੋਲੀ ਗੰਨ ਹਾਊਸ ਦੇ ਮਾਲਕ ਕੋਲੋਂ ਚੱਲੀ ਸੀ। ਇਹ ਗੋਲੀ ਬਲਵੰਤ ਦੀ ਖੱਬੀ ਅੱਖ ਵਿਚ ਲੱਗੀ ਤੇ ਉਹ ਲਹੂ ਲੁਹਾਣ ਹੋ ਕੇ ਉਥੇ ਡਿੱਗ ਪਿਆ। ਸ਼ੇਰਗਿੱਲ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ।

## ਹਜੂਮੀ ਕਤਲਾਂ ਬਾਰੇ ਮੋਦੀ ਸਰਕਾਰ ਨੂੰ ਘੇਰਾ

(ਸਫਾ ਇਕ ਦੀ ਬਾਕੀ)

ਹਸਪਤਾਲ ਪੁੱਜਣ ਤੱਕ ਉਹ ਦਮ ਤੋੜ ਗਿਆ। 2017 'ਚ ਅਲਵਰ ਵਿਚ ਹੀ 55 ਸਾਲ ਦੇ ਪਹਿਲੂ ਖਾਨ ਦੀ ਵੀ ਗਊ ਤਸਕਰੀ ਦੇ ਸ਼ੱਕ 'ਚ ਭੀੜ ਨੇ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਸੀ। ਹਜੂਮੀ ਕਤਲਾਂ ਖਿਲਾਫ਼ ਸਖਤ ਕਾਨੂੰਨ ਬਣਾਉਣ ਤੇ ਇਨ੍ਹਾਂ ਹੱਤਿਆਵਾਂ ਨੂੰ ਸਖਤੀ ਨਾਲ ਰੋਕਣ ਦੇ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਅਜਿਹੀਆਂ ਘਟਨਾਵਾਂ ਜਾਰੀ ਹਨ। ਭਾਵੇਂ ਦਬਾਅ ਵਧਦਾ ਦੇਖ ਕੇਂਦਰ ਸਰਕਾਰ ਨੇ ਮੰਤਰੀਆਂ ਦਾ ਗਰੁੱਪ ਕਾਇਮ ਕੀਤਾ ਹੈ ਅਤੇ ਨਾਲ ਹੀ ਵੱਖਰੇ ਤੌਰ 'ਤੇ ਕੇਂਦਰੀ ਅਧਿਕਾਰੀਆਂ ਦੀ ਕਮੇਟੀ ਵੀ ਸਥਾਪਤ ਕੀਤੀ ਹੈ, ਪਰ ਕੇਂਦਰ ਸਰਕਾਰ ਮੁੱਖ ਤੌਰ ਉਤੇ ਅਜਿਹੀਆਂ ਘਟਨਾਵਾਂ ਰੋਕਣ ਲਈ ਸੂਬਿਆਂ ਨੂੰ ਹੀ ਨਸੀਹਤਾਂ ਦੇ ਰਹੀ ਹੈ। ਕਿਉਂਕਿ ਹੁਣ ਤੱਕ ਕੇਂਦਰ ਸਰਕਾਰ ਹਜੂਮੀ ਕਤਲਾਂ ਦੀਆਂ ਘਟਨਾਵਾਂ ਨਾ ਰੋਕਣ ਦੇ ਦੋਸ਼ ਰਾਜ ਸਰਕਾਰਾਂ ਸਿਰ ਸੁੱਟਦੀ ਆ ਰਹੀ ਹੈ।

ਮੋਦੀ ਸਰਕਾਰ ਦੀ ਇਸ ਮਸਲੇ ਬਾਰੇ ਗੰਭੀਰਤਾ ਦਾ ਪਤਾ ਇਥੋਂ ਹੀ ਲੱਗਾ ਜਾਂਦਾ ਹੈ ਕਿ ਸੰਸਦ ਵਿਚ ਘਿਰੀ ਸਰਕਾਰ ਨੇ ਇਹ ਕਹਿ ਕੇ ਗੱਲ ਨਿਬੇੜ ਦਿੱਤੀ ਕਿ ਸਭ ਤੋਂ ਵੱਡਾ ਹਜੂਮੀ ਕਤਲ ਕਾਂਡ ਤਾਂ 1984 ਦਾ ਕਤਲੇਆਮ ਸੀ। 2014 ਤੋਂ ਲੈ ਕੇ ਮਾਰਚ 2018 ਤੱਕ ਮੁਲਕ ਦੇ ਨੌਂ ਸੂਬਿਆਂ ਵਿਚ ਹਜੂਮੀ ਕਤਲਾਂ ਦੀਆਂ 40 ਵਾਰਦਾਤਾਂ ਵਾਪਰ ਚੁੱਕੀਆਂ ਸਨ ਜਿਨ੍ਹਾਂ ਵਿਚ 45 ਜਣੇ ਮਾਰੇ ਜਾ ਚੁੱਕੇ ਹਨ। 2010 ਤੋਂ ਲੈ ਕੇ ਗਊ ਹੱਤਿਆ ਜਾਂ ਬੀਫ ਖਾਣ ਦੇ ਸ਼ੱਕ ਵਿਚ 86 ਹਮਲੇ ਹੋਏ ਇਨ੍ਹਾਂ ਵਿਚੋਂ 98 ਫੀਸਦੀ ਹਮਲੇ ਮਈ 2014 ਵਿਚ ਭਾਜਪਾ ਦੇ ਸੱਤਾਧਾਰੀ ਹੋਣ ਤੋਂ ਬਾਅਦ ਅਤੇ ਜ਼ਿਆਦਾਤਰ ਭਾਜਪਾ ਸ਼ਾਸਤ ਸੂਬਿਆਂ ਵਿਚ ਹੋਏ। ਮਾਰੇ ਗਏ 33 ਵਿਚੋਂ 29, ਯਾਨੀ 88 ਫੀਸਦੀ ਮੁਸਲਮਾਨ ਸਨ।

## ਪੰਥਕ ਮਸਲਿਆਂ ਉਤੇ ਮੱਲਾਂ ਮਾਰਨ ਲਈ ਭੱਜ ਨੱਠ ਸ਼ੁਰੂ

(ਸਫਾ ਇਕ ਦੀ ਬਾਕੀ)

ਸਮਾਗਮਾਂ ਦੀ ਤਿਆਰੀ ਲਈ 100 ਕਰੋੜ ਰੁਪਏ ਡੇਢ ਸਾਲ ਪਹਿਲਾਂ ਜਾਰੀ ਕਰ ਦਿੱਤੇ ਗਏ ਹਨ।

ਬਰਗਾੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਸਾਰੇ ਦੋਸ਼ੀ ਫੜਨ ਦਾ ਦਾਅਵਾ ਕੀਤਾ ਜਾ ਰਿਹਾ ਹੈ ਤੇ ਬਹਿਬਲ ਕਲਾਂ ਪੁਲਿਸ ਗੋਲੀ ਕਾਂਡ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਸਰਕਾਰ ਕੋਲ ਆ ਚੁੱਕੀ ਹੈ। ਦੱਸ ਦਈਏ ਕਿ ਮੁਤਵਾਜ਼ੀ ਜਥੇਦਾਰਾਂ ਨੇ ਬਰਗਾੜੀ ਵਿਚ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਸਮੇਤ ਹੋਰ ਮਸਲਿਆਂ ਦੇ ਹੱਲ ਲਈ ਮੋਰਚਾ ਲਾਇਆ ਹੋਇਆ ਹੈ। ਕੈਪਟਨ ਸਰਕਾਰ ਕਈ ਵਾਰ ਇਨ੍ਹਾਂ ਆਗੂਆਂ ਤੱਕ ਪਹੁੰਚ ਕਰ ਚੁੱਕੀ ਹੈ।

ਅਕਾਲੀ ਦਲ ਬਾਦਲ ਵੀ ਕਦੇ ਇਸ ਮੋਰਚੇ ਖਿਲਾਫ ਖੁੱਲ੍ਹ ਕੇ ਨਹੀਂ ਬੋਲਿਆ। ਹੁਣ ਇਹ ਵੀ ਤੱਥ ਸਾਹਮਣੇ ਆਏ ਹਨ ਕਿ ਇਸ ਮੋਰਚੇ ਲਈ ਕੁਝ ਆਗੂ ਪੈਸਾ ਵੀ ਦੇ ਰਹੇ ਹਨ। ਖੁਫੀਆ ਏਜੰਸੀਆਂ ਇਸ ਦੀ ਜਾਂਚ ਕਰ ਰਹੀਆਂ ਹਨ।

## ਜੇਲ੍ਹ 'ਚ ਹੈਡਲੀ 'ਤੇ ਕਾਤਲਾਨਾ ਹਮਲਾ

**ਸ਼ਿਕਾਗੋ:** ਮੁੰਬਈ ਹਮਲੇ ਦੇ ਦੋਸ਼ੀ ਅਮਰੀਕੀ-ਪਾਕਿਸਤਾਨੀ ਡੇਵਿਡ ਕੋਲਮੈਨ ਹੈਡਲੀ ਉਤੇ ਸ਼ਿਕਾਗੋ ਦੀ ਮੈਟਰੋਪੋਲਿਟਨ ਜੇਲ੍ਹ ਵਿਚ ਦੋ ਕੈਦੀਆਂ ਨੇ ਹਮਲਾ ਕਰ ਦਿੱਤਾ ਹੈ ਅਤੇ ਉਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।

ਇੰਡੀਆ ਟੁਡੇ ਦੀ ਇਕ ਰਿਪੋਰਟ ਅਨੁਸਾਰ ਹੈਡਲੀ ਉਤੇ 8 ਜੁਲਾਈ ਨੂੰ ਹਮਲਾ ਹੋਇਆ ਸੀ। ਉਹ ਇਸ ਵੇਲੇ ਨੌਰਥ ਐਵਨਸਟਨ ਹਸਪਤਾਲ ਦੀ ਕ੍ਰਿਟੀਕਲ ਕੇਅਰ ਯੂਨਿਟ ਵਿਚ ਜੇਰੇ ਇਲਾਜ ਹੈ। ਪਤਾ ਚੱਲਿਆ ਹੈ ਕਿ ਦੋਵੇਂ ਹਮਲਾਵਰ ਭਰਾ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

| | | | |
|---|---|---|---|
| (ਡਾ.) ਨਵਦੀਪ ਕੌਰ | | | |
| ਬਲਵਿੰਦਰ (ਨਿੱਕੀ) ਕੌਰ ਸੇਖੋਂ | | | |
| ਵਰਿੰਦਰ ਕੌਰ ਗਿੱਲ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਪ੍ਰੋ. ਜੋਗਿੰਦਰ ਸਿੰਘ ਰਮਦੇਵ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | |

# ਬੇਰੁਜ਼ਗਾਰੀ ਦੇ ਸੰਤਾਪ ਨੇ ਮਧੋਲੀ ਪੰਜਾਬ ਦੀ ਜਵਾਨੀ

**ਚੰਡੀਗੜ੍ਹ:** ਪੰਜਾਬ ਵਿਚ ਬੇਰੁਜ਼ਗਾਰੀ ਦਿਨੋਂ ਦਿਨ ਵਧ ਰਹੀ ਹੈ। ਬੇਰੁਜ਼ਗਾਰੀ ਕਾਰਨ ਨਿਰਾਸ਼ ਨੌਜਵਾਨ ਵਰਗ ਕਾਨੂੰਨੀ ਅਤੇ ਗੈਰ-ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾ ਰਿਹਾ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ ਚੋਣ ਮੈਨੀਫੈਸਟੋ ਵਿਚ ਕਿਹਾ ਸੀ ਕਿ ਹਰ ਇਕ ਘਰ ਵਿਚ ਰੁਜ਼ਗਾਰ ਦਿੱਤਾ ਜਾਵੇਗਾ, ਪਰ ਇਹ ਸਿਰਫ ਚੋਣ ਜੁਮਲਾ ਹੀ ਸਾਬਤ ਹੋਇਆ। ਸੂਬੇ ਵਿਚ ਸਨਅਤ ਦੇ ਪੈਰ ਨਾ ਲੱਗਣ ਕਾਰਨ ਵੀ ਹਾਲਾਤ ਵੱਸੋਂ ਬਾਹਰ ਹੋ ਗਏ ਹਨ।

ਬੇਰੁਜ਼ਗਾਰੀ ਕਾਰਨ ਵਿਹਲੇ ਲੋਕ ਘੱਟ ਉਜਰਤਾਂ/ਤਨਖਾਹਾਂ ਉਪਰ ਕੰਮ ਕਰਨ ਲਈ ਮਜਬੂਰ ਹਨ। ਪੰਜਾਬ ਵਿਚ ਕੰਮ ਕਰਨ ਯੋਗ ਸਿੱਖਿਅਤ ਤੇ ਅਣਸਿੱਖਿਅਤ 70 ਲੱਖ ਨੌਜਵਾਨ ਲੜਕੇ ਲੜਕੀਆਂ ਬੇਰੁਜ਼ਗਾਰ ਹਨ। ਰਾਜ ਵਿਚ ਹਰ ਸਾਲ 5 ਲੱਖ ਨੌਜਵਾਨ ਜਵਾਨੀ ਚੜ੍ਹ ਰਹੇ ਹਨ ਭਾਵ 18 ਸਾਲ ਦੀ ਉਮਰ ਪਾਰ ਕਰ ਕੇ ਬਾਲਗ ਹੋ ਜਾਂਦੇ ਹਨ ਅਤੇ ਭਾਰਤੀ ਸੰਵਿਧਾਨ ਅਨੁਸਾਰ ਵੋਟ ਪਾਉਣ ਦੇ ਹੱਕਦਾਰ ਬਣ ਜਾਂਦੇ ਹਨ। ਪਰ ਸਮੇਂ ਦੀ ਤ੍ਰਾਸਦੀ ਤੇ ਦੁਖਾਂਤ ਹੈ ਕਿ ਸਰਕਾਰ ਵੱਲੋਂ ਇਨ੍ਹਾਂ ਨੌਜਵਾਨਾਂ ਨੂੰ ਯੋਗਤਾ ਅਨੁਸਾਰ ਕੰਮ ਜਾਂ ਕੰਮ ਇੰਤਜ਼ਾਰ ਭੱਤਾ ਨਹੀਂ ਦਿੱਤਾ ਜਾਂਦਾ। ਸਿੱਟੇ ਵਜੋਂ ਪੰਜਾਬ ਦੀ ਜਵਾਨੀ ਨਸ਼ਿਆਂ, ਗੈਰ-ਇਖਲਾਕੀ ਕੰਮਾਂ ਅਤੇ ਅਪਰਾਧਾਂ ਦੇ ਦਿਸ਼ਾਹੀਣ ਰਾਹ ਉਤੇ ਤੁਰ ਪਈ ਹੈ।




ਬੇਰੁਜ਼ਗਾਰੀ ਤੇਜ਼ੀ ਨਾਲ ਵਧਣ ਕਰ ਕੇ ਸਰਕਾਰ ਨੇ ਆਪਣਾ ਕੰਮ ਚਲਾਉਣ ਲਈ ਨਿੱਜੀ ਕੰਪਨੀਆਂ ਰਾਹੀਂ ਆਊਟਸੋਰਸਿੰਗ ਕਰਨ ਅਤੇ ਠੇਕੇ ਉਤੇ ਸਟਾਫ ਰੱਖਣਾ ਸ਼ੁਰੂ ਕੀਤਾ ਹੋਇਆ ਹੈ। ਇਹ ਕੰਪਨੀਆਂ ਸਰਕਾਰੀ ਦਫਤਰਾਂ ਵਿਚ ਉਨ੍ਹਾਂ ਦੀ ਮੰਗ ਅਨੁਸਾਰ ਘੱਟ ਤਨਖਾਹ ਉਤੇ ਸਟਾਫ ਨਿਯੁਕਤ ਕਰਦੀਆਂ ਹਨ ਅਤੇ ਕਰਮਚਾਰੀ ਡਿਪਿਊਟ ਕਰਨ ਦੇ ਨਾਂ ਉਤੇ ਚਾਰਜਿਜ ਵਸੂਲਦੀਆਂ ਹਨ।

ਸੂਬੇ ਦੇ ਸਰਕਾਰੀ ਅਦਾਰਿਆਂ ਵਿਚ ਨਿਗੂਣੀ ਤਨਖਾਹ 'ਤੇ ਕੰਮ ਕਰਨ ਵਾਲਿਆਂ ਦੀ ਸਰਕਾਰੀ ਨੌਕਰੀ ਲੱਗਣ ਦੀ ਉਮਰ ਹੱਦ ਟੱਪ ਚੁੱਕੀ ਹੈ ਅਤੇ ਬਹੁਤੇ ਨਜ਼ਦੀਕ ਹਨ। ਜੇਕਰ ਪੰਜਾਬ ਦੀ ਉਚੇਰੀ ਸਿੱਖਿਆ ਦੀ ਗੱਲ ਕਰੀਏ ਤਾਂ ਇਸ ਵਿਭਾਗ 'ਚ ਅਨੇਕਾਂ ਅਜਿਹੇ ਮੁਲਾਜ਼ਮ ਹਨ, ਜੋ ਡੇਢ ਦਹਾਕੇ ਤੋਂ ਆਪਣੀ ਸੇਵਾਵਾਂ ਥੋੜ੍ਹੀ ਜਿਹੀਆਂ ਤਨਖਾਹਾਂ 'ਤੇ ਨਿਭਾਅ ਰਹੇ ਹਨ।

ਇਸ ਸਮੇਂ ਰਾਜ ਦੇ ਸਰਕਾਰੀ ਕਾਲਜਾਂ 'ਚ ਕੁੱਲ ਮਨਜ਼ੂਰਸ਼ੁਦਾ ਅਸਾਮੀਆਂ 1873 ਹਨ, ਜਿਨ੍ਹਾਂ ਵਿਚੋਂ 1200 ਅਸਾਮੀਆਂ 'ਤੇ ਗੈੱਸਟ ਫੈਕਲਟੀ ਅਤੇ ਪਾਰਟ ਟਾਈਮ ਲੈਕਚਰਾਰ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਇਸ ਤੋਂ ਇਲਾਵਾ ਪੰਜਾਬ ਰੋਡਵੇਜ਼, ਸਿਹਤ ਵਿਭਾਗ, ਖੁਰਾਕ ਤੇ ਸਪਲਾਈ ਵਿਭਾਗ, ਜਲ ਸਪਲਾਈ ਵਿਭਾਗ ਆਦਿ ਵੱਖ-ਵੱਖ ਵਿਭਾਗਾਂ 'ਚ 10 ਸਾਲਾਂ ਤੋਂ ਨਿਗੂਣੀਆਂ ਤਨਖਾਹਾਂ ਉਤੇ ਹਜ਼ਾਰਾਂ ਦੀ ਗਿਣਤੀ ਮੁਲਾਜ਼ਮ ਕੰਮ ਕਰ ਰਹੇ ਹਨ। ਪੰਜਾਬ ਦੇ ਪਰਸੋਨਲ ਵਿਭਾਗ ਵੱਲੋਂ ਰਾਜ ਦੇ ਸਰਕਾਰੀ ਅਦਾਰਿਆਂ 'ਚ 10 ਸਾਲਾਂ ਤੋਂ ਵੱਧ ਸਮੇਂ ਤੋਂ ਕੰਮ ਕਰਨ ਵਾਲੇ ਦਰਜਾ ਏ. ਤੋਂ ਲੈ ਕੇ ਦਰਜਾ 4 ਤੱਕ ਕੱਚੇ ਮੁਲਾਜ਼ਮਾਂ ਦੀ ਸੂਚਨਾ ਮੰਗੀ ਗਈ ਹੈ। ਸੂਚਨਾ 'ਚ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ ਮੌਜੂਦਾ ਸਮੇਂ ਮਿਲਦੀ ਤਨਖਾਹ ਅਤੇ ਉਨ੍ਹਾਂ ਨੂੰ ਰੈਗੂਲਰ ਕਰਨ ਉਪਰੰਤ ਮਿਲਣ ਵਾਲੀ ਤਨਖਾਹ ਦਾ ਵੇਰਵਾ ਮੰਗਿਆ ਗਿਆ ਹੈ।

## ਹੁਣ ਵਿਆਹ ਤੋਂ ਪਹਿਲਾਂ ਹੋਵੇਗਾ ਲਾੜੇ ਦਾ ਡੋਪ ਟੈਸਟ

**ਚੰਡੀਗੜ੍ਹ:** ਹੁਣ ਵਿਆਹ ਤੋਂ ਪਹਿਲਾਂ ਡੋਪ ਟੈਸਟ ਕਰਵਾਇਆ ਜਾਏਗਾ। ਇਸ ਦੀ ਤਿਆਰੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਕੀਤੀ ਜਾ ਰਹੀ ਹੈ। ਇਸ ਪ੍ਰਸਤਾਵ ਮੁਤਾਬਕ ਵਿਆਹ ਤੋਂ ਪਹਿਲਾਂ ਲਾੜੇ ਦਾ ਡੋਪ ਟੈਸਟ




ਕਰਵਾਇਆ ਜਾਵੇਗਾ। ਹਾਲਾਂਕਿ, ਜੇਕਰ ਮੁੰਡਾ ਇਸ ਲਈ ਸਹਿਮਤੀ ਦਿੰਦਾ ਹੈ ਤਾਂ ਹੀ ਇਹ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਯੂਟੀ ਦੇ ਅਫਸਰਾਂ ਨੇ ਅਦਾਲਤ ਨੂੰ ਦੱਸਿਆ ਹੈ ਕਿ ਇਸ ਤਰ੍ਹਾਂ ਦਾ ਟੈਸਟ ਸੰਭਵ ਹੈ। ਪ੍ਰਸ਼ਾਸਨ ਵੱਲੋਂ ਵਕੀਲ ਸੁਕਾਂਤ ਗੁਪਤਾ ਨੇ ਅਦਾਲਤ ਨੂੰ ਦੱਸਿਆ ਕਿ ਇਸ ਤਰ੍ਹਾਂ ਦੇ ਟੈਸਟ ਕਰਵਾਉਣ ਵਿਚ ਕੋਈ ਸਮੱਸਿਆ ਨਹੀਂ ਪਰ ਲਾੜੇ ਦੀ ਸਹਿਮਤੀ ਜ਼ਰੂਰੀ ਹੈ। ਉਥੇ ਹੀ ਪੰਜਾਬ ਤੇ ਹਰਿਆਣਾ ਨੇ ਅਦਾਲਤ ਨੂੰ ਇਸ ਸਬੰਧੀ ਆਪਣਾ ਜਵਾਬ ਦਾਇਰ ਕਰਨਾ ਹੈ। ਅਗਲੀ ਸੁਣਵਾਈ 18 ਸਤੰਬਰ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਆਪਣੇ ਮੁਲਾਜ਼ਮਾਂ ਦਾ ਨਿਯੁਕਤੀ ਤੇ ਤਰੱਕੀ ਸਮੇਂ ਉਤੇ ਡੋਪ ਟੈਸਟ ਕਰਵਾਇਆ ਜਾਵੇਗਾ।

# ਭਾਜਪਾ ਦਾ ਰਾਹ ਡੱਕਣ ਲਈ ਹੋਵੇਗਾ 'ਆਪ' ਤੇ ਕਾਂਗਰਸ ਦਾ ਗੱਠਜੋੜ !

**ਨਵੀਂ ਦਿੱਲੀ:** ਬੀ.ਜੇ.ਪੀ. ਨੂੰ ਹਰਾਉਣ ਲਈ 'ਆਪ' ਤੇ ਕਾਂਗਰਸ ਦਾ ਗੱਠਜੋੜ ਹੋ ਸਕਦਾ ਹੈ। ਇਹ ਸੰਕੇਤ ਪਿਛਲੇ ਦਿਨਾਂ ਦੌਰਾਨ ਦੋਵਾਂ ਧਿਰਾਂ ਵੱਲੋਂ ਆਏ ਬਿਆਨਾਂ ਤੋਂ ਮਿਲ ਰਿਹਾ ਹੈ। ਪੰਜਾਬ ਵਿਚ ਵੀ 'ਆਪ' ਤੇ ਕਾਂਗਰਸ ਹੱਥ ਮਿਲਾ ਸਕਦੇ ਹਨ। ਇਸ ਦਾ ਸੰਕੇਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਤੋਂ ਵੀ ਮਿਲਦਾ ਹੈ।

ਕੈਪਟਨ ਨੇ ਆਮ ਆਦਮੀ ਪਾਰਟੀ ਸਮੇਤ ਕਿਸੇ ਵੀ ਹੋਰ ਸਿਆਸੀ ਪਾਰਟੀ ਨਾਲ ਗੱਠਜੋੜ ਉਤੇ ਕਿਹਾ ਕਿ ਇਹ ਪਾਰਟੀ ਹਾਈ ਕਮਾਨ ਨੇ ਤੈਅ ਕਰਨਾ ਹੈ। ਕੈਪਟਨ ਅਮਰਿੰਦਰ ਸਿੰਘ ਦਿੱਲੀ ਵਿਚ ਕਾਂਗਰਸ ਵਰਕਿੰਗ ਕਮੇਟੀ ਦੀ ਬੈਠਕ ਵਿਚ ਬਤੌਰ ਮੌਜੂਦਾ ਮੁੱਖ ਮੰਤਰੀ ਵਜੋਂ ਸ਼ਾਮਲ ਹੋਏ ਸਨ। ਕੈਪਟਨ ਨੇ ਕਿਹਾ ਕਿ ਕਿਸੇ ਸਿਆਸੀ ਪਾਰਟੀ ਨਾਲ ਸਾਂਝ ਪਾਉਣੀ ਇਹ ਪਾਰਟੀ ਦੇ ਮੁਖੀ ਦਾ ਅਧਿਕਾਰ ਹੈ, ਨਾ ਕਿ ਸਾਡਾ। ਉਨ੍ਹਾਂ ਕਿਹਾ ਕਿ ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ ਪਾਰਟੀ ਸਾਨੂੰ ਜਿਸ ਦਾ ਸਾਥ ਦੇਣ ਨੂੰ ਕਹੇਗੀ, ਉਸ ਨਾਲ ਹੀ ਗਠਜੋੜ ਹੋਵੇਗਾ। ਹਾਲਾਂਕਿ, ਇਸ ਤੋਂ ਪਹਿਲਾਂ ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਤੇ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਸੀ ਕਿ ਆਮ ਆਦਮੀ ਪਾਰਟੀ ਨਾਲ ਗੱਠਜੋੜ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਦਕਿ ਕੈਪਟਨ ਦੇ ਬਿਆਨ ਤੋਂ ਜਾਪਦਾ ਹੈ ਕਿ ਗੱਠਜੋੜ ਦੀਆਂ ਸੰਭਾਵਨਾਵਾਂ ਮੌਜੂਦ ਹਨ।

ਇਸ ਤੋਂ ਪਹਿਲਾਂ ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਆਉਂਦੀਆਂ ਚੋਣਾਂ ਵਿਚ ਬੀ.ਜੇ.ਪੀ. ਨੂੰ ਹਰਾਉਣ ਲਈ ਗਠਬੰਧਨ ਬਣਾਉਣ ਲਈ ਮੌਜੂਦਾ ਪ੍ਰਧਾਨ ਰਾਹੁਲ ਗਾਂਧੀ ਮੁਤਾਬਕ ਕੰਮ ਕਰਨ ਲਈ ਸਹਿਮਤੀ ਦਿੱਤੀ ਸੀ। ਕੈਪਟਨ ਦਾ ਬਿਆਨ ਸੋਨੀਆ ਗਾਂਧੀ ਦੇ ਬਿਆਨ ਤੋਂ ਬਾਅਦ ਸਾਹਮਣੇ ਆਇਆ ਹੈ। ਕਾਂਗਰਸ ਦੇ ਕਿਸੇ ਵੱਡੇ ਲੀਡਰ ਨੇ ਲੰਮੇ ਸਮੇਂ ਬਾਅਦ ਆਮ ਆਦਮੀ ਪਾਰਟੀ ਲਈ ਫਰਾਖ਼ਦਿਲੀ ਵਿਖਾਈ ਹੈ, ਜੋ ਹੁਣ ਤੱਕ ਅਲੱਗ-ਥਲੱਗ ਪਈ ਸੀ। ਜ਼ਿਕਰਯੋਗ ਹੈ ਕਿ ਲੋਕ ਸਭਾ ਵਿਚ ਬੇਵਿਸਾਹੀ ਮਤੇ ਦੌਰਾਨ ਵਿਰੋਧੀ ਧਿਰ ਦੇ ਹੱਕ ਵਿਚ ਵੋਟ ਕੀਤਾ ਸੀ। ਹਾਲਾਂਕਿ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਐਚ.ਐਸ. ਫੂਲਕਾ ਨੇ ਪਹਿਲਾਂ ਹੀ ਐਲਾਨ ਕੀਤਾ ਹੋਇਆ ਹੈ ਕਿ ਜੇਕਰ ਕਾਂਗਰਸ ਨਾਲ ਗੱਠਜੋੜ ਹੁੰਦਾ ਹੈ ਤਾਂ ਉਹ 'ਆਪ' ਵਿਚ ਨਹੀਂ ਰਹਿਣਗੇ।

# ਮਜੀਠੀਆ ਦੇ ਨਾਂ 'ਤੇ ਮਿਹਣੋ-ਮਿਹਣੀ ਹੋਏ ਹਰਸਿਮਰਤ ਅਤੇ ਬਾਜਵਾ

**ਚੰਡੀਗੜ੍ਹ:** ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਉਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਵਿਚਾਲੇ ਸ਼ਬਦੀ ਜੰਗ ਸ਼ੁਰੂ ਹੋ ਗਈ ਹੈ। ਦਰਅਸਲ, ਹਰਸਿਮਰਤ ਬਾਦਲ ਨੇ ਸੰਸਦ ਵਿਚ ਪ੍ਰਧਾਨ ਮੰਤਰੀ ਮੋਦੀ ਖਿਲਾਫ ਬੇਵਸਾਹੀ ਮਤੇ ਉਤੇ ਹੋ ਰਹੀ ਬਹਿਸ ਦੌਰਾਨ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਕਿਹਾ ਸੀ ਕਿ ਉਹ ਸੰਸਦ ਵਿਚ ਆਉਣ ਤੋਂ ਪਹਿਲਾਂ ਕੀ (ਨਸ਼ਾ) ਖਾ ਕੇ ਆਏ ਸਨ। ਉਨ੍ਹਾਂ ਦੀ ਇਸੇ ਗੱਲ ਉਤੇ ਬਾਜਵਾ ਨੇ ਉਨ੍ਹਾਂ ਨੂੰ ਕਰਾਰਾ ਜਵਾਬ ਦਿੱਤਾ। ਦੋਵਾਂ ਵਿਚਾਲੇ ਇਹ ਬਹਿਸ ਬਾਜਵਾ ਵੱਲੋਂ ਕੀਤੇ ਟਵੀਟ ਤੋਂ ਸ਼ੁਰੂ ਹੋਈ ਸੀ।

ਬਾਜਵਾ ਨੇ ਆਪਣੇ ਟਵੀਟ ਵਿਚ ਲਿਖਿਆ ਸੀ ਕਿ ਕੈਬਨਿਟ ਮੰਤਰੀ ਜਿਸ ਦੇ ਭਰਾ ਉਤੇ 6 ਹਜ਼ਾਰ ਕਰੋੜ ਦੇ ਨਸ਼ਾ ਘਪਲੇ ਦੇ ਮਾਮਲੇ ਦੀ ਜਾਂਚ ਚੱਲ ਰਹੀ ਹੈ, ਉਹ ਕਾਂਗਰਸ ਪ੍ਰਧਾਨ ਉਤੇ ਇਲਜ਼ਾਮ ਲਾ ਰਹੇ ਹਨ। ਪੰਜਾਬ ਵਿਚ ਕਿਸੇ ਨੂੰ ਵੀ ਨਸ਼ਿਆਂ ਦੇ ਵਪਾਰ ਬਾਰੇ ਪੁੱਛੋ, ਤੁਹਾਨੂੰ ਇਸ ਦਾ ਜਵਾਬ ਮਿਲ ਜਾਏਗਾ। ਬਾਜਵਾ ਦੇ ਇਸ ਟਵੀਟ ਦਾ ਤੁਰਤ ਜਵਾਬ ਦਿੰਦਿਆਂ ਹਰਸਿਮਰਤ ਨੇ ਕਿਹਾ ਕਿ ਉਹ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੋਨੀਆ ਗਾਂਧੀ ਨੂੰ ਲਿਖੀ ਚਿੱਠੀ ਭੁੱਲ ਗਏ ਹਨ। ਉਸ ਵਿਚ ਉਨ੍ਹਾਂ ਬਾਜਵਾ ਤੇ ਉਨ੍ਹਾਂ ਦੇ ਪਰਿਵਾਰ ਦੀ ਨਸ਼ੇ ਦੇ ਵਪਾਰ ਵਿਚ ਸ਼ਮੂਲੀਅਤ ਬਾਰੇ ਜ਼ਿਕਰ ਕੀਤਾ ਹੈ। ਬਾਜਵਾ ਇਹ ਵੀ ਭੁੱਲ ਗਏ ਹਨ ਕਿ ਉਨ੍ਹਾਂ ਵੱਲੋਂ ਹਾਈ ਕੋਰਟ ਵਿਚ ਹਰਸਿਮਰਤ ਦੇ ਭਰਾ ਖਿਲਾਫ ਦਰਜ ਪਟੀਸ਼ਨ ਨੂੰ ਵੀ 2016 ਵਿਚ ਖਾਰਜ ਕਰ ਦਿੱਤਾ ਗਿਆ ਸੀ।

# 'ਆਪ' ਦੇ ਵਿਧਾਇਕ ਕੈਨੇਡਾ ਦੇ ਹਵਾਈ ਅੱਡੇ ਤੋਂ ਹੀ ਵਾਪਸ ਮੋੜੇ

**ਰੂਪਨਗਰ:** ਆਮ ਆਦਮੀ ਪਾਰਟੀ ਦੇ ਰੂਪਨਗਰ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ ਤੇ ਵਿਧਾਇਕ ਕੁਲਤਾਰ ਸਿੰਘ ਸੰਧਵਾ ਨੂੰ ਕੈਨੇਡਾ ਵੱਲੋਂ ਹਵਾਈ ਅੱਡੇ ਤੋਂ ਹੀ ਵਾਪਸ ਭੇਜ ਦਿੱਤਾ ਗਿਆ। ਕੈਨੇਡਾ ਏਅਰਪੋਰਟ ਅਥਾਰਟੀ ਵੱਲੋਂ ਹਿਰਾਸਤ ਵਿਚ ਲੈ ਕੇ ਪੁੱਛਗਿਛ ਕਰਨ ਮਗਰੋਂ ਤਸੱਲੀਬਖਸ਼ ਜਵਾਬ ਨਾ ਦਿੱਤੇ ਜਾਣ ਉਤੇ ਦੋਵਾਂ ਵਿਧਾਇਕਾਂ ਨੂੰ ਕੈਨੇਡਾ ਤੋਂ ਡਿਪੋਰਟ ਕਰ ਕੇ ਵਾਪਸ ਭੇਜ ਦਿੱਤਾ ਗਿਆ। ਦੱਸ ਦਈਏ ਕਿ ਵਿਧਾਇਕ ਸੰਦੋਆ ਇਕ ਹੋਰ ਵਿਧਾਇਕ ਕੁਲਤਾਰ ਸਿੰਘ ਸੰਧਵਾ ਨਾਲ ਕੈਨੇਡਾ ਰਵਾਨਾ ਹੋਏ ਸਨ।

ਕੈਨੇਡਾ ਏਅਰਪੋਰਟ ਅਥਾਰਟੀ ਵੱਲੋਂ ਸੰਦੋਆ ਨੂੰ ਰੋਕ ਕੇ ਪੁੱਛਗਿੱਛ ਕੀਤੀ ਗਈ ਤੇ ਵਾਪਸ ਦੇਸ਼ ਭੇਜ ਦਿੱਤਾ। ਦੋਵਾਂ ਵਿਧਾਇਕਾਂ ਦਾ ਦਾਅਵਾ ਹੈ ਕਿ ਜਾਣਕਾਰੀ ਦਾ ਸਹੀ ਮੇਲ ਨਾ ਹੋਣ ਕਾਰਨ ਉਨ੍ਹਾਂ ਨੂੰ ਕੈਨੇਡਾ ਅੰਦਰ ਦਾਖਲ ਨਹੀਂ ਹੋਣ ਦਿੱਤਾ ਗਿਆ। ਅਮਰਜੀਤ ਸਿੰਘ ਸੰਦੋਆ ਤੇ ਕੁਲਤਾਰ ਸੰਧਵਾਂ ਨੇ ਦੱਸਿਆ ਕਿ ਦੋਵਾਂ ਤੋਂ ਕੈਨੇਡਾ ਦੇ ਅਧਿਕਾਰੀਆਂ ਨੇ ਪੁੱਛਗਿੱਛ ਕੀਤੀ। ਉਹ ਕੈਨੇਡਾ ਵਿਚ ਪਰਿਵਾਰਕ ਮਿਲਣੀ ਲਈ ਗਏ ਸਨ ਪਰ ਉਨ੍ਹਾਂ ਕੁਝ ਸਿਆਸੀ ਬੈਠਕਾਂ ਵੀ ਕਰਨੀਆਂ ਸਨ, ਜਿਸ ਦੇ ਵੇਰਵੇ ਨਹੀਂ ਦਿੱਤੇ ਗਏ ਸੀ।

ਸੰਦੋਆ ਤੋਂ ਅਧਿਕਾਰੀਆਂ ਨੇ ਇਹ ਵੀ ਪੁੱਛਿਆ ਕਿ ਉਨ੍ਹਾਂ ਦੇ ਬੱਚੇ ਕਿਉਂ ਨਹੀਂ ਆਏ ਜਦ ਉਹ ਪਰਿਵਾਰਕ ਮਿਲਣੀ ਲਈ ਆਏ ਹਨ, ਤਾਂ ਸੰਦੋਆ ਨੇ ਜਵਾਬ ਦਿੱਤਾ ਕਿ ਉਨ੍ਹਾਂ ਦੇ ਸਕੂਲ ਸ਼ੁਰੂ ਹੋ ਗਏ ਸਨ ਪਰ ਇਸ ਜਵਾਬ ਨਾਲ ਅਧਿਕਾਰੀ ਸੰਤੁਸ਼ਟ ਨਹੀਂ ਹੋਏ ਤੇ ਕੈਨੇਡਾ ਦਾਖਲ ਹੋਣ ਦੀ ਆਗਿਆ ਨਾ ਦਿੱਤੀ।

ਉਨ੍ਹਾਂ ਕਿਹਾ ਕਿ ਉਹ ਆਉਣ ਵਾਲੇ ਸਮੇਂ



ਵਿਚ ਸਿਆਸੀ ਮੀਟਿੰਗਾਂ ਦੇ ਨਾਲ-ਨਾਲ ਸਾਰੇ ਲੋਕਾਂ ਦੀ ਪੂਰੀ ਤੇ ਸਹੀ ਜਾਣਕਾਰੀ ਕੈਨੇਡਾ ਨੂੰ ਪਹਿਲਾਂ ਹੀ ਦੇ ਕੇ ਜਾਣਗੇ। ਦੋਵਾਂ ਦੇ ਪਾਸਪੋਰਟ 'ਤੇ ਡਿਪੋਰਟ ਸਬੰਧੀ ਵੀ ਕੋਈ ਜਾਣਕਾਰੀ ਨਹੀਂ ਛਾਪੀ ਹੈ ਤੇ ਦੋਵਾਂ ਦਾ ਵੀਜ਼ਾ ਵੀ ਯੋਗ ਹੈ।

ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਦੋਹਾਂ ਵਿਚੋਂ ਕਿਸੇ ਇਕ ਵਿਧਾਇਕ ਦੀ ਭੈਣ ਓਟਾਵਾ ਵਿਚ ਰਹਿੰਦੀ ਹੈ ਤੇ ਦੋਵੇਂ ਉਸ ਕੋਲ ਆਏ ਸਨ, ਪਰ ਕੈਨੇਡਾ ਵਿਚ ਦਾਖਲਾ ਨਾ ਮਿਲਣ ਕਰ ਕੇ ਵਾਪਸ ਜਾਣਾ ਪਿਆ। ਭਾਵੇਂ ਕਿ ਉਨ੍ਹਾਂ ਦੀ ਭੈਣ ਨੇ ਬਰੈਂਪਟਨ ਤੋਂ ਇਕ ਮਹਿਲਾ ਮੈਂਬਰ ਪਾਰਲੀਮੈਂਟ ਤੇ ਮਿਸੀਸਾਗਾ ਦੇ ਇਕ ਐਮ.ਪੀ. ਕੋਲ ਵੀ ਮਦਦ ਦੀ ਗੁਹਾਰ ਲਗਾਈ ਪਰ ਕੁਝ ਵੀ ਕਾਰਗਰ ਸਾਬਤ ਨਾ ਹੋਇਆ। ਇਹ ਵੀ ਚਰਚਾ ਹੈ ਕਿ ਸੰਦੋਆ ਵਿਰੁੱਧ ਅਕਤੂਬਰ 2016 ਵਿਚ ਰੂਪਨਗਰ ਸਥਿਤ ਆਪਣਾ ਘਰ ਕਿਰਾਏ 'ਤੇ ਦੇਣ ਵਾਲੀ ਤਰਮਿੰਦਰ ਕੌਰ ਨੇ ਪਿਛਲੇ ਸਾਲ ਜੁਲਾਈ ਵਿਚ ਸ਼ਿਕਾਇਤ ਦਿੱਤੀ ਸੀ। ਰੂਪਨਗਰ ਦੀ ਅਦਾਲਤ ਨੇ ਕੁਝ ਦਿਨ ਪਹਿਲਾਂ ਹੀ ਸੰਦੋਆ 'ਤੇ ਔਰਤ ਨਾਲ ਧੱਕਾ ਮੁੱਕੀ ਕਰਨ ਤੇ ਅਪਰਾਧਿਕ ਮਨਸ਼ਾ ਰੱਖਣ ਦੀਆਂ ਧਾਰਾਵਾਂ ਲਗਾਈਆਂ ਸਨ।

## ਟਰੰਪ ਦੀ ਸੁਰੱਖਿਆ 'ਚ ਲੱਗੀ ਸੰਨ੍ਹ

**ਬ੍ਰਿਜਵਾਟਰ:** ਅਮਰੀਕੀ ਰਾਸ਼ਟਰਪਤੀ ਦੀ ਸੁਰੱਖਿਆ ਦੁਨੀਆਂ ਭਰ ਵਿਚ ਪ੍ਰਸਿੱਧ ਹੈ ਪਰ ਸਖਤ ਸੁਰੱਖਿਆ ਵਿਵਸਥਾ ਦੇ ਬਾਵਜੂਦ ਇਕ ਪ੍ਰਾਈਵੇਟ ਜਹਾਜ਼ ਰਾਸ਼ਟਰਪਤੀ ਦੇ ਕਾਫਲੇ ਕੋਲ ਪੁੱਜ ਗਿਆ। ਹਵਾਈ ਫੌਜ ਦੇ ਜੰਗੀ ਜਹਾਜ਼ਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਨਿੱਜੀ ਗੋਲਫ ਕਲੱਬ ਕੋਲ ਬਿਨਾਂ ਇਜਾਜ਼ਤ ਉੱਡ ਰਹੇ ਛੋਟੇ ਨਾਗਰਿਕ ਜਹਾਜ਼ ਨੂੰ ਰੋਕਿਆ।

# ਕਾਂਗਰਸ ਵਰਕਿੰਗ ਕਮੇਟੀ ਦੇ ਗਠਨ 'ਚ ਪੰਜਾਬ ਅਣਗੌਲਿਆ

**ਚੰਡੀਗੜ੍ਹ:** ਸਰਬਹਿੰਦ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਆਪਣੀ ਵਡ-ਆਕਾਰੀ ਗਠਤ ਕੀਤੀ ਗਈ ਵਰਕਿੰਗ ਕਮੇਟੀ ਵਿਚ ਜਿਥੇ ਹਰਿਆਣਾ ਨੂੰ ਜ਼ਬਰਦਸਤ ਪ੍ਰਤੀਨਿਧਤਾ ਦਿੱਤੀ ਹੈ, ਉਥੇ ਪੰਜਾਬ ਨੂੰ ਲਗਭਗ ਅੱਖੋਂ ਓਹਲੇ ਹੀ ਕਰ ਦਿੱਤਾ ਹੈ। ਹਰਿਆਣਾ ਜਿਥੇ ਅਗਲੇ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿਚ ਲੋਕ ਸਭਾ ਦੇ ਨਾਲ ਹਰਿਆਣਾ ਵਿਧਾਨ ਸਭਾ ਦੀਆਂ ਇਕੱਠੀਆਂ ਚੋਣਾਂ ਹੋ ਸਕਦੀਆਂ ਹਨ, ਤੋਂ 4 ਕਾਂਗਰਸੀਆਂ ਨੂੰ ਵਰਕਿੰਗ ਕਮੇਟੀ ਦਾ ਮੈਂਬਰ ਜਾਂ ਖਾਸ ਮਹਿਮਾਨ ਦੇ ਤੌਰ ਉਤੇ ਸ਼ਾਮਲ ਕੀਤਾ ਗਿਆ ਹੈ।

ਇਨ੍ਹਾਂ ਵਿਚ ਕੁਮਾਰੀ ਸੈਲਜਾ, ਰਣਦੀਪ ਸਿੰਘ ਸੂਰਜੇਵਾਲਾ, ਦੀਪਿੰਦਰ ਹੁੱਡਾ ਤੇ ਕੁਲਦੀਪ ਬਿਸ਼ਨੋਈ ਸ਼ਾਮਲ ਹਨ, ਪਰ ਪੰਜਾਬ ਵਿਚੋਂ ਸਿਰਫ ਅੰਬਿਕਾ ਸੋਨੀ ਨੂੰ ਲਿਆ ਗਿਆ ਹੈ, ਜੋ ਇਸ ਰਾਜ ਦੀ ਰਾਜਨੀਤੀ ਵਿਚ ਘੱਟ ਵੱਧ ਹੀ ਦਿਲਚਸਪੀ ਲੈਂਦੇ ਹਨ। ਉਹ ਪਹਿਲਾਂ ਵੀ ਸਰਬਹਿੰਦ ਕਾਂਗਰਸ ਕਮੇਟੀ ਦੇ ਜਨਰਲ ਸੈਕਟਰੀ ਰਹਿ ਚੁੱਕੇ ਹਨ। ਦਿਲਚਸਪ ਗੱਲ ਇਹ ਹੈ ਕਿ ਰਾਹੁਲ ਗਾਂਧੀ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਆਪਣੀ ਵਰਕਿੰਗ ਕਮੇਟੀ ਤੋਂ ਬਾਹਰ ਰੱਖਿਆ ਹਾਲਾਂਕਿ ਕੈਪਟਨ ਪਹਿਲਾਂ ਖਾਸ ਮਹਿਮਾਨ ਰਹਿ ਚੁੱਕੇ ਹਨ।

ਪੰਜਾਬ ਦੇ ਕਾਂਗਰਸੀ ਮਹਿਸੂਸ ਕਰਦੇ ਹਨ ਕਿ ਉਤਰੀ ਭਾਰਤ 'ਚ ਇਸ ਸਮੇਂ ਸਿਰਫ ਪੰਜਾਬ ਹੀ ਇਕੋ-ਇਕ ਰਾਜ ਹੈ, ਜਿਥੇ ਕੈਪਟਨ ਅਮਰਿੰਦਰ ਸਿੰਘ ਲਗਾਤਾਰ 10 ਸਾਲਾਂ ਦੇ



ਸੰਘਰਸ਼ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਗਠਜੋੜ ਨੂੰ ਲੱਕ ਤੋੜਵੀਂ ਹਾਰ ਦੇਣ ਪਿੱਛੋਂ ਦੁਬਾਰਾ ਸੱਤਾ 'ਚ ਆਏ ਹਨ। ਹੋਰ ਤਾਂ ਹੋਰ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੇ 2 ਸਾਬਕਾ ਮੁੱਖ ਮੰਤਰੀ ਭੂਪਿੰਦਰ ਸਿੰਘ ਹੁੱਡਾ ਤੇ ਰਾਜਾ ਵੀਰਭੱਦਰ ਸਿੰਘ ਨੂੰ ਵੀ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ ਪਰ ਆਸ਼ਾ ਕੁਮਾਰੀ ਜੋ ਹਿਮਾਚਲ ਪ੍ਰਦੇਸ਼ ਦੇ ਵਾਸੀ ਹਨ ਪਰ ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਹਨ, ਨੂੰ ਜ਼ਰੂਰ ਨਵੀਂ ਵਰਕਿੰਗ ਕਮੇਟੀ ਵਿਚ ਸ਼ਾਮਲ ਕੀਤਾ ਗਿਆ ਹੈ।

# ਨੱਕੋ-ਨੱਕ ਭਰੇ ਪੰਜਾਬ ਦੇ ਨਸ਼ਾ ਛੁਡਾਊ ਕੇਂਦਰ

**ਲੁਧਿਆਣਾ:** ਨਸ਼ੇ ਦੀ ਓਵਰਡੋਜ਼ ਨਾਲ ਹੋਈਆਂ ਮੌਤਾਂ ਤੋਂ ਬਾਅਦ ਪੁਲਿਸ ਨੇ ਨਸ਼ਿਆਂ ਦੀ ਸਪਲਾਈ ਉਤੇ ਸਖਤੀ ਕਰ ਦਿੱਤੀ ਗਈ, ਜਿਸ ਤੋਂ ਬਾਅਦ ਨਸ਼ੇ ਦੀ ਤੋੜ ਨੌਜਵਾਨਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਤੱਕ ਲੈ ਗਈ ਹੈ। ਲੁਧਿਆਣਾ ਦੇ ਸਿਵਲ ਹਸਪਤਾਲ ਵਿਚ ਬਣੇ ਦੋ ਨਸ਼ਾ ਛੁਡਾਊ ਕੇਂਦਰਾਂ ਵਿਚ ਮਰੀਜ਼ਾਂ ਦੀ ਗਿਣਤੀ ਵਿਚ ਪਿਛਲੇ 15 ਦਿਨਾਂ ਤੋਂ ਲਗਾਤਾਰ ਵਾਧਾ ਹੋਇਆ ਹੈ।

ਸਿਵਲ ਹਸਪਤਾਲ ਦੇ ਨਸ਼ਾ ਛੁਡਾਊ ਕੇਂਦਰ ਵਿਚ ਰੋਜ਼ਾਨਾ 200 ਤੋਂ ਵੱਧ ਮਰੀਜ਼ ਓ.ਪੀ.ਡੀ. ਵਿਚ ਆਪਣਾ ਚੈੱਕਅਪ ਕਰਵਾਉਣ ਆ ਰਹੇ ਹਨ। ਇੰਨਾ ਹੀ ਨਹੀਂ ਸਿਵਲ ਹਸਪਤਾਲ ਦੇ ਨਸ਼ਾ ਛੁਡਾਊ ਕੇਂਦਰ ਦੇ ਓ.ਐਸ.ਟੀ. ਸੈਂਟਰ ਵਿਚ ਰੋਜ਼ਾਨਾ ਇਕ ਹਜ਼ਾਰ ਦੇ ਕਰੀਬ ਨੌਜਵਾਨ 'ਦਵਾਈ' ਖਾਣ ਆ ਰਹੇ ਹਨ, ਜਿਸ ਕਾਰਨ ਸਿਵਲ ਹਸਪਤਾਲ ਵਿਚ ਨੌਜਵਾਨਾਂ ਦਾ ਤਾਂਤਾ ਲੱਗਿਆ ਰਹਿੰਦਾ ਹੈ। ਦਰਅਸਲ, ਪੁਲਿਸ ਵੱਲੋਂ ਨਸ਼ਿਆਂ ਦੀ ਸਪਲਾਈ ਰੋਕਣ ਲਈ ਕੀਤੀ ਸਖਤੀ ਤੋਂ ਬਾਅਦ ਨਸ਼ੇ ਦੀ ਤੋੜ ਕਾਰਨ ਨੌਜਵਾਨਾਂ ਦਾ ਬੁਰਾ ਹਾਲ ਹੈ।

ਸਿਵਲ ਹਸਪਤਾਲ ਵਿਚ ਬਣਾਏ ਓ.ਐਸ.ਟੀ. ਸੈਂਟਰ ਵਿਚ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਦਵਾਈ ਖਾਣ ਵਾਲਿਆਂ ਦੀ ਭੀੜ ਲੱਗੀ ਰਹਿੰਦੀ ਹੈ। ਓ.ਐਸ.ਟੀ. ਸੈਂਟਰ ਵਿਚ 2010 ਤੋਂ ਹੁਣ ਤੱਕ ਕੁੱਲ 2250 ਮਰੀਜ਼ ਨਸ਼ਾ ਛੱਡਣ ਲਈ ਰਜਿਸਟ੍ਰੇਸ਼ਨ ਕਰਵਾ ਚੁੱਕੇ ਹਨ, ਜਿਨ੍ਹਾਂ ਵਿਚ ਰੋਜ਼ਾਨਾ ਕਰੀਬ 850 ਮਰੀਜ਼ ਨਸ਼ਾ ਛੱਡਣ ਦੇ ਲਈ ਦਵਾਈ ਖਾਣ ਆਉਂਦੇ ਹਨ। ਇਸੇ ਤਰ੍ਹਾਂ ਸਿਵਲ ਹਸਪਤਾਲ ਨਾਲ ਬਣਾਏ ਨਸ਼ਾ ਛੁਡਾਊ ਕੇਂਦਰ ਵਿਚ ਵੀ ਰੋਜ਼ਾਨਾ 200 ਦੇ ਕਰੀਬ ਮਰੀਜ਼ ਆ ਰਹੇ ਹਨ, ਜਿਨ੍ਹਾਂ ਵਿਚੋਂ ਸਿਰਫ 8 ਮਰੀਜ਼ ਕੇਂਦਰ ਵਿਚ ਭਰਤੀ ਹਨ। ਇਥੇ ਵੀ ਹਰ ਮਰੀਜ਼ ਨੂੰ ਨਸ਼ਾ ਛੱਡਣ ਦੀ ਦਵਾਈ ਦਿੱਤੀ ਜਾਂਦੀ ਹੈ। ਅਸਲ ਵਿਚ ਇਸ ਡੋਜ਼ ਵਿਚ ਜੋ ਗੋਲੀ ਦਿੱਤੀ ਜਾਂਦੀ ਹੈ, ਉਸ ਨੂੰ ਮੈਡੀਕਲ ਅਮਲਾ ਨਸ਼ਾ ਛੱਡਣ ਵਾਲੀ ਦਵਾਈ ਦੱਸਦਾ ਹੈ, ਪਰ ਉਥੇ ਆਉਣ ਵਾਲੇ ਕਈ ਨੌਜਵਾਨਾਂ ਦਾ ਕਹਿਣਾ ਹੈ ਕਿ ਇਸ ਦਵਾਈ ਨਾਲ ਹੀ ਉਨ੍ਹਾਂ ਦੇ ਨਸ਼ੇ ਦੀ ਪੂਰਤੀ ਹੋ ਜਾਂਦੀ ਹੈ।



## ਕੈਪਟਨ ਨੇ ਗੁਆਂਢੀ ਸੂਬਿਆਂ ਦਾ ਸਹਿਯੋਗ ਮੰਗਿਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਿਆਂ ਦੀ ਤਸਕਰੀ ਠੱਲ੍ਹਣ ਲਈ ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਅਤੇ ਕੇਂਦਰੀ ਗ੍ਰਹਿ ਮੰਤਰੀ ਤੋਂ ਸਹਿਯੋਗ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਮੁੱਖ ਮੰਤਰੀਆਂ ਨੂੰ ਆਖਿਆ ਹੈ ਕਿ ਉਹ ਆਪਣੇ ਸੂਬਿਆਂ ਵਿਚ ਨਸ਼ਾ ਤਸਕਰਾਂ ਦੀ ਠਾਹਰ ਨਾ ਬਣਨ ਦੇਣ।

## 'ਨਸ਼ਾ ਮੁਕਤ ਪਿੰਡ' ਨੂੰ ਮਿਲੇਗੀ ਗਰਾਂਟ

**ਤਰਨ ਤਾਰਨ:** ਕੈਪਟਨ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਤਰਨ ਤਾਰਨ ਜ਼ਿਲ੍ਹੇ 'ਚ ਪੈਂਦੇ ਖੇਮਕਰਨ ਦੇ ਪਿੰਡਾਂ ਵਿਚ 'ਨਸ਼ਾ ਮੁਕਤ ਪਿੰਡ' ਸਾਈਨ ਬੋਰਡਾਂ ਦੀ ਮੁਹਿੰਮ ਸ਼ੁਰੂ ਹੋ ਗਈ ਹੈ। ਅਜਿਹੇ 15 ਹੋਰ ਪਿੰਡ ਖੁਦ ਨੂੰ ਨਸ਼ਾ ਮੁਕਤ ਐਲਾਨਣ ਲਈ ਦਸਤਾਵੇਜ਼ੀ ਕਾਰਵਾਈ ਕਰਵਾ ਰਹੇ ਹਨ। ਪਿਛਲੇ ਮਹੀਨੇ ਕੈਪਟਨ ਸਰਕਾਰ ਨੇ ਜ਼ਿਲ੍ਹਾ ਅਥਾਰਟੀਆਂ ਨੂੰ ਨਿਰਦੇਸ਼ ਦਿੱਤੇ ਸੀ ਕਿ ਉਹ ਆਪਣੇ ਅਧਿਕਾਰ ਖੇਤਰ ਵਿਚ ਪੈਂਦੇ ਪਿੰਡਾਂ ਨੂੰ ਨਸ਼ਾ ਮੁਕਤ ਐਲਾਨ ਕਰਨ। ਇਸ ਮੁਹਿੰਮ ਤਹਿਤ ਨਸ਼ਾ ਮੁਕਤ ਐਲਾਨ ਕੀਤੇ ਪਿੰਡਾਂ ਦੀ ਪੰਚਾਇਤ ਨੂੰ ਖੇਡਾਂ ਦਾ ਸਾਮਾਨ ਖਰੀਦਣ ਲਈ 5 ਲੱਖ ਰੁਪਏ ਦੀ ਗਰਾਂਟ ਦਿੱਤੀ ਜਾਏਗੀ।

# ਪ੍ਰੋਗ੍ਰੈਸਿਵ ਪੰਜਾਬ ਬਾਰੇ ਗੱਪਾਂ ਹੀ ਮਾਰਦੇ ਰਹੇ ਬਾਦਲ

**ਚੰਡੀਗੜ੍ਹ:** ਅਕਾਲੀ ਭਾਜਪਾ ਸਰਕਾਰ ਨੇ ਪ੍ਰੋਗ੍ਰੈਸਿਵ ਸਮਿਟ ਕਰਵਾ ਕੇ ਪੰਜਾਬ ਵਿਚ ਨਿਵੇਸ਼ ਦੇ ਵੱਡੇ-ਵੱਡੇ ਦਾਅਵੇ ਕੀਤੇ ਸਨ। ਇਸ ਸਮਿਟ ਵਿਚ ਪਰਵਾਸੀ ਭਾਰਤੀ ਕਾਰੋਬਾਰੀਆਂ ਨੂੰ ਸੱਦਿਆ ਗਿਆ ਸੀ ਤੇ ਇਸ ਉਤੇ ਕਰੋੜਾਂ ਰੁਪਏ ਖਰਚਾ ਆਇਆ ਸੀ। ਹੁਣ ਖੁਲਾਸਾ ਹੋਇਆ ਹੈ ਕਿ ਇਹ ਕਾਰੋਬਾਰੀ ਖਾ-ਪੀ ਕੇ ਤੁਰਦੇ ਬਣੇ ਤੇ ਪੰਜਾਬ ਵਿਚ ਧੇਲਾ ਵੀ ਨਿਵੇਸ਼ ਨਹੀਂ ਕੀਤਾ।

ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਪਿਛਲੀ ਅਕਾਲੀ ਭਾਜਪਾ ਸਰਕਾਰ ਉਤੇ ਦੋਸ਼ ਲਾਉਂਦਿਆਂ ਕਿਹਾ ਕਿ ਸਰਕਾਰ ਨੇ ਨਿਵੇਸ਼ ਲਈ ਪਿਛਲੇ 10 ਸਾਲਾਂ ਵਿਚ 391 ਸਮਝੌਤੇ ਕੀਤੇ, ਜਿਨ੍ਹਾਂ ਵਿਚੋਂ ਸਿਰਫ 46 ਹੀ ਨੇਪਰੇ ਚੜ੍ਹੇ। ਇੰਨਾ ਹੀ ਨਹੀਂ ਸਿੱਧੂ ਨੇ ਦਾਅਵਾ ਕੀਤਾ ਕਿ ਅਕਾਲੀ-ਭਾਜਪਾ ਸਰਕਾਰ ਤਿੰਨ ਅਜਿਹੇ ਐਮ.ਓ.ਯੂ. ਸਾਈਨ ਕੀਤੇ ਗਏ ਸਨ ਜਿਨ੍ਹਾਂ ਦੀ ਨਿਵੇਸ਼ ਰਕਮ ਸਿਫਰ ਸੀ। ਪਿਛਲੀ ਸਰਕਾਰ ਨੇ ਕੰਪਨੀਆਂ ਤੇ ਸਨਅਤਾਂ ਨਾਲ ਇਕਰਾਰਨਾਮੇ ਕਰ 1,20,000 ਕਰੋੜ ਰੁਪਏ ਦਾ ਨਿਵੇਸ਼ ਆਉਣ ਦਾ ਦਾਅਵਾ ਕੀਤਾ ਪਰ ਇਸ ਵਿਚੋਂ ਸਿਰਫ 6,500 ਕਰੋੜ ਰੁਪਏ ਦਾ ਨਿਵੇਸ਼ ਹੀ ਆਇਆ। ਲਘੂ ਇਕਾਈਆਂ ਲਈ ਕੋਈ ਨਿਵੇਸ਼ ਨਹੀਂ ਹੋਇਆ।

ਸਾਲ 2007 ਤੋਂ 2014 ਤੱਕ ਪੰਜਾਬ ਵਿਚ ਕੁੱਲ 18,770 ਫੈਕਟਰੀਆਂ ਬੰਦ ਹੋਈਆਂ। ਕਈ ਅਕਾਲੀ ਲੀਡਰਾਂ ਨੇ ਕਈ-ਕਈ ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਲਿਆਉਣ ਦੀ ਗੱਲ ਕੀਤੀ ਸੀ, ਪਰ ਇਹ ਹੋਇਆ ਨਹੀਂ। ਇਸ ਮੌਕੇ ਸਿੱਧੂ ਨੇ ਅਕਾਲੀ ਰਾਜ ਦੌਰਾਨ ਉਨ੍ਹਾਂ ਕੰਪਨੀਆਂ ਦੇ ਦਸਤਾਵੇਜ਼ ਵੀ ਜਾਰੀ ਕੀਤੇ ਜਿਨ੍ਹਾਂ ਨੇ ਨਿਵੇਸ਼ ਦਾ ਵਾਅਦਾ ਕੀਤਾ ਸੀ।

ਇਨ੍ਹਾਂ ਵਿਚ ਐਮ.ਓ.ਜੀ. ਵਾਅਦੇ ਤਹਿਤ ਵਾਹਿਦ ਗਰੁੱਪ ਨੇ 100 ਕਰੋੜ ਰੁਪਏ, ਟਰਾਈਡੈਂਟ ਗਰੁੱਪ 1000 ਕਰੋੜ ਰੁਪਏ, ਜੇ.ਐਲ.ਪੀ.ਐਲ. (ਮੁਹਾਲੀ) 4500 ਕਰੋੜ ਰੁਪਏ, ਖਰੜ ਦੀ ਰੀਅਲ ਅਸਟੇਟ ਗਿਲਕੋ 2400 ਕਰੋੜ ਰੁਪਏ, ਅਕਾਲੀ ਲੀਡਰ ਐਨ.ਕੇ. ਸ਼ਰਮਾ ਦੀ ਕੰਪਨੀ 1250 ਕਰੋੜ, ਬਿਕਰਮ ਮਜੀਠੀਆ ਦੀ ਸਰਪ੍ਰਸਤੀ ਵਾਲੀ ਪੀ.ਈ.ਡੀ.ਏ. ਪੈਡਾ 3500 ਕਰੋੜ ਰੁਪਏ ਪਰ ਇਨ੍ਹਾਂ ਸਾਰਿਆਂ ਵੱਲੋਂ ਐਕਚੂਅਲ ਇਨਵੈਸਟਮੈਂਟ ਜ਼ੀਰੋ ਰਿਹਾ ਹੈ। ਆਪਣੀ ਸਰਕਾਰ ਦੀਆਂ ਉਪਲਬਧੀਆਂ ਗਿਣਾਉਂਦਿਆਂ ਸਿੱਧੂ ਨੇ ਕਿਹਾ ਕਿ ਸਾਡੀ ਸਰਕਾਰ ਦੌਰਾਨ ਹੁਣ ਤੱਕ 170 ਐਮ.ਓ.ਯੂ. ਸਾਈਨ ਹੋਏ ਹਨ। ਇਨ੍ਹਾਂ ਸਮਝੌਤਿਆਂ ਵਿਚੋਂ ਕੁੱਲ 47,116 ਕਰੋੜ ਰੁਪਏ ਦਾ ਨਿਵੇਸ਼ ਆਉਣਾ ਹੈ, ਜਿਸ 'ਚੋਂ 8,400 ਕਰੋੜ ਰੁਪਏ ਆ ਚੁੱਕੇ ਹਨ।

## 100 ਰੁਪਏ ਦਾ ਨਵਾਂ ਨੋਟ ਛੇਤੀ

**ਨਵੀਂ ਦਿੱਲੀ:** 100 ਰੁਪਏ ਦਾ ਨਵਾਂ ਬੈਂਗਣੀ ਰੰਗਾ ਨੋਟ ਛੇਤੀ ਹੀ ਜਾਰੀ ਕੀਤਾ ਜਾ ਰਿਹਾ ਹੈ। ਇਸ ਉਤੇ ਵਿਸ਼ੇਸ਼ ਪਛਾਣ ਵਜੋਂ ਗੁਜਰਾਤ ਦੇ ਪਾਟਨ ਵਿਚ ਸਰਸਵਤੀ ਦਰਿਆ ਕੰਢੇ ਬਣੇ ਪੌੜੀਆਂ ਵਾਲੇ ਖੂਹ 'ਰਾਨੀ ਕੀ ਵਾਵ' ਦੀ ਫੋਟੋ ਹੋਵੇਗੀ। ਬੈਂਕ ਮੁਤਾਬਕ 100 ਰੁਪਏ ਦੇ ਪੁਰਾਣੇ ਨੋਟ ਵੀ ਚੱਲਦੇ ਰਹਿਣਗੇ।

# ਧਰਮਵੀਰ ਗਾਂਧੀ ਵੱਲੋਂ ਨਸ਼ਿਆਂ ਦੀ ਖੇਤੀ ਲਈ ਕੇਂਦਰ ਕੋਲ ਪਹੁੰਚ

**ਚੰਡੀਗੜ੍ਹ:** ਲੰਮੇ ਸਮੇਂ ਤੋਂ ਰਿਵਾਇਤੀ ਨਸ਼ਿਆਂ ਦੀ ਖੇਤੀ ਦੀ ਹਮਾਇਤ ਕਰ ਰਹੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕਰਕੇ ਪੰਜਾਬ ਵਿਚ ਸਿੰਥੈਟਿਕ ਡਰੱਗ ਦੇ ਮਾਰੂ ਪ੍ਰਭਾਵ ਤੋਂ ਜਾਣੂ ਕਰਵਾਇਆ ਅਤੇ ਰਿਵਾਇਤੀ ਨਸ਼ਿਆਂ ਦੀ ਖੇਤੀ ਦੀ ਖੁੱਲ੍ਹ ਦੇਣ ਦੇ ਮੰਗ ਕੀਤੀ। ਧਰਮਵੀਰ ਗਾਂਧੀ ਮੁਤਾਬਕ ਗ੍ਰਹਿ ਮੰਤਰੀ ਨੇ ਗੰਭੀਰਤਾ ਨਾਲ ਇਹ ਮੁੱਦਾ ਵਿਚਾਰਨ ਦਾ ਭਰੋਸਾ ਦਿੱਤਾ ਹੈ।



ਨਾਲ ਹੀ ਕਿਹਾ ਹੈ ਕਿ ਜੇਕਰ ਪੰਜਾਬ ਸਰਕਾਰ ਕੇਸ ਬਣਾ ਕੇ ਭੇਜੇ ਤਾਂ ਕੇਂਦਰ ਜ਼ਰੂਰ ਗੰਭੀਰਤਾ ਨਾਲ ਵਿਚਾਰ ਕਰੇਗਾ। ਧਰਮਵੀਰ ਗਾਂਧੀ ਮੁਤਾਬਕ ਹੁਣ ਗੇਂਦ ਪੰਜਾਬ ਸਰਕਾਰ ਦੇ ਪਾਲੇ ਵਿਚ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦੀ ਜਵਾਨੀ ਅਤੇ ਕਿਸਾਨੀ ਬਚਾਉਣ ਲਈ ਇਸ ਮੰਗ ਉਤੇ ਕੋਈ ਠੋਸ ਫੈਸਲਾ ਲੈਣਾ ਚਾਹੀਦਾ ਹੈ।

ਧਰਮਵੀਰ ਗਾਂਧੀ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਇਕ ਇੰਟਰਵਿਊ ਵਿਚ ਦਾਅਵਾ ਕੀਤਾ ਸੀ ਕਿ ਜੇਕਰ ਡਾ. ਗਾਂਧੀ ਪੰਜਾਬ ਵਿਚ ਪੋਸਤ ਦੀ ਖੇਤੀ ਤੇ ਅਫ਼ੀਮ ਭੁੱਕੀ ਦੇ ਠੇਕਿਆਂ ਦੀ ਮਨਜ਼ੂਰੀ ਕੇਂਦਰ ਸਰਕਾਰ ਤੋਂ ਲੈ ਆਉਣ ਤਾਂ ਅਸੀਂ ਅਗਲੀ ਸੋਚ ਸਕਦੇ ਹਾਂ।

# ਅਫਸਰਾਂ ਖਿਲਾਫ ਕਾਰਵਾਈ ਤੋਂ ਪੰਜਾਬ ਦਾ ਪੁਲਿਸ ਮੁਖੀ ਔਖਾ

**ਚੰਡੀਗੜ੍ਹ:** ਪੁਲਿਸ ਤੇ ਨਸ਼ਾ ਸਮਗਲਰਾਂ ਦੇ ਗੱਠਜੋੜ ਬਾਰੇ ਚੱਲ ਰਹੀ ਚਰਚਾ ਦੌਰਾਨ ਪੰਜਾਬ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਆਪਣੀ ਖਾਮੋਸ਼ੀ ਤੋੜਦਿਆਂ ਸਰਕਾਰ ਨੂੰ ਚੁਣੌਤੀ ਦਿੱਤੀ ਕਿ ਉਹ ਅਜਿਹੇ ਤਿੰਨ ਡੀ.ਜੀ.ਪੀਜ਼. ਦੇ ਨਾਂ ਗਿਣਾਏ ਜਿਨ੍ਹਾਂ ਨੂੰ ਅਦਾਲਤ ਨੇ ਗਲਤ ਠਹਿਰਾਇਆ ਹੋਵੇ।

ਪੰਜਾਬ ਪੁਲਿਸ ਮੁਖੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਕਾਰਨ ਮੂੰਹ ਖੋਲ੍ਹਣਾ ਪਿਆ ਕਿਉਂਕਿ ਮਾਮਲਾ ਅਦਾਲਤ ਦੇ ਜ਼ੇਰ-ਏ-ਗੌਰ ਹੋਣ ਦੇ ਬਾਵਜੂਦ ਮੀਡੀਆ ਵਿਚ 'ਬਹੁਤ ਵੱਡੇ ਵੱਡੇ ਇਲਜ਼ਾਮ' ਲਾਏ ਜਾ ਰਹੇ ਹਨ ਜਿਸ ਕਾਰਨ ਪੁਲਿਸ ਫੋਰਸ ਦਾ ਹੌਸਲਾ ਡਿੱਗ ਰਿਹਾ ਹੈ। ਇਕ ਦੋਸ਼ ਇਹ ਹੈ ਕਿ ਉਨ੍ਹਾਂ (ਸ੍ਰੀ ਅਰੋੜਾ) ਵੱਲੋਂ ਨਸ਼ਾ ਤਸਕਰੀ ਕੇਸਾਂ ਵਿਚ ਐਸ.ਐਸ.ਪੀ. ਰਾਜਜੀਤ ਸਿੰਘ ਦਾ ਬਚਾਅ ਕੀਤਾ ਜਾ ਰਿਹਾ ਹੈ। ਰਾਜਜੀਤ ਸਿੰਘ ਉਤੇ ਬਰਤਰਫ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਬਚਾਉਣ ਦੇ ਦੋਸ਼ ਹਨ। ਦੱਸਣਯੋਗ ਹੈ ਕਿ ਡੀ.ਜੀ.ਪੀ.-ਪੀ.ਐਸ.ਪੀ.ਸੀ.ਐਲ. ਸਿਧਾਰਥ ਚਟੋਪਾਧਿਆਏ ਨੇ ਆਪਣੇ-ਆਪ ਨੂੰ ਸਨਅਤਕਾਰ ਇੰਦਰਪ੍ਰੀਤ ਚੱਢਾ ਦੇ ਖੁਦਕੁਸ਼ੀ



ਮਾਮਲੇ ਵਿਚ ਨਾਮਜ਼ਦ ਕੀਤੇ ਜਾਣ ਕਾਰਨ ਨਿੱਜੀ ਹੈਸੀਅਤ ਵਿਚ ਇਕ ਹਲਫ਼ਨਾਮੇ ਰਾਹੀਂ ਸ੍ਰੀ ਅਰੋੜਾ ਉਤੇ ਇਹ ਦੋਸ਼ ਲਾਏ ਸਨ। ਇਹ ਵੀ ਆਖਿਆ ਜਾ ਰਿਹਾ ਹੈ ਕਿ ਇਸ ਸਾਰੇ ਮਾਮਲੇ ਵਿਚ ਵਿਵਾਦ ਦਾ ਕੇਂਦਰ ਡੀ.ਜੀ.ਪੀ.-ਪੰਜਾਬ ਦਾ ਅਹੁਦਾ ਹੈ ਜੋ 30 ਸਤੰਬਰ ਨੂੰ ਸ੍ਰੀ ਅਰੋੜਾ ਦੀ ਸੇਵਾ ਮੁਕਤੀ ਉਤੇ ਖਾਲੀ ਹੋਣ ਵਾਲਾ ਹੈ।

ਸ੍ਰੀ ਚੱਟੋਪਾਧਿਆਏ ਅਤੇ ਡੀ.ਜੀ.ਪੀ.-ਇੰਟੈਲੀਜੈਂਸ ਦਿਨਕਰ ਗੁਪਤਾ ਇਸ ਅਹੁਦੇ ਲਈ ਦਾਅਵੇਦਾਰ ਹਨ। ਸ੍ਰੀ ਅਰੋੜਾ ਦਾ ਸੇਵਾਕਾਲ ਵਧਾਏ ਜਾਣ ਦੀ ਵੀ ਚਰਚਾ ਹੈ, ਪਰ ਉਨ੍ਹਾਂ ਇਸ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਮੈਂ ਆਪਣੇ 36 ਸਾਲਾਂ ਦੇ ਕਰੀਅਰ ਦੌਰਾਨ ਕਿਸੇ ਗਲਤ ਪੁਲਿਸ ਮੁਲਾਜ਼ਮ ਜਾਂ ਵਿਅਕਤੀ ਦਾ ਪੱਖ ਨਹੀਂ ਲਿਆ। ਇਹ ਸਾਰੇ ਇਲਜ਼ਾਮ ਮੇਰੇ ਕਰੀਅਰ ਦੇ ਐਨ ਅਖੀਰ ਉਤੇ ਕਿਸੇ ਖਾਸ ਮਕਸਦ ਲਈ ਲਾਏ ਜਾ ਰਹੇ ਹਨ। ਖਾਸਤੌਰ ਉਤੇ ਰਾਜਜੀਤ ਸਿੰਘ ਬਾਰੇ ਪੁੱਛੇ ਜਾਣ ਉਤੇ ਸ੍ਰੀ ਅਰੋੜਾ ਨੇ ਕਿਹਾ ਕਿ ਉਸ ਨਾਲ ਉਨ੍ਹਾਂ ਕਦੇ ਕੰਮ ਨਹੀਂ ਕੀਤਾ। ਉਨ੍ਹਾਂ ਮੁਤਾਬਕ ਇਹ ਮਾਮਲਾ 2013 ਦਾ ਹੈ ਜਦੋਂ ਉਹ ਡੀ.ਜੀ.ਪੀ. ਨਹੀਂ ਸਨ। ਉਨ੍ਹਾਂ ਕਿਹਾ ਕਿ ਉਤੋਂ ਵਿਜੀਲੈਂਸ ਨੇ ਇੰਦਰਜੀਤ ਸਿੰਘ ਖਿਲਾਫ ਉਦੋਂ 2015 ਵਿਚ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਸੀ ਜਦੋਂ ਮੈਂ ਵਿਜੀਲੈਂਸ ਦਾ ਮੁਖੀ ਸੀ। ਉਨ੍ਹਾਂ ਕਿਹਾ ਕਿ ਇੰਜ ਉਨ੍ਹਾਂ ਦੀ 35 ਸਾਲਾਂ ਦੀ 'ਮਿਹਨਤ ਤੇ ਦਿਆਨਤਦਾਰੀ' ਉਤੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ।

# ਖੁਫੀਆ ਮਹਿਕਮੇ ਦੀ ਹੁਣ ਜੇਲ੍ਹਾਂ 'ਤੇ ਅੱਖ

**ਬਠਿੰਡਾ:** ਪੰਜਾਬ ਦੀਆਂ ਜੇਲ੍ਹਾਂ ਉਤੇ ਹੁਣ ਖੁਫੀਆ ਮਹਿਕਮੇ ਦੀ ਅੱਖ ਹੈ। ਪਹਿਲਾਂ ਵੀ ਖੁਫੀਆ ਮੁਲਾਜ਼ਮ ਜੇਲ੍ਹਾਂ ਕੋਲ ਗੇੜਾ ਮਾਰਦੇ ਸਨ। ਹੁਣ ਵਿਸ਼ੇਸ਼ ਤੌਰ ਉਤੇ ਜੇਲ੍ਹਾਂ ਦੀ ਨਜ਼ਰਸਾਨੀ ਹੋ ਰਹੀ ਹੈ। ਕਾਊਂਟਰ ਇੰਟੈਲੀਜੈਂਸ ਦੇ ਮੁਲਾਜ਼ਮ ਵੀ ਜੇਲ੍ਹਾਂ ਉਤੇ ਨਜ਼ਰ ਰੱਖਣ ਲਈ ਤਾਇਨਾਤ ਕੀਤੇ ਗਏ ਹਨ। ਜੇਲ੍ਹਾਂ 'ਚ ਗੈਂਗਸਟਰ ਜਾਂ ਹੋਰ ਕੋਈ ਖਾਸ ਬੰਦੀ ਹੈ, ਉਨ੍ਹਾਂ ਦੀ ਹਰ ਮੁਲਾਕਾਤ ਉਤੇ ਨਜ਼ਰ ਰੱਖੀ ਜਾ ਰਹੀ ਹੈ। ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਜੇਲ੍ਹ ਸੁਪਰਡੈਂਟ ਤੋਂ ਬਿਨਾਂ ਬਾਕੀ ਸਾਰੇ ਜੇਲ੍ਹ ਸਟਾਫ 'ਤੇ ਜੇਲ੍ਹ ਅੰਦਰ ਮੋਬਾਈਲ ਫੋਨ ਲਿਜਾਉਣ ਉਤੇ ਪਾਬੰਦੀ ਲਗਾਈ ਹੋਈ ਹੈ। ਖੁਫੀਆ ਵਿੰਗ ਜੇਲ੍ਹ ਪ੍ਰਸ਼ਾਸਨ ਉਤੇ ਤਿੱਖੀ ਨਜ਼ਰ ਰੱਖ ਰਿਹਾ ਹੈ। ਰੋਜ਼ਾਨਾ ਦੀ ਰਿਪੋਰਟ ਤਿਆਰ ਹੋ ਰਹੀ ਹੈ।

ਜੇਲ੍ਹਾਂ ਵਿਚ ਜੋ ਗੈਂਗਸਟਰ ਬੰਦ ਹਨ, ਉਨ੍ਹਾਂ ਦੀ ਮੁਲਾਕਾਤੀ ਦੇ ਵੇਰਵੇ ਵੀ ਨਾਲੋਂ ਨਾਲ ਖੁਫੀਆ ਵਿੰਗ ਨੋਟ ਕਰ ਰਿਹਾ ਹੈ। ਸਾਦੇ ਕੱਪੜਿਆਂ ਵਿਚ ਖੁਫੀਆ ਵਿੰਗ ਦੇ ਮੁਲਾਜ਼ਮ ਤਾਇਨਾਤ ਹਨ ਜੋ ਜੇਲ੍ਹ ਵਿਚ ਆਉਣ ਜਾਣ ਵਾਲੇ ਉਤੇ ਖਾਸ ਨਜ਼ਰ ਰੱਖ ਰਹੇ ਹਨ। ਬਠਿੰਡਾ ਜੇਲ੍ਹ ਵਿਚ 22 ਦੇ ਕਰੀਬ ਗੈਂਗਸਟਰ ਬੰਦ ਹਨ। ਇਸੇ ਹਫਤੇ ਜੇਲ੍ਹ 'ਚ ਮੁਲਾਕਾਤ ਕਰਨ ਆਈ ਇਕ ਨੂੰਹ ਸੱਸ ਤੋਂ ਨਸ਼ੀਲੇ ਪਦਾਰਥ ਫੜੇ ਗਏ ਹਨ। ਜੇਲ੍ਹ ਪ੍ਰਸ਼ਾਸਨ ਤੇ ਬੰਦੀਆਂ ਦੇ ਆਪਸੀ ਗੱਠਜੋੜ ਨੂੰ ਬੇਨਕਾਬ ਕਰਨ ਵਾਸਤੇ ਇਹ ਪਹਿਰਾ ਲਾਇਆ ਗਿਆ ਹੈ। ਪੰਜਾਬ ਵਿਚ ਕਰੀਬ 26-27 ਜੇਲ੍ਹਾਂ ਹਨ ਜਿਨ੍ਹਾਂ ਦੇ ਆਸ ਪਾਸ ਖੁਫੀਆ ਵਿੰਗ ਦੇ ਮੁਲਾਜ਼ਮ ਚੱਕਰ ਕੱਟਦੇ ਹਨ। ਬਠਿੰਡਾ ਜੇਲ੍ਹ ਦੇ ਸੁਪਰਡੈਂਟ ਐਸ.ਐਸ. ਸਹੋਤਾ ਦਾ ਕਹਿਣਾ ਸੀ ਕਿ ਕਾਊਂਟਰ ਇੰਟੈਲੀਜੈਂਸ ਦੇ ਮੁਲਾਜ਼ਮ ਤਾਇਨਾਤ ਕੀਤੇ ਹੋਏ ਹਨ ਜੋ ਮੁਲਾਕਾਤਾਂ ਦੇਖਦੇ ਹਨ ਅਤੇ ਮਾੜੇ ਅਨਸਰਾਂ ਉਤੇ ਨਜ਼ਰ ਰੱਖਣ ਵਿਚ ਸਹਿਯੋਗ ਕਰਦੇ ਹਨ।




ਸੂਤਰ ਦੱਸਦੇ ਹਨ ਕਿ ਖੁਫੀਆ ਵਿੰਗ ਨੇ ਜੇਲ੍ਹਾਂ ਅੰਦਰ ਆਪਣੇ ਸੂਹੀਏ ਵੀ ਕਾਇਮ ਕੀਤੇ ਹਨ ਜਿਨ੍ਹਾਂ ਰਾਹੀਂ ਉਹ ਅੰਦਰਲੀ ਖਬਰ ਲੈਂਦੇ ਹਨ। ਜੇਲ੍ਹਾਂ ਵਿਚ ਖਾਸ ਬੰਦੀਆਂ ਨੂੰ ਮਿਲਦੇ ਵੀ.ਆਈ.ਪੀਜ਼. ਉਤੇ ਵੀ ਇਨ੍ਹਾਂ ਦੀ ਅੱਖ ਹੈ। ਫਰੀਦਕੋਟ ਜੇਲ੍ਹ ਵਿਚ ਬਰਗਾੜੀ ਕਾਂਡ ਸਬੰਧੀ ਡੇਰਾ ਪ੍ਰੇਮੀ ਬੰਦ ਹਨ ਤੇ ਫਰੀਦਕੋਟ ਜੇਲ੍ਹ ਦੇ ਬਾਹਰ ਤਾਇਨਾਤ ਖੁਫੀਆ ਵਿੰਗ ਦੇ ਮੁਲਾਜ਼ਮ ਇਨ੍ਹਾਂ ਡੇਰਾ ਪ੍ਰੇਮੀਆਂ ਨਾਲ ਮੁਲਾਕਾਤ ਕਰਨ ਵਾਸਤੇ ਆਉਂਦੇ ਲੋਕਾਂ ਦੇ ਵੇਰਵੇ ਲੈਂਦੇ ਹਨ। ਜੇਲ੍ਹ ਮੰਤਰੀ ਨੇ ਸਖਤੀ ਕੀਤੀ ਹੈ ਕਿ ਜੇਲ੍ਹਾਂ ਵਿਚ ਨਸ਼ੇ ਤੇ ਮੋਬਾਈਲ ਦੀ ਵਰਤੋਂ ਨਹੀਂ ਹੋਣ ਦੇਣੀ। ਬਹੁਤੇ ਮੁਲਾਜ਼ਮ ਜੇਲ੍ਹ ਦੇ ਗੇਟਾਂ ਕੋਲ ਨਜ਼ਰ ਰੱਖਦੇ ਨਜ਼ਰ ਪੈਂਦੇ ਹਨ।

# ਹਿੰਸਾ ਭੜਕਾਉਣ ਵਾਲੇ ਡੇਰਾ ਪ੍ਰੇਮੀਆਂ ਬਾਰੇ ਨਰਮ ਪਈ ਸਰਕਾਰ

**ਚੰਡੀਗੜ੍ਹ:** ਪੰਚਕੂਲਾ ਦੀ ਅਦਾਲਤ ਨੇ ਡੇਰਾ ਸਿਰਸਾ ਦੇ 19 ਪ੍ਰੇਮੀਆ ਖਿਲਾਫ 2017 ਵਿਚ ਹਿੰਸਾ ਫੈਲਾਉਣ ਤੇ 40 ਲੋਕਾਂ ਦੀ ਮੌਤ ਦੇ ਦੋਸ਼ਾਂ ਵਿਚ ਚੱਲ ਰਹੇ ਦੇਸ਼ ਧ੍ਰੋਹ ਦੀਆਂ ਧਾਰਾਵਾਂ ਨੂੰ ਹਟਾ ਦਿੱਤਾ ਹੈ। ਇਨ੍ਹਾਂ 19 ਲੋਕਾਂ 'ਚ ਚਮਕੌਰ ਸਿੰਘ, ਪਵਨ ਇੰਸਾਂ ਤੇ ਸੁਰਿੰਦਰ ਧੀਮਾਨ ਤੇ ਕੁਝ ਡੇਰਾ ਪ੍ਰਮੁੱਖ ਰਾਮ ਰਹੀਮ ਦੇ ਨਜ਼ਦੀਕੀ ਸਨ। ਸੂਬਾ ਸਰਕਾਰ ਨੇ ਇਨ੍ਹਾਂ ਮੁਲਜ਼ਮਾਂ ਵਿਰੁੱਧ ਦੇ ਦੇਸ਼ ਧ੍ਰੋਹ ਦਾ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ ਨਹੀਂ ਦਿੱਤੀ।

ਦੱਸ ਦੇਈਏ ਕਿ ਡੇਰਾ ਹਿੰਸਾ ਨਾਲ ਸਬੰਧਤ ਦੂਜੇ ਮਾਮਲੇ 'ਚ ਅਦਾਲਤ ਨੇ ਦੋਸ਼ਾਂ ਨੂੰ ਹਟਾਇਆ ਹੈ। ਇਕ ਸਥਾਨਕ ਅਦਾਲਤ ਨੇ ਇਸ ਤੋਂ ਪਹਿਲਾਂ ਪਹਿਲੀ ਮਈ, 2018 ਨੂੰ ਛੇ ਡੇਰਾ ਪ੍ਰੇਮੀਆਂ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ ਸੀ। 20 ਅਗਸਤ, 2017 ਨੂੰ ਡੇਰਾ ਸਿਰਸਾ ਪ੍ਰਮੁੱਖ ਰਾਮ ਰਹੀਮ ਨੂੰ ਬਲਾਤਕਾਰ ਦਾ ਦੋਸ਼ੀ ਸਾਬਤ ਕੀਤੇ ਜਾਣ ਤੋਂ ਬਾਅਦ ਪੰਜਾਬ ਤੇ ਹਰਿਆਣਾ 'ਚ ਵੱਡੀ ਗਿਣਤੀ ਵਿਚ ਹਿੰਸਕ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ ਸੀ। ਇਸ ਦੌਰਾਨ ਵੱਡੀ ਗਿਣਤੀ 'ਚ ਜਾਨੀ ਨੁਕਸਾਨ ਦੇ ਨਾਲ-ਨਾਲ ਮਾਲੀ ਨੁਕਸਾਨ ਵੀ ਹੋਇਆ ਸੀ। ਕਈ ਥਾਈਂ ਜਨਤਕ ਸੰਪਤੀ ਨੂੰ ਨੁਕਸਾਨ ਪਹੁੰਚਾਇਆ ਗਿਆ ਸੀ।

# ਬਰਗਾੜੀ ਮੋਰਚੇ ਲਈ ਵਿਦੇਸ਼ਾਂ ਵਿਚੋਂ ਆਇਆ ਪੈਸਾ, ਗਰਮਖਿਆਲੀਆਂ 'ਤੇ ਸ਼ੱਕ

**ਚੰਡੀਗੜ੍ਹ:** ਮੁਤਵਾਜ਼ੀ ਜਥੇਦਾਰਾਂ ਵੱਲੋਂ ਬਰਗਾੜੀ ਵਿਚ ਲਾਏ ਮੋਰਚੇ ਲਈ ਵਿਦੇਸ਼ਾਂ ਵਿਚੋਂ ਪੈਸਾ ਆਉਣ ਬਾਰੇ ਹੋਏ ਖੁਲਾਸੇ ਪਿੱਛੋਂ ਮਾਮਲਾ ਭਖ ਗਿਆ ਹੈ। ਪਤਾ ਲੱਗਾ ਹੈ ਕਿ ਪੈਸਾ ਦੇਣ ਵਾਲਿਆਂ ਵਿਚ ਐਨ.ਆਰ.ਆਈ. ਤੋਂ ਇਲਾਵਾ ਅਕਾਲੀ ਦਲ (ਮਾਨ) ਤੇ ਕਾਂਗਰਸ ਦੇ ਵੱਡੇ ਆਗੂ ਵੀ ਸ਼ਾਮਲ ਹਨ। ਇਸ ਖੁਲਾਸੇ ਪਿੱਛੋਂ ਇੰਟੈਲੀਜੈਂਸ ਏਜੰਸੀਆਂ ਹਰਕਤ ਵਿਚ ਆ ਗਈਆਂ ਹਨ। ਏਜੰਸੀਆਂ ਇਸ ਗੱਲ ਉਤੇ ਵਿਸ਼ੇਸ਼ ਨਜ਼ਰ ਰੱਖ ਰਹੀਆਂ ਹਨ ਕਿ ਇਸ ਫੰਡਿੰਗ ਵਿਚ ਕੌਣ-ਕੌਣ ਲੋਕ ਹਿੱਸਾ ਪਾ ਰਹੇ ਹਨ।



ਪਤਾ ਲੱਗਾ ਹੈ ਕਿ ਏਜੰਸੀ ਹੱਥ ਇਕ ਲਿਸਟ ਲੱਗੀ ਹੈ। ਇਕ ਹਿੰਦੀ ਅਖਬਾਰ ਮੁਤਾਬਕ ਇਸ ਵਿਚ ਸਭ ਤੋਂ ਵੱਡੀ ਰਕਮ 3.10 ਲੱਖ ਰੁਪਏ, ਬਾਰੇ ਏਜੰਸੀਆਂ ਇਹ ਪਤਾ ਨਹੀਂ ਲਾ ਸਕੀਆਂ ਕਿ ਇਹ ਰਕਮ ਕਿਸ ਨੇ ਭੇਜੀ ਹੈ। ਤਕਰੀਬਨ ਇਕ ਮਹੀਨੇ ਤੋਂ ਚੱਲ ਰਹੇ ਮੋਰਚੇ ਦੌਰਾਨ ਇਹ ਸਭ ਤੋਂ ਵੱਡੀ ਰਕਮ ਹੈ। ਲਿਸਟ ਵਿਚ ਵੀ ਇਸ ਨੂੰ ਅਮਰੀਕਾ ਦੀ ਸੰਗਤ ਵੱਲੋਂ ਭੇਜੀ ਰਕਮ ਵਜੋਂ ਦਰਸਾਇਆ ਗਿਆ ਹੈ। ਦੱਸ ਦਈਏ ਕਿ ਮੁਤਵਾਜ਼ੀ ਜਥੇਦਾਰਾਂ ਨੇ ਬਰਗਾੜੀ ਕਾਂਡ ਦੇ ਦੋਸ਼ੀਆਂ ਨੂੰ ਕਾਬੂ ਕਰਨ ਸਮੇਤ ਹੋਰ ਮੰਗਾਂ ਨੂੰ ਲੈ ਕੇ ਮੋਰਚਾ ਲਾਇਆ ਹੋਇਆ ਹੈ। ਦਸਤਾਵੇਜ਼ਾਂ ਮੁਤਾਬਕ ਜਥੇਦਾਰਾਂ ਨੂੰ ਮੋਰਚਾ ਲਾਉਣ ਤੋਂ ਪਹਿਲਾਂ ਹੀ ਫੰਡਿੰਗ ਹੋਣੀ ਸ਼ੁਰੂ ਹੋ ਗਈ ਸੀ।

14 ਜੂਨ ਨੂੰ ਲੰਗਰ ਲਈ 11 ਹਜ਼ਾਰ ਰੁਪਏ ਪਟਿਆਲਾ ਦੇ ਰਹਿਣ ਵਾਲੇ ਹਰਬੰਸ ਸਿੰਘ, 17 ਜੂਨ ਨੂੰ ਬਾਬਾ ਸ਼ਿੰਦਰ ਸਿੰਘ ਫ਼ਤਿਹਗੜ੍ਹ ਸਵਰਾਵਾਂ ਨੇ 21 ਹਜ਼ਾਰ ਰੁਪਏ ਅਤੇ ਸੁਖਵਿੰਦਰ ਸਿੰਘ ਨਾਮ ਦੇ ਇਟਲੀ ਦੇ ਰਹਿਣ ਵਾਲੇ ਸ਼ਖਸ ਨੇ ਮੋਰਚੇ ਦੀ ਸਮਾਪਤੀ ਤੱਕ ਲੰਗਰ ਲਈ ਗੁਪਤ ਦਾਨ ਦੇਣ ਦਾ ਐਲਾਨ ਕੀਤਾ ਹੋਇਆ ਹੈ। 11 ਜੁਲਾਈ ਨੂੰ ਯੂ.ਐਸ.ਏ. ਤੋਂ 3.10 ਲੱਖ ਰੁਪਏ ਜੋ ਕਿ 45 ਸੌ ਅਮਰੀਕੀ ਡਾਲਰ ਦੇ ਤੌਰ ਉਤੇ ਆਏ ਸਨ। ਇੰਟੈਲੀਜੈਂਸ ਨਾਲ ਜੁੜੇ ਇਕ ਸੂਤਰ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਗੱਲ ਦਾ ਸ਼ੱਕ ਹੈ ਇਹ ਪੈਸਾ ਅਮਰੀਕਾ ਬੈਠੇ ਗਰਮਖਿਆਲੀਆਂ ਨੇ ਭੇਜਿਆ ਹੈ। ਏਜੰਸੀ ਦੀ ਨਜ਼ਰ ਸਿੱਖ ਫਾਰ ਜਸਟਿਸ ਉਤੇ ਹੈ। ਹਾਲਾਂਕਿ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦਾ ਕਹਿਣਾ ਹੈ ਕਿ ਇਹ ਰਕਮ ਸੰਗਤ ਨੇ ਭੇਜੀ ਹੈ, ਨਾ ਕਿ ਕਿਸੇ ਜਥੇਬੰਦੀ ਨੇ ਭੇਜੀ ਹੈ।

## ਬਰਗਾੜੀ ਵਾਲੇ ਧਰਨੇ ਪਿੱਛੇ ਕੈਪਟਨ ਸਰਕਾਰ ਦਾ ਹੱਥ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ 'ਤੇ ਬਰਗਾੜੀ ਵਿਚ ਬੈਠੇ ਧਰਨਾਕਾਰੀਆਂ ਦੀ ਪਿੱਠ ਥਾਪੜਨ ਤੇ ਵਿੱਤੀ ਇਮਦਾਦ ਦੇਣ ਦੇ ਦੋਸ਼ ਲਾਏ ਹਨ। ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ ਦਲ ਦੇ ਬੁਲਾਰੇ ਨੇ ਕਿਹਾ ਕਿ 'ਕਾਂਗਰਸ ਵੱਲੋਂ ਪੰਜਾਬ ਵਿਚ ਅਮਨ ਅਤੇ ਭਾਈਚਾਰਕ ਸਾਂਝ ਨੂੰ ਲਾਂਬੂ ਲਾਉਣ ਅਤੇ ਸਿੱਖ ਪੰਥ ਤੇ ਪੰਜਾਬ ਵਿਰੁੱਧ ਵੱਡੇ ਦੁਖਾਂਤ ਦੀ ਗਹਿਰੀ ਸਾਜ਼ਿਸ਼ ਰਚੀ ਗਈ ਹੈ।

ਅਕਾਲੀ ਦਲ ਨੇ ਦੋਸ਼ ਲਾਇਆ ਕਿ ਕਾਂਗਰਸ ਪਾਰਟੀ ਬਰਗਾੜੀ ਵਿਚ ਆਪਣੀ ਹੀ ਸਰਕਾਰ ਵਿਰੁੱਧ ਆਪ ਹੀ ਅਖੌਤੀ ਧਰਨਾ ਲਾਉਣ ਦਾ ਵੱਡਾ ਡਰਾਮਾ ਕਰ ਰਹੀ ਹੈ, ਜਿਸ ਦਾ ਸਾਰਾ ਇੰਤਜ਼ਾਮ ਸਰਕਾਰ ਵੱਲੋਂ ਖੁਦ ਹੀ ਕੀਤਾ ਜਾ ਰਿਹਾ ਹੈ।

# ਪੰਚਾਇਤੀ ਰਾਜ ਸੰਸਥਾਵਾਂ ਦੀਆਂ ਚੋਣਾਂ ਲਈ ਮਾਹੌਲ ਭਖਿਆ

**ਚੰਡੀਗੜ੍ਹ:** ਪੰਜਾਬ ਵਿਚ ਸਤੰਬਰ ਮਹੀਨੇ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਹੋਣ ਵਾਲੀਆਂ ਚੋਣਾਂ ਲਈ ਮਾਹੌਲ ਭਖ ਗਿਆ ਹੈ ਤੇ ਇਸ ਗੱਲ ਦੀ ਪੱਕੀ ਸੰਭਾਵਨਾ ਹੈ ਕਿ ਪੇਂਡੂ ਵਿਕਾਸ ਨਾਲ ਸਬੰਧਤ ਇਨ੍ਹਾਂ ਚੋਣਾਂ ਵਿਚ ਸੱਤਾਧਾਰੀ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਸਿੱਧੀ ਟੱਕਰ ਹੋ ਜਾਏ ਕਿਉਂਕਿ ਇਹ ਦੋਵੇਂ ਪਾਰਟੀਆਂ ਪੰਚਾਇਤ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਆਪੋ-ਆਪਣੇ ਚੋਣ ਨਿਸ਼ਾਨ ਉਤੇ ਲੜਨ ਦਾ ਪਹਿਲਾਂ ਹੀ ਐਲਾਨ ਕਰ ਚੁੱਕੀਆਂ ਹਨ।

ਗਰਾਮ ਪੰਚਾਇਤਾਂ ਦੀਆਂ ਚੋਣਾਂ ਕੋਈ ਵੀ ਸਿਆਸੀ ਪਾਰਟੀ ਚੋਣ ਨਿਸ਼ਾਨ ਉਤੇ ਲੜਨ ਦੇ ਮੂਡ ਵਿਚ ਨਹੀਂ। ਜਿਥੋਂ ਤੱਕ ਆਮ ਆਦਮੀ ਪਾਰਟੀ (ਆਪ) ਦਾ ਸਬੰਧ ਹੈ, ਉਹ ਤਾਂ ਇਸ ਸਮੇਂ ਟੁੱਟ-ਭੱਜ ਦਾ ਸ਼ਿਕਾਰ ਲੱਗ ਰਹੀ ਹੈ। ਬਹੁਜਨ ਸਮਾਜ ਪਾਰਟੀ, ਭਾਰਤੀ ਜਨਤਾ ਪਾਰਟੀ ਤੇ ਖੱਬੀਆਂ ਪਾਰਟੀਆਂ ਮਾਕਪਾ ਤੇ ਭਾਕਪਾ ਸ਼ਾਇਦ ਹੀ ਆਪਣੇ ਚੋਣ ਨਿਸ਼ਾਨ ਉਤੇ ਮੈਦਾਨ ਵਿਚ ਉਤਰਨ। ਜ਼ਿਲ੍ਹਾ ਪ੍ਰੀਸ਼ਦਾਂ ਦੀ ਗਿਣਤੀ 22, ਬਲਾਕ ਸੰਮਤੀਆਂ 150 ਤੇ 12,500 ਦੀ ਗਿਣਤੀ ਗਰਾਮ ਪੰਚਾਇਤਾਂ ਦੀ ਹੈ। ਇਨ੍ਹਾਂ ਤਿੰਨਾਂ ਸੰਸਥਾਵਾਂ ਦਾ ਪ੍ਰਬੰਧ ਰਾਜ ਸਰਕਾਰ ਵੱਲੋਂ ਨਾਮਜ਼ਦ ਕੀਤੇ ਗਏ ਅਧਿਕਾਰੀਆਂ ਨੇ ਫਿਲਹਾਲ ਸੰਭਾਲ ਲਿਆ ਹੈ।

ਕੈਪਟਨ ਸਰਕਾਰ ਦੇ ਰਾਜ ਵਿਚ ਪਿਛਲੇ



ਕਈ ਸਾਲਾਂ ਤੋਂ ਪਿੱਛੋਂ ਇਹ ਚੋਣਾਂ ਤੇ ਕਮੇਟੀਆਂ ਦੀ ਨਾਮਜ਼ਦਗੀ ਪਹਿਲੀ ਵਾਰ ਹੋਣ ਜਾ ਰਹੀ ਹੈ। ਰਾਜ ਦੀ ਕਾਂਗਰਸ ਸਰਕਾਰ ਪਹਿਲਾਂ ਹੀ ਪੰਜਾਬ ਰਾਜ ਚੋਣ ਕਮਿਸ਼ਨ ਨੂੰ ਤੁਰਤ ਚੋਣਾਂ ਕਰਾਉਣ ਦੀ ਹਰੀ ਝੰਡੀ ਦੇ ਚੁੱਕੀ ਹੈ ਤੇ ਚੋਣ ਕਮਿਸ਼ਨ ਕਿਸੇ ਵੀ ਸਮੇਂ ਚੋਣ ਪ੍ਰੋਗਰਾਮ ਦਾ ਬਾਕਾਇਦਾ ਐਲਾਨ ਕਰ ਸਕਦਾ ਹੈ।

# ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਿਆਸੀ ਸਰਗਰਮੀਆਂ ਤੋਂ ਕਿਨਾਰਾ

**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਉਤੇ ਅੱਧੀ ਸਦੀ ਤੱਕ ਰਾਜ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ ਹੁਣ ਪਰਦੇ ਤੋਂ ਦੂਰ ਹੋ ਰਹੇ ਹਨ। ਉਂਜ ਤਾਂ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ



ਹਾਰਨ ਮਗਰੋਂ ਹੀ ਉਨ੍ਹਾਂ ਨੇ ਆਪਣੀ ਸਿਆਸੀ ਸਰਗਰਮੀ ਘਟਾ ਦਿੱਤੀ ਸੀ ਪਰ ਅੱਜ ਕੱਲ੍ਹ ਸਿਹਤ ਦੇ ਲਿਹਾਜ਼ ਨਾਲ ਉਹ ਪਰਦੇ ਤੋਂ ਪੂਰੀ ਤਰ੍ਹਾਂ ਲੋਪ ਹੋ ਗਏ ਹਨ। ਮੀਡੀਆ ਰਿਪੋਰਟਾਂ ਮੁਤਾਬਕ 91 ਸਾਲਾ ਸਾਬਕਾ ਮੁੱਖ ਮੰਤਰੀ ਦੀ ਸਿਹਤ ਸਾਥ ਨਹੀਂ ਦੇ ਰਹੀ।

ਡਾਕਟਰਾਂ ਨੇ ਉਨ੍ਹਾਂ ਨੂੰ ਗਰਮੀ ਵਿਚ ਬਾਹਰ ਨਿਕਲਣ ਤੋਂ ਵਰਜ ਦਿੱਤਾ ਹੈ। ਉਨ੍ਹਾਂ ਨਾਲ 24 ਘੰਟੇ ਡਾਕਟਰਾਂ ਦੀ ਟੀਮ ਤਾਇਨਾਤ ਰਹਿੰਦੀ ਹੈ। ਕੈਪਟਨ ਸਰਕਾਰ ਵੱਲੋਂ ਸਾਬਕਾ ਮੁੱਖ ਮੰਤਰੀ ਨਾਲ ਤਿੰਨ ਡਾਕਟਰਾਂ ਤੇ ਇਕ ਫਾਰਮਾਸਿਸਟ ਦੀ ਟੀਮ ਪੱਕੇ ਤੌਰ ਉਤੇ ਤਾਇਨਾਤ ਕੀਤੀ ਹੋਈ ਹੈ। ਇਸ ਵੇਲੇ ਉਹ ਬਾਲਾਸਰ ਫਾਰਮ ਹਾਊਸ ਵਿਚ ਹਨ। ਬਾਦਲ ਦਾ ਜਨਮ 8 ਦਸੰਬਰ, 1927 ਨੂੰ ਹੋਇਆ ਸੀ। ਵਿਧਾਨ ਸਭਾ ਚੋਣਾਂ ਹਾਰਨ ਮਗਰੋਂ ਬਾਦਲ ਨੇ ਜਨਤਕ ਤੇ ਸਿਆਸੀ ਸਮਾਗਮਾਂ ਤੋਂ ਕਿਨਾਰਾਕਸ਼ੀ ਕਰ ਲਈ ਸੀ।

ਸ਼ਾਹਕੋਟ ਜ਼ਿਮਨੀ ਚੋਣ ਦੇ ਸਿਆਸੀ ਰੌਲੇ-ਰੱਪੇ ਤੋਂ ਵੀ ਉਹ ਦੂਰ ਹੀ ਰਹੇ। ਭੋਗਾਂ ਤੇ ਵਿਆਹਾਂ ਉਤੇ ਜਾਣ ਤੋਂ ਵੀ ਉਹ ਹੁਣ ਗੁਰੇਜ਼ ਕਰਦੇ ਹਨ। ਅਕਾਲੀ ਦਲ ਦੀਆਂ ਮੀਟਿੰਗਾਂ ਵਿਚ ਵੀ ਉਹ ਸ਼ਿਰਕਤ ਨਹੀਂ ਕਰਦੇ।

ਉਂਜ ਬਾਦਲ ਦੇ ਨੇੜਲੇ ਸੂਤਰਾਂ ਦਾ ਕਹਿਣਾ ਹੈ ਕਿ ਉਹ ਅਜੇ ਵੀ ਆਮ ਬੰਦੇ ਨਾਲੋਂ ਜ਼ਿਆਦਾ ਚੇਤੰਨ ਹਨ। ਉਹ ਰੋਜ਼ਾਨਾ ਵਰਜ਼ਸ਼ ਕਰਦੇ ਹਨ। ਅਖਬਾਰ ਪੜ੍ਹਦੇ ਹਨ ਤੇ ਸਿਆਸਤ ਦੀ ਪੂਰੀ ਸੂਹ ਰੱਖਦੇ ਹਨ।

# ਪੰਜਾਬ ਦੇ ਸਰਹੱਦੀ ਲੋਕਾਂ ਨੇ ਪਿੰਡਾਂ ਦੀ ਲਾਈ ਬੋਲੀ

**ਫਾਜ਼ਿਲਕਾ:** ਦਰਿਆਵਾਂ ਦੀ ਧਰਤੀ ਪੰਜਾਬ ਉਤੇ ਹੀ ਪਾਣੀ ਦੀ ਮੰਗ ਨੂੰ ਲੈ ਕੇ ਕਿਸਾਨ ਮਰਨ ਵਰਤ ਬੈਠੇ ਹਨ। ਜ਼ਿਲ੍ਹਾ ਫਾਜ਼ਿਲਕਾ ਦੇ ਕਈ ਪਿੰਡਾਂ ਅੰਦਰ ਸਿੰਚਾਈ ਲਈ ਨਹਿਰੀ ਪਾਣੀ ਪੂਰਾ ਨਾ ਮਿਲਣ ਕਾਰਨ ਸਮੁੱਚੇ ਜ਼ਿਲ੍ਹੇ ਦੇ ਕਿਸਾਨਾਂ ਵਿਚ ਹਾਹਾਕਾਰ ਮਚੀ ਹੋਈ ਹੈ।

ਡਿਪਟੀ ਕਮਿਸ਼ਨਰ ਦਫਤਰ ਫਾਜ਼ਿਲਕਾ ਦੇ ਬਾਹਰ ਰੋਸ ਧਰਨੇ ਉਤੇ ਮਰਨ ਵਰਤ 'ਤੇ ਬੈਠੇ ਕਿਸਾਨਾਂ ਨੇ ਦੁਖੀ ਹੋ ਕੇ ਆਪਣੇ ਪਿੰਡਾਂ ਨੂੰ ਵੇਚਣ ਲਈ ਬੋਲੀ ਉਤੇ ਲਗਾ ਦਿੱਤਾ ਹੈ। ਇਹ ਸਭ ਕੁਝ ਸੱਤਾਧਾਰੀ ਆਗੂਆਂ ਅਤੇ ਆਲਾ ਅਫਸਰਾਂ ਦੇ ਸਾਹਮਣੇ ਹੋ ਰਿਹਾ ਹੈ।

ਨਹਿਰੀ ਪਾਣੀ ਦੀ ਮੰਗ ਲਈ ਧਰਨੇ ਉਤੇ ਬੈਠੇ ਵੱਖ-ਵੱਖ ਪਿੰਡਾਂ ਦੇ ਕਿਸਾਨਾਂ ਦਾ ਕਹਿਣਾ




ਹੈ ਕਿ ਕਿਸਾਨ ਪਿਛਲੇ ਕਾਫੀ ਸਮੇਂ ਤੋਂ ਆਪਣੇ ਪਿੰਡਾਂ ਅੰਦਰ ਪਾਣੀ ਦੀ ਕਿੱਲਤ ਨੂੰ ਕੇ ਸੰਘਰਸ਼ ਕਰ ਰਹੇ ਹਨ। ਸਮੇਂ-ਸਮੇਂ ਉਤੇ ਉਹ ਸਿਆਸੀ ਆਗੂਆਂ ਅਤੇ ਉਚ ਅਧਿਕਾਰੀਆਂ ਤੱਕ ਆਪਣੀ ਆਵਾਜ਼ ਪਹੁੰਚਾ ਚੁੱਕੇ ਹਨ, ਪਰ ਕਿਸੇ ਨੇ ਵੀ ਉਨ੍ਹਾਂ ਦੀ ਸਮੱਸਿਆ ਵੱਲ ਧਿਆਨ ਨਹੀਂ ਦਿੱਤਾ। ਜਿਸ ਕਾਰਨ ਉਨ੍ਹਾਂ ਨੇ ਆਪਣੇ ਪਿੰਡਾਂ ਨੂੰ ਵਿਕਾਊ ਐਲਾਨ ਦਿੱਤਾ ਹੈ ਅਤੇ ਇਸ ਸਮੱਸਿਆ ਤੋਂ ਨਿਜਾਤ ਪਾਉਣ ਲਈ ਖੁਦ ਮਰਨ ਵਰਤ ਉਤੇ ਬੈਠ ਗਏ ਹਨ। ਨਹਿਰੀ ਵਿਭਾਗ ਦੇ ਐਕਸੀਅਨ ਮੁਖਤਿਆਰ ਸਿੰਘ ਦਾ ਕਹਿਣਾ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਡੈਮਾਂ ਵਿਚ 70-70 ਫੁੱਟ ਪਾਣੀ ਘੱਟ ਹੈ, ਪੰਜਾਬ ਦੀਆਂ ਸਾਰੀਆਂ ਨਹਿਰਾਂ ਵਿਚ 50 ਫੀਸਦੀ ਪਾਣੀ ਦੀ ਕਮੀ ਹੈ। ਜੇਕਰ ਪਹਾੜਾਂ ਉਤੇ ਛੇਤੀ ਬਾਰਸ਼ ਨਾ ਹੋਈ ਤਾਂ ਸੋਕੇ ਦੀ ਸਥਿਤੀ ਵੀ ਬਣ ਸਕਦੀ ਹੈ।

# ਰਾਮੂਵਾਲੀਆ ਨੇ ਪੰਜਾਬ 'ਚ ਵਧਾਈਆਂ ਸਰਗਰਮੀਆਂ

**ਲੁਧਿਆਣਾ:** ਲੋਕ ਭਲਾਈ ਪਾਰਟੀ ਦੇ ਮੁਖੀ ਬਲਵੰਤ ਸਿੰਘ ਰਾਮੂਵਾਲੀਆ ਨੇ ਪੰਜਾਬ ਦੀ ਸਿਆਸਤ ਵਿਚ ਮੁੜ ਵਾਪਸੀ ਕੀਤੀ ਹੈ। ਯੂਪੀ ਵਿਚ 'ਸਪਾ' ਸਰਕਾਰ ਦੇ ਜੇਲ੍ਹ ਮੰਤਰੀ ਰਹਿ ਚੁੱਕੇ



ਬਲਵੰਤ ਸਿੰਘ ਰਾਮੂਵਾਲੀਆ ਨੇ ਲੁਧਿਆਣਾ ਵਿਚ ਲੋਕ ਭਲਾਈ ਪਾਰਟੀ ਦੀ ਮੀਟਿੰਗ ਕੀਤੀ, ਜਿਸ ਵਿਚ ਉਨ੍ਹਾਂ ਦੇ ਸੈਂਕੜੇ ਮੈਂਬਰ ਮੌਜੂਦ ਸਨ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਦੁਬਾਰਾ ਤੋਂ ਲੋਕ ਭਲਾਈ ਪਾਰਟੀ ਨੂੰ ਸੁਰਜੀਤ ਕਰਨਗੇ, ਜਿਸ ਲਈ ਉਨ੍ਹਾਂ ਨੇ ਸ਼ੁਰੂਆਤ ਕਰ ਦਿੱਤੀ ਹੈ।

ਰਾਮੂਵਾਲੀਆ ਨੇ ਕਿਹਾ ਕਿ ਲੋਕ ਸਭਾ ਚੋਣਾਂ 2019 'ਚ ਜੇਕਰ ਉਤਰ ਪ੍ਰਦੇਸ਼ ਅੰਦਰ ਸਪਾ ਤੇ ਕਾਂਗਰਸ ਦਾ ਗੱਠਜੋੜ ਹੁੰਦਾ ਹੈ ਤਾਂ ਪੰਜਾਬ 'ਚ ਵੀ ਸਪਾ ਤੇ ਕਾਂਗਰਸ ਦਾ ਗੱਠਜੋੜ ਹੋਵੇਗਾ। ਸਪਾ ਤੇ ਬਸਪਾ ਤਾਂ 2019 'ਚ ਗੱਠਜੋੜ ਦੇ ਤਹਿਤ ਹੀ ਚੋਣਾਂ ਲੜਨਗੀਆਂ। ਉਤਰ ਪ੍ਰਦੇਸ਼ ਵਿਚ ਵਿਧਾਨ ਸਭਾ ਦੇ ਵਿਧਾਨ ਪਰਿਸ਼ਦ ਮੈਂਬਰ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਕਿ ਉਹ ਨਸ਼ੇ ਦੇ ਮੁੱਦੇ ਉਤੇ ਸੂਬੇ ਵਿਚ ਵੱਡੀ ਮੁਹਿੰਮ ਵੱਢਣਗੇ। ਉਨ੍ਹਾਂ ਲੋਕ ਭਲਾਈ ਪਾਰਟੀ ਦੇ ਇਸ ਗਠਨ ਨੂੰ ਗੈਰ ਸਿਆਸੀ ਮੰਚ ਐਲਾਨਦਿਆਂ ਕਿਹਾ ਕਿ ਸਪਾ ਸੁਪਰੀਮੋ ਨਾਲ ਗੱਲ ਕਰ ਕੇ ਇਸ ਨੂੰ ਰਾਜਸੀ ਰੰਗ ਦਿੱਤਾ ਜਾਏਗਾ।

ਸ੍ਰੀ ਰਾਮੂਵਾਲੀਆ ਨੇ ਦੱਸਿਆ ਕਿ ਉਨ੍ਹਾਂ ਨੇ ਲੋਕ ਭਲਾਈ ਪਾਰਟੀ ਦਾ ਫਿਰ ਤੋਂ ਗਠਨ ਕੀਤਾ ਹੈ। ਇਸ ਦੌਰਾਨ ਭਾਰੀ ਗਿਣਤੀ ਵਿਚ ਪਾਰਟੀ ਦੇ ਪੁਰਾਣੇ ਵਰਕਰ ਪੁੱਜੇ ਹੋਏ ਸਨ। ਉਨ੍ਹਾਂ ਨਸ਼ੇ ਦੇ ਮੁੱਦੇ ਉਤੇ ਵੀ ਵਰਕਰਾਂ ਨਾਲ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਉਹ ਪੰਜਾਬ ਵਿਚ ਪਾਰਟੀ ਦਾ ਵਿਸਥਾਰ ਜਲਦੀ ਕਰਨਗੇ। ਫਿਲਹਾਲ ਇਹ ਗੈਰ ਸਿਆਸੀ ਮੰਚ ਹੈ। ਉਨ੍ਹਾਂ ਕਿਹਾ ਕਿ ਮੀਟਿੰਗ ਦੌਰਾਨ ਉਨ੍ਹਾਂ ਨੇ 10-10 ਮੈਂਬਰਾਂ ਦੀਆਂ 100 ਟੀਮਾਂ ਤਿਆਰ ਕੀਤੀਆਂ ਹਨ, ਜੋ ਆਪਣੇ ਆਪਣੇ ਇਲਾਕੇ ਵਿਚ ਨਸ਼ਾ ਵੇਚਣ ਵਾਲਿਆਂ ਖਿਲਾਫ ਮੁਹਿੰਮ ਚਲਾਉਣਗੀਆਂ।

# ਨਿੱਜੀ ਟ੍ਰਾਂਸਪੋਰਟਰਾਂ 'ਤੇ ਸ਼ਿਕੰਜਾ ਕੱਸਣ ਦਾ ਰਾਹ ਸਾਫ

**ਚੰਡੀਗੜ੍ਹ:** ਸੂਬੇ ਵਿਚ ਨਵੀਂ ਟ੍ਰਾਂਸਪੋਰਟ ਨੀਤੀ ਨੂੰ ਅਮਲ ਵਿਚ ਲਿਆਉਣ ਤੇ ਗੈਰ ਕਾਨੂੰਨੀ ਪਰਮਿਟਾਂ ਵਾਲੇ ਪ੍ਰਾਈਵੇਟ ਟ੍ਰਾਂਸਪੋਰਟਰਾਂ ਉਤੇ ਸ਼ਿਕੰਜਾ ਕੱਸਣ ਦਾ ਰਸਤਾ ਸਾਫ ਹੋ ਗਿਆ ਹੈ। ਪੰਜਾਬ ਦੇ ਪ੍ਰਾਈਵੇਟ ਬੱਸ ਆਪ੍ਰੇਟਰਾਂ ਨੂੰ ਜਾਰੀ ਕਾਰਨ ਦੱਸੋ ਨੋਟਿਸ 'ਤੇ ਰੋਕ ਲਾਉਣ ਲਈ ਸਿੰਗਲ ਬੈਂਚ ਦੇ ਫੈਸਲੇ ਉਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਡਬਲ ਬੈਂਚ ਨੇ ਰੋਕ ਲਾ ਦਿੱਤੀ ਹੈ।

ਪੰਜਾਬ ਸਰਕਾਰ ਨੇ ਹਾਈ ਕੋਰਟ ਦੇ ਸਿੰਗਲ ਬੈਂਚ ਦੇ ਫੈਸਲੇ ਖਿਲਾਫ ਡਬਲ ਬੈਂਚ ਵਿਚ ਅਪੀਲ ਦਾਇਰ ਕਰਕੇ ਸਿੰਗਲ ਬੈਂਚ ਦੇ ਫੈਸਲੇ ਉਤੇ ਰੋਕ ਲਾਉਣ ਦੀ ਮੰਗੀ ਕੀਤੀ ਸੀ। ਪੰਜਾਬ ਸਰਕਾਰ ਵੱਲੋਂ ਗੈਰ ਕਾਨੂੰਨੀ ਪਰਮਿਟ ਰੱਖਣ ਵਾਲੇ 650 ਪ੍ਰਾਈਵੇਟ ਟ੍ਰਾਂਸਪੋਰਟਰਾਂ ਨੂੰ ਨੋਟਿਸ ਜਾਰੀ ਕਰ ਪੁੱਛਿਆ ਗਿਆ ਸੀ ਕਿ ਕਿਉਂ ਨਾ ਉਨ੍ਹਾਂ ਦੇ ਸਟੇਟ ਕੈਰਿਜ ਪਰਮਿਟਾਂ ਨੂੰ ਕੈਂਸਲ ਕਰ ਦਿੱਤਾ ਜਾਵੇ।

ਇਸ ਫੈਸਲੇ ਖਿਲਾਫ ਪ੍ਰਾਈਵੇਟ ਟ੍ਰਾਂਸਪੋਰਟਰਾਂ ਨੇ ਹਾਈ ਕੋਰਟ ਦੇ ਸਿੰਗਲ ਬੈਂਚ




ਕੋਲ ਪਟੀਸ਼ਨ ਦਾਇਰ ਕਰ ਨੋਟਿਸ ਰੱਦ ਕਰਨ ਦੀ ਮੰਗ ਕੀਤੀ ਸੀ। ਸਿੰਗਲ ਬੈਂਚ ਨੇ 23 ਮਈ, 2018 ਨੂੰ ਪਟੀਸ਼ਨ ਦੀ ਪਹਿਲੀ ਸੁਣਵਾਈ ਉਤੇ ਹੀ ਨੋਟਿਸ 'ਤੇ ਰੋਕ ਲਾ ਦਿੱਤੀ ਸੀ। ਹੁਣ ਇਸ ਫੈਸਲੇ ਖਿਲਾਫ ਸਰਕਾਰ ਨੇ ਡਬਲ ਬੈਂਚ ਨੂੰ ਅਪੀਲ ਕੀਤੀ ਸੀ।

ਵਧੀਕ ਐਡਵੋਕੇਟ ਜਨਰਲ ਰਮੀਜ਼ਾ ਹਕੀਮ ਨੇ ਬੈਂਚ ਨੂੰ ਸੂਬਾ ਸਰਕਾਰ ਦੀ ਕਾਰਵਾਈ ਤੇ ਨੀਤੀਆਂ ਨੂੰ ਸਹੀ ਕਰਾਰ ਦਿੰਦਿਆਂ ਦੱਸਿਆ ਕਿ ਸੁਪਰੀਮ ਕੋਰਟ ਵੱਲੋਂ ਦਿੱਤੇ ਫੈਸਲਿਆਂ ਨੂੰ ਧਿਆਨ ਵਿਚ ਰੱਖਦਿਆਂ ਇਨ੍ਹਾਂ ਪਟੀਸ਼ਨਾਂ ਨੂੰ ਰੱਦ ਕਰ ਦੇਣਾ ਚਾਹੀਦਾ ਹੈ। ਬੈਂਚ ਵੱਲੋਂ ਰੱਦ ਕੀਤੇ ਸਰਕਾਰ ਦੇ ਕਾਰਨ ਦੱਸੋ ਨੋਟਿਸ 'ਤੇ ਸਖਤ ਇਤਰਾਜ਼ ਜਤਾਉਂਦਿਆਂ ਕਿਹਾ ਕਿ ਵਿਜਯੰਤ ਟ੍ਰੈਵਲਜ਼ ਮਾਮਲੇ ਵਿਚ ਦਿੱਤੇ ਉਨ੍ਹਾਂ ਦੇ ਨਿਰਦੇਸ਼ਾਂ ਨੂੰ ਸਿੰਗਲ ਜੱਜ ਨੇ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਹੀ ਕਰ ਦਿੱਤਾ ਹੈ। ਸਿੰਗਲ ਬੈਂਚ ਦਾ ਫੈਸਲਾ ਉਲਟ ਜਾਣ ਕਾਰਨ ਹੁਣ ਟ੍ਰਾਂਸਪੋਰਟਰਾਂ ਨੂੰ ਸਰਕਾਰ ਵੱਲੋਂ ਜਾਰੀ ਕਾਰਨ ਦੱਸੋ ਨੋਟਿਸ ਦਾ ਜਵਾਬ ਦੇਣਾ ਪਵੇਗਾ। ਟ੍ਰਾਂਸਪੋਰਟਰਾਂ ਨੂੰ ਤਿੰਨ ਹਫਤਿਆਂ ਦੇ ਅੰਦਰ ਅੰਦਰ ਜਵਾਬ ਦੇਣਾ ਹੋਵੇਗਾ ਕਿ ਕਿਉਂ ਨਾ ਉਨ੍ਹਾਂ ਦੇ ਪਰਮਿਟ ਰੱਦ ਕੀਤੇ ਜਾਣ। ਮਾਮਲੇ ਦੀ ਅਗਲੀ ਸੁਣਵਾਈ 23 ਅਗਸਤ ਨੂੰ ਹੋਵੇਗੀ।

## ਕੈਨੇਡਾ 'ਚ ਡੁੱਬਣ ਕਾਰਨ ਪੰਜਾਬੀ ਦੀ ਮੌਤ

**ਕੁਰਾਲੀ:** ਕੈਨੇਡਾ ਵਸੇ ਨੌਜਵਾਨ ਦੀ ਵੈਨਕੂਵਰ ਦੇ ਝਰਨੇ ਵਿਚ ਨਹਾਉਂਦੇ ਸਮੇਂ ਪਾਣੀ ਵਿਚ ਡੁੱਬਣ ਕਾਰਨ ਮੌਤ ਹੋ ਗਈ। ਮੈਡੀਕਲ ਦੀ ਪੜ੍ਹਾਈ ਕਰ ਰਹੇ 21 ਸਾਲਾ ਗਗਨਦੀਪ ਸਿੰਘ ਦੇ ਤਾਇਆ ਤੇਜਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਭਤੀਜਾ ਪਰਿਵਾਰ ਸਮੇਤ ਕੈਨੇਡਾ ਵਿਚ ਰਹਿ ਰਿਹਾ ਸੀ।

ਗਗਨਦੀਪ ਵੈਨਕੂਵਰ ਦੀ ਗੋਲਡਨ ਈਅਰ ਪਾਰਕ ਦੇ ਝਰਨੇ ਵਿਚ ਨਹਾ ਰਿਹਾ ਸੀ। ਇਸੇ ਦੌਰਾਨ ਉਹ ਝਰਨੇ ਦੇ ਪਾਣੀ ਵਿਚ ਡੁੱਬ ਗਿਆ।

## ਟੈਕਨੀਕਲ 'ਵਰਸਿਟੀ ਬਠਿੰਡਾ ਦਾ ਵਿਦਿਆਰਥੀ ਬਣਿਆ ਇਸਰੋ ਵਿਗਿਆਨੀ

**ਬਠਿੰਡਾ:** ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੇ ਮਕੈਨੀਕਲ ਇੰਜੀਨੀਅਰਿੰਗ ਦੇ ਵਿਦਿਆਰਥੀ ਸੋਨਲ ਕੁਮਾਰ ਨੇ ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਤੱਕ ਪਹੁੰਚ ਕੇ ਮੱਲ ਮਾਰੀ ਹੈ।

ਇਸਰੋ ਵਿਗਿਆਨੀ ਸੋਨਲ ਕੁਮਾਰ, ਬਿਹਾਰ ਦੇ ਸ਼ਹਿਰ ਪਲਾਂਗਾ ਨਾਲ ਸਬੰਧਤ ਹੈ। ਉਸ ਦੀ ਪਹਿਲੀ ਪੋਸਟਿੰਗ ਹਸਨ (ਕਰਨਾਟਕ) ਵਿਚ ਵਿਗਿਆਨੀ ਦੇ ਤੌਰ ਉਤੇ ਹੋਈ ਹੈ।

ਜਗਤ ਤਮਾਸ਼ਾ



# ਖਾਮੋਸ਼ੀ ਦੇ ਕੁਝ ਪਲਾਂ ਖਾਤਰ

*ਦਲਬੀਰ ਸਿੰਘ ਪੰਜਾਬੀ ਦੇ ਉਨ੍ਹਾਂ ਕੁਝ ਕੁ ਪੱਤਰਕਾਰਾਂ ਵਿਚੋਂ ਸੀ ਜਿਸ ਪਾਸ ਪੱਤਰਕਾਰੀ ਦੇ ਅਸੂਲ ਮੁਤਾਬਕ ਘੱਟ ਤੋਂ ਘੱਟ ਸ਼ਬਦਾਂ ਵਿਚ ਵੱਧ ਤੋਂ ਵੱਧ ਗੱਲ ਕਹਿਣ ਦਾ ਹੁਨਰ ਸੀ। ਸੰਪਾਦਕੀ ਪੰਨੇ ਉਤੇ ਗੰਭੀਰ ਲੇਖਾਂ ਵਿਚਾਲੇ ਇਕ ਛੋਟਾ ਜਿਹਾ ਹਲਕਾਫੁਲਕਾ ਲੇਖ ਛਾਪਿਆ ਜਾਂਦਾ ਹੈ ਜਿਸ ਨੂੰ ਅੰਗਰੇਜ਼ੀ ਵਿਚ 'ਮਿਡਲ' ਕਿਹਾ ਜਾਂਦਾ ਹੈ। ਪੰਜਾਬੀ ਪੱਤਰਕਾਰੀ ਵਿਚ ਸ਼ਾਇਦ ਦਲਬੀਰ ਇਕੋ ਇਕ ਪੱਤਰਕਾਰ ਹੈ ਸੀ ਜਿਸ ਨੂੰ 'ਮਿਡਲ' ਸਹੀ ਅਰਥਾਂ ਵਿਚ ਲਿਖਣ ਦੀ ਜਾਚ ਸੀ। ਪੰਜਾਬੀ ਟ੍ਰਿਬਿਊਨ ਵਿਚ ਪਹਿਲਾਂ ਉਹ ਕਈ ਸਾਲ 'ਇਉਂ ਵੀ ਹੁੰਦੈ' ਨਾਂ ਹੇਠ ਕਾਲਮ ਲਿਖਦਾ ਰਿਹਾ ਅਤੇ ਫਿਰ ਉਸ ਨੇ ਇਸ ਦਾ ਨਵਾਂ 'ਜਗਤ ਤਮਾਸ਼ਾ' ਰੱਖ ਲਿਆ ਤੇ ਇਹ 'ਜਗਤ ਤਮਾਸ਼ਾ' ਉਸ ਦੇ ਨਾਂ ਨਾਲ ਹੀ ਜੁੜ ਗਿਆ। 28 ਜੁਲਾਈ 2007 ਨੂੰ ਉਹ ਸਦੀਵੀ ਵਿਛੋੜਾ ਦੇ ਗਿਆ। ਉਸ ਦੀ 11ਵੀਂ ਬਰਸੀ ਮੌਕੇ ਸ਼ਰਧਾਂਜਲੀ ਵਜੋਂ ਉਸ ਦਾ ਇਹ 'ਜਗਤ ਤਮਾਸ਼ਾ' ਛਾਪ ਰਹੇ ਹਾਂ। -ਸੰਪਾਦਕ*

ਦਲਬੀਰ ਸਿੰਘ

ਬੰਦੇ ਨੂੰ ਇਸ ਸ਼ੋਰ ਭਰੇ ਸੰਸਾਰ ਵਿਚ ਕੁਝ ਪਲ ਸ਼ਾਂਤੀ ਦੇ ਵੀ ਚਾਹੀਦੇ ਹਨ-ਅੰਦਰ ਤੇ ਬਾਹਰ ਦੀ ਮੁਕੰਮਲ ਸ਼ਾਂਤੀ ਦੇ। ਬਾਹਰਲੇ ਰੌਲੇ ਦੀ ਸਮਝ ਤਾਂ ਕਿਸੇ ਨੂੰ ਵੀ ਨਹੀਂ ਆਉਂਦੀ। ਸੋ, ਇਸ ਰੌਲੇ ਨੂੰ ਖਤਮ ਕੀਤਾ ਹੀ ਨਹੀਂ ਜਾ ਸਕਦਾ ਪਰ ਅੰਦਰਲੇ ਰੌਲੇ ਦੀ ਸਮਝ ਵੀ ਤਾਂ ਨਹੀਂ ਆਉਂਦੀ ਨਾ! ਇਸ ਰੌਲੇ ਨੂੰ ਸਮਝਣ ਤੇ ਇਸ ਤੋਂ ਬਚ ਨਿਕਲਣ ਲਈ ਕੋਈ ਰਾਹ ਤਾਂ ਜ਼ਰੂਰ ਲੱਭਣਾ ਚਹੀਦਾ ਹੈ। ਇਸ ਖਾਤਰ ਕੁਝ ਪਲਾਂ ਦੀ ਖਾਮੋਸ਼ੀ ਦਰਕਾਰ ਹੈ।

ਧਰਮ ਗੁਰੂ ਕਹਿੰਦੇ ਆ ਰਹੇ ਹਨ ਕਿ ਜਦੋਂ ਮਨੁੱਖ ਕੁਝ ਪਲ ਖਾਮੋਸ਼ੀ ਦੇ ਬਿਤਾਉਣ ਦੇ ਸਮਰੱਥ ਹੁੰਦਾ ਹੈ, ਉਦੋਂ ਉਹ 'ਸਿਰਜਣਹਾਰ' ਦੇ ਨੇੜੇ ਹੁੰਦਾ ਹੈ। ਧਰਮ ਗੁਰੂ ਇਹ ਵੀ ਕਹਿੰਦੇ ਹਨ ਕਿ ਸਿਰਜਣਹਾਰ ਨੂੰ ਪਾ ਲੈਣ ਨਾਲ ਹੀ ਮਨੁੱਖ ਦਾ ਜਨਮ ਸਫਲਾ ਹੋ ਜਾਂਦਾ ਹੈ। ਇਸ ਲਈ ਬਹੁਤ ਸਾਰੇ ਸੰਤ ਮਹਾਤਮਾ ਅਤੇ ਖੋਜੀ, ਸਿਰਜਣਹਾਰ ਦੀ ਭਾਲ ਕਰਨ ਅਤੇ ਉਸ ਨੂੰ ਪਾ ਲੈਣ ਲਈ ਕਈ ਤਰ੍ਹਾਂ ਦੇ ਤਰੱਦਦ ਕਰਦੇ ਆ ਰਹੇ ਹਨ। ਇਸ ਨੂੰ ਆਮ ਭਾਸ਼ਾ ਵਿਚ ਪਾਪੜ ਵੇਲਣਾ ਵੀ ਕਹਿ ਸਕਦੇ ਹਾਂ। ਕੁਝ ਲੋਕ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੇ ਉਸ ਦੇ ਦਰਸ਼ਨ ਕੀਤੇ ਹੋਏ ਹਨ ਪਰ ਉਹ ਦੱਸ ਨਹੀਂ ਸਕਦੇ ਕਿ ਉਹ ਕਿਸ ਤਰ੍ਹਾਂ ਦਾ ਦਿਸਦਾ ਹੈ। ਫਿਰ ਵੀ ਮੁਸੱਵਰਾਂ ਨੇ ਨਾ ਸਿਰਫ ਰੱਬ ਦੀਆਂ ਹੀ ਸਗੋਂ ਉਸ ਦੇ ਘੱਲੇ ਗੁਰੂਆਂ ਦੀਆਂ ਤਸਵੀਰਾਂ ਵੀ ਬਣਾਈਆਂ ਹੋਈਆਂ ਹਨ।

ਇਸ ਮਾਮਲੇ ਵਿਚ ਈਸਾ ਮਸੀਹ ਦੀ ਮਿਸਾਲ ਬਹੁਤ ਹੀ ਢੁਕਵੀਂ ਹੈ। ਜਿੰਨੀਆਂ ਵੀ ਤਸਵੀਰਾਂ ਈਸਾ ਦੀਆਂ ਮਿਲਦੀਆਂ ਹਨ, ਉਹ ਸੱਭੇ ਐਸੇ ਚਿੱਤਰਕਾਰਾਂ ਨੇ ਬਣਾਈਆਂ ਹਨ, ਜਿਨ੍ਹਾਂ ਨੇ ਈਸਾ ਨੂੰ ਕਦੀ ਵੀ ਨਹੀਂ ਸੀ ਦੇਖਿਆ। ਉਹ ਦੇਖ ਹੀ ਨਹੀਂ ਸਨ ਸਕਦੇ। ਈਸਾ ਨੂੰ ਹੋਇਆਂ ਦੋ ਹਜਾਰ ਸਾਲ ਤੋਂ ਵੱਧ ਹੋ ਗਏ ਹਨ ਅਤੇ ਉਦੋਂ ਤਸਵੀਰ ਬਣਾਉਣ ਦੇ ਬਹੁਤੇ ਸਾਧਨ ਨਹੀਂ ਸਨ ਹੁੰਦੇ। ਇਹੀ ਨਹੀਂ, ਈਸਾ ਜਾਂ ਯਸੂ ਕੋਈ ਏਨਾ ਅਮੀਰ ਵੀ ਨਹੀਂ ਸੀ ਕਿ ਕਿਸੇ ਨੂੰ ਪੈਸੇ ਦੇ ਕੇ ਆਪਣੀ ਤਸਵੀਰ ਬਣਵਾ ਸਕੇ। ਉਹ ਤਾਂ ਇਕ ਸਾਧਾਰਨ ਗਡਰੀਆ ਸੀ ਜੋ ਭੇਡਾਂ ਚਾਰਦਾ ਸਮੇਂ ਦੇ ਧਰਮ ਗੁਰੂਆਂ ਵਲੋਂ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਅਤੇ ਕੁੱਟ ਦੇ ਖਿਲਾਫ ਲੋਕਾਂ ਨੂੰ ਜਾਗਰੂਕ ਕਰਨ ਤੁਰ ਪਿਆ ਸੀ। ਇਕ ਸਾਧਾਰਨ ਗਡਰੀਏ ਦੀ ਤਸਵੀਰ ਬਣਾਉਣ ਵਿਚ ਕਿਸੇ ਵੀ ਮੁਸੱਵਰ ਦੀ ਕੋਈ ਦਿਲਚਸਪੀ ਜਾਂ ਇੱਛਾ ਕਦਾਚਿਤ ਨਹੀਂ ਸੀ ਹੋ ਸਕਦੀ।

ਵੈਸੇ ਵੀ ਯਸੂ ਸਮੇਂ ਦੀ ਸਰਕਾਰ ਦਾ ਬਾਗੀ ਸੀ। ਬਾਗੀਆਂ ਨੂੰ ਸਰਕਾਰ ਤੋਂ ਬਚ ਕੇ ਰਹਿਣਾ ਪੈਂਦਾ ਹੈ। ਯਸੂ ਵੀ ਲਗਦੀ ਵਾਹ ਸਰਕਾਰੀ ਫੌਜਾਂ ਦੇ ਸਾਹਮਣੇ ਨਹੀਂ ਸੀ ਹੁੰਦਾ। ਜਦੋਂ ਆਖਰ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਬਦਅਮਨੀ ਫੈਲਾਉਣ ਦਾ ਦੋਸ਼ੀ ਕਰਾਰ ਦੇ ਕੇ ਸੂਲੀ ਉਤੇ ਚੜ੍ਹਾ ਦਿਤਾ ਗਿਆ। ਰੋਮਨ ਬਾਗੀਆਂ ਨੂੰ ਇਕ ਸਲੀਬ ਉਤੇ ਟੰਗ ਕੇ ਹੱਥਾਂ ਅਤੇ ਪੈਰਾਂ ਵਿਚ ਕਿੱਲ ਠੋਕ ਦਿੰਦੇ ਸਨ ਅਤੇ ਬੰਦਾ ਸਲੀਬ 'ਤੇ ਟੰਗਿਆ ਖੂਨ ਵਗਣ ਕਾਰਨ ਦਮ ਤੋੜ ਜਾਂਦਾ ਸੀ। ਜਦੋਂ ਯਸੂ ਨੂੰ ਸਲੀਬ 'ਤੇ ਟੰਗਿਆ ਗਿਆ, ਉਦੋਂ ਉਸ ਦੇ ਚੇਲਿਆਂ ਦੀ ਗਿਣਤੀ ਬਹੁਤੀ ਨਹੀਂ ਸੀ। ਜੋ ਸਨ ਵੀ, ਉਨ੍ਹਾਂ ਨੂੰ ਵੀ ਸੂਲੀ 'ਤੇ ਚੜ੍ਹਾ ਦਿਤਾ ਗਿਆ।

ਇਸ ਲਈ ਇਹ ਕਿਆਸ ਕਰਨਾ ਹੋਰ ਵੀ ਔਖਾ ਹੈ ਕਿ ਜੇ ਕੋਈ ਚੇਲਾ ਬਚ ਵੀ ਨਿਕਲਿਆ ਹੋਵੇ ਤਾਂ ਉਹ ਚੰਗਾ ਪੇਂਟਰ ਵੀ ਹੋਵੇਗਾ ਅਤੇ ਉਸ ਨੇ ਯਸੂ ਦੀ ਤਸਵੀਰ ਬਣਾਉਣ ਦੀ ਕੋਸ਼ਿਸ਼ ਕੀਤੀ ਹੋਵੇਗੀ। ਏਨੀਆਂ ਸੰਭਾਵਨਾਵਾਂ ਇਹ ਦਸਦੀਆਂ ਹਨ ਕਿ ਈਸਾ ਦੀ ਕੋਈ ਵੀ ਅਸਲੀ ਤਸਵੀਰ ਸੰਸਾਰ ਕੋਲ ਨਹੀਂ ਹੈ। ਫਿਰ ਵੀ ਜੋ ਤਸਵੀਰਾਂ ਕੈਲੰਡਰਾਂ 'ਤੇ ਜਾਂ ਕਿਤਾਬਾਂ ਵਿਚ ਮਿਲਦੀਆਂ ਹਨ, ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਈਸਾ ਮਸੀਹ ਬਹੁਤ ਹੀ ਖੂਬਸੂਰਤ ਸ਼ਕਲ ਸੂਰਤ ਅਤੇ ਸ਼ਖਸੀਅਤ ਦਾ ਮਾਲਕ ਸੀ। ਪਰ ਜੋ ਖੋਜ ਪੁਰਾਣੀਆਂ ਲਿਖਤਾਂ ਤੋਂ ਕੀਤੀ ਗਈ ਹੈ, ਉਸ ਤੋਂ ਪ੍ਰਭਾਵ ਲਿਆ ਗਿਆ ਹੈ ਕਿ ਯਸੂ ਸ਼ਕਲੋਂ ਕੋਈ ਬਹੁਤ ਸੋਹਣਾ ਬੰਦਾ ਨਹੀਂ ਸੀ। ਕੁਝ ਲੋਕਾਂ ਦਾ ਤਾਂ ਇਥੋਂ ਤਕ ਕਹਿਣਾ ਹੈ ਕਿ ਉਹ ਨਾ ਸਿਰਫ ਕੁੱਬਾ ਹੀ ਸੀ ਸਗੋਂ ਲੰਗ ਮਾਰ ਕੇ ਤੁਰਦਾ ਸੀ। ਇਰਵਿੰਗ ਵੈਲੇਸ ਦੀ ਕਿਤਾਬ 'ਵਰਡ' ਵਿਚ ਦਸਿਆ ਗਿਆ ਹੈ ਕਿ ਯਸੂ ਨੂੰ ਕਸੋਹਣੇ ਬੰਦਿਆਂ ਵਿਚ ਹੀ ਰਖਿਆ ਜਾ ਸਕਦਾ ਹੈ।

ਜਦੋਂ ਕਿਸੇ ਵੀ ਮਹਾਪੁਰਖ ਜਾਂ ਯੁਗ ਪੁਰਸ਼ ਦੀ ਤਸਵੀਰ ਕੋਈ ਸ਼ਰਧਾਵਾਨ ਬਣਾਉਂਦਾ ਹੈ, ਉਦੋਂ ਉਸ ਵਿਚ ਸ਼ਰਧਾ ਦਾ ਭਰਿਆ ਜਾਣਾ ਯਕੀਨੀ ਹੁੰਦਾ ਹੈ। ਸ਼ਰਧਾਵਾਨ ਕਦੀ ਵੀ ਆਪਣੇ ਗੁਰੂ ਨੂੰ ਮਾੜਾ ਨਹੀਂ ਚਿਤਵ ਸਕਦਾ। ਉਸ ਲਈ ਤਾਂ ਉਸ ਦਾ ਗੁਰੂ ਸੰਸਾਰ ਦਾ ਸਭ ਤੋਂ ਹੁਸੀਨ ਬੰਦਾ ਹੁੰਦਾ ਹੈ। ਇਸ ਲਈ ਜਦੋਂ ਵੀ ਸ਼ਰਧਾਵਾਨ ਆਪਣੇ ਗੁਰੂ ਦੀ ਤਸਵੀਰ ਬਣਾਏਗਾ ਤਾਂ ਗੁਰੂ ਨੂੰ ਆਪਣੇ ਵਲੋਂ ਦੇਖੇ ਗਏ ਸਭ ਤੋਂ ਖੂਬਸੂਰਤ ਬੰਦੇ ਦੀ ਸੂਰਤ ਰਾਹੀਂ ਹੀ ਦੇਖੇਗਾ। ਇਸੇ ਲਈ ਤਾਂ ਕਈ ਚਿੱਤਰਕਾਰਾਂ ਵਲੋਂ ਗੁਰੂ ਨਾਨਕ ਦੀਆਂ ਤਸਵੀਰਾਂ ਵਿਚ ਉਨ੍ਹਾਂ ਨੂੰ ਸੋਹਲ ਜਿਹਾ ਬੰਦਾ ਦਿਖਾਇਆ ਜਾਂਦਾ ਰਿਹਾ ਹੈ। ਪਰ ਜੇ ਗੁਰੂ ਜੀ ਦੇ ਜੀਵਨ ਨੂੰ ਘੋਖਿਆ ਜਾਵੇ ਤਾਂ ਪਤਾ ਲਗੇਗਾ ਕਿ ਖਾਂਦੇ ਪੀਂਦੇ ਘਰ ਪੈਦਾ ਹੋ ਕੇ ਵੀ ਜਦੋਂ ਉਹ ਲੋਕਾਂ ਵਿਚ ਚੇਤਨਾ ਪੈਦਾ ਕਰਨ ਘਰੋਂ ਨਿਕਲ ਤੁਰੇ ਸਨ ਤਾਂ ਰੱਥ ਜਾਂ ਹਾਥੀਆਂ ਘੋੜਿਆਂ ਉਤੇ ਨਹੀਂ ਸਨ ਨਿਕਲੇ। ਉਹ ਤਾਂ ਪੈਦਲ ਹੀ ਤੁਰੇ ਸਨ। ਪੈਦਲ ਤੁਰਨ ਵਾਲਿਆਂ ਦੇ ਨਾ ਤਾਂ ਕੱਪੜੇ ਹੀ ਰੇਸ਼ਮੀ ਹੁੰਦੇ ਹਨ ਅਤੇ ਨਾ ਉਨ੍ਹਾਂ ਦੇ ਪੈਰ ਮਖਮਲੀ ਹੁੰਦੇ ਹਨ।

ਬੰਦਾ ਜਦੋਂ ਵੀ ਰੱਬ ਨੂੰ ਸਿਰਜਦਾ ਹੈ ਤਾਂ ਉਸ ਵਿਚੋਂ ਆਪਣੀ ਹੀ ਸੂਰਤ ਦੇਖਦਾ ਹੈ। ਜੋ ਕੁਝ ਵੀ ਉਸ ਨੂੰ ਚੰਗਾ ਜਾਂ ਸੋਹਣਾ ਲਗਦਾ ਹੈ, ਉਸ ਨੂੰ ਹੀ ਉਹ ਆਪਣੇ ਇਸ਼ਟ ਜਾਂ ਸਿਰਜਣਹਾਰ ਦੇ ਰੂਪ ਵਿਚ ਸੋਚ ਲੈਂਦਾ ਹੈ। ਇਹ ਗੱਲ ਤਾਂ ਨਹੀਂ ਭੁੱਲੀ ਜਾ ਸਕਦੀ ਕਿ ਮਨੁੱਖ ਨੂੰ ਸਭ ਤੋਂ ਚੰਗੀ ਆਪਣੀ ਹੀ ਸੂਰਤ ਲਗਦੀ ਹੈ। ਮਨੁੱਖ ਸਾਰੀ ਕਾਇਨਾਤ ਵਿਚੋਂ ਸਿਰਫ ਮਨੁੱਖ ਨੂੰ ਹੀ ਪਿਆਰ ਕਰਦਾ ਹੈ ਅਤੇ ਉਸ ਦਾ ਰੱਬ ਵੀ ਮਨੁੱਖੀ ਰੂਪ ਵਾਲਾ ਹੀ ਹੁੰਦਾ ਹੈ। ਜਿਹੜੇ ਦੇਵੀ ਦੇਵਤੇ ਉਸ ਨੇ ਜਾਨਵਰਾਂ ਦੇ ਰੂਪ ਵਾਲੇ ਚਿਤਵੇ ਵੀ ਹਨ ਉਹ ਜਾਂ ਤਾਂ ਅਣਚਿਤਵੇ ਨੂੰ ਭੇਤਪੂਰਨ ਬਣਾਉਣ ਲਈ ਚਿਤਵੇ ਅਤੇ ਜਾਂ ਫਿਰ ਆਮ ਲੋਕਾਂ ਨੂੰ ਡਰਾਉਣ ਖਾਤਰ। ਜੇ ਰੱਬ ਤੋਂ ਜਾਂ ਰੱਬ ਦੇ ਸਰੂਪ ਤੋਂ ਲੋਕ ਡਰਨਗੇ ਹੀ ਨਹੀਂ ਤਾਂ ਫਿਰ ਉਨ੍ਹਾਂ ਦੀ ਸਿਰਜਣਾ ਕਰਨ ਵਾਲੇ ਦੀ ਘਾਲ ਕਮਾਈ ਤਾਂ ਖੂਹ ਖਾਤੇ ਹੀ ਪੈ ਜਾਵੇਗੀ ਨਾ!

ਮਾਮਲਾ ਏਨਾ ਸੌਖਾ ਨਹੀਂ ਕਿ ਇਸ ਨੂੰ ਮੇਰੇ ਵਰਗਾ ਸਿੱਧਾ ਬੰਦਾ ਵੀ ਬਿਆਨ ਕਰ ਸਕੇ। ਪਰ ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਜਦੋਂ ਧਰਮ ਗੁਰੂ ਸਾਨੂੰ ਦਸਦੇ ਹਨ ਕਿ ਸਾਧਨਾ ਕਰਦੇ ਸਮੇਂ ਸ਼ੂੰਨਯ ਨੂੰ ਹਾਸਲ ਕਰਨਾ ਜ਼ਰੂਰੀ ਹੈ ਤਾਂ ਉਹ ਬਹੁਤ ਹੀ ਭੇਦ ਦੀ ਗੱਲ ਦੱਸ ਰਹੇ ਹੁੰਦੇ ਹਨ। ਭੇਦ ਇਹ ਹੈ ਕਿ ਜਦੋਂ ਮਨੁੱਖ ਨੂੰ ਮਾਨਸਕ ਸ਼ਾਂਤੀ ਚਾਹੀਦੀ ਹੋਵੇ, ਉਦੋਂ ਉਸ ਨੂੰ ਆਪਣੇ ਇਸ਼ਟ ਨੂੰ ਚਿਤਵ ਲੈਣਾ ਚਾਹੀਦਾ ਹੈ। ਜਿਵੇਂ ਕਿ ਪਹਿਲਾਂ ਹੀ ਕਿਹਾ ਹੈ ਕਿ ਹਰੇਕ ਬੰਦੇ ਦਾ ਇਸ਼ਟ ਸਦਾ ਹੀ ਉਸ ਦਾ ਸਭ ਤੋਂ ਸੋਹਣਾ ਚਿਤਵਿਆ ਮਨੁੱਖ ਹੀ ਹੁੰਦਾ ਹੈ। ਇਸੇ ਲਈ ਤਾਂ ਮਜਨੂੰ ਵਰਗਾ ਆਸ਼ਕ ਕਹਿੰਦਾ ਹੈ ਕਿ ਰੱਬ ਨੇ ਜੇ ਉਸ ਨੂੰ ਮਿਲਣ ਆਉਣਾ ਹੈ ਤਾਂ ਉਹ ਲੈਲਾ ਦਾ ਰੂਪ ਧਾਰ ਕੇ ਆਵੇ। ਉਸ ਲਈ ਲੈਲਾ ਹੀ ਸਭ ਤੋਂ ਖੂਬਸੂਰਤ ਪ੍ਰਾਣੀ ਹੈ। ਇਸ ਲਈ ਉਸ ਨੂੰ ਰੱਬ ਉਸੇ ਦੇ ਰੂਪ ਵਿਚ ਹੀ ਦਿਸਦਾ ਹੈ।

ਜਿਵੇਂ ਮਜਨੂੰ ਦਾ ਰੱਬ ਲੈਲਾ ਹੈ, ਉਵੇਂ ਹੀ ਕਰੀਬ ਹਰ ਨਰ ਜਾਂ ਨਾਰੀ ਦਾ ਕੋਈ ਨਾ ਕੋਈ ਰੱਬ ਜ਼ਰੂਰ ਹੁੰਦਾ ਹੈ। ਕਥਾ ਕਹਾਣੀਆਂ ਵਿਚ ਜਦੋਂ ਕੋਈ ਵਾਰਸ ਸ਼ਾਹ ਵਰਗਾ ਹੀਰ ਅਤੇ ਰਾਂਝੇ ਦੀ ਕਹਾਣੀ ਨੂੰ ਇਸ਼ਕ ਹਕੀਕੀ ਤਕ ਪੁਚਾ ਦਿੰਦਾ ਹੈ ਤਾਂ ਹੀਰ ਦਾ ਰੱਬ ਰਾਂਝਾ ਅਤੇ ਰਾਂਝੇ ਦਾ ਰੱਬ ਹੀਰ ਹੋ ਜਾਂਦੀ ਹੈ। ਮਜਨੂੰ ਲਈ ਲੈਲਾ ਹੀ ਰੱਬ ਹੁੰਦੀ ਹੈ ਅਤੇ ਸੋਹਣੀ ਲਈ ਮਹੀਂਵਾਲ ਰੱਬ ਹੋ ਨਿਬੜਦਾ ਹੈ। ਜਦੋਂ ਉਨ੍ਹਾਂ ਨੂੰ ਰੱਬ ਨੂੰ ਧਿਆਉਣ ਦੀ ਲੋੜ ਪੈਂਦੀ ਹੈ ਤਾਂ ਉਹ ਇਕ ਦੂਜੇ ਨੂੰ ਹੀ ਧਿਆ ਲੈਂਦੇ ਹਨ। ਜੋ ਲੋਕ ਇਸ ਤਰ੍ਹਾਂ ਰੱਬ ਨੂੰ ਮਨੁੱਖੀ ਰੂਪ ਵਿਚ ਪਾ ਲੈਂਦੇ ਹਨ, ਉਹ ਸਮੇਂ ਅਤੇ ਮੌਤ ਉਤੇ ਕਾਬੂ ਪਾ ਲੈਂਦੇ ਹਨ। ਪਤਾ ਨਹੀਂ ਸ਼ੋਰ 'ਤੇ ਕਾਬੂ ਪਾਉਂਦੇ ਹਨ ਜਾਂ ਨਹੀਂ!

ਧਰਮ ਗੁਰੂ ਕਹਿੰਦੇ ਹਨ ਕਿ ਜੇ ਮਨੁੱਖ ਨੇ ਦੋ ਪਲ ਸ਼ਾਂਤੀ ਦੇ ਬਿਤਾਉਣੇ ਹੋਣ ਤਾਂ ਉਸ ਨੂੰ ਕਿਸੇ ਨਾ ਕਿਸੇ ਮੰਤਰ ਦਾ ਜਾਪ ਕਰਨਾ ਚਾਹੀਦਾ ਹੈ। ਹਰੇਕ ਧਰਮ ਦੇ ਗੁਰੂਆਂ ਨੇ ਆਪੋ ਆਪਣੇ ਅਸਰ ਹੇਠਲੇ ਮਨੁੱਖਾਂ ਨੂੰ ਆਪਣੇ ਪ੍ਰਭਾਵ ਹੇਠ ਕਰਨ ਅਤੇ ਰੱਖਣ ਲਈ ਵੱਖ ਵੱਖ ਮੰਤਰ ਬਣਾਏ ਹੋਏ ਹਨ। ਕਿਹਾ ਇਹ ਜਾਂਦਾ ਹੈ ਕਿ ਸਿਰਫ ਉਨ੍ਹਾਂ ਦੇ ਮੰਤਰ ਰਾਹੀਂ ਹੀ ਸਾਧਕ ਅਸਲ ਸਾਧਨਾ ਕਰ ਸਕਦਾ ਹੈ। ਜਦੋਂ ਕੋਈ ਸਾਧਕ ਕਿਸੇ ਖਾਸ ਧਰਮ ਗੁਰੂ ਜਾਂ ਧਰਮ ਸੰਸਥਾ ਦੇ ਖਾਤੇ ਵਿਚ ਰਹਿ ਕੇ ਅਤੇ ਖੇਤ ਵਿਚ ਬਹਿ ਕੇ ਸਾਧਨਾ ਕਰੇਗਾ ਤਾਂ ਉਸੇ ਦੇ ਹੀ ਮੰਤਰ ਨੂੰ ਵੀ ਉਚਾਰੇਗਾ। ਕਿਉਂਕਿ ਧਰਮ ਵਾਲੇ ਰਸਤੇ ਵੀ ਬਹੁਤ ਹਨ ਅਤੇ ਧਰਮ ਗੁਰੂਆਂ ਦੀ ਗਿਣਤੀ ਵੀ ਬਥੇਰੀ ਹੈ, ਇਸ ਲਈ ਮਨ ਦੀ ਸ਼ਾਂਤੀ ਲਈ ਪੜ੍ਹੇ ਜਾਣ ਵਾਲੇ ਮੰਤਰ ਵੀ ਬਹੁਤ ਹਨ। ਪਤਾ ਹੀ ਨਹੀਂ ਲਗਦਾ ਕਿ ਕੌਣ ਕਿਹੜਾ ਮੰਤਰ ਉਚਾਰੀ ਜਾ ਰਿਹਾ ਹੈ।

ਜਿਸ ਨੂੰ ਇਸ਼ਕ ਹੈ, ਉਸ ਨੂੰ ਕਿਸੇ ਮੰਤਰ ਦੀ ਲੋੜ ਨਹੀਂ। ਉਸ ਦਾ ਮਨ ਸ਼ਾਂਤ ਹੈ। ਉਸ ਕੋਲ ਪਹਿਲਾਂ ਹੀ ਆਪਣਾ ਵੱਖਰਾ ਅਤੇ ਨਿਵੇਕਲਾ ਮੰਤਰ ਹੈ। ਕਿਸੇ ਧਰਮ ਗੁਰੂ ਦਾ ਮੰਤਰ ਉਸ ਨੇ ਕੀ ਕਰਨਾ ਹੈ? ਜਿਸ ਨੇ ਕਦੀ ਇਸ਼ਕ ਨਹੀਂ ਕੀਤਾ, ਉਸ ਦੇ ਮਨ ਵਿਚ ਸ਼ੋਰ ਹੈ। ਕਿਸੇ ਦੇ ਮਨ ਵਿਚ ਚੋਰ ਹੈ ਅਤੇ ਕਿਸੇ ਦੇ ਮਨ ਵਿਚ ਸ਼ੋਰ। ਸ਼ਾਂਤੀ ਹੀ ਕਿਤੇ ਨਹੀਂ ਮਿਲਦੀ।

ਅਜਿਹੇ ਸ਼ੋਰੀਲੇ ਸੰਸਾਰ ਵਿਚ ਦੋ ਪਲ ਦੀ ਸ਼ਾਂਤੀ ਲਈ ਕਿਸੇ ਪਹਾੜੀ ਕੰਦਰ ਦੀ ਲੋੜ ਦਰਕਾਰ ਹੈ ਜਾਂ ਕੁਝ ਪਲਾਂ ਦਾ ਮੌਨ ਵਰਤ। ਇਕ ਦਿਨ ਦਾ ਮੌਨ ਰੱਖਣ ਦੀ ਮੇਰੀ ਕੋਸ਼ਿਸ਼ ਚਾਰ ਘੰਟਿਆਂ ਵਿਚ ਹੀ ਵਿਫਲ ਹੋ ਗਈ ਸੀ ਅਤੇ ਖੌਰੂ ਪਾਉਂਦੇ ਸੰਸਾਰ ਦੀ ਜਿੱਤ ਹੋ ਗਈ ਸੀ। ਜਿਸ ਪੁਰਖ ਨੂੰ ਇਕ ਦਿਨ ਦਾ ਵੀ ਮੌਨ ਰੱਖਣ ਦੀ ਇਜਾਜ਼ਤ ਨਾ ਮਿਲਦੀ ਹੋਵੇ ਉਸ ਦੇ ਅੰਦਰਲੇ ਖੌਰੂ ਦਾ ਪਤਾ ਮੁਰਾਰੀ ਵਰਗੇ ਬੇਭਾਗੇ ਨੂੰ ਹੀ ਹੋ ਸਕਦਾ ਹੈ।

# ਗੰਧਲੀ ਹੋ ਚੁਕੀ ਭਾਰਤੀ ਸਿਆਸਤ ਅਤੇ ਆਮ ਲੋਕ

ਗਰ ਹੋ ਸਕੇ ਤੋ ਅਬ ਕੋਈ ਸ਼ਮਾਂ ਜਲਾਈਏ
ਕਿ ਦੌਰ-ਏ-ਸਿਆਸਤ ਕਾ
ਅੰਧੇਰਾ ਮਿਟਾਈਏ।
ਬਸ ਕੀਜੀਏ ਔਰ
ਆਕਾਸ਼ ਸੇ ਨਾਹਰੇ ਉਛਾਲਨਾ
ਯੇਹ ਜੰਗ ਹੈ ਜੰਗ ਮੇਂ ਤਾਕਤ ਜੁਟਾਈਏ।
(ਸਵਾਮੀ ਅਗਨੀਵੇਸ਼)

ਸੋਹਨ ਲਾਲ ਸਾਂਪਲਾ

ਭਾਰਤ ਵਿਚ ਜੁਮਲੇਬਾਜ਼ ਲੀਡਰ ਫੜ੍ਹਾਂ ਮਾਰ ਰਹੇ ਹਨ ਕਿ ਨਰੇਂਦਰ ਮੋਦੀ ਦੀ ਅਗਵਾਈ ਹੇਠ ਚਾਰ ਸਾਲ ਵਿਚ ਭਾਰਤ ਬਹੁਤ ਤਰੱਕੀ ਕਰ ਗਿਆ ਹੈ। ਝੂਠ-ਤੂਫਾਨ ਜਿੰਨਾ ਮਰਜ਼ੀ ਭਾਜਪਾ ਅਤੇ ਆਰ. ਐਸ. ਐਸ. ਸਰਕਾਰ ਬੋਲੀ ਜਾਵੇ ਪਰ ਸੱਚਾਈ ਤੋਂ ਕੋਹਾਂ ਦੂਰ ਹੈ। ਇਕ ਪਾਸੇ ਭਾਰਤ ਕਰਜ਼ ਵਿਚ ਡੁੱਬਿਆ ਪਿਆ ਹੈ, ਦੀਵਾਲੀਏਪਣ ਦੇ ਕਿਨਾਰੇ ਖੜ੍ਹਾ ਹੈ ਅਤੇ ਦੂਜੇ ਪਾਸੇ ਅੱਜ ਦੇ ਯੁਗ ਵਿਚ ਗਜ਼ਨੀ ਤੇ ਗੌਰੀ ਵਰਗੇ ਲੁਟੇਰੇ ਬਣ ਗਏ ਸਰਕਾਰ ਅਤੇ ਲੀਡਰਾਂ ਦੀ ਮਿਲੀਭੁਗਤ ਨਾਲ ਬੈਂਕ ਲੁੱਟੇ ਗਏ। ਇਸ ਦੀ ਮਿਸਾਲ ਦੁਨੀਆਂ ਵਿਚ ਕਿਤੇ ਨਹੀਂ ਮਿਲਦੀ। ਬੈਂਕਾਂ ਨੂੰ 176 ਅਰਬ ਰੁਪਏ ਤੋਂ ਵੱਧ ਦਾ ਰਗੜਾ ਲੱਗ ਚੁਕਾ ਹੈ। ਭਾਰਤੀ ਰਿਜ਼ਰਵ ਬੈਂਕ ਅਨੁਸਾਰ ਪਿਛਲੇ ਪੰਜ ਸਾਲਾਂ ਵਿਚ ਹੀ 61,201 ਕਰੋੜ ਰੁਪਏ ਦਾ ਕਰਜ਼ਾ ਹੇਰਾ-ਫੇਰੀ ਕਰਕੇ ਦਿੱਤਾ ਗਿਆ।

ਕੁਰਸੀ ਦਾ ਨਸ਼ਾ ਬੰਦੇ ਨੂੰ ਇਸ ਹੱਦ ਤਕ ਰੋਗੀ ਬਣਾ ਦਿੰਦਾ ਹੈ ਕਿ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ, ਜੋ ਜੇਲ੍ਹ ਦੀ ਹਵਾ ਵੀ ਖਾ ਚੁਕੇ ਹਨ, ਤੇ ਇਨ੍ਹਾਂ ਦਾ ਲੜਕਾ ਕੁਝ ਹੀ ਦਿਨਾਂ ਵਿਚ ਲੱਖਾਂ ਤੋਂ ਕਰੋੜਾਂ ਦਾ ਮਾਲਕ ਬਣ ਬੈਠਾ ਹੈ, ਨੇ ਆਪਣੇ ਘੁਮੰਡੀ ਭਾਸ਼ਣ 'ਚ ਕਿਹਾ ਹੈ ਕਿ ਮੋਦੀ ਦਾ ਅਜਿਹਾ ਤੂਫਾਨ ਆਇਆ ਕਿ ਸਾਰੇ ਕੁੱਤੇ-ਬਿੱਲੀਆਂ ਦਰਖਤਾਂ ਉਪਰ ਚੜ੍ਹ ਗਏ। ਕਿੰਨੀ ਹਾਸੋ-ਹੀਣੀ ਗੱਲ ਹੈ। ਉਸ ਦਾ ਇਸ਼ਾਰਾ ਸੀ-ਵਿਰੋਧੀ ਦਲ ਇਕ ਮੰਚ ਉਪਰ ਇਕੱਠੇ ਹੋ ਰਹੇ ਹਨ।

ਦੂਜੇ ਬੰਨੇ ਹਾਲ ਇਹ ਹੈ ਕਿ ਮੋਦੀ ਦੇ ਲੋਕ ਸਭਾ ਹਲਕੇ ਵਾਰਾਣਸੀ ਦੇ ਲੋਕ ਕਹਿ ਰਹੇ ਹਨ ਕਿ ਉਨ੍ਹਾਂ ਨਾਲ ਛਲ ਹੋਇਆ ਹੈ। ਪਹਿਲਾਂ ਲੋਕ ਦੁੱਧ ਪੀਂਦੇ ਸਨ, ਹੁਣ ਪਿਸ਼ਾਬ ਪੀਣਾ ਪਵਿਤਰ ਕਿਹਾ ਜਾ ਰਿਹਾ ਹੈ। ਦੇਸ਼ ਵਾਸੀਆਂ ਨੂੰ ਬੁਧੀਮਾਨ ਬਣਾਉਣ ਦੀ ਥਾਂ ਅੰਧਵਿਸ਼ਵਾਸੀ ਅਤੇ ਰੂੜੀਵਾਦੀ ਬਣਾਇਆ ਜਾ ਰਿਹਾ ਹੈ। ਜੇ ਆਪਣੀਆਂ ਮੰਗਾਂ ਨੂੰ ਲੈ ਕੇ ਕੋਈ ਆਵਾਜ਼ ਬੁਲੰਦ ਕਰਦਾ ਹੈ ਤਾਂ ਉਸ 'ਤੇ ਝੂਠੇ ਕੇਸ ਪਾ ਕੇ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ। ਦੇਸ਼ ਵਿਚ 27 ਲੱਖ ਆਂਗਨਵਾੜੀ ਔਰਤਾਂ ਸੰਘਰਸ਼ ਕਰ ਰਹੀਆਂ ਹਨ ਪਰ ਕਿਤੇ ਕੋਈ ਸੁਣਵਾਈ ਨਹੀਂ। ਕਿਸਾਨ ਅਲੱਗ ਦੁਖੀ ਹਨ ਅਤੇ ਖੁਦਕੁਸ਼ੀ ਕਰ ਰਹੇ ਹਨ। ਤਨਖਾਹਾਂ ਨਾ ਵਧਣ ਕਰਕੇ ਮੁੰਬਈ ਵਿਚ ਬੱਸਾਂ ਵਾਲਿਆਂ ਨੇ ਹੜਤਾਲ ਕੀਤੀ ਜਿਸ ਨਾਲ 65 ਲੱਖ ਲੋਕਾਂ ਨੂੰ ਰੋਜ਼ਾਨਾ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅਖਬਾਰ 'ਟਾਈਮਜ਼ ਆਫ ਇੰਡੀਆ' ਨੇ 24 ਅਪਰੈਲ 2018 ਨੂੰ ਲਿਖਿਆ ਸੀ ਕਿ ਰਾਜਸਥਾਨ ਸਕੱਤਰੇਤ ਲਈ ਚਪੜਾਸੀ ਦੀਆਂ 18 ਅਸਾਮੀਆਂ ਲਈ 12,453 ਅਰਜ਼ੀਆਂ ਆਈਆਂ ਜਿਨ੍ਹਾਂ ਵਿਚ 129 ਇੰਜੀਨੀਅਰ ਵੀ ਸਨ। ਪੜ੍ਹੀਆਂ-ਲਿਖੀਆਂ ਕੁੜੀਆਂ ਨੂੰ ਨੌਕਰੀ ਨਾ ਮਿਲਣ ਕਰਕੇ ਉਹ ਸਾਊਦੀ ਅਰਬ ਵਿਚ ਜਾ ਕੇ ਗੁਲਾਮੀ ਦੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਬੇਰੁਜ਼ਗਾਰੀ ਕਾਰਨ ਪੰਜਾਬ ਵਿਚ ਨੌਜਵਾਨ ਨਸ਼ਿਆਂ ਦੀ ਦਲਦਲ ਵਿਚ ਫਸ ਗਏ ਹਨ। ਉਪਰੋਂ ਸਰਕਾਰ ਸ਼ਰਾਬ ਦੇ ਠੇਕੇ ਧੜਾਧੜ ਖੋਲ੍ਹ ਰਹੀ ਹੈ। ਹਰਿਆਣਾ ਦੀ ਭਾਜਪਾ ਸਰਕਾਰ ਪ੍ਰਾਚੀਨ ਨਦੀ ਸਰਸਵਤੀ ਦੀ ਖੋਜ 'ਤੇ 260 ਕਰੋੜ ਰੁਪਏ ਖਰਚ ਕਰ ਰਹੀ ਹੈ ਪਰ ਨਦੀ ਤਾਂ ਕੀ ਲੱਭਣੀ ਸੀ, ਇਕ ਗਿਲਾਸ ਪਾਣੀ ਵੀ ਨਾ ਲੱਭਾ। ਇਸ ਯੋਜਨਾ ਦਾ ਕੀ ਲਾਭ ਜੇ ਲੋਕ ਪਾਣੀ ਤੋਂ ਪਿਆਸੇ ਮਰ ਰਹੇ ਹਨ?

'ਟਾਈਮਜ਼ ਆਫ ਇੰਡੀਆ' ਦੀ 16 ਮਾਰਚ 2018 ਦੀ ਰਿਪੋਰਟ ਮੁਤਾਬਕ, ਗੰਗਾ ਨਦੀ ਨੂੰ ਸਾਫ ਕਰਨ ਲਈ 3600 ਕਰੋੜ ਰੁਪਏ ਦੀ ਰਕਮ ਦਿੱਤੀ ਗਈ। ਇੰਨੇ ਪੈਸੇ ਖਰਚਣ ਪਿਛੋਂ ਵੀ ਗੰਗਾ ਦਾ ਪਾਣੀ ਪੀਣਯੋਗ ਨਹੀਂ। ਫਿਰ ਵੀ ਰੂੜਵਾਦੀ ਲੋਕ ਪੁਰੋਹਿਤ ਅਤੇ ਪਾਂਡਿਆਂ-ਪੁਜਾਰੀਆਂ ਦੇ ਝਾਂਸੇ ਵਿਚ ਆ ਕੇ ਮਰ ਰਹੇ ਨਰ-ਨਾਰੀ ਦੇ ਮੂੰਹ ਵਿਚ ਗੰਗਾ ਜਲ ਪਾ ਰਹੇ ਹਨ।

ਉਤਰ ਪ੍ਰਦੇਸ਼ ਆਬਾਦੀ ਦੇ ਲਿਹਾਜ਼ ਦੇਸ਼ ਦਾ ਸਭ ਤੋਂ ਵੱਡਾ ਸੂਬਾ ਹੈ ਅਤੇ ਯੋਗੀ ਅਦਿਤਿਆਨਾਥ ਨੂੰ ਇਸ ਸੂਬੇ ਦਾ ਮੁੱਖ ਮੰਤਰੀ ਬਣਾ ਦਿੱਤਾ ਗਿਆ। ਜਿਸ ਤਰ੍ਹਾਂ ਇਹ ਬੰਦਾ ਰਾਜ ਚਲਾ ਰਿਹਾ ਹੈ, ਲੋਕ ਬੁਰੀ ਤਰ੍ਹਾਂ ਤੜਫ ਰਹੇ ਹਨ। ਬੁੰਦੇਲਖੰਡ ਦੇ ਕਈ ਪਿੰਡਾਂ ਵਿਚ ਪੀਣ ਲਈ ਪਾਣੀ ਨਹੀਂ ਮਿਲ ਰਿਹਾ। ਲੋਕ ਪਿੰਡ ਛੱਡ ਕੇ ਸ਼ਹਿਰਾਂ ਵੱਲ ਕੂਚ ਕਰ ਰਹੇ ਹਨ। ਐਨ. ਡੀ. ਟੀ. ਵੀ. ਦੀ ਰਿਪੋਰਟ ਮੁਤਾਬਕ ਅੱਧੇ ਨਲਕੇ ਚਲ ਨਹੀਂ ਰਹੇ। ਸਿੰਜਾਈ ਮੰਤਰੀ 'ਸਭ ਅੱਛਾ ਹੈ' ਕਹਿ ਕੇ ਪੱਲਾ ਝਾੜ ਗਏ। 'ਆਜ ਤਕ' ਨਿਊਜ਼ ਚੈਨਲ ਅਨੁਸਾਰ ਸਰਕਾਰੀ ਹਸਪਤਾਲਾਂ ਵਿਚ ਤਾਂਤਰਿਕਾਂ ਦੀ ਝਾੜ-ਫੂਕ ਖੂਬ ਚਲ ਰਹੀ ਹੈ। ਕਾਨਪੁਰ ਦੇ ਸਰਕਾਰੀ ਹਸਤਾਲ ਵਿਚ ਏ. ਸੀ. ਤੇ ਬਿਜਲੀ ਦੇ ਪੱਖੇ ਬੰਦ ਪਏ ਹਨ ਅਤੇ ਆਈ. ਸੀ. ਯੂ. ਵਿਚ ਲੋਕ ਮਰ ਰਹੇ ਹਨ।

ਇਕ ਰਿਪੋਰਟ ਮੁਤਾਬਕ ਅਭਿਸ਼ੇਕ ਗੁਪਤਾ ਨਾਂ ਦੇ ਕਾਰੋਬਾਰੀ ਨੇ ਪੈਟਰੋਲ ਪੰਪ ਲਾਉਣ ਲਈ ਮਨਜ਼ੂਰੀ ਲਈ, ਪਰ ਫਾਈਲ ਜਦੋਂ ਮੁੱਖ ਮੰਤਰੀ ਯੋਗੀ ਦੇ ਦਫਤਰ ਗਈ ਤਾਂ ਉਥੇ 25 ਲੱਖ ਰੁਪਏ ਮੰਗੇ ਗਏ। ਇਸ ਭ੍ਰਿਸ਼ਟਾਚਾਰ ਨੂੰ ਲੈ ਕੇ ਰਿਪੋਰਟ ਤਿਆਰ ਕੀਤੀ ਗਈ ਤਾਂ ਅਭਿਸ਼ੇਕ ਗੁਪਤਾ ਨੂੰ ਝੂਠੇ ਕੇਸ ਵਿਚ ਫਸਾਇਆ ਜਾ ਰਿਹਾ ਹੈ। ਰਾਜ ਵਿਚ ਭਗਵੀਂ ਗੁੰਡਾਗਰਦੀ ਵਧ ਰਹੀ ਹੈ। ਇਨ੍ਹਾਂ ਦੇ ਲੀਡਰ ਸਰਕਾਰੀ ਅਫਸਰਾਂ ਅਤੇ ਪੁਲਿਸ 'ਤੇ ਰੋਹਬ ਪਾਉਂਦੇ ਹਨ। ਇਹ ਖੁਲਾਸਾ ਟੀ. ਵੀ. 'ਤੇ ਹੋਇਆ ਹੈ। ਔਰਤਾਂ ਹਰ ਵੇਲੇ ਡਰੀਆਂ ਰਹਿੰਦੀਆਂ ਹਨ। ਬਹੁਤ ਸਾਰੇ ਮੁਲਾਜ਼ਮਾਂ ਨੂੰ ਤਨਖਾਹ ਨਾ ਮਿਲਣ ਕਰਕੇ ਖੁਸ਼ੀ ਦੇ ਪ੍ਰੋਗਰਾਮ ਰੱਦ ਕਰਨੇ ਪਏ। ਇੰਜ ਹੀ ਮੋਦੀ ਦੇ ਨੋਟਬੰਦੀ ਫੁਰਮਾਨ ਵਿਚ ਹੋਇਆ। ਬੈਂਕ ਵਾਲੇ ਖੜ੍ਹੇ ਪੈਰ ਹੀ ਨਾਂਹ ਕਰ ਰਹੇ ਸਨ। ਕਿੰਨਾ ਜ਼ੁਲਮ ਸੀ ਕਿ ਲੋਕਾਂ ਦੇ ਬੈਂਕ 'ਚ ਪਏ ਆਪਣੇ ਹੀ ਪੈਸੇ ਨਹੀਂ ਸਨ ਮਿਲ ਰਹੇ।

ਮੱਧ ਪ੍ਰਦੇਸ਼ ਦੀ ਭਾਜਪਾ ਸਰਕਾਰ ਨੇ ਪੰਜ ਬਾਬਿਆਂ-ਨਰਮਦਾਨੰਦ ਮਹਾਰਾਜ, ਭੱਈਊ ਮਹਾਰਾਜ, ਪੰਡਿਤ ਜੋਗਿੰਦਰ ਮਹੰਤ, ਹਰੀਹਰਨੰਦ ਮਹਾਰਾਜ ਤੇ ਕੰਪਿਊਟਰ ਬਾਬਾ ਨੂੰ ਮੰਤਰੀ ਵਾਲਾ ਰੁਤਬਾ ਦੇ ਦਿੱਤਾ। ਅਸਲ ਵਿਚ ਨਰਮਦਾ ਨਦੀ 'ਤੇ ਇਕ ਕਰੋੜ ਰੁਪਏ ਦੇ ਰੁੱਖ ਲਾਉਣ ਸਮੇਂ ਜੋ ਬੇਈਮਾਨੀ ਹੋਈ, ਉਸ ਖਿਲਾਫ ਇਹ ਸਾਧ ਟੋਲਾ ਅੰਦੋਲਨ ਕਰਨ ਵਾਲਾ ਸੀ। ਇਨ੍ਹਾਂ ਦਾ ਮੂੰਹ ਬੰਦ ਕਰਨ ਲਈ ਰਾਜ ਮੰਤਰੀ ਦੀ ਕੁਰਸੀ ਦੇ ਦਿੱਤੀ ਗਈ। ਇਹੋ ਜਿਹੇ ਪਾਂਡੇ ਪੁਜਾਰੀ ਨਫਰਤ ਫੈਲਾਉਂਦੇ ਹਨ, ਫਿਰਕੂ ਦੰਗੇ ਕਰਾਉਂਦੇ ਹਨ ਅਤੇ ਲੋਕਾਂ ਨੂੰ ਭੜਕਾਉਂਦੇ ਹਨ। ਅਜਿਹੇ ਲੀਡਰ ਅਤੇ ਮਹੰਤ ਲੜਾਈ ਝਗੜੇ (ਹਿੰਦੂ, ਮੁਸਲਿਮ, ਸਿੱਖ, ਦਲਿਤ ਆਦਿ) ਕਰਵਾ ਕੇ ਆਪਣਾ ਉਲੂ ਸਿੱਧਾ ਕਰਦੇ ਹਨ। ਡਾ. ਭੀਮ ਰਾਓ ਅੰਬੇਡਕਰ ਨੇ ਠੀਕ ਹੀ ਕਿਹਾ ਸੀ, ਬ੍ਰਾਹਮਣਾਂ ਨੇ ਦੇਸ਼ ਦੇ ਸਮਾਜਕ ਜੀਵਨ ਨੂੰ ਬਰਬਾਦ ਕਰ ਕੇ ਰੱਖ ਦਿੱਤਾ ਹੈ। ਅੱਜ ਆਜ਼ਾਦ ਸੋਚ ਰੱਖਣ ਵਾਲੇ ਹਰ ਬੰਦੇ ਨੇ ਅਜਿਹੇ ਲੋਕਾਂ ਦੀਆਂ ਵਿਨਾਸ਼ਕਾਰੀ ਕੁਰੀਤੀਆਂ ਨੂੰ ਠੁਕਰਾਇਆ ਹੈ। ਸਵਾਮੀ ਵਿਵੇਕਾਨੰਦ ਨੇ ਪੁਰੋਹਿਤਾਂ ਅਤੇ ਮਹੰਤਾਂ ਬਾਰੇ ਕਿਹਾ ਹੈ ਕਿ ਇਨ੍ਹਾਂ ਲੋਕਾਂ ਰਾਹੀਂ ਫੈਲਾਈ ਜਾ ਰਹੀ ਨਫਰਤ ਕਾਰਨ ਹੀ ਦੇਸ਼ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਫੁਟ ਪਈ ਹੈ।


ਦੇਸ਼ ਦਾ ਚੌਕੀਦਾਰ ਨਰੇਂਦਰ ਮੋਦੀ ਲੱਖਾਂ ਰੁਪਏ ਦਾ ਸੂਟ ਪਾ ਕੇ ਵਿਦੇਸ਼ ਤੁਰਿਆ ਰਹਿੰਦਾ ਹੈ, ਉਸ ਪਾਸ ਗਰੀਬਾਂ ਦੀ ਸਾਰ ਲੈਣ ਦਾ ਤਾਂ ਸਮਾਂ ਹੀ ਨਹੀਂ ਹੈ। ਹੁਣ ਸ਼ਾਇਦ ਅਗਲੇ ਸਾਲ ਲੋਕ ਸਭਾ ਦੀ ਚੋਣ ਹੋਣ ਵਾਲੀ ਕਰਕੇ ਯੂ. ਪੀ. ਦੇ ਕਿਸਾਨਾਂ ਦੇ ਗੰਨੇ ਦੇ ਚਾਰ ਸਾਲ ਦੇ ਬਕਾਇਆ ਪੈਸਿਆਂ ਦਾ ਚੇਤਾ ਆ ਗਿਆ। ਪਿਛਲੀਆਂ ਚੋਣਾਂ ਤੋਂ ਪਹਿਲਾਂ ਕਿਹਾ ਗਿਆ ਸੀ ਕਿ ਕਾਲਾ ਧਨ ਵਾਪਸ

(ਬਾਕੀ ਅਗਲੇ ਸਫੇ 'ਤੇ)

## ਬੇਭਰੋਸਗੀ ਮਤੇ ਦਾ ਸੱਚ

# ਮੋਦੀ ਲਈ ਮੌਕੇ ਪਰੋਸ ਰਹੀ ਹੈ ਕਾਂਗਰਸ ਪਾਰਟੀ

### ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਲੰਘੇ ਸ਼ੁੱਕਰਵਾਰ ਦੀ ਭਾਰਤ ਦੇ ਲੋਕਾਂ ਨੂੰ ਇਸ ਲਈ ਉਡੀਕ ਸੀ ਕਿ ਉਸ ਦਿਨ ਭਾਜਪਾ ਆਗੂ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਖਿਲਾਫ ਬੇਭਰੋਸਗੀ ਮਤਾ ਪੇਸ਼ ਹੋਣ ਵਾਲਾ ਸੀ। ਲੋਕ ਸਭਾ ਵਿਚ ਇਸ ਵਕਤ ਪਾਰਟੀਆਂ ਦੇ ਮੈਂਬਰਾਂ ਦੀ ਗਿਣਤੀ ਦੇ ਜਾਣਕਾਰਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਪਤਾ ਸੀ ਕਿ ਇਸ ਮਤੇ ਨੇ ਪਾਰ ਨਹੀਂ ਲੱਗਣਾ, ਪਰ ਜਦੋਂ ਸ਼ਿਵ ਸੈਨਾ ਵਾਲਿਆਂ ਨੇ ਕਹਿ ਦਿੱਤਾ ਕਿ ਸਰਕਾਰ ਦੀ ਹਮਾਇਤ ਨਹੀਂ ਕਰਨੀ, ਇਸ ਨਾਲ ਕਈ ਤਰ੍ਹਾਂ ਦੇ ਅੰਦਾਜ਼ੇ ਲਾਏ ਜਾਣ ਲੱਗ ਪਏ ਕਿ ਸਰਕਾਰ ਖਤਰੇ ਵਿਚ ਪੈ ਸਕਦੀ ਹੈ। ਇਹ ਐਵੇਂ ਵਹਿਮ ਸੀ। ਸ਼ਿਵ ਸੈਨਾ ਸਰਕਾਰ ਵਿਚ ਸ਼ਾਮਲ ਸੀ ਤੇ ਆਪਣੀ ਸਰਕਾਰ ਵਿਰੁਧ ਵੋਟ ਦੇਣ ਤੋਂ ਪਹਿਲਾਂ ਉਸ ਦੇ ਮੰਤਰੀਆਂ ਨੂੰ ਅਹੁਦੇ ਛੱਡਣੇ ਪੈਣੇ ਸਨ। ਇਹ ਕੰਮ ਸ਼ਿਵ ਸੈਨਾ ਵਾਲਿਆਂ ਨੇ ਅਜੇ ਤੱਕ ਮਹਾਰਾਸ਼ਟਰ ਵਿਚ ਨਹੀਂ ਸੀ ਕੀਤਾ, ਕੇਂਦਰ ਵਿਚ ਵੀ ਨਹੀਂ ਸੀ ਕਰਨਾ। ਉਹ ਸਿਰਫ ਭਾਜਪਾ ਤੋਂ ਫਾਸਲਾ ਦਿਖਾਉਣ ਅਤੇ ਏਨਾ ਕੁ ਵਿਰੋਧ ਕਰ ਕੇ ਭਾਜਪਾ ਲੀਡਰਾਂ ਤੋਂ ਕੁਝ ਮੰਗਾਂ ਮੰਨਵਾਉਣ ਤੱਕ ਸੀਮਤ ਸਨ, ਇਸ ਤੋਂ ਅੱਗੇ ਵਧਣ ਵਾਲੇ ਨਹੀਂ। ਹੋਇਆ ਵੀ ਇਹੋ ਹੀ। ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਮੁੰਬਈ ਜਾ ਕੇ ਊਧਵ ਠਾਕਰੇ ਦੀ ਮਿੰਨਤ ਕੀਤੀ ਤੇ ਵਿਰੋਧ ਦੀ ਥਾਂ ਉਹ ਬਾਈਕਾਟ ਦਾ ਰਾਹ ਚੁਣ ਕੇ ਪਾਸੇ ਹੋ ਗਏ।

ਕੇਂਦਰ ਸਰਕਾਰ ਖਿਲਾਫ ਬੇਭਰੋਸਗੀ ਮਤਾ ਆਮ ਤੌਰ 'ਤੇ ਸਭ ਤੋਂ ਵੱਡੀ ਵਿਰੋਧੀ ਪਾਰਟੀ ਜਾਂ ਕਿਸੇ ਏਦਾਂ ਦੀ ਹੋਰ ਧਿਰ ਵੱਲੋਂ ਪੇਸ਼ ਕੀਤਾ ਜਾਂਦਾ ਹੈ, ਪਰ ਨਰਿੰਦਰ ਮੋਦੀ ਸਰਕਾਰ ਵਿਰੁਧ ਮਤਾ ਉਸ ਤੈਲਗੂ ਦੇਸਮ ਨੇ ਪੇਸ਼ ਕੀਤਾ ਸੀ, ਜੋ ਚਾਰ ਸਾਲ ਸਰਕਾਰ ਵਿਚ ਸ਼ਾਮਲ ਰਹਿ ਚੁਕੀ ਸੀ। ਪੰਜਵੇਂ ਸਾਲ ਵਿਚ ਨਾਟਕੀ ਢੰਗ ਨਾਲ ਆਪਣੇ ਰਾਜ ਲਈ ਵਿਸ਼ੇਸ਼ ਦਰਜੇ ਦੀ ਮੰਗ ਕਰ ਕੇ ਉਸ ਨੇ ਵਿਰੋਧ ਕਰ ਦਿੱਤਾ ਤੇ ਸਾਰੀ ਲੜਾਈ ਇਸ ਦਰਜੇ ਤੱਕ ਸੀਮਤ ਹੈ। ਫਰਜ਼ ਕਰੋ ਕਿ ਨਾਟਕੀ ਦਾਅ ਖੇਡਣ ਦੇ ਆਪਣੇ ਸੁਭਾਅ ਅਨੁਸਾਰ ਭਲਕ ਨੂੰ ਨਰਿੰਦਰ ਮੋਦੀ ਅਚਾਨਕ ਇਹ ਵਿਸ਼ੇਸ਼ ਦਰਜਾ ਦੇਣ ਦਾ ਐਲਾਨ ਕਰ ਦੇਵੇ, ਤੈਲਗੂ ਦੇਸਮ ਫਿਰ ਉਸ ਨਾਲ ਜੁੜ ਜਾਵੇਗੀ ਤੇ ਚੋਣਾਂ ਮਗਰੋਂ ਫਿਰ ਕੁਝ ਨਾ ਮਿਲੇ ਤਾਂ ਚਾਰ ਕੁ ਸਾਲ ਰਾਜ-ਸੁਖ ਮਾਣ ਕੇ ਇੱਕ ਵਾਰ ਹੋਰ ਪਾਸੇ ਹੋ ਜਾਵੇਗੀ। ਉਸ ਪਾਰਟੀ ਦਾ ਪਹਿਲਾਂ ਵੀ ਇਹੋ ਇਤਿਹਾਸ ਰਿਹਾ ਹੈ। ਕਾਂਗਰਸੀ ਆਗੂ ਉਸ ਦੇ ਪੇਸ਼ ਕੀਤੇ ਮਤੇ ਨਾਲ ਜੁੜ ਕੇ ਐਵੇਂ ਚੋਣਾਂ ਤੋਂ ਪਹਿਲਾਂ ਆਪਣੀ ਬੇਇੱਜ਼ਤੀ ਕਰਵਾ ਬੈਠੇ ਹਨ।

ਉਂਜ ਸਭ ਤੋਂ ਵੱਧ ਬੇਇੱਜ਼ਤੀ ਕਾਂਗਰਸ ਵਾਲਿਆਂ ਨੂੰ ਆਪਣੇ ਆਗੂ ਰਾਹੁਲ ਗਾਂਧੀ ਦੇ ਗੈਰ-ਗੰਭੀਰ ਵਿਹਾਰ ਕਾਰਨ ਸਹਿਣੀ ਪਈ ਹੈ। ਭਾਸ਼ਣ ਉਸ ਦਾ ਬੜਾ ਚੰਗਾ ਸੀ, ਸਿਰਫ ਰਾਫੇਲ ਹਵਾਈ ਜਹਾਜ਼ਾਂ ਦਾ ਮੁੱਦਾ ਉਠਾਉਣ ਲਈ ਉਸ ਨੇ ਗਲਤ ਢੰਗ ਵਰਤਿਆ ਸੀ, ਜਿਸ ਨਾਲ ਉਹ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜੱਫੀ ਪਾਉਂਦਾ ਹੋਇਆ ਰਾਹੁਲ ਗਾਂਧੀ

ਖੁਦ ਫਸ ਗਿਆ। ਬਾਕੀ ਸਭ ਕੁਝ ਬੜਾ ਤੋਲਵਾਂ ਜਾਪਦਾ ਸੀ। ਜਿੰਨੀ ਭਾਸ਼ਣ ਦੇ ਨਾਲ ਉਸ ਦੀ ਭੱਲ ਬਣ ਸਕਦੀ ਸੀ, ਉਹ ਉਦੋਂ ਰੁੜ੍ਹ ਗਈ, ਜਦੋਂ ਉਹ ਆਪਣੀ ਸੀਟ ਤੋਂ ਕਾਹਲੇ ਕਦਮੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਗਿਆ ਤੇ ਬਦੋਬਦੀ ਜਵਾਕ ਗੋਦੀ ਬਹਿਣ ਵਾਂਗ ਉਸ ਨੂੰ ਜੱਫੀ ਪਾਉਣ ਪਿੱਛੋਂ ਵਾਪਸ ਆ ਗਿਆ।

ਰਾਹੁਲ ਗਾਂਧੀ ਸਮਝਦਾ ਹੋਵੇਗਾ ਤੇ ਉਸ ਦੇ ਸਲਾਹਕਾਰ ਵੀ ਸੋਚਦੇ ਹੋਣਗੇ ਕਿ ਇਸ ਨਾਲ ਬੜਾ ਵੱਡਾ ਦਾਅ ਖੇਡ ਲਿਆ ਹੈ, ਪਰ ਇਹੋ ਦਾਅ ਉਨ੍ਹਾਂ ਨੂੰ ਪੁੱਠਾ ਪੈ ਗਿਆ। ਨਰਿੰਦਰ ਮੋਦੀ ਨੇ ਇਹ ਕਹਿ ਕੇ ਚਿੜਾਉਣ ਲਈ ਮੌਕਾ ਵਰਤ ਲਿਆ ਕਿ ਉਹ ਮੇਰੇ ਨਾਲ ਮੋਹ ਜਤਾਉਣ ਨਹੀਂ ਆਇਆ, ਰਾਤ ਦਿਨ ਪ੍ਰਧਾਨ ਮੰਤਰੀ ਦੀ ਕੁਰਸੀ ਦੇ ਜਿਵੇਂ ਸੁਫਨੇ ਲੈਂਦਾ ਹੈ, ਉਸ ਕਾਰਨ ਉਸ ਕੁਰਸੀ ਨੂੰ ਝਾਤੀ ਮਾਰਨ ਆਇਆ ਸੀ। ਰਾਹੁਲ ਗਾਂਧੀ ਵੱਲੋਂ ਭਾਸ਼ਣ ਵਿਚ ਸਾਥੀ ਮੈਂਬਰਾਂ ਵੱਲ ਅੱਖ ਮਾਰਨ ਦੀ ਹਰਕਤ ਨੇ ਵੀ ਉਸ ਦੀ ਸਥਿਤੀ ਖਰਾਬ ਕੀਤੀ, ਤੇ ਨਾਲ ਉਸ ਦੀ ਪਾਰਟੀ ਦੀ ਵੀ।

ਸਭ ਤੋਂ ਵੱਧ ਮਾਰ ਕਾਂਗਰਸ ਪਾਰਟੀ ਤੇ ਉਸ ਦੇ ਆਗੂ ਨੇ ਰਾਫੇਲ ਜਹਾਜ਼ਾਂ ਦਾ ਸੌਦਾ ਚੁੱਕ ਕੇ ਖਾਧੀ। ਰਾਹੁਲ ਗਾਂਧੀ ਨੇ ਇਹ ਗੱਲ ਕਹਿ ਦਿੱਤੀ ਕਿ ਇਸ ਸੌਦੇ ਦੇ ਵੇਰਵੇ ਨਰਿੰਦਰ ਮੋਦੀ ਸਰਕਾਰ ਇਹ ਕਹਿ ਕੇ ਨਹੀਂ ਦਿੰਦੀ ਕਿ ਫਰਾਂਸ ਨਾਲ ਹੋਏ ਸਮਝੌਤੇ ਵਿਚ ਇਹ ਗੱਲ ਲਿਖੀ ਗਈ ਹੈ ਕਿ ਵੇਰਵੇ ਜੱਗ ਜਾਹਰ ਨਹੀਂ ਕਰਨੇ, ਪਰ ਫਰਾਂਸ ਦਾ ਰਾਸ਼ਟਰਪਤੀ ਮੈਨੂੰ ਇਹ ਕਹਿ ਗਿਆ ਹੈ ਕਿ ਏਦਾਂ ਦੀ ਕੋਈ ਗੱਲ ਲਿਖੀ ਹੋਈ ਨਹੀਂ। ਉਸ ਨੇ ਇਹ ਵੀ ਕਿਹਾ ਕਿ ਮੈਂ ਇਸ ਬਾਰੇ ਪੁੱਛਿਆ ਸੀ ਕਿ ਮੈਂ ਆਪਣੇ ਦੇਸ਼ ਦੇ ਲੋਕਾਂ ਨੂੰ ਇਹ ਗੱਲ ਦੱਸ ਦਿਆਂ ਤੇ ਫਰਾਂਸ ਦੇ ਰਾਸ਼ਟਰਪਤੀ ਨੇ ਖੁਦ ਕਿਹਾ ਸੀ, ਦੱਸ ਦਿਓ।

ਜਵਾਨੀ ਦੇ ਜੋਸ਼ ਵਿਚ ਰਾਹੁਲ ਗਾਂਧੀ ਇਹ ਪੱਖ ਭੁੱਲ ਗਿਆ ਕਿ ਇਸ ਪੱਧਰ ਦੇ ਲੋਕਾਂ ਵਿਚਾਲੇ ਹੋਈਆਂ ਗੱਲਾਂ ਦਾ ਏਦਾਂ ਜ਼ਿਕਰ ਨਹੀਂ ਕਰੀਦਾ ਤੇ ਜਦੋਂ ਕਰਨਾ ਹੋਵੇ ਤਾਂ ਇਸ ਦੇ ਸਬੂਤ ਹੱਥ ਵਿਚ ਰੱਖਣੇ ਹੁੰਦੇ ਹਨ। ਮਸਾਂ ਅੱਧੇ ਘੰਟੇ ਪਿੱਛੋਂ ਫਰਾਂਸ ਦੀ ਸਰਕਾਰ ਦਾ ਬਿਆਨ ਆ ਗਿਆ ਕਿ ਪਿਛਲੀ ਮਨਮੋਹਨ ਸਿੰਘ ਸਰਕਾਰ ਦੇ ਸਮੇਂ ਜਦੋਂ ਸਮਝੌਤਾ ਸ਼ੁਰੂ ਹੋਇਆ ਸੀ, ਇਹ ਗੱਲ ਉਸੇ ਵੇਲੇ ਮੰਨੀ ਗਈ ਸੀ ਕਿ ਇਹ ਵੇਰਵੇ ਗੁਪਤ ਰੱਖੇ ਜਾਣਗੇ। ਰਾਹੁਲ ਗਾਂਧੀ ਨੇ ਇਸ ਭਾਸ਼ਣ ਤੋਂ ਪਹਿਲਾਂ ਕੁਝ ਹੋਮ-ਵਰਕ ਕੀਤਾ ਹੁੰਦਾ ਤੇ ਉਸ ਦੇ ਸਲਾਹ ਦੇਣ ਵਾਲਿਆਂ ਦੀ ਮੰਡਲੀ ਕੁਝ ਸਿਆਣੀ ਹੁੰਦੀ ਤਾਂ ਇਸ ਬੇਇੱਜ਼ਤੀ ਤੋਂ ਉਹ ਬਚ ਸਕਦਾ ਸੀ।

ਫਰਾਂਸ ਦੇ ਰਾਸ਼ਟਰਪਤੀ ਨੇ 'ਇੰਡੀਆ ਟੂਡੇ' ਗਰੁਪ ਨੂੰ ਇੰਟਰਵਿਊ ਦੇਣ ਸਮੇਂ ਇਹ ਗੱਲ ਪਹਿਲਾਂ ਹੀ ਸਪੱਸ਼ਟ ਕੀਤੀ ਹੋਈ ਸੀ। ਉਸ ਨੂੰ ਕਿਹਾ ਗਿਆ ਸੀ ਕਿ ਤੁਸੀਂ ਇਹ ਵੇਰਵੇ ਜੱਗ ਜਾਹਰ ਕਰ ਦਿਓ ਤਾਂ ਭਾਰਤ ਵਿਚ ਚੱਲਦੀ ਚਰਚਾ ਰੁਕ ਸਕਦੀ ਹੈ ਤੇ ਉਸ ਨੇ ਕਿਹਾ ਸੀ ਕਿ ਭਾਰਤ ਵਿਚ ਚਰਚਾ ਦੇ ਜ਼ਿੰਮੇਵਾਰ ਅਸੀਂ ਨਹੀਂ, ਅਸੀਂ ਇਹ ਵੇਰਵੇ ਇਸ ਲਈ ਜਾਰੀ ਨਹੀਂ ਕਰ ਸਕਦੇ ਕਿ ਜਹਾਜ਼ ਬਣਾਉਣ ਦੀ ਸਾਡੀ ਇਕੱਲੀ ਕੰਪਨੀ ਨਹੀਂ, ਦੁਨੀਆਂ ਦੇ ਹੋਰ ਕੁਝ ਦੇਸ਼ਾਂ ਦੀਆਂ ਕੰਪਨੀਆਂ ਵੀ ਬਣਾਉਂਦੀਆਂ ਹਨ। ਇਸ ਕੰਮ ਲਈ ਆਪੋ ਵਿਚ ਮੁਕਾਬਲੇਬਾਜ਼ੀ ਹੁੰਦੀ ਹੈ ਤੇ ਜੇ ਅਸੀਂ ਵੇਰਵੇ ਜਾਰੀ ਕਰ ਦੇਈਏ ਤਾਂ ਸਾਡੀਆਂ ਮੁਕਾਬਲੇਬਾਜ਼ ਕੰਪਨੀਆਂ ਤੱਕ ਵੀ ਗੱਲ ਚਲੀ ਜਾਵੇਗੀ ਤੇ ਅਗਲੀ ਵਾਰੀ ਭਾਰਤ ਨੂੰ ਮਾਲ ਵੇਚਣ ਸਾਥੋਂ ਪਹਿਲਾਂ ਉਹ ਆ ਜਾਣਗੇ।

ਸਿਰਫ ਮਾਲ ਵੇਚਣ ਵਾਲਿਆਂ ਦੀ ਮੁਕਾਬਲੇਬਾਜ਼ੀ ਨਹੀਂ ਹੁੰਦੀ, ਮਾਲ ਲੈਣ ਵਾਲੇ ਲੋਕਾਂ ਨਾਲ ਵੀ ਕਈ ਕੁਝ ਤੈਅ ਕੀਤਾ ਜਾਂਦਾ ਹੈ ਤੇ ਜਦੋਂ ਹੋਰ ਦੇਸ਼ਾਂ ਤੱਕ ਇਹ ਗੱਲ ਪਹੁੰਚੀ ਕਿ ਭਾਰਤ ਨਾਲ ਆਹ ਰੇਟ ਕੀਤਾ ਸੀ ਤਾਂ ਉਹ ਆਪਣੇ ਲਈ ਇਹ ਹੀ ਛੋਟ ਮੰਗਣਗੇ। ਕਾਰੋਬਾਰ ਦੇ ਖੇਤਰ ਵਿਚ ਇਹ ਗੱਲਾਂ ਭੇਦ ਰੱਖਣੀਆਂ ਪੈਂਦੀਆਂ ਹਨ। ਉਸ ਦੀ ਇੰਟਰਵਿਊ ਅੱਜ ਤੱਕ ਇੰਟਰਨੈਟ 'ਤੇ ਮਿਲ ਸਕਦੀ ਹੈ। ਰਾਹੁਲ ਗਾਂਧੀ ਤੇ ਉਸ ਦੀ ਟੀਮ ਨੂੰ ਸੁਣ ਲੈਣੀ ਚਾਹੀਦੀ ਸੀ। ਆਪਣੀ ਇਸ ਭੁੱਲ ਨਾਲ ਉਹ ਫਰਾਂਸ ਦੀ ਸਰਕਾਰ ਤੇ ਰਾਸ਼ਟਰਪਤੀ ਕੋਲ ਵੀ ਬੁਰੇ ਬਣ ਗਏ ਹਨ, ਜਿਸ ਦਾ ਭਵਿੱਖ ਵਿਚ ਨੁਕਸਾਨ ਹੋ ਸਕਦਾ ਹੈ। ਉਸ ਨੇ ਮਾਲ ਭਾਰਤ ਸਰਕਾਰ ਨੂੰ ਵੇਚਣਾ ਸੀ, ਜਿਸ ਦਾ ਮੁਖੀ ਨਰਿੰਦਰ ਮੋਦੀ ਹੈ। ਕਾਂਗਰਸ ਨਾਲ ਨੇੜਤਾ ਦੱਸ ਕੇ ਉਹ ਆਪਣੇ ਸੌਦੇ ਨੂੰ ਸਿਰੇ ਚੜ੍ਹਨ 'ਤੇ ਸਵਾਲੀਆ ਨਿਸ਼ਾਨ ਨਹੀਂ ਸੀ ਲਾ ਸਕਦੇ।

ਹੈਰਾਨੀ ਦੀ ਗੱਲ ਹੈ ਕਿ ਕਾਂਗਰਸ ਪਾਰਟੀ ਇਹ ਦੁਹਰਾ ਰਹੀ ਹੈ ਕਿ ਜਹਾਜ਼ਾਂ ਦਾ ਸੌਦਾ ਸਾਡੇ ਵੇਲੇ ਘੱਟ ਕੀਮਤ ਦਾ ਸੀ ਤੇ ਮੋਦੀ ਸਰਕਾਰ ਨੇ ਕਈ ਗੁਣਾ ਮਹਿੰਗਾ ਕੀਤਾ ਹੈ, ਪਰ ਫਰਾਂਸ ਦੀ ਸਰਕਾਰ ਇਹ ਗੱਲ ਰੱਦ ਨਹੀਂ ਕਰ ਸਕੀ ਕਿ ਭੇਦ ਗੁਪਤ ਰੱਖਣ ਦੀ ਲਾਈਨ ਸਾਲ 2008 ਵਾਲੇ ਮੁਢਲੇ ਸਮਝੌਤੇ ਵਿਚ ਦਰਜ ਸੀ। ਜੇ ਇਹ ਉਦੋਂ ਦਰਜ ਕਰ ਲਈ ਸੀ ਤਾਂ ਕਾਂਗਰਸ ਦੇ ਮਨਮੋਹਨ ਸਿੰਘ ਦੀ ਸਰਕਾਰ ਵੇਲੇ ਹੋਏ ਸੌਦੇ ਬਾਰੇ ਕਾਂਗਰਸ ਆਗੂਆਂ ਨੂੰ ਪਤਾ ਹੋਣਾ ਚਾਹੀਦਾ ਸੀ। ਉਨ੍ਹਾਂ ਨੂੰ ਆਪਣੇ ਪ੍ਰਧਾਨ ਨੂੰ ਇਸ ਬਾਰੇ ਕਹਿਣਾ ਚਾਹੀਦਾ ਸੀ ਕਿ ਸੰਭਲ ਕੇ ਭਾਸ਼ਣ ਕਰੇ। ਲੱਗਦਾ ਹੈ ਕਿ ਬੀਤੇ ਸਮੇਂ ਵਾਂਗ ਅੱਜ ਵੀ ਇਸ ਪਾਰਟੀ ਵਿਚ ਆਪਣੇ ਪ੍ਰਧਾਨ ਨੂੰ ਟੋਕਣ ਜੋਗਾ ਕੋਈ ਆਗੂ ਨਹੀਂ। ਇਹ ਹੋਰ ਵੀ ਘਾਤਕ ਸਥਿਤੀ ਹੈ।

ਪਾਰਲੀਮੈਂਟ ਚੋਣਾਂ ਮਿੱਥੇ ਸਮੇਂ 'ਤੇ ਹੋਣ ਤਾਂ ਇਨ੍ਹਾਂ ਦੀ ਸਰਗਰਮੀ ਫਰਵਰੀ ਵਿਚ ਸ਼ੁਰੂ ਹੋ ਜਾਣੀ ਹੈ ਤੇ ਇਸ ਤਰ੍ਹਾਂ ਬਾਕੀ ਮਸਾਂ ਅੱਠ ਮਹੀਨੇ ਬਚੇ ਹਨ। ਇਹ ਵੇਲਾ ਬਹੁਤ ਤੋਲਵੇਂ ਕਦਮ ਚੁੱਕਣ ਵਾਲਾ ਸੀ। ਭਾਜਪਾ ਦਾ ਪ੍ਰਧਾਨ ਮੰਤਰੀ ਉਂਜ ਵੀ ਹਮਲਾਵਰੀ ਦੀ ਸਿਖਰ ਤੱਕ ਪਹੁੰਚਦਾ ਹੈ, ਉਸ ਨੂੰ ਆਪ ਏਦਾਂ ਦਾ ਮੌਕਾ ਪੇਸ਼ ਕਰਨ ਦੀ ਕਾਂਗਰਸ ਆਗੂ ਨੇ ਜੋ ਭੁੱਲ ਕੀਤੀ ਹੈ, ਉਹ ਕੱਲ੍ਹ ਨੂੰ ਮਹਿੰਗੀ ਪਵੇਗੀ। ਗੁਜਰਾਤ ਵਿਚ ਸਿਰੇ ਚੜ੍ਹੀ ਚੋਣ ਮੁਹਿੰਮ ਅਖੀਰਲੇ ਹਫਤੇ ਵਿਚ ਕਾਂਗਰਸੀ ਆਗੂਆਂ ਦੇ ਪਾਕਿਸਤਾਨੀ ਰਾਜਦੂਤ ਨਾਲ ਰਾਤ ਦੇ ਖਾਣੇ ਨੇ ਗਰਕ ਕਰ ਦਿੱਤੀ ਸੀ ਤੇ ਖਾਣੇ ਦਾ ਪ੍ਰਬੰਧ ਜਿਸ ਮਣੀ ਸ਼ੰਕਰ ਅਈਅਰ ਨੇ ਕੀਤਾ ਸੀ, ਉਸ ਨੇ ਨਰਿੰਦਰ ਮੋਦੀ ਬਾਰੇ ਇੱਕ ਭੱਦੀ ਟਿੱਪਣੀ ਕਰ ਕੇ ਰਹੀ ਕਸਰ ਕੱਢ ਦਿੱਤੀ ਸੀ। ਨਰਿੰਦਰ ਮੋਦੀ ਨੇ ਪਾਕਿਸਤਾਨੀ ਰਾਜਦੂਤ ਨਾਲ ਕਾਂਗਰਸੀ ਆਗੂਆਂ ਦੇ ਡਿਨਰ ਤੇ ਇਸ ਟਿੱਪਣੀ ਨੂੰ ਲੈ ਕੇ ਕਾਂਗਰਸ ਨੂੰ ਛੱਜ ਵਿਚ ਪਾ ਕੇ ਛੱਟਿਆ ਸੀ। ਇਹ ਪਾਰਟੀ ਆਪਣੀਆਂ ਗਲਤੀਆਂ ਤੋਂ ਅਜੇ ਵੀ ਸਿੱਖਣਾ ਨਹੀਂ ਚਾਹੁੰਦੀ ਜਾਪਦੀ।

# ਭਾਰਤੀ ਸਿਆਸਤ ਅਤੇ ਆਮ ਲੋਕ

(ਪਿਛਲੇ ਸਫੇ ਦੀ ਬਾਕੀ)

ਦੇਸ਼ ਅੰਦਰ ਲਿਆ ਕੇ ਹਰ ਇਕ ਦੇਸ਼ ਵਾਸੀ ਦੇ ਖਾਤੇ ਵਿਚ 15 ਲੱਖ ਰੁਪਏ ਜਮ੍ਹਾਂ ਕਰਵਾ ਦਿੱਤੇ ਜਾਣਗੇ ਪਰ ਹੁਣ ਇਸ ਬਾਰੇ ਕੋਈ ਜਵਾਬ ਨਹੀਂ ਦੇ ਰਹੇ। ਭਾਜਪਾ ਦੇ ਅਜਿਹੇ ਹੋਰ ਬਥੇਰੇ ਜੁਮਲੇ ਹਨ ਜੋ ਅੱਜ ਲਤੀਫੇ ਬਣ ਕੇ ਰਹਿ ਗਏ ਹਨ।

ਸਰਕਾਰ ਦੇ ਖਜ਼ਾਨੇ ਨੂੰ ਲੀਡਰ, ਅਫਸਰ ਤੇ ਕਰਮਚਾਰੀ ਖੂਬ ਚੂਨਾ ਲਾ ਰਹੇ ਹਨ, ਐਸ਼ ਕਰ ਰਹੇ ਹਨ ਪਰ ਇਨ੍ਹਾਂ ਨੂੰ ਰੋਕਣ ਵਾਲਾ ਕੋਈ ਨਹੀਂ। ਪੰਜਾਬ ਵਿਚ ਸੁਰੱਖਿਆ ਦੇ ਨਾਂ 'ਤੇ ਰਾਜਸੀ ਤੇ ਧਾਰਮਿਕ ਆਗੂਆਂ ਅਤੇ ਪੁਲਿਸ ਅਫਸਰਾਂ ਨੂੰ ਬੇਅੰਤ ਸਹੂਲਤਾਂ ਦਿੱਤੀਆਂ ਗਈਆਂ ਹਨ। ਇਨ੍ਹਾਂ ਦਾ ਖਜ਼ਾਨੇ 'ਤੇ 1200 ਕਰੋੜ ਰੁਪਏ ਦਾ ਸਾਲਾਨਾ ਬੋਝ ਹੈ। ਚਾਰੇ ਬਾਦਲਾਂ ਦੀ ਸੁਰੱਖਿਆ, ਡਰਾਈਵਰਾਂ ਅਤੇ ਤੇਲ ਦਾ ਸਾਲਾਨਾ ਖਰਚਾ ਦੋ ਕਰੋੜ ਰੁਪਏ ਬਣਦਾ ਹੈ। ਹੋਰ ਸੂਬਿਆਂ ਦਾ ਵੀ ਇਹੋ ਹਾਲ ਹੈ।

ਸਾਲ 2017 ਵਿਚ ਪੰਜਾਬ ਸਰਕਾਰ ਵਲੋਂ ਬੁਢਾਪਾ ਪੈਨਸ਼ਨਾਂ ਦੇ 784 ਕਰੋੜ ਰੁਪਏ ਦਿੱਤੇ ਹੀ ਨਹੀਂ ਗਏ ਜਦਕਿ ਤਿੰਨ ਤੋਂ ਦਸ ਲੱਖ ਰੁਪਏ ਦੇ ਕਰਜ਼ਈ ਕਿਸਾਨ ਫਾਹਾ ਲੈ ਕੇ ਮਰ ਰਹੇ ਹਨ। ਇਹ ਸਰਕਾਰਾਂ ਗਰੀਬਾਂ ਵਾਸਤੇ ਨਹੀਂ ਬਲਕਿ ਅਮੀਰਾਂ ਵਾਸਤੇ ਹਨ। ਕਾਨੂੰਨ ਵੀ ਗਰੀਬ ਲਈ ਹੋਰ ਅਤੇ ਅਮੀਰ ਲਈ ਹੋਰ ਹੈ। ਇਥੇ ਹੀ ਬੱਸ ਨਹੀਂ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਪੀਕਰ ਰਾਣਾ ਕੇ. ਪੀ. ਸਿੰਘ, ਕਾਂਗਰਸੀ ਐਮ. ਪੀ. ਸੁਨੀਲ ਜਾਖੜ, ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ, ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਰਗੇ ਨੇਤਾਵਾਂ ਦੀਆਂ ਜਾਇਦਾਦਾਂ ਵਿਚ ਕਈ ਗੁਣਾ ਵਾਧਾ ਹੋਇਆ ਹੈ। ਜਿਹੜੀ ਧਿਰ ਰਾਜ ਕਰਦੀ ਹੈ, ਉਸ ਦੀਆਂ ਜਾਇਦਾਦਾਂ ਵਿਚ ਤਾਂ ਵਾਧਾ ਹੋਣਾ ਹੀ ਸੀ, ਵਿਰੋਧੀ ਧਿਰ ਦੇ ਆਗੂਆਂ ਦੀਆਂ ਜਾਇਦਾਦਾਂ ਵਿਚ ਵੀ ਵਾਧਾ ਹੋਇਆ ਹੈ; ਜਦਕਿ ਪੰਜਾਬ ਦੇ ਕਿਸਾਨਾਂ ਉਪਰ 90 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ।

ਭਾਰਤ ਵਿਚ ਮਨੂਵਾਦੀਆਂ ਦੇ ਪਾਂਡੇ, ਪੁਜਾਰੀ, ਤਾਂਤਰਿਕ, ਸਾਧ ਟੋਲਿਆਂ ਨੇ ਲੋਕਾਂ ਨੂੰ ਅੰਧਵਿਸ਼ਵਾਸਾਂ ਵਿਚ ਪਾਇਆ ਹੋਇਆ ਹੈ ਅਤੇ ਇਹ ਲੋਕਾਂ ਨੂੰ ਕਰਮਕਾਂਡਾਂ ਦੇ ਚੱਕਰਾਂ ਵਿਚ ਪਾ ਕੇ ਆਪਣਾ ਉਲੂ ਸਿੱਧਾ ਕਰ ਰਹੇ ਹਨ। ਦੇਸ਼ ਦੀ ਤਰੱਕੀ ਵੱਲ ਭੋਰਾ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ। ਹਾਂ, ਭਾਜਪਾ ਦੀ ਆਮਦਨ ਵਿਚ 300 ਫੀਸਦੀ ਵਾਧਾ ਜ਼ਰੂਰ ਹੋ ਗਿਆ ਹੈ।

ਡਾ. ਅੰਬੇਡਕਰ ਨੇ ਬਿਨਾ ਕਿਸੇ ਭੇਦ-ਭਾਵ ਤੋਂ ਹਰ ਭਾਰਤ ਵਾਸੀ ਨੂੰ ਵੋਟ ਦਾ ਬਰਾਬਰ ਹੱਕ ਲੈ ਕੇ ਦਿੱਤਾ। ਜੇ ਵੋਟ ਦੀ ਸਹੀ ਵਰਤੋਂ ਕੀਤੀ ਜਾਵੇ ਤਾਂ ਸਰਕਾਰਾਂ ਡੇਗ ਦਿੱਤੀਆਂ ਜਾਂਦੀਆਂ ਹਨ। ਵੋਟ ਦੀ ਤਾਕਤ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਇਕ ਵੋਟ ਘੱਟ ਹੋਣ ਕਰਕੇ 13 ਦਿਨਾਂ ਬਾਅਦ ਡਿੱਗ ਪਈ ਸੀ।

ਕਰਨਾਟਕ ਵਿਚ ਹਾਲ ਹੀ ਵਿਚ ਭਾਜਪਾ ਦੀ ਸਰਕਾਰ ਢਾਈ ਦਿਨ ਬਾਅਦ ਡਿੱਗ ਪਈ ਸੀ। ਇਸ ਤੋਂ ਪਹਿਲਾਂ ਭਾਜਪਾ ਨੇ ਤਿੰਨ ਸੂਬਿਆਂ, ਜਿਥੇ ਇਸ ਨੂੰ ਬਹੁਮਤ ਨਹੀਂ ਸੀ ਮਿਲਿਆ, ਵਿਚ ਗੈਰ ਸੰਵਿਧਾਨਕ ਤਰੀਕੇ ਨਾਲ ਆਪਣੀਆਂ ਸਰਕਾਰਾਂ ਬਣਾ ਲਈਆਂ ਸਨ। ਹੁਣ ਉਹ ਵੇਲਾ ਨੇੜੇ ਢੁੱਕ ਰਿਹਾ ਹੈ ਕਿ ਇਨ੍ਹਾਂ ਜੁਮਲੇਬਾਜ਼ਾਂ ਦੀ ਸਰਕਾਰ ਨੂੰ ਚਲਦਾ ਕੀਤਾ ਜਾਵੇ ਤਾਂ ਜੋ ਆਮ ਲੋਕਾਂ ਅਤੇ ਦੇਸ਼ ਦਾ ਭਲਾ ਹੋ ਸਕੇ।

# ਸੋਲਨ, ਸ਼ਿਮਲਾ ਤੇ ਕਸੌਲੀ ਵਿਚ ਸੈਲਾਨੀ ਸੋਕਾ

### ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੌਸਮ ਦੀ ਖਰਾਬੀ ਅਤੇ ਸ਼ਿਮਲਾ ਤੇ ਕਸੌਲੀ ਵਿਚ ਪੀਣ ਵਾਲੇ ਪਾਣੀ ਦੀ ਘਾਟ ਦੀਆਂ ਅਫਵਾਹਾਂ ਨੇ ਹਿਮਾਚਲ ਪ੍ਰਦੇਸ਼ ਵਿਚ ਬਾਹਰੋਂ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਬਹੁਤ ਘਟਾ ਛੱਡੀ ਹੈ। ਰਾਜ ਤੇ ਕੇਂਦਰ ਦੀਆਂ ਸਰਕਾਰਾਂ ਜਾਂ ਵੱਡੀਆਂ ਕੰਪਨੀਆਂ ਦੇ ਅਹੁਦੇਦਾਰਾਂ ਤੋਂ ਛੁੱਟ, ਸੈਲਾਨੀਆਂ ਬਿਨਾ ਹੋਟਲ, ਰੈਸਟੋਰੈਂਟ ਤੇ ਢਾਬੇ ਸੁੰਨੇ ਹਨ। ਮੇਰੇ ਇੱਕ ਮਿੱਤਰ ਦਾ ਰਿਜ਼ਾਰਟ ਧਰਮਪੁਰ ਸਬਾਠੂ ਮਾਰਗ ਉਤੇ ਪੈਂਦਾ ਹੈ। ਉਸ ਦੇ ਦੱਸਣ ਅਨੁਸਾਰ ਪਿਛਲੇ ਵਰ੍ਹੇ ਉਹਦੇ ਕੋਲੋਂ ਗੁਜਰਾਤੀ ਯਾਤਰੀ ਸੰਭਾਲੇ ਨਹੀਂ ਸਨ ਗਏ ਤੇ ਉਨ੍ਹਾਂ ਨੂੰ ਉਨ੍ਹਾਂ ਹੋਟਲਾਂ ਵਿਚ ਭੇਜਣਾ ਪਿਆ ਸੀ, ਜਿਨ੍ਹਾਂ ਦੇ ਮਾਲਕ ਉਸ ਦੇ ਜਾਣੂ ਸਨ। ਉਸ ਦੇ ਕਹਿਣ ਅਨੁਸਾਰ ਇਸ ਵਰ੍ਹੇ ਉਹਦੇ ਵਰਗੇ ਟਿਕਾਣੇ ਵੀ ਅਫਵਾਹਾਂ ਦੀ ਮਾਰ ਹੇਠ ਆ ਗਏ ਹਨ ਭਾਵੇਂ ਉਨ੍ਹਾਂ ਨੂੰ ਪਾਣੀ ਦੀ ਉਕਾ ਕੋਈ ਦਿੱਕਤ ਨਹੀਂ ਸੀ। ਸੈਲਾਨੀਆਂ ਦੀ ਘਾਟ ਨਾਲ ਢਾਬੇ ਵਾਲੇ ਹੀ ਘਾਟੇ ਵਿਚ ਨਹੀਂ ਰਹੇ, ਚਾਰ ਪਹੀਆਂ ਵਾਹਨਾਂ ਦੇ ਮਾਲਕ ਵੀ ਉਦਾਸ ਹਨ, ਜੋ ਬਾਹਰੋਂ ਆਏ ਸੈਲਾਨੀਆਂ ਦੇ ਸਿਰ 'ਤੇ ਟੱਬਰ ਪਾਲਦੇ ਹਨ। ਦੱਸਣ ਵਾਲੇ ਤਾਂ ਇਹ ਵੀ ਦਸਦੇ ਹਨ ਕਿ ਕਾਲਕਾ-ਸ਼ਿਮਲਾ ਵਿਚਾਲੇ ਚਲਦੀ ਖਿਡੌਣਾ ਰੇਲ ਗੱਡੀ ਵੀ ਘਾਟੇ ਵਿਚ ਚਲ ਰਹੀ ਹੈ।

**ਨਸ਼ਾ ਛੁਡਾਊ ਸੈਂਟਰਾਂ ਵਿਚ ਮਰੀਜ਼ਾਂ ਦੀ ਵਰਖਾ:** ਪੰਜਾਬ ਦੇ ਨਸ਼ਾ ਛੁਡਾਊ ਹਸਪਤਾਲਾਂ ਵਿਚ ਦਾਖਲਾ ਲੈ ਰਹੇ ਮਰੀਜ਼ਾਂ ਦੀ ਗਿਣਤੀ ਵਿਚ ਆਏ ਬੇਹਿਸਾਬੇ ਵਾਧੇ ਨੇ ਪੰਜਾਬ ਵਿਚ ਨਸ਼ਿਆਂ ਦੀ ਵਰਤੋਂ ਦੇ ਪੋਲ ਹੀ ਨਹੀਂ ਖੋਲ੍ਹੇ, ਇਲਾਜ ਕਰਨ ਵਾਲੇ ਡਾਕਟਰਾਂ ਨੂੰ ਵੀ ਪੱਬਾਂ ਭਾਰ ਕਰ ਦਿੱਤਾ ਹੈ। ਸਰਕਾਰ ਵਲੋਂ ਨਸ਼ਿਆਂ ਵਿਰੁਧ ਚਲਾਈ ਗਈ ਬਹੁ ਦਿਸ਼ਾਵੀ ਮੁਹਿੰਮ ਦਾ ਅਸਰ ਹੈ ਜਾਂ ਬਾਜ਼ਾਰ ਵਿਚੋਂ ਮਿਲਣ ਵਾਲੇ ਨਸ਼ਿਆਂ ਦੀ ਘਾਟ, ਨਸ਼ੇ ਦੀ ਤੋਟ ਦਾ ਸ਼ਿਕਾਰ ਹੋਏ ਮਰੀਜ਼ਾਂ ਨੇ ਹਸਪਤਾਲਾਂ ਤੇ ਨਸ਼ਾ ਛੁਡਾਊ ਕੇਂਦਰਾਂ ਵਲ ਵਹੀਰਾਂ ਘੱਤ ਲਈਆਂ ਹਨ। ਅੰਕੜੇ ਬੋਲਦੇ ਹਨ ਕਿ ਜੂਨ ਵਿਚ ਹਰ ਰੋਜ਼ ਨਵੇਂ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ 70 ਸੀ ਤੇ ਜੁਲਾਈ ਦੇ ਪਹਿਲੇ ਪੰਦਰਵਾੜੇ ਵਿਚ ਇਹ ਗਿਣਤੀ ਛੜੱਪਾ ਮਾਰ ਕੇ 408 'ਤੇ ਜਾ ਪਹੁੰਚੀ ਹੈ।

ਜਾਪਦਾ ਹੈ, ਸਰਕਾਰ ਦੀ ਨਵੀਂ ਨੀਤੀ ਦਾ ਅਸਰ ਹੋਇਆ ਹੈ। ਪਰ ਜਨਤਾ ਨੂੰ ਇਹ ਕੰਮ ਸਰਕਾਰਾਂ ਉਤੇ ਹੀ ਨਹੀਂ ਛੱਡਣਾ ਚਾਹੀਦਾ। ਨਸ਼ਾ ਵੇਚਣ ਵਾਲਿਆਂ ਦੀ ਪੈੜ ਨੱਪ ਕੇ ਉਨ੍ਹਾਂ ਨੂੰ ਪੁਲਿਸ ਦੇ ਹਵਾਲੇ ਕਰਨਾ ਚਾਹੀਦਾ ਹੈ ਤੇ ਨਸ਼ੇ ਦਾ ਸ਼ਿਕਾਰ ਹੋ ਰਹੇ ਬੱਚਿਆਂ ਨੂੰ ਪਿਆਰ ਨਾਲ ਸਮਝਾਉਣ ਦੀ ਲੋੜ ਹੈ। ਨਸ਼ਾ ਛੁਡਾਊ ਕੇਂਦਰਾਂ ਦੇ ਅਧਿਕਾਰੀਆਂ ਨੂੰ ਵੀ ਚੌਕਸ ਰਹਿਣ ਦੀ ਲੋੜ ਹੈ ਤਾਂ ਕਿ ਮਰੀਜ਼ਾਂ ਵਲੋਂ ਦਿੱਤੇ ਜਾਣ ਵਾਲੇ ਸੰਭਾਵੀ ਲਾਲਚ ਵਿਚ ਨਾ ਫਸ ਜਾਣ। ਆਪਾਂ ਸਾਰੇ ਜਾਣਦੇ ਹਾਂ ਕਿ ਪੰਜਾਬ ਦੀ ਜਵਾਨੀ ਨੂੰ ਨਸ਼ੇ ਖਾ ਰਹੇ ਹਨ ਤੇ ਗਵਾਂਢੀ ਦੁਸ਼ਮਣ ਇਸ ਦਾ ਲਾਭ ਲੈਣਾ ਚਾਹੁੰਦੇ ਹਨ। ਸਾਂਝੇ ਤੇ ਸੁਹਿਰਦ ਯਤਨਾਂ ਦੀ ਲੋੜ ਹੈ।

**ਬੁੱਧ ਦੇ ਬੁੱਤ ਦੀ ਮੁਸਕਾਨ ਪਰਤੀ:** ਗਿਆਰਾਂ ਸਾਲ ਪਹਿਲਾਂ ਤਹਿਰੀਕ-ਏ-ਤਾਲਿਬਾਨ ਵਲੋਂ ਤੋੜਿਆ ਮਹਾਤਮਾ ਬੁੱਧ ਦਾ ਬੁੱਤ ਇਟਲੀ ਦੇ ਬੋਧੀਆਂ ਦੀ ਮਾਇਕ ਮਦਦ ਤੇ ਹੱਲਾਸ਼ੇਰੀ ਸਦਕਾ ਨਵੇਂ ਸਿਰਿਓਂ ਸੋਧਿਆ ਗਿਆ ਹੈ। ਸੱਤ ਸੌ ਸਾਲ ਪੁਰਾਣਾ ਇਹ ਬੁੱਤ ਛੇ ਮੀਟਰ ਉਚਾ ਹੈ ਤੇ ਇਸ ਨੂੰ ਮੁੜ ਸਜਾਉਣ ਉਤੇ 2 ਲੱਖ ਡਾਲਰ ਲੱਗੇ ਹਨ। ਨਿਸ਼ਚੇ ਹੀ ਬੁੱਤ ਬੋਲਦਾ ਨਹੀਂ, ਕੇਵਲ ਮੁਸਕਰਾਉਂਦਾ ਹੈ। ਇਹ ਕੇਹੀ ਕੱਟੜਪੰਥੀ ਹੈ, ਜਿਸ ਨੂੰ ਮੁਸਕਾਨ ਵੀ ਜ਼ਖਮੀ ਕਰ ਦਿੰਦੀ ਹੈ? ਧਾਰਮਿਕ ਕੱਟੜਪੁਣਾ ਮੁਰਦਾਬਾਦ!

**ਅੰਤਿਕਾ:** ਹਰਨੇਕ ਸਿੰਘ ਕੋਮਲ ਦੇ ਦੋਹੇ

ਬਨਦੀ ਬਨਦੀ ਬਣ ਗਈ
ਵਿਦਿਆ ਕਾਰੋਬਾਰ
ਵਿਦਿਆ ਵਿਚੋਂ ਹੋ ਗਿਆ,
ਮਨਫੀ ਪਰਉਪਕਾਰ।
ਅਕਲ ਇਲਮ ਤੋਂ ਸੱਖਣੇ
ਬੰਦੇ ਦਾ ਕੀ ਮੁੱਲ
ਟਹਿਣੀ ਉਤੇ ਭਾਰ ਹੈ,
ਮਹਿਕ ਵਿਹੂਣਾ ਫੁੱਲ।
ਖੁੱਲ੍ਹੀ ਪਈ ਕਿਤਾਬ ਹੈ,
ਦੇਖ ਰਿਹਾ ਹੈ ਖਾਬ
ਪਾਠਕ ਪੜ੍ਹਦਾ ਸੌਂ ਗਿਆ,
ਜਾਗੇ ਪਈ ਕਿਤਾਬ।

ਪੰਜਾਬ ਟਾਈਮਜ਼

*ਸਨਿਚਰਵਾਰ, 28 ਜੁਲਾਈ 2018*

# ਤੰਦਰੁਸਤ ਪੰਜਾਬ ਦਾ ਨਕਸ਼ਾ

ਡੇਢ ਕੁ ਮਹੀਨਾ ਪਹਿਲਾਂ 'ਸੰਸਾਰ ਵਾਤਾਵਰਨ ਦਿਵਸ' ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 'ਤੰਦਰੁਸਤ ਪੰਜਾਬ' ਮਿਸ਼ਨ ਦਾ ਆਰੰਭ ਬਹੁਤ ਜੋਸ਼-ਓ-ਖਰੋਸ਼ ਨਾਲ ਕੀਤਾ। ਇਸ ਦਾ ਮੁੱਖ ਮਕਸਦ ਸੂਬੇ ਦੇ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣਾ, ਹਵਾ ਪ੍ਰਦੂਸ਼ਣ ਵਿਚ ਹੋ ਰਹੇ ਲਗਾਤਾਰ ਤੇ ਤਿੱਖੇ ਵਾਧੇ ਨੂੰ ਠੱਲ੍ਹਣਾ, ਖੁਰਾਕ ਪਦਾਰਥਾਂ ਵਿਚ ਬਹੁਤ ਵੱਡੇ ਪੱਧਰ ਉਤੇ ਹੋ ਰਹੀ ਮਿਲਾਵਟ ਨੂੰ ਬੰਦ ਕਰਨਾ ਅਤੇ ਲੋਕਾਂ ਦੀ ਸਰੀਰਕ ਤੇ ਮਾਨਸਿਕ ਸਿਹਤ ਵਿਚ ਸੁਧਾਰ ਕਰਨਾ ਮਿਥਿਆ ਗਿਆ ਸੀ। ਅਖਬਾਰਾਂ ਅਤੇ ਮੀਡੀਆ ਦੇ ਹੋਰ ਸਾਧਨਾਂ ਰਾਹੀਂ ਸਰਕਾਰੀ ਪੈਸਾ ਖਰਚ ਕੇ ਇਸ ਦਾ ਖੂਬ ਪ੍ਰਚਾਰ ਕੀਤਾ ਗਿਆ। ਇਸ ਮਿਸ਼ਨ ਅੰਦਰ ਅੱਧੀ ਦਰਜਨ ਤੋਂ ਵੱਧ ਮਹਿਕਮੇ ਵੀ ਲਾ ਦਿੱਤੇ ਗਏ। ਉਂਜ, ਇਹ 'ਤੰਦਰੁਸਤ ਪੰਜਾਬ' ਮਿਸ਼ਨ ਸ਼ੁਰੂ ਕੀਤੇ ਜਾਣ ਦਾ ਇਕ ਵੱਡਾ ਕਾਰਨ ਸੀ। ਪਿੰਡ ਕੀੜੀ ਅਫਗਾਨਾ (ਜ਼ਿਲ੍ਹਾ ਗੁਰਦਾਸਪੁਰ) ਦੀ ਚੱਢਾ ਸ਼ੂਗਰ ਮਿੱਲ ਵਿਚੋਂ ਸੀਰਾ ਬਿਆਸ ਦਰਿਆ ਵਿਚ ਵਹਿਣ ਕਾਰਨ ਲੋਕਾਂ ਅੰਦਰ ਹਾਹਾਕਾਰ ਮੱਚੀ ਪਈ ਸੀ। ਮਿੱਲ ਦੇ ਮਾਲਕਾਂ ਦਾ ਨੇੜਲਾ ਸਬੰਧ ਕਿਉਂਕਿ ਸਰਕਾਰ ਚਲਾ ਰਹੇ ਲੀਡਰਾਂ ਨਾਲ ਸੀ, ਇਸ ਲਈ ਸਰਕਾਰ ਵੱਲੋਂ ਬਣਦੀ ਕਾਰਵਾਈ ਨਾ ਕੀਤੇ ਜਾਣ ਕਾਰਨ ਲੋਕਾਂ ਦਾ ਗੁੱਸਾ ਦਿਨ-ਬ-ਦਿਨ ਵਧ ਰਿਹਾ ਸੀ। ਉਸ ਵਕਤ ਸਿਆਸੀ ਲੋੜ ਨੂੰ ਧਿਆਨ ਵਿਚ ਰੱਖ ਕੇ 'ਤੰਦਰੁਸਤ ਪੰਜਾਬ' ਮਿਸ਼ਨ ਛੇੜਿਆ ਗਿਆ ਅਤੇ ਮਿੱਲ ਮਾਲਕਾਂ ਨੂੰ ਜੁਰਮਾਨਾ ਲਾ ਕੇ ਛੱਡ ਦਿੱਤਾ ਗਿਆ। ਨਾਲ ਦੀ ਨਾਲ ਰਿਪੋਰਟ ਵੀ ਕੱਢ ਦਿੱਤੀ ਗਈ ਕਿ ਦਰਿਆ ਵਿਚ ਸੀਰਾ ਵਹਿਣ ਨਾਲ ਦਰਿਆ ਅੰਦਰਲੇ ਜੀਵ-ਜੰਤੂਆਂ ਦਾ ਬਹੁਤਾ ਨੁਕਸਾਨ ਨਹੀਂ ਹੋਇਆ ਹੈ ਹਾਲਾਂਕਿ ਤੱਥ ਇਹ ਹਨ ਕਿ ਇਹ ਪਾਣੀ ਜਦੋਂ ਅਗਾਂਹ ਨਹਿਰਾਂ ਅੰਦਰ ਗਿਆ ਤਾਂ ਇਸ ਦਾ ਰੰਗ ਬਿਲਕੁਲ ਕਾਲਾ ਸੀ ਅਤੇ ਸਰਕਾਰੀ ਹੁਕਮਾਂ 'ਤੇ ਨਹਿਰ ਦੇ ਜ਼ਹਿਰੀ ਹੋ ਚੁਕੇ ਇਸ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਗਈ ਸੀ।

ਹੁਣ ਇਸ ਝਾਕੀ ਦਾ ਦੂਜਾ ਦ੍ਰਿਸ਼ ਦੇਖੋ। ਸਰਕਾਰ ਨੇ 'ਤੰਦਰੁਸਤ ਪੰਜਾਬ' ਮਿਸ਼ਨ ਨੂੰ ਲੋਕਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਸੁਧਾਰਨ ਲਈ ਹੰਭਲਾ ਕਰਾਰ ਦਿੱਤਾ ਸੀ। ਲੋਕਾਂ ਨੇ ਸੁੱਤੇ-ਸਿੱਧ ਹੀ ਮਿਸ਼ਨ ਨੂੰ ਸਿਹਤ ਸਹੂਲਤਾਂ ਨਾਲ ਜੋੜ ਕੇ ਦੇਖਿਆ ਅਤੇ ਆਸ ਕੀਤੀ ਕਿ ਹੁਣ ਹਸਪਤਾਲਾਂ ਤੇ ਸਿਹਤ ਕੇਂਦਰਾਂ ਦੀ ਕਾਇਆ ਕਲਪ ਹੋ ਜਾਵੇਗੀ। ਕਾਇਆ ਕਲਪ ਹੋਈ ਜ਼ਰੂਰ ਪਰ ਹਸਪਤਾਲਾਂ ਤੇ ਸਿਹਤ ਕੇਂਦਰਾਂ ਦੀ ਨਹੀਂ, ਸਗੋਂ ਸਿਆਸੀ ਲੀਡਰਾਂ ਦੀ ਹੀ ਹੋਈ ਹੈ। ਰਿਪੋਰਟਾਂ ਦੱਸਦੀਆਂ ਹਨ ਕਿ ਪੰਜਾਬ ਵਿਚ ਇਹ ਮਿਸ਼ਨ ਚੁੱਪ ਚੁਪੀਤੇ ਚੱਲ ਰਿਹਾ ਹੈ। ਯਾਦ ਰਹੇ, ਸਰਕਾਰੀ ਖਜ਼ਾਨਾ ਖਾਲੀ ਹੋਣ ਦੇ ਰੌਲੇ ਦੇ ਬਾਵਜੂਦ ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਤੋਂ ਬਿਨਾ ਉਨ੍ਹਾਂ ਦੇ ਪਰਿਵਾਰਾਂ ਦੀ ਸਿਹਤ 'ਤੇ ਖਰਚੇ ਦੀ ਕੋਈ ਸੀਮਾ ਨਹੀਂ ਹੈ। ਕੈਪਟਨ ਸਰਕਾਰ ਦੇ ਪਹਿਲੇ ਵਰ੍ਹੇ ਦੌਰਾਨ ਵਿਧਾਇਕਾਂ ਤੇ ਸਾਬਕਾ ਵਿਧਾਇਕਾਂ ਦਾ ਸਿਹਤ ਖਰਚ 23.69 ਲੱਖ ਰੁਪਏ ਰਿਹਾ ਹੈ। ਇਕੱਲੇ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਦੇ ਪਰਿਵਾਰ ਦਾ ਸਿਹਤ ਖਰਚਾ 14.15 ਲੱਖ ਰੁਪਏ ਹੈ ਜੋ ਕੁੱਲ ਖਰਚੇ ਦਾ ਅੱਧੇ ਤੋਂ ਵੱਧ ਬਣਦਾ ਹੈ। ਇਸੇ ਤਰ੍ਹਾਂ ਸਾਬਕਾ ਵਿਧਾਇਕ ਗੁਰਚਰਨ ਸਿੰਘ ਬੋਪਾਰਾਏ ਦਾ ਇਲਾਜ ਖਰਚਾ 2.29 ਲੱਖ ਰੁਪਏ, ਵਿਧਾਇਕ ਬੁੱਧ ਰਾਮ ਦਾ 1.77 ਲੱਖ, ਵਿਧਾਇਕ ਦਰਸ਼ਨ ਸਿੰਘ ਬਰਾੜ ਦਾ ਸਿਹਤ ਖਰਚਾ 1.49 ਲੱਖ ਰੁਪਏ ਹੈ। ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਨੇ 2784 ਰੁਪਏ ਦਾ ਇਲਾਜ ਖਰਚਾ ਵੀ ਸਰਕਾਰੀ ਖਜ਼ਾਨੇ ਵਿਚੋਂ ਲਿਆ ਹੈ। ਇਸੇ ਤਰ੍ਹਾਂ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ ਨੇ 4111 ਰੁਪਏ ਅਤੇ ਸੁਖਪਾਲ ਸਿੰਘ ਭੁੱਲਰ ਨੇ 1750 ਰੁਪਏ ਸਰਕਾਰੀ ਖਜ਼ਾਨੇ ਵਿਚੋਂ ਲਏ ਹਨ। ਕੈਪਟਨ ਸਰਕਾਰ ਨੇ ਸਭ ਤੋਂ ਵੱਡਾ ਬਿੱਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਭੁਗਤਾਨ ਕੀਤਾ ਹੈ। ਅਮਰੀਕਾ 'ਚ ਸ. ਬਾਦਲ ਨੇ 8 ਫਰਵਰੀ ਤੋਂ 20 ਫਰਵਰੀ ਤੱਕ ਆਪਣੇ ਦਿਲ ਦਾ ਇਲਾਜ ਕਰਾਇਆ ਜਿਸ ਦਾ ਬਿੱਲ ਸਮੇਤ ਹਵਾਈ ਟਿਕਟਾਂ ਦਾ ਖਰਚ ਕਰੀਬ ਇਕ ਕਰੋੜ ਰੁਪਏ ਸੀ।

ਬਿਨਾ ਸ਼ੱਕ ਇਹ ਅੰਕੜੇ ਹੈਰਾਨ ਕਰਨ ਵਾਲੇ ਹਨ। ਸਵਾਲ ਹੁਣ ਇਹ ਹੈ ਕਿ ਲੋਕਾਂ ਨੂੰ ਸਹੂਲਤਾਂ ਦੇਣ ਵੇਲੇ ਸਰਕਾਰ ਲਗਾਤਾਰ ਰੌਲਾ ਪਾ ਰਹੀ ਹੈ ਕਿ ਖਜ਼ਾਨਾ ਖਾਲੀ ਹੈ ਪਰ ਵਿਧਾਇਕਾਂ ਜਾਂ ਸਾਬਕਾ ਵਿਧਾਇਕਾਂ ਦੇ ਇਲਾਜ ਲਈ ਪੈਸੇ ਦੀ ਕੋਈ ਤੋਟ ਨਹੀਂ ਹੈ ਜਦਕਿ ਜਿਨ੍ਹਾਂ ਨੇ ਇਹ ਬੋਝ ਸਰਕਾਰੀ ਖਜ਼ਾਨੇ ਉਤੇ ਪਾਇਆ ਹੈ, ਉਨ੍ਹਾਂ ਦੀ ਆਰਥਕ ਹੈਸੀਅਤ ਇੰਨੀ ਮਾੜੀ ਨਹੀਂ ਕਿ ਉਹ ਇਲਾਜ ਦਾ ਖਰਚਾ ਵੀ ਨਾ ਚੁੱਕ ਸਕਣ। ਜਾਹਰ ਹੈ ਕਿ ਖਾਲੀ ਖਜ਼ਾਨੇ ਦਾ ਸਾਰਾ ਭਾਰ ਆਮ ਜਨਤਾ 'ਤੇ ਹੀ ਪੈ ਰਿਹਾ ਹੈ। ਇਨ੍ਹਾਂ ਲੀਡਰਾਂ ਉਤੇ ਇਸ ਦਾ ਕੋਈ ਅਸਰ ਨਹੀਂ ਹੈ। ਉਂਜ ਵੀ, 'ਤੰਦਰੁਸਤ ਪੰਜਾਬ' ਮਿਸ਼ਨ ਵਾਲਾ ਮਿਸ਼ਨ ਹੁਣ ਸ਼ਾਇਦ ਪੂਰਾ ਹੋ ਚੁਕਾ ਹੈ। ਉਸ ਵਕਤ ਫੈਕਟਰੀਆਂ ਅੰਦਰ ਪਾਣੀ ਸੋਧਕ ਪਲਾਂਟਾਂ ਬਾਰੇ ਗੱਲ ਮੀਡੀਆ ਅੰਦਰ ਤੁਰੀ ਸੀ ਪਰ ਇਹ ਚਰਚਾ ਸਿਰਫ ਮੀਡੀਆ ਅੰਦਰ ਹੀ ਰਹਿ ਗਈ ਅਤੇ ਆਖਰਕਾਰ ਦਮ ਤੋੜ ਗਈ। ਸੂਬੇ ਅੰਦਰਲੀਆਂ ਤਕਰੀਬਨ ਸਾਰੀਆਂ ਨਿੱਕੀਆਂ-ਵੱਡੀਆਂ ਫੈਕਟਰੀਆਂ ਅੰਦਰ ਪਾਣੀ ਸੋਧਕ ਪਲਾਂਟ ਨਹੀਂ ਹਨ। ਜਿਨ੍ਹਾਂ ਫੈਕਟਰੀਆਂ ਵਿਚ ਇਹ ਲੱਗੇ ਵੀ ਹੋਏ ਹਨ, ਉਹ ਚਾਲੂ ਹਾਲਤ ਵਿਚ ਨਹੀਂ। ਇਸ ਦਾ ਵੱਡਾ ਕਾਰਨ ਇਹ ਹੈ ਕਿ ਇਹ ਪਲਾਂਟ ਚਲਾਉਣ ਲਈ ਵੱਡਾ ਖਰਚਾ ਕਰਨਾ ਪੈਂਦਾ ਹੈ। ਜਦੋਂ ਸਰਕਾਰੀ ਅਫਸਰਾਂ ਨਾਲ ਗੰਢ-ਤਰੁੱਪ ਕਰਕੇ ਉਂਜ ਹੀ ਸਰ ਜਾਂਦਾ ਹੈ ਤਾਂ ਕੋਈ ਫੈਕਟਰੀ ਮਾਲਕ ਇਹ ਖਰਚਾ ਕਿਉਂ ਚੁੱਕੇਗਾ? ਸਿੱਟੇ ਵਜੋਂ ਲੋਕਾਂ ਅਤੇ ਜੀਵ-ਜੰਤੂਆਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਸ਼ੁਰੂ ਹੋ ਜਾਂਦਾ ਹੈ। ਮਾੜੇ-ਮੋਟੇ ਹਾਦਸੇ ਨੂੰ ਤਾਂ ਕੋਈ ਪੁੱਛਦਾ ਵੀ ਨਹੀਂ। ਜਦੋਂ ਕਦੀ ਬਿਆਸ ਵਰਗਾ ਵੱਡਾ ਹਾਦਸਾ ਵਾਪਰਦਾ ਹੈ ਕਿ ਹਾਕਮ ਜਮਾਤ ਲੋਕਾਂ ਦੇ ਅੱਖੀਂ ਘੱਟਾ ਪਾ ਕੇ ਤੁਰਦੀ ਬਣਦੀ ਹੈ। ਅਸਲ ਵਿਚ ਧਨਾਢ ਕਾਰੋਬਾਰੀਆਂ, ਸਿਆਸਤਦਾਨਾਂ ਅਤੇ ਅਫਸਰਾਂ ਦੀ ਜੋ ਜੁੰਡਲੀ ਬਣ ਗਈ ਹੋਈ ਹੈ, ਉਹ ਸੂਬੇ ਦਾ ਹਿਤਾਂ ਨੂੰ ਧਿਆਨ ਵਿਚ ਰੱਖਣ ਦੀ ਥਾਂ ਆਪੋ-ਆਪਣੇ ਹਿਤਾਂ ਮੁਤਾਬਕ ਆਪੋ-ਆਪਣਾ ਕਾਰੋਬਾਰ ਜਾਂ ਡਿਊਟੀ ਕਰ ਰਹੇ ਹਨ। ਇਹ ਹੈ ਆਪਣੇ ਤੰਦਰੁਸਤ ਪੰਜਾਬ ਦਾ ਹਾਲ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਖਤਰੇ 'ਚ ਪੱਗ ਪ੍ਰਚਾਰਕਾਂ ਦੀ

ਹਰ ਧਰਮ ਹੀ ਇਹੋ ਤਾਕੀਦ ਕਰਦਾ, ਬੰਦੇ ਬਣਨ ਵੀ 'ਬੰਦੇ' ਕਹਾਉਣ ਵਾਲੇ।
ਕੱਟੜਪੁਣੇ ਦਾ ਕਰਨ ਪ੍ਰਚਾਰ ਯਾਰੋ, ਮਾਨਵ ਧਰਮ ਨੂੰ ਦਿਲੋਂ ਭੁਲਾਉਣ ਵਾਲੇ।
ਬਹਿੰਦੇ 'ਸੂਰਮੇ' ਬੜੇ 'ਸਚਿਆਰ' ਬਣ ਕੇ, ਸੱਚ ਹੋਰਾਂ ਦਾ 'ਝੂਠ' ਬਣਾਉਣ ਵਾਲੇ।
ਪਿੱਛੇ ਆਪ ਮੱਕਾਰ ਨੇ ਛੁਪੇ ਰਹਿੰਦੇ, 'ਚੁਣ ਕੇ' ਮੂਰਖਾਂ ਤਾਈਂ ਭੜਕਾਉਣ ਵਾਲੇ।
ਅੱਖਾਂ ਮੀਚ ਕੇ ਲੀਹਾਂ 'ਚ ਤੁਰਨ ਗਿੱਝੇ, ਕਾਹਨੂੰ ਮੰਨਦੇ ਖੋਜ ਸੁਧਾਰਕਾਂ ਦੀ।
ਆਪੋ ਆਪਣੇ 'ਧਰਮੀਆਂ ਕਰਮੀਆਂ' ਤੋਂ, ਪਈ ਖਤਰੇ ਵਿਚ ਪੱਗ ਪ੍ਰਚਾਰਕਾਂ ਦੀ!

# ਪੰਜਾਬ, ਸਨਅਤੀਕਰਨ ਅਤੇ ਸਿਆਸਤਦਾਨ

*ਅੱਜ ਦੇ ਦੌਰ ਵਿਚ ਸਨਅਤੀਕਰਨ ਤੋਂ ਬਗੈਰ ਵਿਕਾਸ ਦੇ ਰਾਹ ਉਤੇ ਕਦਮ ਨਹੀਂ ਵਧਾਏ ਜਾ ਸਕਦੇ। ਪੰਜਾਬ ਇਸ ਮਾਮਲੇ ਵਿਚ ਸਦਾ ਪਛੜਦਾ ਹੀ ਰਿਹਾ ਹੈ। ਪੰਜਾਬ ਵਿਚ ਸਨਅਤੀਕਰਨ ਨਾ ਹੋਣ ਬਾਰੇ ਸਭ ਧਿਰਾਂ ਸਰਹੱਦੀ ਸੂਬਾ ਹੋਣ ਦਾ ਰਾਗ ਅਲਾਪਦੀਆਂ ਰਹਿੰਦੀਆਂ ਹਨ ਜਦਕਿ ਅਸਲ ਤੇ ਵੱਡਾ ਕਾਰਨ ਸੂਬੇ ਅੰਦਰਲੇ ਮਾੜੇ ਪ੍ਰਬੰਧ ਹਨ। ਪੰਜਾਬ ਦੇ ਕਿਸੇ ਵੀ ਲੀਡਰ ਨੇ ਇਸ ਪਾਸੇ ਕਦੀ ਕੋਈ ਪਹਿਲਕਦਮੀ ਨਹੀਂ ਕੀਤੀ। ਸਿਆਸਤ ਚਮਕਾਉਣ ਅਤੇ ਵੋਟਾਂ ਬਟੋਰਨ ਲਈ ਪੂੰਜੀ ਨਿਵੇਸ਼ ਸੰਮੇਲਨ ਜਾਂ ਵੱਡੇ ਕਾਰੋਬਾਰੀਆਂ ਨਾਲ ਮੀਟਿੰਗਾਂ ਕਰਕੇ ਬੁੱਤਾ ਸਾਰ ਲਿਆ ਜਾਂਦਾ ਹੈ। ਸਿਆਸਤਦਾਨਾਂ ਦੀ ਇਸ ਨਾਲਾਇਕੀ ਦਾ ਖਮਿਆਜ਼ਾ ਪੰਜਾਬ ਦੇ ਲੋਕ ਬੇਰੁਜ਼ਗਾਰੀ ਦੇ ਰੂਪ ਵਿਚ ਭੁਗਤ ਰਹੇ ਹਨ। -ਸੰਪਾਦਕ*

ਨਿਰਮਲ ਸੰਧੂ

ਸਰਲ ਅਤੇ ਸੌਖੇ ਕਾਰੋਬਾਰ ਦੇ ਪੱਖ ਤੋਂ ਕਰਵਾਏ ਹਾਲੀਆ ਸਰਵੇਖਣ ਵਿਚ ਪੰਜਾਬ ਦੇ 20ਵੇਂ ਦਰਜੇ ਉਤੇ ਜਾ ਡਿਗਣ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਯਕੀਨ ਨਹੀਂ ਕੀਤਾ। ਉਂਜ, ਮੁੱਖ ਮੰਤਰੀ ਭਾਵੇਂ ਪਸੰਦ ਕਰਨ ਜਾਂ ਨਾ, ਸਨਅਤ ਦਾ ਸਮੁੱਚਾ ਦਾਰੋਮਦਾਰ ਬਾਹਰੀ ਮਾਪਦੰਡਾਂ ਮੁਤਾਬਿਕ ਹੁੰਦਾ ਹੈ ਜਿਸ ਵਿਚ ਨਿਵੇਸ਼ ਮਹਾਂਸੰਮੇਲਨਾਂ ਜਾਂ ਸਿਆਸਤਦਾਨਾਂ ਨਾਲ ਸਿੱਧੀਆਂ ਬੈਠਕਾਂ ਤੋਂ ਕਿਤੇ ਅਗਾਂਹ ਦਾ ਸਿਲਸਿਲਾ ਵੀ ਜੁੜਿਆ ਹੁੰਦਾ ਹੈ। ਜੇ ਕਿਤੇ ਇਸ ਸਰਵੇਖਣ ਵਿਚ ਭਾਜਪਾ ਦੀ ਸੱਤਾ ਵਾਲੇ ਸੂਬੇ ਉਪਰਲੀਆਂ ਪੁਜ਼ੀਸ਼ਨਾਂ 'ਤੇ ਰਹਿੰਦੇ ਤਾਂ ਇਸ ਬਾਰੇ ਸ਼ੱਕ ਜਾਂ ਸਿਆਸੀ ਜੋੜ-ਤੋੜ ਦੇ ਖਦਸ਼ੇ ਖੜ੍ਹੇ ਹੋ ਸਕਦੇ ਸਨ; ਪਰ ਸਰਵੇਖਣ ਵਿਚ ਆਂਧਰਾ ਪ੍ਰਦੇਸ਼ ਸਭ ਤੋਂ ਅੱਗੇ ਹੈ, ਉਸ ਤੋਂ ਬਾਅਦ ਤਿਲੰਗਾਨਾ ਦਾ ਨੰਬਰ ਹੈ ਅਤੇ ਤੀਜਾ ਨੰਬਰ ਹਰਿਆਣੇ ਦਾ ਹੈ। ਇਸ ਦਰਜਾਬੰਦੀ ਨੇ ਸਰਵੇਖਣ ਦੀ ਨਿਰਪੱਖਤਾ ਬਾਰੇ ਹਰ ਖਦਸ਼ਾ ਨਿਰਮੂਲ ਬਣਾ ਦਿੱਤਾ ਹੈ।

ਪੰਜਾਬ ਵਿਚ ਕਿਸੇ ਵੀ ਲੀਡਰ ਨੇ ਆਪਣੀ ਨਾਕਾਮੀ ਕਬੂਲਣ ਦਾ ਹੌਸਲਾ ਨਹੀਂ ਕੀਤਾ ਅਤੇ ਨਾ ਹੀ ਅਗਲੀ ਵਾਰ ਤੱਕ ਕਾਰਕਰਦਗੀ ਵਿਚ ਸੁਧਾਰ ਲਿਆਉਣ ਦਾ ਕੋਈ ਵਾਅਦਾ ਕੀਤਾ ਹੈ। ਅਸਲ ਵਿਚ, ਲੀਡਰਸ਼ਿਪ ਨੇ ਸਿਰ ਪਈ ਹਕੀਕਤ ਤੋਂ ਆਪਣੀਆਂ ਅੱਖਾਂ ਮੁੰਦ ਲਈਆਂ ਹਨ; ਹਕੀਕਤ ਇਹ ਹੈ ਕਿ ਕਈ ਕਾਰਨਾਂ ਕਰਕੇ ਪੰਜਾਬ ਵਿਚ ਨਵੀਂ ਸਨਅਤ ਨਹੀਂ ਆ ਰਹੀ। ਇਸ ਤੋਂ ਮਾੜੇ ਇੰਤਜ਼ਾਮ ਅਤੇ ਸਿਆਸੀ ਤੇ ਅਫਸਰਸ਼ਾਹੀ ਦੇ ਅੜਿਕਿਆਂ ਦੀ ਕਨਸੋਅ ਹੀ ਮਿਲਦੀ ਹੈ।

ਸੂਬੇ ਦੀ ਕਮਾਨ ਸੰਭਾਲਦਿਆਂ ਹੀ ਸਨਅਤਕਾਰਾਂ ਨੂੰ ਪ੍ਰੇਰਨ ਲਈ ਮੁੰਬਈ ਜਾਣ ਦੀ ਥਾਂ ਮੁੱਖ ਮੰਤਰੀ ਕੈਪਟਨ ਅਰਿੰਦਰ ਸਿੰਘ ਨੂੰ ਸੂਬੇ ਦੀਆਂ ਬੁਰੀ ਤਰ੍ਹਾਂ ਹਿੱਲ ਚੁੱਕੀਆਂ ਸੰਸਥਾਵਾਂ ਨੂੰ ਥਾਂ ਸਿਰ ਕਰਨ ਅਤੇ ਨੇਮ ਆਧਾਰਿਤ ਪ੍ਰਸ਼ਾਸਨ ਲਈ ਸਿਰ ਜੋੜ ਕੇ ਬੈਠਣਾ ਚਾਹੀਦਾ ਸੀ; ਪਰ ਅੰਬਾਨੀ ਜਾਂ ਅਡਾਨੀ ਵਰਗੇ ਵੱਡੇ ਕਾਰੋਬਾਰੀਆਂ ਨਾਲ ਪੰਜ-ਸਿਤਾਰਾ ਸੁਖ-ਆਰਾਮ ਅੰਦਰ ਬੈਠ ਕੇ ਸਲਾਹਾਂ ਜੋੜਨੀਆਂ ਸ਼ਾਇਦ ਲੀਡਰਾਂ ਨੂੰ ਜ਼ਿਆਦਾ ਆਕਰਸ਼ਕ ਅਤੇ ਸੁਰਖੀਆਂ ਬਟੋਰਨ ਵਾਲੀਆਂ ਜਾਪਦੀਆਂ ਹਨ।

ਸਨਅਤਕਾਰਾਂ ਨਾਲ ਫੋਟੋ-ਸੈਸ਼ਨ ਕਰਵਾਉਣ ਨਾਲ ਮੀਡੀਆ ਵਿਚ ਤਾਂ ਵਾਹਵਾ ਥਾਂ ਮਿਲ ਜਾਂਦੀ ਹੈ ਪਰ ਇਸ ਨਾਲ ਸਨਅਤੀਕਰਨ ਦੇ ਰਾਹ ਵਿਚ ਪਏ ਇਹ ਟੋਏ ਨਹੀਂ ਲੁਕ ਸਕਦੇ: ਲਾਲ ਫੀਤਾਸ਼ਾਹੀ ਤੇ ਭ੍ਰਿਸ਼ਟਾਚਾਰ ਤੋਂ ਇਲਾਵਾ ਸ਼ਹਿਰਾਂ ਵਿਚ ਭੀੜ-ਭੜੱਕਾ, ਆਵਾਜਾਈ ਦਾ ਘੜਮੱਸ, ਨਾਕਾਫੀ ਬੁਨਿਆਦੀ ਢਾਂਚਾ, ਪੌਣ ਤੇ ਪਾਣੀ ਪ੍ਰਦੂਸ਼ਣ, ਮਹਿੰਗੀਆਂ ਜ਼ਮੀਨਾਂ, ਜਾਨ-ਮਾਲ ਲਈ ਜੋਖਮ ਆਦਿ। ਇਹ ਸਾਰੇ ਨੁਕਤੇ ਸਨਅਤ ਦੇ ਰਾਹ ਦਾ ਵੱਡਾ ਰੋੜਾ ਹਨ ਜਿਨ੍ਹਾਂ ਨੂੰ ਦੂਰ ਕਰਨ ਲਈ ਕਿਸੇ ਵੀ ਸਰਕਾਰ ਨੇ ਕਦੀ ਕੋਸ਼ਿਸ਼ ਨਹੀਂ ਕੀਤੀ।

ਜਿਸ ਸੂਬੇ ਅੰਦਰ ਸਿਆਸੀ ਲੀਡਰਾਂ ਨੂੰ ਆਉਣ-ਜਾਣ ਲਈ ਕਰੜੀ ਸੁਰੱਖਿਆ ਦੀ ਲੋੜ ਪਵੇ, ਜਿਹੜੇ ਸਦਾ ਆਕੜ ਦਿਖਾਉਣ ਅਤੇ ਆਮ ਲੋਕਾਂ ਦੀ ਪਹੁੰਚ ਤੋਂ ਵੀ ਦੂਰ ਹੋਣ, ਖਾਲਿਸਤਾਨੀ ਵੱਖਵਾਦੀਆਂ ਤੋਂ ਖਤਰੇ ਨੂੰ ਵਧਾ-ਚੜ੍ਹਾ ਕੇ ਦੱਸੀ ਜਾਣ, ਗੈਂਗਸਟਰਾਂ ਦੀ ਸਰਪ੍ਰਸਤੀ ਕਰਨ ਅਤੇ ਦੌਰਿਆਂ ਲਈ ਹੈਲੀਕਾਪਟਰ ਵਰਤਣ, ਉਥੇ ਕੋਈ ਸਨਅਤਕਾਰ ਆਪਣਾ ਪੈਸਾ ਲਾਉਣਾ ਕਿਸ ਤਰ੍ਹਾਂ ਸੁਰੱਖਿਅਤ ਮੰਨ ਸਕਦਾ ਹੈ? ਅਜਿਹੇ ਸੂਬੇ ਵਿਚ ਕੋਈ ਕਾਰੋਬਾਰੀ ਨਿਵੇਸ਼ ਲਈ ਕਿਉਂ ਸੋਚੇਗਾ? ਪੰਜਾਬ ਦੇ ਸਿਆਸਤਦਾਨ ਨਿਤ ਦਿਨ ਇਹੀ ਦਿਖਾਵਾ ਕਰਦੇ ਰਹਿੰਦੇ ਹਨ ਕਿ ਉਹ ਸੂਬੇ ਲਈ ਕੁਝ ਨਾ ਕੁਝ ਕਰ ਰਹੇ ਹਨ। ਇਸੇ ਕਰਕੇ ਉਹ ਸਦਾ ਸੁਰਖੀਆਂ ਵਿਚ ਰਹਿੰਦੇ ਹਨ।

ਸਰਕਾਰ ਨੂੰ ਖਬਰ ਜਾਂ ਖਿਆਲ ਹੀ ਨਹੀਂ ਹੈ ਕਿ ਪੰਜਾਬ ਨੂੰ ਕਿਸ ਤਰ੍ਹਾਂ ਦੀ ਸਨਅਤ ਦੀ ਲੋੜ ਹੈ। ਪੰਜਾਬ ਨੂੰ ਕਿਸ ਤਰ੍ਹਾਂ ਦੀ ਸਨਅਤ ਦੀ ਲੋੜ ਹੈ, ਇਹ ਤੈਅ ਕਰਨਾ ਪਵੇਗਾ। ਇਹ ਕਹਿ ਕੇ ਗੱਲ ਨਹੀਂ ਬਣਨੀ ਕਿ ਕਿਸੇ ਵੀ ਤਰ੍ਹਾਂ ਦੀ ਜਾਂ ਹਰ ਤਰ੍ਹਾਂ ਦੀ ਸਨਅਤ ਲਾ ਲਵਾਂਗੇ। ਵਾਤਾਵਰਨ ਪੱਖੀ ਇਕਾਈਆਂ ਦੇ ਤਰਜੀਹੀ ਬੰਦੋਬਸਤ ਦੀ ਜ਼ਰੂਰਤ ਹੈ। ਜਦੋਂ ਟਾਟਾ ਗਰੁਪ ਨੇ ਆਪਣਾ ਨੈਨੋ ਪ੍ਰੋਜੈਕਟ ਪੱਛਮੀ ਬੰਗਾਲ ਤੋਂ ਬਾਹਰ ਲਿਜਾਣ ਦਾ ਫੈਸਲਾ ਕੀਤਾ ਤਾਂ ਪੰਜਾਬ ਦੇ ਤਤਕਾਲੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬਿਨਾਂ ਕੁਝ ਸੋਚੇ ਵਿਚਾਰੇ ਕਿ ਪੰਜਾਬ ਵਿਚ ਕਾਰ ਕਾਰਖਾਨਾ ਲਾਉਣਾ ਨਫੇ ਵਾਲਾ ਸੌਦਾ ਹੈ ਜਾਂ ਨਹੀਂ, ਤੇ ਸਾਡਾ ਸੂਬਾ ਗੁਜਰਾਤ ਜਿੰਨੀਆਂ ਸਹੂਲਤਾਂ ਤੇ ਛੋਟਾਂ ਦੇ ਵੀ ਸਕਦਾ ਹੈ ਜਾਂ ਨਹੀਂ, ਪ੍ਰੋਜੈਕਟ ਲਿਆਉਣ ਦੀ ਦੌੜ ਵਿਚ ਸ਼ਾਮਲ ਹੋ ਗਏ। ਉਦੋਂ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੇ ਵਿਸ਼ਾਲ ਜ਼ਮੀਨ ਪੂਲ ਬਣਾ ਲਿਆ ਹੋਇਆ ਸੀ ਅਤੇ ਉਨ੍ਹਾਂ ਝੱਟ ਅਗਲਿਆਂ ਨੂੰ ਜ਼ਮੀਨ ਮੁਹੱਈਆ ਕਰਵਾ ਦਿੱਤੀ।

ਪੰਜਾਬ ਅਜਿਹੀ ਪਹਿਲ ਲਈ ਤਿਆਰ ਹੀ ਨਹੀਂ ਸੀ। ਉਂਜ, ਨੈਨੋ ਪ੍ਰੋਜੈਕਟ ਹਾਸਲ ਕਰਨ ਵਿਚ ਸੁਖਬੀਰ ਦੀ ਨਾਕਾਮੀ ਪੰਜਾਬ ਲਈ ਇਕ ਤਰ੍ਹਾਂ ਨਾਲ ਵਰਦਾਨ ਹੀ ਸਾਬਤ ਹੋਈ। ਇਹ ਕਾਰ ਹੁਣ ਕੋਈ ਨਹੀਂ ਖਰੀਦ ਰਿਹਾ। ਪਿਛਲੇ ਮਹੀਨੇ ਕੰਪਨੀ ਨੇ ਸਿਰਫ ਇਕ ਕਾਰ ਹੀ ਬਣਾਈ ਹੈ। ਨਾਕਾਮ ਪ੍ਰੋਜੈਕਟ ਉਤੇ ਪਹਿਲਾਂ ਹੀ ਸੀਮਤ ਜਿਹੇ ਵਸੀਲੇ ਰੋੜ੍ਹਨ ਤੋਂ ਪੰਜਾਬ ਬਚ ਗਿਆ। ਸੁਖਬਿਰ ਸਿੰਘ ਬਾਦਲ ਨੇ ਇਸ ਤਰ੍ਹਾਂ ਦੀ ਉਰਜਾ ਜਾਂ ਉਤਸੁਕਤਾ ਫੂਡ ਪ੍ਰੋਸੈਸਿੰਗ ਇਕਾਈਆਂ ਲਿਆਉਣ ਲਈ ਨਹੀਂ ਦਿਖਾਈ, ਹਾਲਾਂਕਿ ਇਸ ਕੇਂਦਰੀ ਮੰਤਰਾਲੇ ਦੀ ਕਮਾਨ ਉਨ੍ਹਾਂ ਦੀ ਪਤਨੀ ਦੇ ਹੱਥ ਸੀ।

ਪੰਜਾਬ ਦੀ ਸਿਆਸੀ ਲੀਡਰਸ਼ਿਪ, ਇਹ ਭਾਵੇਂ ਕਾਂਗਰਸੀ ਹਨ ਜਾਂ ਅਕਾਲੀ, ਪੰਜਾਬ ਵਿਚ ਸਨਅਤੀ ਇਕਾਈਆਂ ਹਾਸਲ ਕਰਨ ਲਈ ਇੰਨੇ ਬੇਕਰਾਰ ਹਨ ਕਿ ਨਤੀਜਾ ਮਾੜੇ ਕਰਾਰਾਂ ਵਿਚ ਨਿਕਲਿਆ। ਬਠਿੰਡਾ ਤੇਲ ਸੋਧਕ ਕਾਰਖਾਨਾ ਅਤੇ ਪ੍ਰਾਈਵੇਟ ਬਿਜਲੀ ਪ੍ਰੋਜੈਕਟ ਇਸ ਦੀਆਂ ਖਾਸ ਮਿਸਾਲਾਂ ਹਨ। ਇਨ੍ਹਾਂ ਪ੍ਰੋਜੈਕਟਾਂ ਬਾਰੇ ਨਿਰਪੱਖ ਪੁਣਛਾਣ ਹੋਣੀ ਚਾਹੀਦੀ ਹੈ ਕਿ ਪੰਜਾਬ ਨੇ ਇਨ੍ਹਾਂ ਪ੍ਰੋਜੈਕਟਾਂ ਤੋਂ ਕੁਝ ਖੱਟਿਆ ਵੀ ਹੈ। ਜੇ ਕੁਝ ਖੱਟਿਆ ਹੈ ਤਾਂ ਦਿੱਤੀਆਂ ਛੋਟਾਂ ਦੇ ਮੁਤਾਬਿਕ ਵੀ ਹੈ ਜਾਂ ਨਹੀਂ।

ਇਹ ਪੁਣਛਾਣ ਕਰਨ ਦੀ ਵੀ ਲੋੜ ਹੈ ਕਿ ਕੇਂਦਰੀ ਕਰਾਂ ਵਿਚ ਛੋਟ ਕਾਰਨ ਪੰਜਾਬ ਤੋਂ ਕੋਈ ਸਨਅਤ ਹਿਮਾਚਲ ਪ੍ਰਦੇਸ਼ ਗਈ ਹੈ? ਕਿਉਂਕਿ ਬੱਦੀ ਵਿਚ ਅਜਿਹੀਆਂ ਬਹੁਤ ਘੱਟ ਫਰਮਾਸਿਊਟੀਕਲ ਇਕਾਈਆਂ ਹਨ ਜਿਹੜੀਆਂ ਪਹਿਲਾਂ ਪੰਜਾਬ ਵਿਚ ਸਨ। ਸਨਅਤੀ ਵਿਕਾਸ ਵਿਚ ਪਛੜ ਰਹੇ ਪੰਜਾਬ ਲਈ ਇਕ ਹੋਰ ਪ੍ਰਚੱਲਿਤ ਸਿਆਸੀ ਬਹਾਨਾ ਸਰਹੱਦੀ ਸੂਬੇ ਦਾ ਹੈ। ਪੰਜਾਬ ਵਿਚ ਸਨਅਤ ਨਾ ਆਉਣ ਦਾ ਅਸਲ ਕਾਰਨ ਮਾੜਾ ਪ੍ਰਬੰਧ ਹੈ ਅਤੇ ਇਹ ਹੁਣ 'ਸਰਲ ਤੇ ਸੌਖੇ' ਕਾਰੋਬਾਰ ਦੇ ਪੱਖ ਤੋਂ ਕਰਵਾਏ ਸਰਵੇਖਣ ਰਾਹੀਂ ਸਾਬਤ ਵੀ ਹੋ ਗਿਆ ਹੈ। ਮੁਕਾਮੀ ਸਨਅਤਕਾਰ ਮੀਡੀਆ ਵਿਚ ਮਿਥ ਕੇ ਅਜਿਹੀਆਂ ਰਿਪੋਰਟਾਂ ਲਗਵਾ ਕੇ ਇਹ ਜਚਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਸਨਅਤ ਡੁੱਬ ਰਹੀ ਹੈ ਜਾਂ ਸੂਬੇ ਵਿਚੋਂ ਬਾਹਰ ਜਾ ਰਹੀ ਹੈ। ਅਜਿਹਾ ਸਰਕਾਰੀ ਛੋਟਾਂ ਲੈਣ ਲਈ ਕੀਤਾ ਜਾਂਦਾ ਹੈ।

ਇਸ ਸਭ ਕਾਸੇ ਦਾ ਨਤੀਜਾ ਇਹ ਹੈ ਕਿ ਪੰਜਾਬ ਵਿਚ ਵਿੱਤੀ ਘੜਮੱਸ ਹੈ। ਜਿਹੜੀਆਂ ਇਕਾਈਆਂ ਮੁਨਾਫਾ ਨਹੀਂ ਦੇ ਰਹੀਆਂ, ਉਹ ਚਿਰ ਪਹਿਲਾਂ ਹੀ ਬੰਦ ਹੋ ਜਾਣੀਆਂ ਚਾਹੀਦੀਆਂ ਸਨ। ਸਾਲ-ਦਰ-ਸਾਲ ਸਰਕਾਰ ਅਜਿਹੀਆਂ ਇਕਾਈਆਂ 'ਤੇ ਪੈਸਾ ਰੋੜ੍ਹ ਰਹੀ ਹੈ। ਹੁਣ ਹਾਲ ਇਹ ਹੈ ਕਿ ਸਨਅਤ ਖਾਤਰ ਕਰ ਚੋਰੀ ਅਤੇ ਸਨਅਤੀ ਪ੍ਰਦੂਸ਼ਣ ਦੇ ਮਾਮਲਿਆਂ ਵਿਚ ਨਰਮੀ ਵਰਤੀ ਜਾਂਦੀ ਹੈ। ਕਰਾਂ, ਸਹੂਲਤਾਂ ਅਤੇ ਹੋਰ ਛੋਟਾਂ ਦੇ ਮਾਮਲੇ ਵਿਚ ਹੋਰ ਸੂਬਿਆਂ ਨਾਲ ਬਰ ਮੇਚਣ ਲਈ ਤਿਆਰੀ ਕੱਸਣ ਦੀ ਥਾਂ ਖਾਸ ਹਿਤਾਂ ਦੀ ਪੂਰਤੀ ਲਈ ਬਜਟ ਅਤੇ ਸਨਅਤੀ ਨੀਤੀਆਂ ਬਣਾਈਆਂ ਜਾਂਦੀਆਂ ਹਨ। ਕਿਸੇ ਖਾਸ ਵਜ੍ਹਾ ਤੋਂ ਬਗੈਰ ਹੀ ਬਿਲਡਰ ਕਰ ਛੋਟਾਂ ਲੈ ਰਹੇ ਹਨ। ਮੰਡੀ ਮੁਖੀ ਅਰਥਚਾਰੇ ਵਿਚ ਜਿਹੜੇ ਕਾਰੋਬਾਰ ਮੁਕਾਬਲਾ ਨਹੀਂ ਕਰ ਸਕਦੇ, ਉਨ੍ਹਾਂ ਦੀ ਹੋਣੀ ਨਾਕਾਮੀ ਹੀ ਹੁੰਦੀ ਹੈ। ਪੰਜਾਬ ਅਜਿਹੇ ਨਕਾਰਾ ਕਾਰੋਬਾਰਾਂ ਨੂੰ ਲਗਾਤਾਰ ਚਲਾ ਰਿਹਾ ਹੈ ਅਤੇ ਖਜ਼ਾਨੇ ਸਿਰ ਬੋਝ ਚਾੜ੍ਹ ਰਿਹਾ ਹੈ।

ਜਿਨ੍ਹਾਂ ਸੂਬਿਆਂ ਵਿਚ ਸਿਆਸਤਦਾਨਾਂ ਦੇ ਆਪਣੇ ਕਾਰੋਬਾਰੀ ਹਿਤ ਜੁੜੇ ਹੋਏ ਨਹੀਂ ਹੁੰਦੇ, ਉਹ ਪ੍ਰਦੂਸ਼ਣ ਫੈਲਾਉਣ ਵਾਲੀਆਂ ਇਕਾਈਆਂ ਨੂੰ ਰੋਕਣ ਲਈ ਵਾਤਾਵਰਨ ਕਰ ਲਗਾ ਦਿੰਦੇ ਹਨ। ਪੰਜਾਬ ਵਿਚ ਹਰ ਰੰਗ ਦੇ ਸਿਆਸਤਦਾਨਾਂ ਨੇ ਅਜਿਹੀਆਂ ਸਨਅਤਾਂ ਨੂੰ ਨਾ ਸਿਰਫ ਹਰੀ ਝੰਡੀ ਦਿੱਤੀ ਸਗੋਂ ਇਨ੍ਹਾਂ ਨੂੰ ਉਤਸ਼ਾਹਿਤ ਵੀ ਕੀਤਾ ਜਿਹੜੀਆਂ ਦਰਿਆਵਾਂ, ਨਹਿਰਾਂ ਤੇ ਹੋਰ ਜਲ ਸਰੋਤਾਂ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਇਸ ਨਾਲ ਫਿਰ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੋਇਆ ਅਤੇ ਸੂਬੇ ਨੂੰ ਸਾਂਭ-ਸੰਭਾਲ ਤੇ ਰਾਹਤ ਕਾਰਜਾਂ ਉਤੇ ਪੈਸੇ ਰੋੜ੍ਹਨੇ ਪਏ।

ਤਜਰਬੇ ਦੱਸਦੇ ਹਨ ਕਿ ਪੰਜਾਬ ਦੀ ਸਿਆਸੀ ਲੀਡਰਸ਼ਿਪ ਸੂਬੇ ਦੇ ਰੋਲ ਬਾਰੇ ਹੀ ਸਪਸ਼ਟ ਨਹੀਂ ਹੈ। ਸਿੱਟੇ ਵਜੋਂ ਅੜਿੱਕੇ ਲਗਾਤਾਰ ਵਧੀ ਜਾਂਦੇ ਹਨ। ਵਿੱਤੀ ਇਮਦਾਦ ਬਾਰੇ ਫੈਸਲੇ ਹੁੰਦੇ ਹਨ ਅਤੇ ਆਪਣਿਆਂ ਨੂੰ ਵੰਡ ਦਿੱਤੀ ਜਾਂਦੀ ਹੈ। ਤਕਨਾਲੋਜੀ ਬਹੁਤ ਸਾਰੇ ਅੜਿੱਕੇ ਖਤਮ ਕਰ ਸਕਦੀ ਹੈ ਜਾਂ ਘਟਾ ਸਕਦੀ ਹੈ ਪਰ ਇਸ ਦਾ ਇਸਤੇਮਾਲ ਹੀ ਨਹੀਂ ਕੀਤਾ ਜਾਂਦਾ। ਨਾ ਸਿਆਸਤਦਾਨ ਅਤੇ ਨਾ ਹੀ ਅਫਸਰ ਚਾਹੁੰਦੇ ਹਨ ਕਿ ਅਜਿਹਾ ਹੋਵੇ। ਨਤੀਜਾ ਘੁਟਾਲਿਆਂ ਵਿਚ ਨਿਕਲਦਾ ਹੈ।

ਮੁੱਖ ਮੰਤਰੀ ਖੁਦ ਹੀ ਦੋ ਵੱਡੇ ਘੁਟਾਲਿਆਂ ਦਾ ਸਾਹਮਣਾ ਕਰ ਰਹੇ ਹਨ। ਇੱਕ ਘੁਟਾਲਾ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਨੂੰ 32 ਏਕੜ ਵਧੀਆ ਜ਼ਮੀਨ ਦੇਣ ਵੇਲੇ ਪ੍ਰਾਈਵੇਟ ਬਿਲਡਰ ਨੂੰ ਛੋਟਾਂ ਦੇਣ ਬਾਰੇ ਹੈ ਅਤੇ ਦੂਜਾ ਲੁਧਿਆਣਾ ਵਿਚ ਸਿਟੀ ਸੈਂਟਰ ਦੀ ਉਸਾਰੀ ਲਈ ਪ੍ਰਾਈਵੇਟ ਕੰਪਨੀ ਨੂੰ 1144 ਕਰੋੜ ਰੁਪਏ ਦਾ ਲਾਭ ਪਹੁੰਚਾਉਣ ਬਾਰੇ ਹੈ। ਇਨ੍ਹਾਂ ਦੋਹਾਂ ਕੇਸਾਂ ਵਿਚ ਹੁਣ ਵਿਜੀਲੈਂਸ ਬਿਊਰੋ ਨੇ ਯੂ-ਟਰਨ ਲੈ ਲਿਆ ਹੈ ਅਤੇ ਕੇਸ ਰੱਦ ਕਰਨ ਲਈ ਅਦਾਲਤਾਂ ਵਿਚ ਲਿਖ ਕੇ ਦੇ ਦਿੱਤਾ ਹੈ।

ਜੇ ਸਰਕਾਰ ਨਿਰਪੱਖ ਰੋਲ ਨਿਭਾਉਂਦੀ ਅਤੇ ਨੇਮਾਂ ਮੁਤਾਬਿਕ ਚੱਲਦੀ ਤਾਂ ਅਜਿਹੇ ਘੁਟਾਲੇ ਹੋਣੇ ਹੀ ਨਹੀਂ ਸਨ। ਦਰਅਸਲ, ਪੁਲਿਸ ਅਤੇ ਅਫਸਰਸ਼ਾਹੀ ਨੇ ਆਪਣੇ ਆਪ ਨੂੰ ਇਸ ਤਰ੍ਹਾਂ ਢਾਲ ਲਿਆ ਹੈ ਕਿ ਨੇਮਾਂ ਦੀ ਉਲੰਘਣਾ ਹੋਣ ਦੇ ਬਾਵਜੂਦ ਕੁਸਕਦੇ ਨਹੀਂ। ਲੁਧਿਆਣਾ ਕੇਸ ਵਿਚ ਜਿਸ ਸਾਬਕਾ ਐਸ.ਐਸ.ਪੀ. ਨੇ ਐਫ. ਆਈ. ਆਰ. ਦਰਜ ਕੀਤੀ ਸੀ, ਉਹ ਹੁਣ ਕਿਤੇ ਜਾ ਕੇ ਬੋਲਿਆ ਹੈ, ਕਿਉਂਕਿ ਉਸ ਨੂੰ ਖਦਸ਼ਾ ਹੈ ਕਿ ਸੇਵਾਮੁਕਤੀ ਤੋਂ ਬਾਅਦ ਉਸ ਨਾਲ ਉਸੇ ਤਰ੍ਹਾਂ ਦਾ ਵਿਹਾਰ ਹੋ ਸਕਦਾ ਹੈ, ਜਿਸ ਤਰ੍ਹਾਂ ਦਾ ਅਕਸਰ ਪੁਲਿਸ ਕਰਦੀ ਹੈ।

ਸੂਬੇ ਵਿਚ ਸਨਅਤ ਅਤੇ ਵਿਕਾਸ ਖਾਤਰ ਮੁਆਫਕ ਮਾਹੌਲ ਬਣਾਉਣ ਲਈ ਸਭ ਤੋਂ ਪਹਿਲੀ ਸ਼ਰਤ ਕਾਨੂੰਨ ਵਿਵਸਥਾ ਲਾਗੂ ਹੋਣਾ ਹੈ। ਸਰਕਾਰ ਤੋਂ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਇਹ ਇਨ੍ਹਾਂ ਮਾਮਲਿਆਂ ਵਿਚ ਆਪਣਾ ਰੋਲ ਸੀਮਤ ਰੱਖੇਗੀ, ਬਾਕਾਇਦਾ ਨੇਮ ਬਣਾਏਗੀ ਅਤੇ ਉਲੰਘਣਾ ਕਰਨ ਵਾਲਿਆਂ ਨੂੰ ਸਬਕ ਸਿਖਾਏਗੀ। ਪੰਜਾਬ ਦੇ ਸਿਆਸਤਦਾਨ ਇਹ ਸਾਰਾ ਕੁਝ ਨਹੀਂ ਕਰਦੇ। ਸੂਬੇ ਦੀਆਂ ਸਬੰਧਤ ਸੰਸਥਾਵਾਂ ਨੂੰ ਅਜਿਹਾ ਕਰਨ ਦੇਣਾ ਚਾਹੀਦਾ ਹੈ। ਜੇ ਮਨਜ਼ੂਰੀਆਂ ਅਤੇ ਪ੍ਰਵਾਨਗੀਆਂ ਦਾ ਮਸਲਾ ਆਪਣੇ-ਆਪ ਹੱਲ ਹੋਣ ਵਾਲਾ ਬਣਾ ਦਿੱਤਾ ਜਾਵੇ ਤਾਂ ਵੱਖ-ਵੱਖ ਪੱਧਰਾਂ ਉਤੇ ਪੈਸੇ ਬਟੋਰਨ ਦੀ ਰੀਤ ਨੂੰ ਵੀ ਠੱਲ੍ਹ ਪਵੇਗੀ।

# ਸਖਤ ਕਾਨੂੰਨ, ਹਜੂਮੀ ਕਤਲ ਅਤੇ ਹਿੰਦੂਤਵੀ ਪਹੁੰਚ

ਭਾਰਤੀ ਸੰਸਦ ਵਿਚ ਜਦੋਂ ਬੇਵਿਸਾਹੀ ਦੇ ਮਤੇ ਉਪਰ ਬਹਿਸ ਮੌਕੇ ਪ੍ਰਧਾਨ ਮੰਤਰੀ ਵਲੋਂ ਹਜੂਮੀ ਕਤਲਾਂ ਦੀ ਨਿਖੇਧੀ ਕੀਤੀ ਗਈ ਅਤੇ ਕੇਂਦਰੀ ਗ੍ਰਹਿ ਮੰਤਰੀ ਵਲੋਂ ਅਜਿਹੇ ਕਤਲ ਰੋਕਣ ਲਈ ਸੂਬਿਆਂ ਨੂੰ ਲੋੜ ਪੈਣ 'ਤੇ ਸਖਤ ਕਾਨੂੰਨ ਬਣਾਉਣ ਦਾ ਸੁਝਾਅ ਦਿੱਤਾ ਗਿਆ, ਤਾਂ ਉਸੇ ਰਾਤ ਰਾਜਸਥਾਨ ਦੇ ਅਲਵਰ ਜ਼ਿਲ੍ਹੇ ਵਿਚ ਆਪੇ ਬਣੇ ਗਊ ਰਖਵਾਲਿਆਂ ਵਲੋਂ 28 ਵਰ੍ਹਿਆਂ ਦੇ ਅਕਬਰ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਪ੍ਰਧਾਨ ਮੰਤਰੀ ਸਮੇਤ ਭਾਜਪਾ ਦੇ ਸਿਖਰਲੇ ਆਗੂ, ਹਜੂਮੀ ਹਮਲਿਆਂ ਦੀਆਂ ਸੂਤਰਧਾਰ ਸੰਘ ਪਰਿਵਾਰ ਦੀਆਂ ਜਥੇਬੰਦੀਆਂ, ਹਜੂਮੀ ਕਤਲਾਂ ਅਤੇ ਇਨ੍ਹਾਂ ਕਤਲਾਂ ਨੂੰ ਜਾਇਜ਼ ਠਹਿਰਾਉਣ ਵਾਲੇ ਆਪਣੇ ਹੇਠਲੇ ਆਗੂਆਂ ਦੇ ਬਿਆਨਾਂ ਅਤੇ

ਬੂਟਾ ਸਿੰਘ
ਫੋਨ: 91-94634-74342

ਕਾਰਵਾਈਆਂ ਪ੍ਰਤੀ ਆਮ ਤੌਰ 'ਤੇ ਖਾਮੋਸ਼ ਹੀ ਰਹਿੰਦੇ ਹਨ। ਜੇ ਉਨ੍ਹਾਂ ਨੂੰ ਕਦੇ-ਕਦਾਈਂ ਕੋਈ ਬਿਆਨ ਦੇਣਾ ਵੀ ਪੈਂਦਾ ਹੈ ਤਾਂ ਇਨ੍ਹਾਂ ਬਿਆਨਾਂ ਦਾ 'ਗਊ ਰਖਵਾਲੇ' ਹਜੂਮਾਂ 'ਤੇ ਕੋਈ ਅਸਰ ਪੈਣ ਵਾਲਾ ਨਹੀਂ। ਇਸ ਦੀ ਖਾਸ ਵਜ੍ਹਾ ਹੈ।

ਭੀੜਤੰਤਰ ਵੱਖ-ਵੱਖ ਕਾਰਨਾਂ ਕਰਕੇ ਸੱਤਾਧਾਰੀ ਧਿਰ ਦੀ ਰਾਜਸੀ ਜ਼ਰੂਰਤ ਹੈ। ਸੰਘ ਪਰਿਵਾਰ ਦੇ ਤਾਣੇਬਾਣੇ ਅਤੇ ਪ੍ਰਚਾਰਤੰਤਰ ਨੇ ਬਹੁਗਿਣਤੀ ਫਿਰਕੇ ਦੇ ਹਜੂਮਾਂ ਨੂੰ ਖਾਸ ਦ੍ਰਿਸ਼ਟੀ ਦੇ ਕੇ 'ਦੁਸ਼ਮਣ' ਦੀ ਨਿਸ਼ਾਨਦੇਹੀ ਕਰਨ ਅਤੇ ਧਾਰਮਿਕ ਫਰਜ਼ ਨਿਭਾਉਣ ਲਈ ਖਾਸ ਜਨੂੰਨੀ ਰੰਗ ਵਿਚ ਰੰਗ ਦਿੱਤਾ ਹੈ ਜਿਸ ਮੁਤਾਬਿਕ ਦਾੜ੍ਹੀ ਅਤੇ ਕਲੰਦਰੀ ਟੋਪੀ, ਭਾਵ ਮੁਸਲਿਮ ਪਛਾਣ ਵਾਲਾ ਕੋਈ ਵੀ ਮਨੁੱਖ ਉਨ੍ਹਾਂ ਲਈ ਸੁਤੇ ਸਿੱਧ ਦੇਸ਼ਧ੍ਰੋਹੀ ਹੈ। ਜੇ ਉਹ ਗਊ ਲੈ ਕੇ ਜਾ ਰਿਹਾ ਹੈ ਤਾਂ ਜਨੂੰਨੀ ਹਜੂਮ ਦੇ ਤਸੱਵੁਰ ਵਿਚ ਉਹ ਬੁਚੜਖਾਨੇ ਨੂੰ ਗਊਆਂ ਸਪਲਾਈ ਕਰਨ ਵਾਲਾ ਤਸਕਰ ਹੈ ਜਿਸ ਨੂੰ ਤੁਰੰਤ ਮੌਤ ਦੇ ਘਾਟ ਉਤਾਰਨਾ ਉਹ ਆਪਣਾ ਫਰਜ਼ ਸਮਝਦੇ ਹਨ।

ਇਨ੍ਹਾਂ ਲੋਕਾਂ ਲਈ ਤਾਂ ਹਿੰਦੂ ਧਰਮ ਦਾ ਪੈਰੋਕਾਰ ਸਵਾਮੀ ਅਗਨੀਵੇਸ਼ ਵੀ ਈਸਾਈ ਧਰਮ ਦਾ ਪ੍ਰਚਾਰਕ ਜਾਂ ਨਕਸਲੀ ਏਜੰਟ ਹੈ ਜੋ ਹਿੰਦੂ ਧਰਮ ਦਾ ਅਜਿਹਾ ਦੁਸ਼ਮਣ ਹੈ ਜਿਸ ਨੂੰ ਸ਼ਰੇਆਮ ਸੜਕ ਉਪਰ ਕੁਟਾਪਾ ਚਾੜ੍ਹ ਕੇ ਹੀ ਹਿੰਦੂ ਧਰਮ ਦੀ ਰਾਖੀ ਕੀਤੀ ਜਾ ਸਕਦੀ ਹੈ। ਇਹ ਜ਼ਹਿਨੀਅਤ ਖੁਦ ਨੂੰ ਕਾਨੂੰਨ ਦੇ ਰਾਜ ਤੋਂ ਉਪਰ ਸਮਝਦੀ ਹੈ ਅਤੇ ਇਨ੍ਹਾਂ ਹਜੂਮਾਂ ਲਈ ਕਿਸੇ ਨੂੰ ਸਬੂਤਾਂ ਦੇ ਆਧਾਰ 'ਤੇ ਦੋਸ਼ੀ ਠਹਿਰਾ ਕੇ ਕਾਨੂੰਨੀ ਤੌਰ 'ਤੇ ਸਜ਼ਾ ਦੇਣ ਦਾ ਅਦਾਲਤੀ ਵਿਧੀ-ਵਿਧਾਨ ਅਤੇ ਅਮਲ ਕੋਈ ਮਾਇਨੇ ਨਹੀਂ ਰੱਖਦੇ। ਸਵਾਮੀ ਵਰਗੀ ਕੱਦਾਵਰ ਸ਼ਖਸੀਅਤ ਅਤੇ ਕਾਂਗਰਸ ਦੇ ਆਗੂ ਸ਼ਸ਼ੀ ਥਰੂਰ ਦੇ ਦਫਤਰ 'ਤੇ ਬੇਖੌਫ ਹਜੂਮੀ ਹਮਲਿਆਂ ਤੋਂ ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਇਸ ਨਿਜ਼ਾਮ 'ਚ ਗ਼ਰੀਬ ਮੁਸਲਮਾਨਾਂ ਜਾਂ ਦਲਿਤਾਂ ਦੀ ਜ਼ਿੰਦਗੀ ਕਿਸ ਕਦਰ ਅਸੁਰੱਖਿਅਤ ਹੈ।

ਹਾਲ ਹੀ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਕਰਨਾਟਕਾ ਦੇ ਦਕਸ਼ਿਣ ਕੰਨੜਾ ਜ਼ਿਲ੍ਹੇ ਦੇ ਹਰ ਪਿੰਡ ਵਿਚ ਦਸ ਮੈਂਬਰੀ ਗਊ ਰਕਸ਼ਾ ਦਲ ਬਣਾਉਣ ਦਾ ਐਲਾਨ ਕੀਤਾ ਹੈ। ਇਸ ਬਾਰੇ ਮੋਦੀ ਵਜ਼ਾਰਤ ਖਾਮੋਸ਼ ਰਹੇਗੀ। ਸਵਾਲ ਇਹ ਹੈ ਕਿ ਹਜੂਮੀ ਕਤਲ ਰੋਕਣ ਲਈ ਸੰਸਦ ਵਿਚ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਰਸਮੀ ਬਿਆਨ ਅਤੇ 17 ਜੁਲਾਈ ਨੂੰ ਪਟੀਸ਼ਨ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਵਲੋਂ ਸੰਸਦ ਨੂੰ ਹਜੂਮੀ ਕਤਲਾਂ ਨੂੰ ਰੋਕਣ ਲਈ ਸਖਤ ਕਾਨੂੰਨ ਬਣਾਉਣ ਦੇ ਮਸ਼ਵਰੇ ਉਨ੍ਹਾਂ ਹਜੂਮਾਂ ਲਈ ਕੋਈ ਅਹਿਮੀਅਤ ਰੱਖਦੇ ਹਨ ਜਿਨ੍ਹਾਂ ਦੀ ਪਰਵਰਿਸ਼ ਹਿੰਦੁਤਵ ਦੇ ਖਾਸ ਏਜੰਡੇ ਤਹਿਤ ਗਿਣ-ਮਿਥ ਕੇ ਕੀਤੀ ਜਾ ਰਹੀ ਹੈ? ਕੀ ਹਜੂਮੀ ਹਮਲਿਆਂ ਵਿਚ ਵਾਧਾ ਸਖਤ ਕਾਨੂੰਨ ਦੀ ਅਣਹੋਂਦ ਕਾਰਨ ਹੈ ਜਾਂ ਸੱਤਾਧਾਰੀ ਧਿਰ ਦੀ ਰਾਜਸੀ ਪੁਸ਼ਤਪਨਾਹੀ ਕਾਰਨ? ਮੁਲਕ ਦੇ ਦੰਡ-ਵਿਧਾਨ ਵਿਚ ਅਜਿਹੇ ਬਹੁਤ ਸਾਰੇ ਸਖਤ ਕਾਨੂੰਨ ਅਤੇ ਐਸੀਆਂ ਧਾਰਾਵਾਂ ਪਹਿਲਾਂ ਹੀ ਮੌਜੂਦ ਹਨ ਜਿਨ੍ਹਾਂ ਨੂੰ ਲਾਗੂ ਕਰਕੇ ਇਨ੍ਹਾਂ ਜੁਰਮਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ। ਜੇ ਅਜਿਹਾ ਨਹੀਂ ਹੋ ਰਿਹਾ ਤਾਂ ਇਸ ਦਾ ਮੁੱਖ ਕਾਰਨ ਕੇਂਦਰ ਅਤੇ ਬਹੁਗਿਣਤੀ ਸੂਬਿਆਂ ਵਿਚ ਸੱਤਾਧਾਰੀ ਭਗਵੇਂ ਹੁਕਮਰਾਨਾਂ ਦੀ ਇਨ੍ਹਾਂ ਮਾਮਲਿਆਂ ਵਿਚ ਰਾਜਸੀ ਦਖਲ ਅਤੇ ਪੁਲਿਸ ਤੇ ਹੋਰ ਜਾਂਚ ਏਜੰਸੀਆਂ ਦਾ ਪੇਸ਼ੇਵਾਰਾਨਾ ਪਹੁੰਚ ਨੂੰ ਤਿਲਾਂਜਲੀ ਦੇ ਕੇ ਸੱਤਾਧਾਰੀ ਧਿਰ ਦੀ ਇੱਛਾ ਮੁਤਾਬਿਕ ਕੰਮ ਕਰਨਾ ਹੈ। ਅਲਵਰ ਕਾਂਡ ਵਿਚ ਖੁਲਾਸਾ ਹੋਇਆ ਹੈ ਕਿ ਪੁਲਿਸ ਵਲੋਂ ਜ਼ਖਮੀ ਅਕਬਰ ਦੀ ਜਾਨ ਬਚਾਉਣ ਲਈ ਉਸ ਨੂੰ ਹਸਪਤਾਲ ਲਿਜਾਣ ਦੀ ਬਜਾਏ ਗਊਆਂ ਨੂੰ ਗਊਸ਼ਾਲਾ ਪਹੁੰਚਾਉਣ ਨੂੰ ਤਰਜੀਹ ਦਿੱਤੀ ਗਈ ਅਤੇ ਇਸ ਪੂਰੇ ਸਮੇਂ ਦੌਰਾਨ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਆਗੂ ਉਨ੍ਹਾਂ ਦੇ ਨਾਲ ਸੀ ਜਿਸ ਨੇ ਕਥਿਤ ਗਊ ਤਸਕਰੀ ਦੀ ਇਤਲਾਹ ਪੁਲਿਸ ਨੂੰ ਦਿੱਤੀ ਸੀ। ਉਂਜ ਗੱਲ ਨਿਰੀ ਦਖਲਅੰਦਾਜ਼ੀ ਤਕ ਸੀਮਤ ਨਹੀਂ, ਪਿਛਲੇ ਚਾਰ ਸਾਲਾਂ ਵਿਚ ਹਜੂਮੀ ਕਤਲਾਂ ਦੇ ਮਾਮਲਿਆਂ ਵਿਚ ਸੱਤਾਧਾਰੀ ਧਿਰ ਵਲੋਂ ਇਸ ਵਰਤਾਰੇ ਦੀ ਜ਼ਾਹਰਾ ਪੁਸ਼ਤਪਨਾਹੀ ਅਤੇ ਹੱਲਾਸ਼ੇਰੀ ਵਾਰ ਵਾਰ ਚਰਚਾ ਦਾ ਵਿਸ਼ਾ ਬਣਦੀ ਆ ਰਹੀ ਹੈ।

ਪਿਛਲੇ ਦਿਨੀਂ ਭਾਜਪਾ ਦੇ ਮੰਤਰੀ ਜੈਯੰਤ ਸਿਨਹਾ ਵਲੋਂ ਅੱਠ ਮੁਜਰਿਮਾਂ ਨੂੰ ਜ਼ਮਾਨਤ ਮਿਲਣ 'ਤੇ ਉਨ੍ਹਾਂ ਦੇ ਗਲਾਂ ਵਿਚ ਹਾਰ ਪਾ ਕੇ ਉਨ੍ਹਾਂ ਨੂੰ ਨਾਇਕਾਂ ਵਜੋਂ ਵਡਿਆਇਆ ਗਿਆ ਜਿਨ੍ਹਾਂ ਨੂੰ ਅਦਾਲਤ ਵਲੋਂ ਅਲੀਮੁਦੀਨ ਅੰਸਾਰੀ ਦੇ ਹਜੂਮੀ ਕਤਲ ਦੇ ਮਾਮਲੇ ਵਿਚ ਦੋਸ਼ੀ ਨਾਮਜ਼ਦ ਕੀਤਾ ਗਿਆ ਹੈ। ਰਾਜਸਥਾਨ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਵਲੋਂ ਰਾਮ ਨੌਵੀਂ ਜਲੂਸ ਦੇ ਮੌਕੇ ਕੱਢੇ ਪੈਂਫਲਿਟ ਵਿਚ ਰਾਮ ਅਤੇ ਸੀਤਾ ਦੇ ਨਾਲ-ਨਾਲ ਹਤਿਆਰੇ ਸ਼ੰਭੂ ਲਾਲ ਨੂੰ ਨਾਇਕ ਵਜੋਂ ਪੇਸ਼ ਕੀਤਾ ਗਿਆ ਜਿਸ ਨੇ ਮਜ਼ਦੂਰ ਮੁਹੰਮਦ ਅਫਰਾਜੁਲ ਦਾ ਕਤਲ ਕਰਦਿਆਂ ਇਸ ਕਾਂਡ ਨੂੰ ਫਿਲਮਾ ਕੇ ਸੋਸ਼ਲ ਮੀਡੀਆ ਉਪਰ ਵੀਡੀਓ ਕਲਿਪ ਪਾਇਆ ਸੀ। ਇਸ ਤੋਂ ਪਹਿਲਾਂ ਭਾਜਪਾ ਦਾ ਸੈਰ-ਸਪਾਟਾ ਮੰਤਰੀ ਮਹੇਸ਼ ਚੰਦ ਸ਼ਰਮਾ ਦਾਦਰੀ ਕਾਂਡ ਵਿਚ ਮਾਰੇ ਗਏ ਮੁਹੰਮਦ ਅਖਲਾਕ ਦੇ ਕਤਲ ਦੇ ਦੋਸ਼ੀ ਰਵੀ ਸਿਸੋਦੀਆ ਦੇ ਅੰਤਮ ਸੰਸਕਾਰ ਵਿਚ ਸ਼ਾਮਲ ਹੋਇਆ ਜਿਸ ਦੀ ਜੇਲ੍ਹ ਵਿਚ ਮੌਤ ਹੋ ਗਈ ਸੀ। ਮੰਤਰੀ ਦੀ ਅਗਵਾਈ ਹੇਠ ਲਾਸ਼ ਉਪਰ ਤਿਰੰਗਾ ਝੰਡਾ ਪਾ ਕੇ ਮ੍ਰਿਤਕ ਨੂੰ ਸ਼ਹੀਦ ਦਾ ਦਰਜਾ ਦਿੱਤਾ ਗਿਆ, ਸਿਸੋਦੀਆ ਦੇ ਪਰਿਵਾਰ ਨੂੰ ਅੱਠ ਲੱਖ



ਰੁਪਏ ਦੀ ਸਹਾਇਤਾ ਅਤੇ ਉਸ ਦੀ ਪਤਨੀ ਨੂੰ ਅਧਿਆਪਕਾ ਦੀ ਨੌਕਰੀ ਦਿੱਤੀ ਗਈ। ਪੰਦਰਾਂ ਮੁੱਖ ਦੋਸ਼ੀਆਂ ਨੂੰ ਐਨ.ਟੀ.ਪੀ.ਸੀ. ਵਿਚ ਠੇਕੇ 'ਤੇ ਨੌਕਰੀਆਂ ਦਿੱਤੀਆਂ ਗਈਆਂ। ਭਾਜਪਾ ਦੇ ਸੰਸਦ ਮੈਂਬਰ ਨਿਸ਼ੀਕਾਂਤ ਦੁਬੇ ਵਲੋਂ ਝਾਰਖੰਡ ਵਿਚ ਹਜੂਮੀ ਕਾਤਲਾਂ ਦੀ ਹਮਾਇਤ ਕਰਦਿਆਂ ਉਨ੍ਹਾਂ ਦੇ ਬਚਾਓ ਲਈ ਵਕੀਲਾਂ ਦਾ ਖਰਚਾ ਦੇਣ ਦੀ ਐਲਾਨੀਆ ਤੌਰ 'ਤੇ ਪੇਸ਼ਕਸ਼ ਕੀਤੀ ਗਈ। ਜਦੋਂ ਹਜੂਮੀ ਕਤਲਾਂ ਦੇ ਘਿਨਾਉਣੇ ਕਾਂਡਾਂ ਲਈ ਨਾਮਜ਼ਦ ਮੁਜਰਿਮਾਂ ਦੇ ਹੱਕ ਵਿਚ ਮੰਤਰੀਆਂ ਵਲੋਂ ਇਸ ਕਦਰ ਨਿਰਸੰਕੋਚ ਭੂਮਿਕਾ ਨਿਭਾਈ ਜਾ ਰਹੀ ਹੈ ਤਾਂ ਅਦਾਲਤੀ ਅਮਲ ਅੰਦਰ ਪੁਲਿਸ ਤੇ ਜਾਂਚ ਏਜੰਸੀਆਂ ਦਾ ਨਿਰਲੇਪ ਹੋ ਕੇ ਕੰਮ ਕਰਨਾ ਕਿਵੇਂ ਸੰਭਵ ਹੈ। ਅਜਿਹੇ ਹਾਲਾਤ ਵਿਚ ਕਾਨੂੰਨ ਸਖਤ ਹੈ ਜਾਂ ਨਰਮ, ਕੋਈ ਮਾਇਨੇ ਨਹੀਂ ਰੱਖਦਾ।

ਇਥੇ ਇਨਕਾਰ, ਸਵਾਗਤ ਅਤੇ ਗੁਣਗਾਣ ਦਾ ਖਾਸ ਪੈਟਰਨ ਕੰਮ ਕਰ ਰਿਹਾ ਹੈ। ਇਤਿਹਾਸ ਤੋਂ ਵਰਤਮਾਨ ਤਕ ਇਸ ਦੀ ਲਗਾਤਾਰਤਾ ਹੈ। ਇਸ ਦੀਆਂ ਪੈੜਾਂ ਮਹਾਤਮਾ ਗਾਂਧੀ ਦੇ ਕਤਲ ਤਕ ਸੱਤ ਦਹਾਕੇ ਪਿੱਛੇ ਤਕ ਜਾਂਦੀਆਂ ਹਨ। ਹਿੰਦੂਤਵ ਦੇ ਮੁੱਖ ਰਾਹਬਰ, ਨੱਥੂਰਾਮ ਗੋਡਸੇ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧਾਂ ਤੋਂ ਸਾਫ ਮੁੱਕਰਦੇ ਰਹੇ। ਫਿਰ ਸਾਜ਼ਗਰ ਹਾਲਾਤ ਦੇਖ ਕੇ ਗਾਂਧੀ ਦੇ ਕਾਤਲ ਦਾ ਕੌਮੀ ਨਾਇਕ ਵਜੋਂ ਗੁਣਗਾਨ ਸ਼ੁਰੂ ਕਰ ਦਿੱਤਾ ਗਿਆ। ਹੁਣ ਵੀ ਜਦੋਂ ਕਿਸੇ ਹਜੂਮੀ ਕਤਲ ਵਿਚ ਕਾਤਲਾਂ ਨਾਲ ਸੰਘ ਪਰਿਵਾਰ ਦਾ ਸਬੰਧ ਨਸ਼ਰ ਹੋਣਾ ਸ਼ੁਰੂ ਹੁੰਦਾ ਹੈ ਤਾਂ ਮੁਜਰਿਮਾਂ ਨਾਲ ਕੋਈ ਵਾਹ-ਵਾਸਤਾ ਨਾ ਹੋਣ ਦੀ ਸਫਾਈਨੁਮਾ ਬਿਆਨਬਾਜ਼ੀ ਸ਼ੁਰੂ ਹੋ ਜਾਂਦੀ ਹੈ ਲੇਕਿਨ ਨਾਲ ਹੀ ਬਾਕਾਇਦਗੀ ਨਾਲ ਦਲੀਲਾਂ ਦੇ ਕੇ ਹਜੂਮਾਂ ਦੇ ਕਾਰੇ ਨੂੰ ਜਾਇਜ਼ ਵੀ ਠਹਿਰਾਇਆ ਜਾਂਦਾ ਹੈ। ਸਵਾਮੀ ਅਗਨੀਵੇਸ਼ ਉਪਰ ਹਮਲਾ ਇਸ ਦੀ ਤਾਜ਼ਾ ਮਿਸਾਲ ਹੈ। ਭਾਜਪਾ ਨਾਲ ਜੁੜੀਆਂ ਜਥੇਬੰਦੀਆਂ- ਭਾਰਤੀ ਯੁਵਾ ਜਨਤਾ ਮੋਰਚਾ ਤੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਵਲੋਂ ਬਾਕਾਇਦਾ ਧਮਕੀ ਦਿੱਤੀ ਜਾਂਦੀ ਹੈ ਕਿ ਸਵਾਮੀ ਦਾ ਕਾਲੀਆਂ ਝੰਡੀਆਂ ਨਾਲ ਵਿਰੋਧ ਕੀਤਾ ਜਾਵੇਗਾ। ਸਵਾਮੀ ਪੁਲਿਸ ਨੂੰ ਲਿਖਤੀ ਬੇਨਤੀ ਕਰਕੇ ਸੁਰੱਖਿਆ ਦੀ ਮੰਗ ਕਰਦਾ ਹੈ। ਹਮਲਾਵਰ ਹਜੂਮ ਵਲੋਂ ਕੁੱਟਮਾਰ ਕਰਦੇ ਵਕਤ 'ਜੈ ਸ੍ਰੀਆ ਰਾਮ' ਦੇ ਜੈਕਾਰੇ ਗੁੰਜਾਉਣ ਦੀਆਂ ਵੀਡੀਓ ਫੁਟੇਜ ਮੌਜੂਦ ਹਨ। ਫਿਰ ਵੀ, ਭਾਜਪਾ ਆਗੂ ਕਹਿ ਰਹੇ ਹਨ ਕਿ ਹਮਲਾਵਰਾਂ ਦਾ ਏ.ਬੀ.ਵੀ.ਪੀ. ਨਾਲ ਕੋਈ ਤੁਆਲਕ ਨਹੀਂ। ਇਕ ਭਾਜਪਾ ਆਗੂ ਨੇ ਤਾਂ ਇਥੋਂ ਤਕ ਦਾਅਵਾ ਕੀਤਾ ਕਿ ਹਮਲਾ ਹੋਇਆ ਹੀ ਨਹੀਂ, ਇਹ ਤਾਂ ਸਵਾਮੀ ਦਾ ਪਬਲਿਸਿਟੀ ਸਟੰਟ ਸੀ। ਇਕ ਮੰਤਰੀ ਸੀ.ਪੀ. ਸਿੰਘ ਕੁੱਟਮਾਰ ਨੂੰ ਇਹ ਦਲੀਲ ਦੇ ਕੇ ਜਾਇਜ਼ ਠਹਿਰਾਉਂਦਾ ਹੈ ਕਿ ਸਵਾਮੀ ਹਿੰਦੂਆਂ ਦੇ ਖਿਲਾਫ ਬੋਲਦਾ ਹੈ ਅਤੇ ਕਸ਼ਮੀਰੀ ਵੱਖਵਾਦੀਆਂ ਤੇ ਨਕਸਲੀਆਂ ਦਾ ਹਮਾਇਤੀ ਹੈ; ਭਾਵ ਹਜੂਮ ਨੇ ਉਸ ਦੀ ਕੁੱਟਮਾਰ ਕਰਕੇ ਸ਼ੁਭ ਕੰਮ ਕੀਤਾ ਹੈ! ਇਹ ਪਹਿਲੀ ਮਿਸਾਲ ਨਹੀਂ। ਪਿਛਲੇ ਸਾਲ ਰਾਜਸਥਾਨ ਦੇ ਗ੍ਰਹਿ ਮੰਤਰੀ ਗੁਲਾਬ ਚੰਦ ਕਟਾਰੀਆ ਨੇ ਹਜੂਮ ਵਲੋਂ ਕਤਲ ਕੀਤੇ ਗਏ ਪਹਿਲੂ ਖਾਨ ਨੂੰ ਹੀ ਗਊ ਤਸਕਰ ਕਰਾਰ ਦੇ ਦਿੱਤਾ ਸੀ। ਇਸ ਦਾ ਭਾਵ ਸੀ ਕਿ ਉਸ ਨੂੰ ਕਤਲ ਕਰਨਾ ਜਾਇਜ਼ ਸੀ। ਹਾਲ ਹੀ ਵਿਚ ਅਲਵਰ ਵਿਚ ਹੋਏ ਹਜੂਮੀ ਕਤਲ ਬਾਰੇ ਕੇਂਦਰੀ ਮੰਤਰੀ ਅਰਜਨ ਮੇਘਵਾਲ ਨੇ ਨਵਾਂ ਸਿਧਾਂਤ ਪੇਸ਼ ਕਰ ਦਿੱਤਾ ਗਿਆ ਕਿ ਮੋਦੀ ਦੀ ਹਰਮਨਪਿਆਰਤਾ ਵਧ ਰਹੀ ਹੋਣ ਕਾਰਨ ਉਸ ਦਾ ਅਕਸ ਵਿਗਾੜਨ ਲਈ ਹਜੂਮੀ ਹਮਲੇ ਕਰਵਾਏ ਜਾ ਰਹੇ ਹਨ ਜੋ ਆਉਣ ਵਾਲੇ ਦਿਨਾਂ ਵਿਚ ਹੋਰ ਵਧਣਗੇ, ਕਿਉਂਕਿ ਮੋਦੀ ਦੀ ਹਰਮਨਪਿਆਰਤਾ ਵਧੇਗੀ। ਸੰਸਦ ਵਿਚ ਮੋਦੀ ਵਜ਼ਾਰਤ ਦਾ ਹੋਰ ਵੀ ਘਿਨਾਉਣਾ ਰੂਪ ਸਾਹਮਣੇ ਆਇਆ ਜਦੋਂ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਦੀ ਮੁਹਾਰਤ ਤਹਿਤ ਕਾਂਗਰਸ ਨੂੰ ਨਿਸ਼ਾਨਾ ਬਣਾਉਣ ਲਈ ਇਹ ਰਾਜਸੀ ਗੋਲਾ ਦਾਗਿਆ ਗਿਆ ਕਿ ਸਭ ਤੋਂ ਵੱਡਾ ਹਜੂਮੀ ਕਤਲ ਕਾਂਡ ਤਾਂ 1984 ਦਾ ਕਤਲੇਆਮ ਸੀ; ਲੇਕਿਨ ਇਹ ਨਹੀਂ ਦੱਸਿਆ ਇਸੇ ਪੱਧਰ ਦਾ ਇਕ ਹੋਰ ਕਤਲੇਆਮ 2002 ਵਿਚ ਗੁਜਰਾਤ ਵਿਚ ਮੋਦੀ ਰਾਜ 'ਚ ਵੀ ਹੋਇਆ ਗਿਆ ਸੀ ਤੇ ਇਹ ਦੋਵੇਂ ਕਾਂਡ ਦਰਅਸਲ ਘੱਟ ਗਿਣਤੀਆਂ ਦੀ ਨਸਲਕੁਸ਼ੀ ਸੀ।

ਸੋਚੀ-ਸਮਝੀ ਨੀਤੀ ਤਹਿਤ ਹਜੂਮੀ ਕਤਲਾਂ ਅਤੇ ਹਮਲਿਆਂ ਦੇ ਲਗਾਤਾਰ ਸਿਲਸਿਲੇ ਦੇ ਬਾਵਜੂਦ ਕੌਮੀ ਜੁਰਮ ਰਿਕਾਰਡ ਬਿਊਰੋ ਵਲੋਂ ਇਨ੍ਹਾਂ ਖਾਸ ਤਰ੍ਹਾਂ ਦੇ ਜੁਰਮਾਂ ਦਾ ਕੋਈ ਰਿਕਾਰਡ ਨਹੀਂ ਰੱਖਿਆ ਜਾ ਰਿਹਾ। ਇਸ ਤੱਥ ਨੂੰ ਗ੍ਰਹਿ ਰਾਜ ਮੰਤਰੀ ਮਾਰਚ ਮਹੀਨੇ ਰਾਜ ਸਭਾ ਵਿਚ ਸਵੀਕਾਰ ਕਰ ਚੁੱਕੇ ਹਨ। ਗ੍ਰਹਿ ਮੰਤਰਾਲੇ ਵਲੋਂ ਗ਼ੈਰ ਸਰਕਾਰੀ ਏਜੰਸੀਆਂ ਦੇ ਆਧਾਰ 'ਤੇ ਦਿੱਤੀ ਜਾਣਕਾਰੀ ਅਨੁਸਾਰ 2014 ਤੋਂ ਲੈ ਕੇ ਮਾਰਚ 2018 ਤਕ ਮੁਲਕ ਦੇ ਨੌਂ ਸੂਬਿਆਂ ਵਿਚ ਹਜੂਮੀ ਕਤਲਾਂ ਦੀਆਂ 40 ਵਾਰਦਾਤਾਂ ਵਾਪਰ ਚੁੱਕੀਆਂ ਸਨ ਜਿਨ੍ਹਾਂ ਵਿਚ 45 ਬੰਦੇ ਮਾਰੇ ਜਾ ਚੁੱਕੇ ਹਨ। ਕਥਿਤ ਗਊ ਰੱਖਿਆ, ਫਿਰਕੂ ਅਤੇ ਜਾਤਪਾਤੀ ਨਫਰਤ ਜਾਂ ਬੱਚੇ ਅਗਵਾ ਕਰਨ ਦੀਆਂ ਅਫਵਾਹਾਂ ਨੇ ਇਨ੍ਹਾਂ ਹੱਤਿਆਵਾਂ ਲਈ ਹਜੂਮਾਂ ਨੂੰ ਉਕਸਾਇਆ। ਗ਼ੈਰ ਸਰਕਾਰੀ ਸੰਸਥਾ ਇੰਡੀਆ ਸਪੈਂਡ ਨੇ ਅੰਗਰੇਜ਼ੀ ਮੀਡੀਆ ਦੀ ਰਿਪੋਰਟਿੰਗ ਦੇ ਆਧਾਰ 'ਤੇ ਹਿਸਾਬ ਲਗਾਇਆ ਹੈ ਕਿ 2010 ਤੋਂ ਲੈ ਕੇ ਗਊ ਹੱਤਿਆ ਜਾਂ ਬੀਫ ਖਾਣ ਦੇ ਸ਼ੱਕ ਵਿਚ 86 ਹਮਲੇ ਹੋਏ ਇਨ੍ਹਾਂ ਵਿਚੋਂ 98 ਫ਼ੀਸਦੀ ਹਮਲੇ ਮਈ 2014 ਵਿਚ ਭਾਜਪਾ ਦੇ ਸੱਤਾਧਾਰੀ ਹੋਣ ਤੋਂ ਬਾਅਦ ਅਤੇ ਜ਼ਿਆਦਾਤਰ ਭਾਜਪਾ ਸ਼ਾਸਤ ਸੂਬਿਆਂ ਵਿਚ ਹੋਏ। ਮਾਰੇ ਗਏ 33 ਵਿਚੋਂ 29 ਯਾਨੀ 88 ਫ਼ੀਸਦੀ ਮੁਸਲਮਾਨ ਸਨ। ਇਸ ਵਿਸ਼ਲੇਸ਼ਣ ਅਨੁਸਾਰ 2018 ਦੇ ਸ਼ੁਰੂ ਤੋਂ ਲੈ ਕੇ ਹੁਣ ਤਕ ਸੋਸ਼ਲ ਮੀਡੀਆ ਜ਼ਰੀਏ ਬੱਚਿਆਂ ਨੂੰ ਅਗਵਾ ਕੀਤੇ ਜਾਣ ਦੀ ਅਫਵਾਹ ਕਾਰਨ ਹਜੂਮੀ ਹਮਲਿਆਂ ਦੀਆਂ 66 ਘਟਨਾਵਾਂ ਵਾਪਰ ਚੁੱਕੀਆਂ ਹਨ ਜਿਸ ਵਿਚ 27 ਲੋਕਾਂ ਦਾ ਕਤਲ ਹੋ ਚੁੱਕਾ ਹੈ। 2017 ਦੇ ਮੁਕਾਬਲੇ ਇਹ ਹਮਲੇ ਅੱਠ ਗੁਣਾਂ ਜ਼ਿਆਦਾ ਅਤੇ ਮੌਤਾਂ ਦੇ ਮਾਮਲੇ ਤਿੰਨ ਗੁਣਾਂ ਜ਼ਿਆਦਾ ਹਨ। ਯਾਦ ਰਹੇ ਕਿ ਮੋਦੀ ਅਤੇ ਸਮੁੱਚੇ ਸੰਘ ਪਰਿਵਾਰ ਦਾ ਚਹੇਤਾ ਰੁਜ਼ਗਾਰਹੀਣ ਕਥਿਤ ਵਿਕਾਸ ਮਾਡਲ ਇਸ ਵਿਚ ਕਾਫੀ ਸਹਾਈ ਹੋ ਰਿਹਾ ਹੈ। ਇਸ ਮਾਡਲ ਵਲੋਂ ਪੈਦਾ ਕੀਤੀ ਵਿਆਪਕ ਬੇਰੁਜ਼ਗਾਰੀ ਦੇ ਆਲਮ ਵਿਚ ਮੋਬਾਈਲ ਕੰਪਨੀਆਂ ਵਲੋਂ ਦਿੱਤਾ ਜਾ ਰਿਹਾ ਫਰੀ ਇੰਟਰਨੈਟ ਡੇਟਾ ਬੇਕਾਰਾਂ ਦੀ ਫ਼ੌਜ ਨੂੰ ਜਨੂੰਨੀ ਹਜੂਮਾਂ ਵਿਚ ਬਦਲਣ ਅਤੇ ਉਨ੍ਹਾਂ ਨੂੰ ਸੋਸ਼ਲ ਮੀਡੀਆ ਉਪਰ ਸਰਗਰਮ ਜਥੇਬੰਦ ਅਫਵਾਹਤੰਤਰ ਦੇ ਜਾਲ ਵਿਚ ਫਸਾ ਕੇ ਹਿੰਦੂਤਵੀ ਏਜੰਡੇ ਲਈ ਘਾਤਕ ਸੈਨਿਕ ਬਣਾਉਣ ਵਿਚ ਖਾਸ ਭੂਮਿਕਾ ਨਿਭਾ ਰਿਹਾ ਹੈ।

ਸਖਤ ਕਾਨੂੰਨ ਹਜੂਮੀ ਹਮਲਿਆਂ ਨੂੰ ਠੱਲ੍ਹ ਨਹੀਂ ਪਾ ਸਕਦੇ। ਇਸ ਦਾ ਅਸਲ ਹੱਲ ਇਸ ਵਰਤਾਰੇ ਪਿੱਛੇ ਕੰਮ ਕਰਦੇ ਸਿਆਸੀ ਏਜੰਡੇ ਬਾਰੇ ਆਵਾਮ ਨੂੰ ਜਾਗਰੂਕ ਕਰਨ ਤੇ ਪ੍ਰਭਾਵਿਤ ਹਿੱਸਿਆਂ ਨੂੰ ਫਿਰਕੂ ਜ਼ਹਿਰ ਤੋਂ ਮੁਕਤ ਕਰਨ 'ਚ ਪਿਆ ਹੈ। ਮੁਲਕ ਦੀਆਂ ਸੱਚੀਆਂ ਧਰਮਨਿਰਪੱਖ ਤੇ ਅਗਾਂਹਵਧੂ ਤਾਕਤਾਂ ਨੂੰ ਹਿੰਦੂਤਵੀ ਦਹਿਸ਼ਤਵਾਦ ਦਾ ਮੁਕਾਬਲਾ ਕਰਨ ਲਈ ਸੰਕੇਤਕ ਵਿਰੋਧ ਤੋਂ ਅੱਗੇ ਵਧ ਕੇ ਵਿਆਪਕ ਲਾਮਬੰਦੀ ਦਾ ਰਾਹ ਅਖਤਿਆਰ ਕਰਨਾ ਚਾਹੀਦਾ ਹੈ।

# ਪੰਜਾਬ ਦੇ ਬਿਲਡਰਾਂ ਦੀਆਂ ਮੌਜਾਂ ਹੀ ਮੌਜਾਂ

ਜ਼ਮੀਨ ਤੇ ਜਾਇਦਾਦ ਦਾ ਕਾਰੋਬਾਰ ਐਵੇਂ ਹੀ 'ਰੀਅਲ ਅਸਟੇਟ' ਨਹੀਂ ਕਹਾਉਂਦਾ। ਹੁਣ ਤੱਕ ਕਰੀਬ ਸਭ-ਅਮੀਰ, ਮੱਧ ਵਰਗੀ ਤੇ ਗਰੀਬ ਨੂੰ ਖ਼ਬਰ ਹੋ ਗਈ ਹੋਵੇਗੀ ਕਿ ਕੋਈ ਵੀ ਹੋਰ ਅਸਟੇਟ, ਇਹ ਭਾਵੇਂ ਕਾਰਜ ਪਾਲਿਕਾ ਹੈ, ਵਿਧਾਨ ਪਾਲਿਕਾ ਹੈ ਜਾਂ ਨਿਆਂ ਪਾਲਿਕਾ, ਇਸ 'ਰੀਅਲ ਪਾਵਰ', ਭਾਵ 'ਰੀਅਲ ਅਸਟੇਟ' ਦੀ ਲਗਾਮ ਨਹੀਂ ਕੱਸ ਸਕਦੀ। ਇਥੋਂ ਤੱਕ ਕਿ ਚੌਥੀ ਅਸਟੇਟ ਕਹਾਉਂਦਾ ਮੀਡੀਆ ਵੀ ਹੁਣ ਸ਼ਾਇਦ ਇਸ 'ਰੀਅਲ' ਰੈਕੇਟ (ਜਿਸ ਦਾ ਇਤਿਹਾਸ ਬੜਾ

ਕੁਲਜੀਤ ਬੈਂਸ

ਪੁਰਾਣਾ ਹੈ) ਦਾ ਕੁਝ ਨਹੀਂ ਵਿਗਾੜ ਸਕਦਾ। ਹਾਂ, ਨਿਮਾਣੀ ਜਿਹੀ ਹਾਜ਼ਰੀ ਜ਼ਰੂਰ ਲੁਆ ਸਕਦਾ ਹੈ।

ਪੰਜਾਬ ਸਰਕਾਰ ਗ਼ੈਰਕਾਨੂੰਨੀ ਕਾਲੋਨੀਆਂ ਨੂੰ ਨਿਯਮਿਤ ਕਰਨ ਬਾਰੇ ਵਿਸ਼ੇਸ਼ ਸੋਧ ਬਿੱਲ (2018) ਨੂੰ ਪ੍ਰਵਾਨਗੀ ਦੇਣ ਦੀ ਤਿਆਰੀ ਕਰ ਰਹੀ ਹੈ। ਇਹ ਯਾਦ ਕਰਵਾਉਣਾ ਠੀਕ ਰਹੇਗਾ ਕਿ ਪਿਛਲੇ ਦੋ ਦਹਾਕਿਆਂ ਦੌਰਾਨ ਸਰਕਾਰਾਂ ਆਈਆਂ ਅਤੇ ਚਲੀਆਂ ਗਈਆਂ, ਜਾਇਦਾਦ ਦੇ ਭਾਅ ਅਸਮਾਨੀ ਚੜ੍ਹਦੇ ਰਹੇ, ਨਿਯਮਿਤਤਾ (ਰੈਗੂਲਰਾਈਜੇਸ਼ਨ) ਨੀਤੀਆਂ ਬਣਦੀਆਂ ਤੇ ਤਬਦੀਲ ਹੁੰਦੀਆਂ ਰਹੀਆਂ, ਨਿਵੇਸ਼ਕਾਂ ਨੂੰ ਰਗੜੇ ਲੱਗਦੇ ਰਹੇ, ਘਰ ਖਰੀਦਣ ਵਾਲਿਆਂ ਨੂੰ ਨਰਕ ਵਰਗੀਆਂ ਥਾਵਾਂ 'ਤੇ ਰਹਿਣਾ ਪੈ ਗਿਆ, ਪਰ ਕਿਸੇ ਨੇ ਵੀ ਤੁਹਾਨੂੰ ਇਹ ਨਹੀਂ ਦੱਸਿਆ ਕਿ 'ਰੀਅਲ ਅਸਟੇਟ' ਵਿਚ ਨਿਵੇਸ਼ ਨਾ ਕਰੋ। ਅਜਿਹਾ ਇਸ ਕਰਕੇ ਹੋਇਆ ਕਿਉਂਕਿ ਇਹ ਆਮ ਲੋਕਾਂ ਦੀ ਮਿਹਨਤ ਦੀ ਕਮਾਈ ਕਢਵਾ ਕੇ ਸਿਆਸਤਦਾਨਾਂ-ਬਿਲਡਰਾਂ ਕੋਲ ਪਹੁੰਚਾਉਣ ਦਾ ਸ਼ਾਇਦ ਇਕੋ-ਇਕ ਸਭ ਤੋਂ ਵੱਡਾ ਅਤੇ ਤੁਰੰਤ ਅਮਲ ਵਿਚ ਆਉਣ ਵਾਲਾ ਰਾਸਤਾ ਹੈ।

ਅਕਾਲੀ-ਭਾਜਪਾ ਗਠਜੋੜ ਦੇ ਦਸ ਸਾਲ ਦੇ ਰਾਜ ਦੌਰਾਨ ਘੱਟੋ-ਘੱਟ ਤਿੰਨ ਨਿਯਮਿਤਤਾ (ਰੈਗੂਲਰਾਈਜੇਸ਼ਨ) ਸਕੀਮਾਂ ਆਈਆਂ ਜਿਨ੍ਹਾਂ ਨੂੰ ਕਾਮਯਾਬ ਦੱਸਿਆ ਗਿਆ। ਕਾਮਯਾਬੀ ਦਾ ਮਾਪਦੰਡ ਇਹ ਸੀ ਕਿ ਜਾਇਦਾਦ ਦੇ ਖਰੀਦਾਰਾਂ ਦੀ ਇਕ ਨਿਸ਼ਚਿਤ ਗਿਣਤੀ (ਸਾਰੇ ਨਹੀਂ) ਨੇ ਕਾਗਜ਼ਾਂ ਵਿਚ ਆਪਣੀਆਂ ਕਾਲੋਨੀਆਂ 'ਮਨਜ਼ੂਰ' ਕਰਵਾਉਣ ਲਈ ਅਦਾਇਗੀਆਂ ਕੀਤੀਆਂ ਹਨ। ਹਕੀਕਤ ਵਿਚ, ਬਿਲਡਰਾਂ ਨੇ ਕੋਈ ਅਦਾਇਗੀ ਨਹੀਂ ਕੀਤੀ, ਘਰ ਖਰੀਦਣ ਵਾਲਿਆਂ ਨੇ ਹੀ ਇਹ ਅਦਾਇਗੀ ਕੀਤੀ ਅਤੇ ਸਰਕਾਰ ਨੇ ਘਰ ਖਰੀਦਣ ਵਾਲਿਆਂ ਤੋਂ ਚੋਖਾ ਫੰਡ ਇਕੱਠਾ ਕਰ ਲਿਆ। ਇਹ ਹੈ ਸਾਰੀ ਕਹਾਣੀ। ਉਧਰ, ਅਦਾਇਗੀ ਕਰਨ ਵਾਲੇ ਲੋਕਾਂ ਨੂੰ ਨਗਰ ਪਾਲਿਕਾਵਾਂ ਤੋਂ ਕੋਈ ਖਾਸ ਲਾਭ ਜਾਂ ਸਹੂਲਤਾਂ ਨਹੀਂ ਮਿਲ ਸਕੀਆਂ। ਇਨ੍ਹਾਂ ਦਾ ਹਾਲ ਵੀ ਅਦਾਇਗੀ ਨਾ ਕਰਨ ਵਾਲਿਆਂ ਵਰਗਾ ਹੀ ਰਿਹਾ। ਕਾਰਨ ਇਹ ਸੀ ਕਿ ਇਕ ਵੀ ਪੈਸਾ ਕਾਲੋਨੀਆਂ 'ਚ ਸੁਧਾਰ ਕਾਰਜਾਂ ਉਤੇ ਨਹੀਂ ਖਰਚਿਆ ਗਿਆ। ਫੰਡਾਂ ਦੀ ਤੋਟ ਕਾਰਨ ਸਰਕਾਰ ਨੇ ਇਹ ਸਾਰਾ ਪੈਸਾ ਹੋਰ ਕਿਤੇ ਹੀ ਵਰਤ ਲਿਆ।

ਪਿਛਲੇ ਸਾਲ ਪੰਜਾਬ ਸਰਕਾਰ ਨੇ ਮੁਕਾਬਲਤਨ ਵਾਜਬ ਨਿਯਮਿਤਤਾ ਨੀਤੀ ਦੀ ਤਜਵੀਜ਼ ਲਿਆਂਦੀ ਸੀ। ਇਸ ਤਹਿਤ ਬਿਲਡਰਾਂ ਨੂੰ ਅਦਾਇਗੀ ਲਈ ਆਖਿਆ ਗਿਆ ਅਤੇ ਖਰੀਦਾਰਾਂ ਲਈ ਨਿਸ਼ਚਿਤ ਬੁਨਿਆਦੀ ਸਹੂਲਤਾਂ ਮਿਥੀਆਂ ਗਈਆਂ। ਜਿਹੀ ਕਿ ਉਮੀਦ ਸੀ, ਇਸ ਨੀਤੀ ਨੂੰ ਕਿਸੇ ਨੇ ਨਹੀਂ ਗੌਲਿਆ ਅਤੇ ਸਰਕਾਰ ਜਿਸ ਤੱਕ ਲੋਕ ਨੁਮਾਇੰਦਿਆਂ ਰਾਹੀਂ ਪਹੁੰਚ ਕੀਤੀ ਗਈ, ਪੂਰੀ ਤਾਬੇਦਾਰੀ ਨਾਲ ਬਿਲਡਰਾਂ ਦੇ ਦਬਾਅ ਹੇਠ ਝੁਕ ਗਈ। ਹੁਣ ਡਿਵੈਲਪਰਾਂ ਲਈ ਬੱਸ ਕੁਝ ਕੁ ਹੀ ਸ਼ਰਤਾਂ ਹੋਣਗੀਆਂ ਜਿਹੜੀਆਂ ਉਨ੍ਹਾਂ ਪੂਰੀਆਂ ਕਰਨੀਆਂ ਹਨ ਅਤੇ ਘਰ ਦੇ ਮਾਲਕਾਂ ਨੂੰ ਸੁੱਖ-ਸਹੂਲਤਾਂ ਮਿਲਣ ਦੀ ਆਸ ਘੱਟ ਹੀ ਹੈ।

ਕੀ ਇਉਂ ਕੋਈ 'ਯੋਜਨਾਬੱਧ ਵਿਕਾਸ' ਸੰਭਵ ਹੈ ਜਿਸ ਤਰ੍ਹਾਂ ਨਿਯਮਿਤਤਾ ਨੀਤੀਆਂ ਰਾਹੀਂ ਕੀਤਾ ਜਾ ਰਿਹਾ ਹੈ? 'ਨਿਯਮਿਤਤਾ' ਬਾਰੇ ਧਿਆਨ ਇੰਨਾ ਲਾ ਦਿੱਤਾ ਗਿਆ ਹੈ ਕਿ ਯੋਜਨਾਬੱਧ ਭਵਿਖੀ ਵਿਕਾਸ ਦੀ ਕਦੀ ਗੱਲ ਹੀ ਨਹੀਂ ਹੁੰਦੀ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਦਾਅਵਾ ਹੈ ਕਿ ਉਨ੍ਹਾਂ ਆਪਣੇ ਸਟਾਫ ਨੂੰ ਖਬਰਦਾਰ ਕਰ ਦਿੱਤਾ ਹੈ ਕਿ 31 ਮਾਰਚ ਤੋਂ ਬਾਅਦ ਕੋਈ ਗੈਰਕਾਨੂੰਨੀ ਉਸਾਰੀ ਨਹੀਂ ਹੋਣੀ ਚਾਹੀਦੀ। ਇਹ ਮਹਿਜ਼ ਖੁਸ਼ਫਹਿਮੀ ਹੀ ਹੈ। ਸਾਰੀ ਦੁਨੀਆਂ ਦੇ ਨਾਲ ਉਨ੍ਹਾਂ ਨੂੰ ਵੀ ਸਾਰੇ ਹਾਲਾਤ ਦਾ ਪਤਾ ਹੈ।

ਸਰਕਾਰ ਨੇ ਪਿਛਲੇ ਦੋ ਦਹਾਕਿਆਂ ਤੋਂ ਲੁਧਿਆਣਾ ਵਿਚ ਕੋਈ ਨਵੀਂ ਕਾਲੋਨੀ ਨਹੀਂ ਬਣਾਈ। ਇਸ ਸਮੇਂ ਦੌਰਾਨ 1400 ਗ਼ੈਰਕਾਨੂੰਨੀ ਕਾਲੋਨੀਆਂ (ਇਹ ਸਰਕਾਰੀ ਅੰਕੜੇ ਹਨ) ਜ਼ਰੂਰ ਉਸਰ ਗਈਆਂ ਹਨ। ਅਸਲ ਵਿਚ, ਸਰਕਾਰ ਨਾ ਤਾਂ ਵਿਕਾਸ ਅਤੇ ਨਾ ਹੀ ਮੌਜੂਦਾ ਆਬਾਦੀ ਲਈ ਕੋਈ ਯੋਜਨਾ ਬਣਾ ਰਹੀ ਹੈ। ਲੋਕਾਂ ਲਈ ਘਰਾਂ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਤਿਆਗਣਾ, ਗ਼ੈਰਕਾਨੂੰਨੀ ਉਸਾਰੀਆਂ ਦੀ ਖ਼ਬਰ ਨਾ ਰੱਖਣਾ ਅਤੇ ਫਿਰ ਸ਼ੱਕੀ ਨਿਯਮਿਤਤਾ ਨੀਤੀਆਂ ਦੀਆਂ ਤਜਵੀਜ਼ਾਂ ਲਿਆਉਣਾ, ਮਹਿਜ਼ ਕੁਪ੍ਰਸ਼ਾਸਨ ਦਾ ਮਸਲਾ ਨਹੀਂ ਹੈ। ਇਹ ਤਾਂ ਸਗੋਂ ਸਿਆਸਤਦਾਨਾਂ ਅਤੇ ਬਿਲਡਰਾਂ ਦਾ ਗਿਣਿਆ-ਮਿਥਿਆ ਧੰਦਾ ਹੈ ਜੋ ਇਹ ਰਲ ਕੇ ਕਰਦੇ ਹਨ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਦਸ ਸਾਲਾਂ ਦੌਰਾਨ ਬਥੇਰੇ ਸਿਆਸਤਦਾਨ ਬਿਲਡਰ ਬਣ ਗਏ ਅਤੇ ਬਥੇਰੇ ਕਹਿੰਦੇ-ਕਹਾਉਂਦੇ ਬਿਲਡਰ ਸਿਆਸਤਦਾਨ ਬਣ ਗਏ। 2017 ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ, ਆਮ ਨਾਅਰਾ ਕੈਪਟਨ ਅਮਰਿੰਦਰ ਸਿੰਘ ਨੂੰ ਦੁਬਾਰਾ ਲਿਆਉਣ ਦਾ ਸੀ, ਕਿਉਂਕਿ ਰੀਅਲ ਅਸਟੇਟ ਦਾ ਕਾਰੋਬਾਰ ਕਾਂਗਰਸ ਦੇ ਰਾਜ ਦੌਰਾਨ ਹੀ ਵਧਿਆ-ਫੁੱਲਿਆ ਸੀ। ਸਭ ਧੜੱਲੇਦਾਰ ਸਿਆਸਤਦਾਨਾਂ ਦਾ ਸਿੱਧੇ ਜਾਂ ਅਸਿੱਧੇ ਢੰਗ ਨਾਲ ਇਸ ਕਾਰੋਬਾਰ ਵਿਚ ਹਿੱਸੇਦਾਰੀ ਹੈ। ਜਿਸ ਸ਼ਖ਼ਸ ਕੋਲ ਭਾਵੇਂ ਪੈਸਾ ਥੋੜ੍ਹਾ ਹੀ ਹੈ, ਉਸ ਦੀ ਵੀ ਬਾਕਾਇਦਾ ਹਿੱਸੇਦਾਰੀ ਹੈ। ਇਸ ਦਾ ਇਕ ਕਾਰਨ ਪੰਜਾਬ ਵਿਚ ਨਿਵੇਸ਼ ਦੇ ਹੋਰ ਮੌਕੇ ਘੱਟ ਹੋਣਾ ਹੈ। ਉਂਜ, ਆਮਦਨ ਵਿਚ ਵੱਡਾ ਫਰਕ ਹੈ - ਆਮ ਨਿਵੇਸ਼ਕ ਨੂੰ ਸਦਾ ਰਗੜਾ ਹੀ ਲੱਗਦਾ ਹੈ ਅਤੇ ਪ੍ਰੋਮੋਟਰ ਲਾਹੇ ਵਿਚ ਰਹਿੰਦੇ ਹਨ।

ਜਾਇਦਾਦ ਦੀਆਂ ਕੀਮਤਾਂ ਦੇ ਉਛਾਲ ਨੂੰ ਸਹੀ ਠਹਿਰਾਉਣ ਜੋਗਾ ਅਸਲ ਵਿਕਾਸ ਬਹੁਤ ਥੋੜ੍ਹਾ ਹੋ ਰਿਹਾ ਹੈ ( ਜੀ ਹਾਂ, ਕੀਮਤਾਂ ਅਜੇ ਵੀ ਅਸਲੀ ਨਹੀਂ ਹਨ), ਇਸ ਉਛਾਲ ਨੂੰ ਜਾਰੀ ਰੱਖਣ ਨਾਲ ਧਨਾਢਾਂ ਦੇ ਹਿਤ ਜੁੜੇ ਹੋਏ ਹਨ। ਕੀ ਕਿਸੇ ਨੂੰ ਇਹ ਆਸ ਹੈ ਕਿ ਨਿਯਮਿਤਤਾ ਨੀਤੀ ਨਾਲ ਬੰਦ ਸੀਵਰੇਜ, ਛੱਤਾਂ ਉਤੇ ਪਏ ਪਈਆਂ ਖਾਲੀ ਟੈਂਕੀਆਂ ਅਤੇ ਬੰਦ ਬਿਜਲੀ ਟਰਾਂਸਫਾਰਮਰਾਂ ਤੋਂ ਰਾਹਤ ਮਿਲੇਗੀ? ਮਿਹਰਬਾਨੀ ਨਾਲ ਇਹ ਸਾਰਾ ਕੁਝ ਭੁੱਲ ਜਾਓ ਅਤੇ ਹਕੀਕੀ (ਰੀਅਲ) ਜ਼ਿੰਦਗੀ ਮੁਤਾਬਿਕ ਚੱਲਣਾ ਸਿੱਖੋ!

# ਅੰਮ੍ਰਿਤਸਰ ਦੀ ਵਿਦਿਆਰਥਣ ਨੇ ਇਕ ਵੀ ਛੁੱਟੀ ਨਾ ਕਰ ਕੇ ਬਣਾਇਆ ਰਿਕਾਰਡ

**ਅੰਮ੍ਰਿਤਸਰ:** ਅੰਮ੍ਰਿਤਸਰ ਦੀ ਅਵਨੀਤ ਕੌਰ ਨੇ ਇੰਡੀਆ ਰਿਕਾਰਡ ਬੁੱਕ ਵਿਚ ਆਪਣਾ ਨਾਂ ਦਰਜ ਕਰਵਾਇਆ ਹੈ। ਅਵਨੀਤ ਨੇ 15 ਸਾਲ ਤੱਕ ਸਕੂਲ ਵਿਚੋਂ ਇਕ ਵੀ ਛੁੱਟੀ ਨਹੀਂ ਕੀਤੀ। ਉਸ ਨੇ ਜਿਸ ਦਿਨ ਸਕੂਲ ਸ਼ੁਰੂ ਕੀਤਾ, ਉਸ ਦਿਨ ਤੋਂ ਲੈ ਕੇ ਅੱਜ ਤੱਕ ਕਦੇ ਵੀ ਛੁੱਟੀ ਨਹੀਂ ਕੀਤੀ। ਪਿਛਲੇ ਪੰਦਰਾਂ ਸਾਲਾਂ ਵਿਚ ਉਸ ਨੇ ਹਰ ਦਿਨ ਸਕੂਲ ਵਿਚ ਜਾ ਕੇ ਬਾਕਾਇਦਾ ਹਾਜ਼ਰੀ ਲਵਾਈ।




ਅੰਮ੍ਰਿਤਸਰ ਦੇ ਤਰਨ ਤਾਰਨ ਰੋਡ ਉਤੇ ਰਹਿਣ ਵਾਲੇ ਸਧਾਰਨ ਪਰਿਵਾਰ ਦੀ ਅਵਨੀਤ ਕੌਰ ਨੂੰ ਪੜ੍ਹਨ ਦੀ ਇੰਨੀ ਜਗਿਆਸਾ ਹੈ ਕਿ ਪਿਛਲੇ ਪੰਦਰਾਂ ਸਾਲਾਂ ਦੌਰਾਨ ਉਸ ਨੇ 12ਵੀਂ ਤੱਕ ਦੀ ਪੜ੍ਹਾਈ ਵਿਚ ਸਕੂਲ ਤੋਂ ਇਕ ਵੀ ਛੁੱਟੀ ਨਹੀਂ ਲਈ। ਭਾਵੇਂ ਮੀਂਹ ਹੋਵੇ ਜਾਂ ਹਨੇਰੀ, ਬਿਮਾਰ ਹੋਵੇ ਜਾਂ ਫਿਰ ਰਿਸ਼ਤੇਦਾਰੀ ਵਿਚ ਕੋਈ ਦੁੱਖ ਸੁੱਖ, ਅਵਨੀਤ ਕੌਰ ਨੇ ਸਕੂਲ ਵਿਚ ਲਗਾਤਾਰ ਜਾ ਕੇ ਇਹ ਸਾਬਤ ਕਰਕੇ ਦਿਖਾਇਆ ਕਿ ਪੜ੍ਹਾਈ ਤੋਂ ਵੱਧ ਕੁਝ ਵੀ ਨਹੀਂ।

ਨਰਸਰੀ ਕਲਾਸ ਤੋਂ ਲੈ ਕੇ 12ਵੀਂ ਤੱਕ ਦੀ ਕਲਾਸ ਅਜੀਤ ਵਿਦਿਆਲਿਆ ਸੀਨੀਅਰ ਸੈਕੰਡਰੀ ਸਕੂਲ ਵਿਚ ਪੂਰੀ ਕੀਤੀ। ਹੁਣ ਉਸ ਦਾ ਟੀਚਾ ਯੂਨੀਵਰਸਿਟੀ ਦੀ ਪੜ੍ਹਾਈ ਬਿਨਾਂ ਕਿਸੇ ਛੁੱਟੀ ਲੈ ਕੇ ਕਰਨ ਦਾ ਹੈ ਤੇ ਆਪਣਾ ਨਾਮ ਗਿਨੀਜ਼ ਬੁੱਕ ਆਫ ਵਰਲਡ ਵਿਚ ਦਰਜ ਕਰਵਾਉਣ ਦਾ ਹੈ। ਅਵਨੀਤ ਨੇ ਦੱਸਿਆ ਕਿ ਹਰ ਵਿਅਕਤੀ ਵਿਚ ਕੋਈ ਨਾ ਕੋਈ ਟੈਲੈਂਟ ਹੁੰਦਾ ਹੈ। ਗੱਲ ਸਿਰਫ ਉਸ ਨੂੰ ਪਛਾਣਨ ਦੀ ਹੁੰਦੀ ਹੈ। ਸਕੂਲ ਵਿਚ ਪੜ੍ਹਾਈ ਕਰਦਿਆਂ ਉਸ ਨੇ ਠਾਣ ਲਿਆ ਸੀ ਕਿ ਉਹ ਕੋਈ ਨਾ ਕੋਈ ਟੀਚਾ ਜ਼ਰੂਰ ਹਾਸਲ ਕਰੇਗੀ। ਅਵਨੀਤ ਦੇ ਮਾਤਾ-ਪਿਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਬੱਚੇ ਲਈ ਬਹੁਤ ਕੁਝ ਬਰਦਾਸ਼ਤ ਕੀਤਾ ਕਿਉਂਕਿ ਉਹ ਆਪਣੇ ਬੱਚੇ ਦਾ ਸਾਥ ਦੇਣਾ ਚਾਹੁੰਦੇ ਹਨ।

ਕਈ ਵਾਰ ਸਾਨੂੰ ਰਿਸ਼ਤੇਦਾਰੀ ਵਿਚ ਕੰਮ ਜਾਣਾ ਪੈਂਦਾ ਸੀ ਤਾਂ ਉਹ ਕੋਸ਼ਿਸ਼ ਕਰਦੇ ਸੀ ਕਿ ਰਾਤ ਵੇਲੇ ਘਰ ਪਰਤ ਆਉਣ। ਕਈ ਵਾਰ ਅਜਿਹੇ ਮੌਕੇ ਵੀ ਆਏ ਜਦੋਂ ਉਨ੍ਹਾਂ ਨੇ ਅਵਨੀਤ ਨੂੰ ਆਪਣੇ ਰਿਸ਼ਤੇਦਾਰਾਂ ਦੇ ਘਰ ਰਾਤ ਰਹਿਣ ਲਈ ਛੱਡ ਦਿੱਤਾ ਕਿਉਂਕਿ ਉਨ੍ਹਾਂ ਨੂੰ ਮਜਬੂਰਨ ਕਿਸੇ ਦੁੱਖ ਸੁੱਖ ਲਈ ਬਾਹਰ ਜਾਣਾ ਪੈਂਦਾ ਸੀ। ਉਨ੍ਹਾਂ ਦਾ ਸਿਰਫ ਇਹੋ ਮਕਸਦ ਸੀ ਇਹ ਅਵਨੀਤ ਦੀ ਸਕੂਲ ਤੋਂ ਛੁੱਟੀ ਨਾ ਹੋ ਜਾਵੇ।

# ਕੈਪਟਨ ਦੇ ਪੁਰਖਿਆਂ ਦੇ ਪਿੰਡ ਇਕ ਬੱਚੇ ਨੂੰ ਪੜ੍ਹਾਉਣਗੇ ਚਾਰ ਅਧਿਆਪਕ

**ਬਠਿੰਡਾ:** ਬਠਿੰਡਾ ਜ਼ਿਲ੍ਹੇ ਦੇ ਪਿੰਡ ਮਹਿਰਾਜ ਦੇ ਕੋਠੇ ਮੱਲੂਆਣਾ ਦੇ ਮਿਡਲ ਸਕੂਲ ਵਿਚ ਇਕ ਬੱਚੇ ਨੂੰ ਚਾਰ ਅਧਿਆਪਕ ਪੜ੍ਹਾਉਣਗੇ। ਮਹਿਰਾਜ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁਰਖਿਆਂ ਦਾ ਪਿੰਡ ਹੈ। ਪਿੰਡ ਮਹਿਰਾਜ ਦੇ ਮੱਲੂਆਣਾ ਦੇ ਸਰਕਾਰੀ ਮਿਡਲ ਸਕੂਲ ਵਿਚ ਹੁਣ ਸਿਰਫ ਦੋ ਬੱਚੇ ਪੜ੍ਹਦੇ ਹਨ, ਜਿਨ੍ਹਾਂ ਵਿਚੋਂ ਇਕ ਬੱਚੇ ਦੇ ਮਾਪਿਆਂ ਨੇ ਨੇੜਲੇ ਸਕੂਲ ਵਿਚ ਬੱਚੇ ਪੜ੍ਹਾਉਣ ਦੀ ਸਹਿਮਤੀ ਦੇ ਦਿੱਤੀ ਹੈ, ਜਦੋਂਕਿ ਦੂਜੇ ਬੱਚੇ ਦੇ ਮਾਪੇ ਬਜ਼ਿੱਦ ਹਨ ਕਿ ਉਹ ਮੱਲੂਆਣਾ ਸਕੂਲ ਵਿਚ ਹੀ ਬੱਚੇ ਨੂੰ ਪੜ੍ਹਾਉਣਗੇ।

ਵੇਰਵਿਆਂ ਅਨੁਸਾਰ ਪਿੰਡ ਮੱਲੂਆਣਾ ਦੇ ਇਸ ਸਕੂਲ ਦੀ ਛੇਵੀਂ ਕਲਾਸ ਵਿਚ ਕੋਈ ਬੱਚਾ ਨਹੀਂ ਹੈ, ਜਦੋਂਕਿ ਸੱਤਵੀਂ ਜਮਾਤ ਵਿਚ ਇਕ ਅਤੇ ਅੱਠਵੀਂ ਵਿਚ ਇਕ ਬੱਚਾ ਪੜ੍ਹ ਰਿਹਾ ਹੈ। ਸਕੂਲ ਵਿਚ ਚਾਰ ਅਧਿਆਪਕ ਹਿੰਦੀ, ਪੰਜਾਬੀ, ਪੀ.ਟੀ.ਆਈ. ਤੇ ਐਸ.ਐਸ. ਵਿਸ਼ੇ ਵਾਲੇ ਹਨ। ਇਨ੍ਹਾਂ ਵਿਚੋਂ ਇਕ ਅਧਿਆਪਕ ਤਨਖਾਹ ਤਾਂ ਮੱਲੂਆਣਾ ਸਕੂਲ 'ਚੋਂ ਹੀ ਲੈਂਦਾ ਹੈ, ਪਰ ਉਹ ਨੇੜਲੇ ਸਕੂਲ ਵਿਚ ਡੈਪੂਟੇਸ਼ਨ ਉਤੇ ਕੰਮ ਕਰ ਰਿਹਾ ਹੈ। ਪਿਛਲੇ ਵਰ੍ਹੇ ਇਸ ਸਕੂਲ ਵਿਚ ਚਾਰ ਬੱਚੇ ਸਨ, ਜਿਨ੍ਹਾਂ ਵਿਚੋਂ ਦੋ ਬੱਚੇ ਐਤਕੀਂ ਹਾਈ ਸਕੂਲ ਵਿਚ ਚਲੇ ਗਏ ਹਨ। ਪੰਜਾਬ ਸਰਕਾਰ ਨੇ 15 ਬੱਚਿਆਂ ਤੋਂ ਘੱਟ ਵਾਲੇ ਸਕੂਲਾਂ ਬੰਦ ਕਰਨ ਦਾ ਫੈਸਲਾ ਕੀਤਾ ਹੈ। ਇਸ ਤਹਿਤ ਡੀ.ਪੀ.ਆਈ. ਨੇ ਜ਼ਿਲ੍ਹਾ ਸਿੱਖਿਆ ਅਫਸਰ (ਸ) ਬਠਿੰਡਾ ਨੂੰ ਪੱਤਰ ਜਾਰੀ ਕੀਤਾ ਹੈ ਕਿ ਪਿੰਡ ਮਹਿਰਾਜ ਦੇ ਇਸ ਸਕੂਲ ਵਿਚ ਬੱਚਿਆਂ ਦੀ ਗਿਣਤੀ 15 ਤੋਂ ਘੱਟ ਹੈ, ਜਿਸ ਕਰ ਕੇ ਇਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਦੀ ਸਹਿਮਤੀ ਲੈ ਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਰਾਜ ਵਿਚ ਇਨ੍ਹਾਂ ਨੂੰ ਤਬਦੀਲ ਕੀਤਾ ਜਾਵੇ।

ਮੁੱਖ ਮੰਤਰੀ ਦਾ ਪਿੰਡ ਹੋਣ ਕਰ ਕੇ ਸਿੱਖਿਆ ਅਫਸਰਾਂ ਨੇ ਹੁਕਮ ਕਰਨ ਦੀ ਥਾਂ ਸਾਰੀ ਗੱਲ ਮਾਪਿਆਂ ਦੀ ਸਹਿਮਤੀ ਉਤੇ ਸੁੱਟ ਦਿੱਤੀ ਹੈ। ਮਹਿਰਾਜ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਪ੍ਰਿੰਸੀਪਲ ਅਤੇ ਸਟਾਫ ਇਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਰਜ਼ਾਮੰਦ ਕਰਨ ਵਿਚ ਜੁਟ ਗਿਆ ਹੈ। ਪ੍ਰਿੰਸੀਪਲ ਹਰਨੇਕ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਦੋਵੇਂ ਬੱਚਿਆਂ ਦੇ ਮਾਪਿਆਂ ਨਾਲ ਗੱਲ ਕੀਤੀ ਸੀ, ਪਰ ਇਕ ਬੱਚੇ ਦੇ ਮਾਪਿਆਂ ਨੇ ਸਹਿਮਤੀ ਨਹੀਂ ਦਿੱਤੀ। ਪ੍ਰਿੰਸੀਪਲ ਨੇ ਦੱਸਿਆ ਕਿ ਉਨ੍ਹਾਂ ਨੇ ਤਾਂ ਮਾਪਿਆਂ ਨੂੰ ਪੇਸ਼ਕਸ਼ ਕੀਤੀ ਸੀ ਕਿ ਉਹ ਨਵੇਂ ਸਕੂਲ ਤਰਫੋਂ ਬੱਚੇ ਨੂੰ ਲਿਆਉਣ-ਛੱਡਣ ਦਾ ਵੀ ਕੋਈ ਆਰਜ਼ੀ ਪ੍ਰਬੰਧ ਕਰ ਦੇਣਗੇ, ਪਰ ਮਾਪੇ ਮੰਨ ਨਹੀਂ ਰਹੇ ਹਨ। ਜੇਕਰ ਇਸ ਬੱਚੇ ਦੇ ਮਾਪੇ ਸਹਿਮਤ ਨਾ ਹੋਏ ਤਾਂ ਚਾਰੋਂ ਅਧਿਆਪਕ ਇਕ ਬੱਚੇ ਨੂੰ ਹੀ ਪੜ੍ਹਾਉਣਗੇ। ਸੂਤਰਾਂ ਅਨੁਸਾਰ ਅਧਿਆਪਕ ਵੀ ਨਹੀਂ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਕਿਧਰੇ ਹੋਰ ਬਦਲਿਆ ਜਾਵੇ।

# ਚੰਗੇ ਪ੍ਰਸ਼ਾਸਨ ਪੱਖੋਂ ਕੇਰਲ ਬਿਹਤਰੀਨ ਸੂਬਾ, ਪੰਜਾਬ ਦਾ 7ਵਾਂ ਨੰਬਰ

**ਨਵੀਂ ਦਿੱਲੀ:** ਚੰਗੇ ਪ੍ਰਸ਼ਾਸਨ ਪੱਖੋਂ ਦੇਸ਼ ਵਿਚ ਬਿਹਤਰੀਨ ਸ਼ਾਸਿਤ ਰਾਜਾਂ ਦੀ ਸੂਚੀ 'ਚ ਕੇਰਲ ਦਾ ਨਾਂ ਸਭ ਤੋਂ ਉਪਰ ਹੈ ਜਦਕਿ ਇਸ 30 ਰਾਜਾਂ ਦੀ ਸੂਚੀ 'ਚ ਪੰਜਾਬ ਨੇ 7ਵੇਂ ਨੰਬਰ ਉਤੇ ਆਪਣੀ ਥਾਂ ਬਣਾਈ ਹੈ। ਉਕਤ ਅੰਕੜੇ ਪਬਲਿਕ ਅਫੇਅਰਜ਼ ਸੈਂਟਰ ਵੱਲੋਂ ਜਾਰੀ ਕੀਤੇ ਗਏ ਹਨ। ਇਸ ਮੁਤਾਬਕ ਤਾਮਿਲਨਾਡੂ ਦੂਜੇ, ਤੇਲੰਗਾਨਾ ਤੀਜੇ, ਕਰਨਾਟਕ ਚੌਥੇ ਅਤੇ ਗੁਜਰਾਤ ਪੰਜਵੇਂ ਨੰਬਰ ਉਤੇ ਹੈ। 2016 ਤੋਂ ਜਾਰੀ ਕੀਤੇ ਜਾਣ ਵਾਲੇ ਇਸ ਸੂਚਕ 'ਚ ਪ੍ਰਸ਼ਾਸਨ ਦੇ ਪੱਧਰ ਨੂੰ 10 ਮੁੱਖ ਆਧਾਰਾਂ ਉਤੇ ਨਾਪਿਆ ਜਾਂਦਾ ਹੈ।

ਸਮਾਜਿਕ ਅਤੇ ਆਰਥਿਕ ਨੁਕਤਿਆਂ ਦੇ ਆਧਾਰ ਉਤੇ ਤਕਸੀਮ ਕੀਤੇ 10 ਆਧਾਰਾਂ ਨੂੰ ਹੋਰ ਵਿਆਪਕ ਕਰਦਿਆਂ ਕੁੱਲ 30 ਨੁਕਤੇ ਇਸ ਸੂਚੀ 'ਚ ਸ਼ਾਮਲ ਕੀਤੇ ਗਏ ਹਨ। ਆਰਥਿਕ ਸੁਤੰਤਰਤਾ, ਬੁਨਿਆਦੀ ਢਾਂਚਾ, ਮਨੁੱਖੀ ਵਸੀਲੇ, ਪਾਰਦਰਸ਼ਤਾ ਅਤੇ ਜਵਾਬਦੇਹੀ, ਸਮਾਜਿਕ ਸੁਰੱਖਿਆ, ਵਾਤਾਵਰਨ, ਔਰਤਾਂ ਅਤੇ ਬੱਚਿਆਂ ਨਿਆਂ ਅਮਲ, ਜੁਰਮ ਅਤੇ ਬੱਚਿਆਂ ਦੇ ਵਿਕਾਸ ਦੇ 10 ਮੁੱਖ ਆਧਾਰਾਂ ਉਤੇ ਇਹ ਸੂਚੀ ਤਿਆਰ ਕੀਤੀ ਗਈ ਹੈ, ਜਿਸ 'ਚ ਬੁਨਿਆਦੀ ਢਾਂਚੇ, ਸਮਾਜ ਸੁਰੱਖਿਆ, ਬੱਚਿਆਂ ਦੇ ਵਿਕਾਸ ਅਤੇ ਨਿਆਂ ਦੇ ਅਮਲ 'ਚ ਪੰਜਾਬ ਦਾ ਪ੍ਰਦਰਸ਼ਨ ਕਾਫੀ 'ਸੰਤੋਖਜਨਕ' ਕਰਾਰ ਦਿੱਤਾ ਗਿਆ ਹੈ।

ਬਿਜਲੀ, ਪਾਣੀ, ਸੜਕਾਂ ਅਤੇ ਮਕਾਨਾਂ ਜਿਹੇ ਸੂਚਕਾਂ ਦੇ ਆਧਾਰ 'ਤੇ ਤਿਆਰ ਕੀਤੇ ਬੁਨਿਆਦੀ ਢਾਂਚੇ ਵਿਚ ਪੰਜਾਬ ਦੇਸ਼ 'ਚੋਂ ਚੌਥੇ ਸਥਾਨ ਉਤੇ ਹੈ ਜਦਕਿ ਗੋਆ, ਕੇਰਲ ਅਤੇ ਦਿੱਲੀ ਪਹਿਲੇ ਦੂਜੇ ਤੇ ਤੀਜੇ ਸਥਾਨ ਉਤੇ ਹ। ਪ੍ਰਦੂਸ਼ਣ, ਜੰਗਲਾਤ ਮੁੜ ਨਵਿਆਉਣ ਯੋਗ ਊਰਜਾ, ਵੇਸਟ ਪ੍ਰਬੰਧਨ ਦੇ ਆਧਾਰ ਉਤੇ ਬਣੇ ਵਾਤਾਵਰਨ ਦਾ ਸੂਚਕ ਅੰਕ ਪੰਜਾਬ ਲਈ ਵੱਡੇ ਸਰੋਕਾਰ ਦਾ ਵਿਸ਼ਾ ਹੈ। ਪਰਾਲੀ ਸਾੜਨ ਦੇ ਮੁੱਦੇ ਉਤੇ ਪੰਜਾਬ ਨੂੰ ਪਹਿਲਾਂ ਹੀ ਰਾਸ਼ਟਰੀ ਗ੍ਰੀਸ ਟ੍ਰਿਬਿਊਨਲ ਦੀ ਸਖਤ ਝਾੜ ਪੈ ਚੁੱਕੀ ਹੈ ਪਰ ਰਾਜ ਸਰਕਾਰ ਅਜੇ ਤੱਕ ਇਸ ਮਾਮਲੇ 'ਚ ਕੇਂਦਰ ਸਰਕਾਰ ਨੂੰ ਹੋਰ ਸਬਸਿਡੀ ਮੁਹੱਈਆ ਕਰਵਾਉਣ ਦੀ ਮੰਗ ਕਰ




ਰਹੀ ਹੈ, ਉਥੇ ਕੇਂਦਰ ਇਸ ਮਾਮਲੇ ਨੂੰ ਰਾਜਾਂ ਦਾ ਮੁੱਦਾ ਕਰਾਰ ਦੇ ਕੇ ਮਾਲੀ ਮਦਦ ਤੋਂ ਇਨਕਾਰੀ ਹੈ, ਹਾਲਾਂਕਿ ਪਰਾਲੀ ਸਾੜਨ ਨੂੰ ਲੈ ਕੇ ਪੰਜਾਬ ਤੋਂ ਇਲਾਵਾ ਹੋਰ ਗੁਆਂਢੀ ਰਾਜ ਵੀ ਕੋਈ ਖਾਸ ਚੰਗੇ ਸਥਾਨ 'ਤੇ ਨਹੀਂ ਹਨ।

ਗੁਆਂਢੀ ਸੂਬਾ ਰਾਜਸਥਾਨ 22ਵੇਂ ਜਦਕਿ ਹਰਿਆਣਾ 24ਵੇਂ ਸਥਾਨ ਉਤੇ ਹੈ, ਸਭ ਤੋਂ ਬੁਰਾ ਹਾਲ ਰਾਜਧਾਨੀ ਦਿੱਲੀ ਦਾ ਹੈ। ਦਿੱਲੀ ਦਾ ਨੰਬਰ ਵਾਤਾਵਰਨ ਪੱਖੋਂ ਸਭ ਤੋਂ ਹੇਠਲਾ ਭਾਵ 30ਵਾਂ ਹੈ। ਆਰਥਿਕ ਸੁਤੰਤਰਤਾ 'ਚ ਪੰਜਾਬ 13ਵੇਂ, ਮਨੁੱਖੀ ਵਸੀਲਿਆਂ 'ਚ 13ਵੇਂ ਅਤੇ ਮਾਲੀ ਖਸਾਰੇ (ਘਾਟਾ) ਦੇ ਪ੍ਰਬੰਧਨ 'ਚ 21ਵੇਂ ਨੰਬਰ ਉਤੇ ਹੈ, ਜਦਕਿ ਪਾਰਦਰਸ਼ਤਾ ਅਤੇ ਜਵਾਬਦੇਹੀ 'ਚ 11ਵੇਂ, ਔਰਤਾਂ ਅਤੇ ਬੱਚਿਆਂ ਦੇ ਮਾਮਲੇ 'ਚ 17ਵੇਂ ਅਤੇ ਜੁਰਮਾਂ ਨਾਲ ਨਜਿੱਠਣ 'ਚ ਪੰਜਾਬ 12ਵੇਂ ਨੰਬਰ ਉਤੇ ਹੈ।

# ਜਥੇਦਾਰ ਵੱਲੋਂ ਮੋਦੀ ਸਰਕਾਰ ਨੂੰ ਚਿਤਾਵਨੀ

**ਅੰਮ੍ਰਿਤਸਰ:** ਤਖਤ ਸਾਹਿਬਾਨ ਦੇ ਜਥੇਦਾਰਾਂ ਵੱਲੋਂ ਮੋਦੀ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਦਾ ਡੇਢ ਮਹੀਨੇ ਅੰਦਰ ਕੋਈ ਨਿਬੇੜਾ ਨਹੀਂ ਕੀਤਾ ਗਿਆ ਤਾਂ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸਖਤ ਫੈਸਲਾ ਲਿਆ ਜਾਵੇਗਾ। ਸ੍ਰੀ ਅਕਾਲ ਤਖਤ ਸਾਹਿਬ ਦੀ ਸਕੱਤਰੇਤ ਵਿਖੇ ਪੰਜ ਸਾਹਿਬਾਨ ਦੀ ਅਹਿਮ ਇਕੱਤਰਤਾ ਹੋਈ। ਇਸ ਵਿਚ ਚੰਡੀਗੜ੍ਹ ਵਿਚ ਸਿੱਖ ਬੀਬੀਆਂ ਲਈ ਹੈਲਮਟ ਪਾਉਣਾ ਲਾਜ਼ਮੀ ਕੀਤੇ ਜਾਣ ਸਮੇਤ ਵੱਖ-ਵੱਖ ਮੁੱਦਿਆਂ ਸਬੰਧੀ ਵਿਚਾਰ ਚਰਚਾ ਕੀਤੀ ਗਈ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਨੁਸਾਰ ਸਿੱਖ ਰਹਿਤ ਮਰਿਆਦਾ ਅਨੁਸਾਰ ਕੋਈ ਵੀ ਸਿੱਖ ਟੋਪੀ ਜਾਂ ਹੈਲਮਟ ਨਹੀਂ ਪਹਿਨ ਸਕਦਾ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੇ ਇਸ ਫੈਸਲੇ ਖਿਲਾਫ ਕਾਨੂੰਨੀ ਲੜਾਈ ਲੜਨ ਦੇ ਆਦੇਸ਼ ਦਿੱਤੇ। ਜਥੇਦਾਰ ਨੇ ਰਾਜੋਆਣਾ ਕੇਸ ਸਬੰਧੀ ਸ਼੍ਰੋਮਣੀ ਕਮੇਟੀ ਵਫਦ ਵੱਲੋਂ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲਣ ਪਿਛੋਂ ਭੁੱਖ ਹੜਤਾਲ ਖਤਮ ਕੀਤੇ ਜਾਣ ਲਈ ਰਾਜੋਆਣਾ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰੀ ਨੇ ਸ਼੍ਰੋਮਣੀ ਕਮੇਟੀ ਦੇ ਵਫਦ ਨੂੰ ਆਉਂਦੇ ਡੇਢ ਮਹੀਨੇ ਵਿਚ ਇਸ ਸਬੰਧੀ ਫੈਸਲਾ ਲੈਣ ਦਾ ਭਰੋਸਾ ਦਿੱਤਾ ਹੈ।

ਜਥੇਦਾਰ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਡੇਢ ਮਹੀਨੇ ਵਿਚ ਕੋਈ ਫੈਸਲਾ ਨਾ ਲਿਆ ਗਿਆ ਤਾਂ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸਖਤ ਫੈਸਲਾ ਲਿਆ ਜਾਵੇਗਾ। ਗਿਆਨੀ ਗੁਰਬਚਨ ਸਿੰਘ ਨੇ ਬੀਤੇ ਦਿਨੀਂ ਧਰਮੀ ਫੌਜੀਆਂ ਵੱਲੋਂ ਆਪਣੀਆਂ ਮੰਗਾਂ ਸਬੰਧੀ ਦਿੱਤੇ ਗਏ ਮੰਗ ਪੱਤਰ ਬਾਰੇ ਕਿਹਾ ਕਿ ਇਸ ਸਬੰਧੀ ਅਗਲੀ ਮੀਟਿੰਗ ਵਿਚ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਡੇਰਾ ਸਿਰਸਾ ਜਾ ਕੇ ਵੋਟਾਂ ਮੰਗਣ ਵਾਲੇ ਵੱਖ-ਵੱਖ ਪਾਰਟੀਆਂ ਦੇ ਆਗੂਆਂ ਵਿਚੋਂ ਮਨਪ੍ਰੀਤ ਬਾਦਲ ਤੇ ਰਜਿੰਦਰ ਕੌਰ ਭੱਠਲ ਵੱਲੋਂ ਅਜੇ ਤੱਕ ਸ੍ਰੀ ਅਕਾਲ ਤਖਤ ਸਾਹਿਬ ਉਤੇ ਪੇਸ਼ ਨਾ ਹੋਣ ਸਬੰਧੀ ਜਥੇਦਾਰ ਨੇ ਅਰਜੁਨ ਬਾਦਲ ਤੇ ਭੱਠਲ ਨੂੰ ਜਲਦ ਤੋਂ ਜਲਦ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋ ਕੇ ਸਪਸ਼ਟੀਕਰਨ ਦੇਣ ਦੀ ਹਦਾਇਤ ਦਿੱਤੀ।

## ਹੁਣ ਸੰਸਦ 'ਚ 22 ਭਾਰਤੀ ਭਾਸ਼ਾਵਾਂ 'ਚ ਗੱਲ ਕਰ ਸਕਣਗੇ ਮੈਂਬਰ

**ਨਵੀਂ ਦਿੱਲੀ:** ਰਾਜ ਸਭਾ ਚੇਅਰਮੈਨ ਐਮ. ਵੈਂਕਈਆ ਨਾਇਡੂ ਨੇ ਐਲਾਨ ਕੀਤਾ ਕਿ ਉਪਰਲੇ ਸਦਨ ਵਿਚ ਸੰਸਦ ਦੀ ਕਾਰਵਾਈ ਵਿਚ ਪੰਜ ਹੋਰ ਭਾਸ਼ਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਹੁਣ ਸੰਸਦ ਮੈਂਬਰਾਂ ਨੂੰ 22 ਭਾਰਤੀ ਭਾਸ਼ਾਵਾਂ ਵਿਚ ਆਪਣੀ ਗੱਲ ਕਰਨ ਦਾ ਮੌਕਾ ਮਿਲੇਗਾ। ਮੈਂਬਰ ਹੁਣ ਮਾਨਸੂਨ ਸੈਸ਼ਨ ਦੇ ਪਹਿਲੇ ਦਿਨ ਤੋਂ ਹੀ ਡੋਗਰੀ, ਕਸ਼ਮੀਰੀ, ਕੋਂਕਣੀ, ਸੰਥਾਲੀ ਅਤੇ ਸਿੰਧੀ ਸਮੇਤ 22 ਭਾਸ਼ਾਵਾਂ ਵਿਚ ਆਪਣੀ ਗੱਲ ਕਹਿ ਸਕਣਗੇ।

# ਬਾਦਲਾਂ ਦੇ ਗੰਨਮੈਨਾਂ ਨੇ ਗੁਰਦੁਆਰੇ ਦੀ ਸਰਾਂ 'ਤੇ ਜਮਾਇਆ ਕਬਜ਼ਾ

**ਮੁਹਾਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਗੰਨਮੈਨਾਂ ਨੇ ਸੱਤਾ ਖੁੱਸਣ ਤੋਂ ਬਾਅਦ ਗੁਰਦੁਆਰੇ ਦੀ ਸਰਾਂ ਦੇ ਕਮਰੇ ਮੱਲ ਲਏ ਹਨ। ਇਥੋਂ ਦੇ ਫੇਜ਼-8 ਸਥਿਤ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਦੀ ਸਰਾਂ ਵਿਚ ਬਾਦਲਾਂ ਦੇ 20 ਤੋਂ ਵੱਧ ਗੰਨਮੈਨਾਂ ਵੱਲੋਂ ਪੰਜ ਕਮਰਿਆਂ ਨੂੰ ਆਪਣੇ ਰਹਿਣ-ਸਹਿਣ ਲਈ ਵਰਤਿਆ ਜਾ ਰਿਹਾ ਹੈ।

ਗੁਰਦੁਆਰੇ ਦੀ ਸਰਾਂ ਵਿਚ ਪੰਜ ਕਮਰਿਆਂ ਵਿਚ ਬਾਦਲਾਂ ਦੇ ਗੰਨਮੈਨ ਰਹਿੰਦੇ ਹਨ। ਉਂਜ ਇਨ੍ਹਾਂ ਵਿਚੋਂ ਇਕ ਕਮਰਾ ਛੋਟੇ ਬਾਦਲ ਦੇ ਪੀਏ ਅਤੇ ਇਕ ਸਾਬਕਾ ਅਕਾਲੀ ਮੰਤਰੀ ਦੇ ਨਾਂ ਬੋਲਦਾ ਹੈ। ਸੇਵਾਦਾਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਕਮਰਿਆਂ ਵਿਚ ਇਨ੍ਹਾਂ ਆਗੂਆਂ ਦੇ ਗੰਨਮੈਨ ਰਹਿੰਦੇ ਹਨ ਅਤੇ ਵਾਪਸ ਜਾਣ ਵੇਲੇ ਗੰਨਮੈਨ ਆਪਣੀ ਰਿਹਾਇਸ਼ ਵਾਲੇ ਕਮਰਿਆਂ ਨੂੰ ਜਿੰਦਰਾ ਮਾਰ ਜਾਂਦੇ ਹਨ, ਜਿਸ ਕਾਰਨ ਲੋੜ ਪੈਣ ਉਤੇ ਉਹ ਕਿਸੇ ਹੋਰ ਲੋੜਵੰਦ ਯਾਤਰੀ ਨੂੰ ਕਮਰੇ ਨਹੀਂ ਦੇ ਸਕਦੇ ਹਨ। ਪੁਲਿਸ ਸੂਤਰਾਂ ਅਨੁਸਾਰ ਇਸ ਤੋਂ ਪਹਿਲਾਂ ਅਕਾਲੀ ਸਰਕਾਰ ਵੇਲੇ ਇਹ ਗੰਨਮੈਨ ਕਿਸਾਨ ਭਵਨ ਵਿਚ ਵੱਡੇ ਏਸੀ ਹਾਲ ਕਮਰਿਆਂ ਵਿਚ ਰਹਿੰਦੇ ਰਹੇ ਹਨ। ਇਸ ਤੋਂ ਪਹਿਲਾਂ ਵੀ ਹੋਰ



ਅਕਾਲੀ ਆਗੂਆਂ ਦੇ ਗੰਨਮੈਨ ਗੁਰਦੁਆਰੇ ਦੀ ਸਰਾਂ ਵਿਚ ਠਹਿਰਦੇ ਰਹੇ ਹਨ। ਇਕ ਸੇਵਾਦਾਰ ਨੇ ਦੱਸਿਆ ਕਿ ਗੰਨਮੈਨਾਂ ਨੂੰ ਸਰਾਂ ਵਿਚ ਕਮਰੇ ਦੇਣ ਲਈ ਸੁਖਬੀਰ ਬਾਦਲ ਦੇ ਇਕ ਓ.ਐਸ.ਡੀ. ਵੱਲੋਂ ਫੋਨ ਕੀਤਾ ਜਾਂਦਾ ਹੈ।

ਸ਼੍ਰੋਮਣੀ ਕਮੇਟੀ ਦੇ ਆਜ਼ਾਦ ਮੈਂਬਰ ਭਾਈ ਹਰਦੀਪ ਸਿੰਘ ਦਾ ਕਹਿਣਾ ਹੈ ਕਿ ਗੁਰਦੁਆਰੇ ਦੀਆਂ ਸਰਾਵਾਂ ਦੇ ਕਮਰੇ ਸਾਰੀ ਸੰਗਤ ਲਈ ਹੁੰਦੇ ਹਨ ਤੇ ਅਜਿਹੀਆਂ ਥਾਵਾਂ ਦਾ ਰਾਜਨੀਤਕ ਤੌਰ ਉਤੇ ਲਾਹਾ ਲੈਣਾ ਮਾੜੀ ਗੱਲ ਹੈ। ਸ਼੍ਰੋਮਣੀ ਕਮੇਟੀ ਦੀ ਮੈਂਬਰ ਪਰਮਜੀਤ ਕੌਰ ਲਾਂਡਰਾਂ ਨੇ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਨਹੀਂ ਹੈ, ਪਰ ਜਾਣ ਵੇਲੇ ਕਮਰਿਆਂ ਨੂੰ ਜਿੰਦਰਾ ਮਾਰਨ ਬਾਰੇ ਉਹ ਪ੍ਰਧਾਨ ਨਾਲ ਜ਼ਰੂਰ ਗੱਲ ਕਰਨਗੇ।

ਉਧਰ, 'ਆਪ' ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਦਰਸ਼ਨ ਸਿੰਘ ਧਾਲੀਵਾਲ, ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੇ ਪ੍ਰਧਾਨ ਬਲਵਿੰਦਰ ਸਿੰਘ ਕੁੰਭੜਾ ਤੇ ਪੰਚਾਇਤ ਯੂਨੀਅਨ ਪੰਜਾਬ ਦੇ ਸੂਬਾਈ ਪ੍ਰਧਾਨ ਹਰਵਿੰਦਰ ਸਿੰਘ ਮਾਵੀ ਨੇ ਪੰਜਾਬ ਸਰਕਾਰ, ਡੀ.ਜੀ.ਪੀ. ਤੇ ਗ੍ਰਹਿ ਵਿਭਾਗ ਤੋਂ ਮੰਗ ਕੀਤੀ ਕਿ ਬਾਦਲਾਂ ਸਮੇਤ ਹੋਰ ਸਿਆਸੀ ਆਗੂਆਂ ਤੋਂ ਗੰਨਮੈਨ ਵਾਪਸ ਲਏ ਜਾਣ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਰਾਜਸੀ ਆਗੂਆਂ ਨੇ ਅਧਿਕਾਰੀਆਂ ਅਤੇ ਲੋਕਾਂ ਉਤੇ ਰੋਹਬ ਪਾਉਣ ਲਈ ਗੰਨਮੈਨ ਰੱਖੇ ਹੋਏ ਹਨ, ਜਦੋਂਕਿ ਸੂਬੇ ਦੇ ਕਈ ਥਾਣਿਆਂ ਵਿਚ ਪੁਲਿਸ ਨਫਰੀ ਦੀ ਘਾਟ ਹੈ।

ਗੁਰਦੁਆਰਾ ਅੰਬ ਸਾਹਿਬ ਦੇ ਮੈਨੇਜਰ ਅਮਰਜੀਤ ਸਿੰਘ ਗਿੱਲ ਦਾ ਕਹਿਣਾ ਹੈ ਕਿ ਗੁਰਦੁਆਰੇ ਵਿਚ ਰਹਿਣ ਲਈ ਕਦੇ ਕਦਾਈਂ ਹੀ ਗੰਨਮੈਨ ਆਉਂਦੇ ਹਨ ਤੇ ਉਨ੍ਹਾਂ ਨੂੰ ਕਮਰੇ ਦਿੱਤੇ ਜਾਂਦੇ ਹਨ, ਪਰ ਕਿਸੇ ਗੰਨਮੈਨ ਨੂੰ ਪੱਕੇ ਤੌਰ ਉਤੇ ਕੋਈ ਕਮਰਾ ਨਹੀਂ ਦਿੱਤਾ ਗਿਆ ਹੈ ਅਤੇ ਨਾ ਹੀ ਓ.ਐਸ.ਡੀ. ਨੇ ਫੋਨ ਕਰ ਕੇ ਗੰਨਮੈਨਾਂ ਨੂੰ ਕਮਰਾ ਦੇਣ ਲਈ ਆਖਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਨਹੀਂ ਹੈ, ਇਸ ਸਬੰਧੀ ਪ੍ਰਬੰਧਕਾਂ ਨਾਲ ਗੱਲ ਕਰ ਕੇ ਪਤਾ ਕੀਤਾ ਜਾਵੇਗਾ।

## ਹਵਾਲਾ ਮਾਮਲੇ 'ਚ ਜ਼ਰਦਾਰੀ ਸਣੇ 20 ਭਗੌੜੇ ਕਰਾਰ

**ਇਸਲਾਮਾਬਾਦ:** ਪਾਕਿਸਤਾਨ ਦੀ ਫੈਡਰਲ ਜਾਂਚ ਏਜੰਸੀ (ਐਫ.ਆਈ.ਏ.) ਨੇ 35 ਅਰਬ ਰੁਪਏ ਦੀ ਹਵਾਲਾ ਰਾਸ਼ੀ ਮਾਮਲੇ 'ਚ ਸਾਬਕਾ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਅਤੇ ਉਨ੍ਹਾਂ ਦੀ ਭੈਣ ਸਮੇਤ 20 ਜਣਿਆਂ ਨੂੰ ਭਗੌੜਾ ਕਰਾਰ ਦਿੱਤਾ ਹੈ।

ਐਫ.ਆਈ.ਏ. ਨੇ ਇਕ ਪ੍ਰਸਿੱਧ ਬੈਂਕਰ ਅਤੇ ਜ਼ਰਦਾਰੀ ਦੇ ਨਜ਼ਦੀਕੀ ਹੁਸੈਨ ਲਾਵਾਈ ਅਤੇ ਹੋਰ ਦੋਸ਼ੀਆਂ ਖਿਲਾਫ ਅਦਾਲਤ 'ਚ ਮਾਮਲੇ ਦਾ ਚਲਾਨ ਪੇਸ਼ ਕੀਤਾ।

# ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਤਿੰਨ ਉਘੀਆਂ ਸ਼ਖਸੀਅਤਾਂ ਦਾ ਸਨਮਾਨ

**ਸਿਆਟਲ (ਬਿਊਰੋ):** ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਤਿੰਨ ਉਘੀਆਂ ਸ਼ਖਸੀਅਤਾਂ-ਪੰਜਾਬੀ ਅਕਾਦਮੀ ਦਿੱਲੀ ਦੇ ਸਕੱਤਰ ਡਾ. ਗੁਰਭੇਜ ਸਿੰਘ ਗੁਰਾਇਆ, ਪੰਜਾਬੀ ਯੂਨੀਵਰਸਿਟੀ ਪਟਿਆਲਾ ਹਿਸਟਰੀ ਡਿਪਾਰਮੈਂਟ ਦੇ ਐਸੋਸੀਏਟ ਪ੍ਰੋਫੈਸਰ ਡਾ. ਮੁਹੰਮਦ ਇਦਰੀਸ ਅਤੇ ਸਿੱਖਸ ਇਨ ਅਮੈਰਿਕਾ ਦੇ ਬਾਨੀ ਪ੍ਰਧਾਨ ਤੇ ਆਧੁਨਿਕ ਮਾਰਸ਼ਲ ਆਰਟ ਕਰਾਟੇ ਕੋਚ ਅਤੇ ਚਾਰ ਕਿਤਾਬਾਂ ਦੇ ਰਚੈਤਾ ਸ. ਗੁਰਿੰਦਰਪਾਲ ਸਿੰਘ ਜੋਸਨ ਦਾ ਇੱਥੇ ਪਹੁੰਚਣ 'ਤੇ ਵਿਸ਼ੇਸ਼ ਮਾਣ ਸਨਮਾਨ ਕੀਤਾ ਗਿਆ। ਪਹਿਲਾਂ ਇਹ ਤਿੰਨੇ ਵਿਦਵਾਨ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਨਤਮਸਤਕ ਹੋਏ ਜਿੱਥੇ ਤਿੰਨਾਂ ਨੇ ਬੋਲਦਿਆਂ ਸਿੱਖੀ ਤੇ ਪੰਜਾਬੀ ਮਾਂ ਬੋਲੀ ਪ੍ਰਤੀ ਆਪਣੀ ਜ਼ਿੰਮੇਵਾਰੀ ਅਤੇ ਸੇਵਾਵਾਂ ਦਾ ਜ਼ਿਕਰ ਕਰਦਿਆਂ ਸਿੱਖ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ।

ਇਸੇ ਦੌਰਾਨ ਗੁਰਦੁਆਰਾ ਸਾਹਿਬ ਦੇ ਸੈ਼ਲਟਰ ਵਿਚ ਹੀ ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਮਨਜੀਤ ਕੌਰ ਗਿੱਲ ਦੀ ਪ੍ਰਧਾਨਗੀ ਹੇਠ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ ਜਿਸ ਵਿਚ ਖੁੱਲ੍ਹੀ ਵਿਚਾਰ ਚਰਚਾ ਦੌਰਾਨ ਪੰਜਾਬ ਤੇ ਪੰਜਾਬੀਆਂ ਦੇ ਮਸਲਿਆਂ ਬਾਰੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸਾਡਾ ਕੀ ਯੋਗਦਾਨ ਹੋਵੇ ਅਤੇ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਦੇ ਯਤਨ ਕੀ ਅਤੇ ਕਿਵੇਂ ਹੋਣ ਆਦਿ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਚਰਚਾ ਵਿਚ ਵਾਸਦੇਵ ਸਿੰਘ ਪਰਹਾਰ, ਅਵਤਾਰ ਸਿੰਘ ਆਦਮਪੁਰੀ, ਡਾ. ਜੇ. ਬੀ. ਸਿੰਘ, ਕਰਨੈਲ ਕੈਲ, ਸਾਧੂ ਸਿੰਘ ਝੱਜ, ਸ਼ੰਗਾਰ ਸਿੰਘ ਸਿੱਧੂ, ਹਰਦਿਆਲ ਸਿੰਘ ਚੀਮਾ ਵਹਿਣੀਵਾਲ, ਹਰਨਾਮ ਸਿੰਘ, ਪ੍ਰਿਤਪਾਲ ਸਿੰਘ ਢੀਂਡਸਾ, ਮਨਜੀਤ ਕੌਰ ਗਿੱਲ, ਸੁਰਿੰਦਰ ਕੌਰ ਬ੍ਰਹਮ, ਹਰਿੰਦਰ ਸਿੰਘ ਬੈਂਸ, ਸਨਮੋਹਣ ਸਿੰਘ ਸੋਢੀ, ਮੁਕੰਦ ਸਿੰਘ ਮੱਲ੍ਹੀ, ਸਕੱਤਰ ਸਿੰਘ ਸੰਧੂ, ਰਘਬੀਰ ਸਿੰਘ ਜਖਮੀ, ਦਲਬੀਰ ਸਿੰਘ, ਸੁਖਦੇਵ ਸਿੰਘ ਧਾਲੀਵਾਲ, ਨਿਰਮਲ ਸਿੰਘ ਬਡਾਲਾ ਅਤੇ ਹੋਰ ਬਹੁਤ ਸਾਰੇ ਸਰੋਤਿਆਂ ਨੇ ਹਿੱਸਾ ਲਿਆ।

ਇਸ ਮੌਕੇ ਡਾ. ਗੁਰਭੇਜ ਸਿੰਘ ਗੁਰਾਇਆ ਮੁੱਖ ਸੰਪਾਦਕ ਅਤੇ ਡਾ: ਮੁਹੰਮਦ ਇਦਰੀਸ ਮਹਿਮਾਨ ਸੰਪਾਦਕ ਵਲੋਂ ਛਾਪੀ ਗਈ ਸ਼ਹੀਦ ਊਧਮ ਸਿੰਘ ਵਿਸ਼ੇਸ਼ ਅੰਕ 'ਸਮਦਰਸ਼ੀ' ਅਤੇ ਗੁਰਿੰਦਰਪਾਲ ਸਿੰਘ ਜੋਸਨ ਦੀ ਪੁਸਤਕ 'ਸਾਰਾਗੜ੍ਹੀ ਸਾਕਾ: ਅਦੁੱਤੀ ਜੰਗੀ ਮਿਸਾਲ' ਰਿਲੀਜ਼ ਕੀਤੇ ਗਏ। ਸਭਾ ਵੱਲੋਂ ਤਿੰਨਾਂ ਨੂੰ ਜੀ ਆਇਆਂ ਆਖਦਿਆਂ ਸਨਮਾਨ ਕੀਤਾ ਗਿਆ।



# ਕੈਨੇਡਾ 'ਚ ਪੰਜਾਬੀ ਦੀ ਗੋਲੀਆਂ ਮਾਰ ਕੇ ਹੱਤਿਆ

**ਜਲੰਧਰ:** ਕੈਨੇਡਾ ਦੇ ਬਰੈਂਪਟਨ ਵਿਚ ਚਾਰ ਹਮਲਾਵਰਾਂ ਨੇ ਜਲੰਧਰ ਦੇ ਟਰਾਂਸਪੋਰਟਰ ਪਲਵਿੰਦਰ ਸਿੰਘ ਉਰਫ ਵਿੱਕੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਹਮਲਾਵਰਾਂ ਨੇ ਪਲਵਿੰਦਰ ਉੱਪਰ ਏਅਰਪੋਰਟ ਰੋਡ ਉਤੇ ਹਮਲਾ ਕੀਤਾ ਜਿਥੇ ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ। 28 ਸਾਲਾ ਪਲਵਿੰਦਰ 2009 'ਚ ਕੈਨੇਡਾ ਗਿਆ ਸੀ। ਉਸ ਦਾ ਪਰਿਵਾਰ ਜਲੰਧਰ ਦੀ ਰਾਮਾ ਮੰਡੀ 'ਚ ਰਹਿ ਰਿਹਾ ਹੈ।

ਪਲਵਿੰਦਰ ਦੇ ਪਿਤਾ ਗੁਰਮੇਜ ਸਿੰਘ ਪੰਜਾਬ ਪੁਲਿਸ ਵਿਚ ਏ.ਐਸ.ਆਈ. ਹਨ ਤੇ ਮਾਤਾ ਖੇਤੀਬਾੜੀ ਵਿਭਾਗ ਤੋਂ ਰਿਟਾਇਰ ਹਨ। ਘਟਨਾ ਤੋਂ ਦੋ ਦਿਨ ਪਹਿਲਾਂ ਹੀ ਜਨਮ ਦਿਨ ਮਨਾਉਣ ਵੇਲੇ ਪਲਵਿੰਦਰ ਨੇ ਆਪਣੇ ਘਰਦਿਆਂ ਨਾਲ ਗੱਲ ਕੀਤੀ ਸੀ। ਕੈਨੇਡਾ 'ਚ ਰਹਿ ਰਹੀ ਪਲਵਿੰਦਰ ਦੀ ਭੈਣ ਨੇ ਦੱਸਿਆ ਕਿ 18 ਤੇ 19 ਸਾਲਾ ਦੋ ਹਮਲਾਵਰਾਂ ਨੇ ਪੁਲਿਸ ਕੋਲ ਆਤਮ ਸਮਰਪਣ ਕਰਕੇ ਆਪਣਾ ਜੁਰਮ ਕਬੂਲ ਕਰ ਲਿਆ ਹੈ ਜਦਕਿ ਬਾਕੀ ਦੋ ਫਰਾਰ ਹਨ।

# ਬਾਰ੍ਹਵੀਂ ਦੀ ਇਤਿਹਾਸ ਦੀ ਕਿਤਾਬ ਦੇ ਪਹਿਲੇ ਦੋ ਕਾਂਡ ਤਿਆਰ

**ਮੁਹਾਲੀ:** ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਵਿਚੋਂ ਸਿੱਖ ਗੁਰੂਆਂ ਅਤੇ ਪੰਜਾਬ ਦੇ ਇਤਿਹਾਸ ਨੂੰ ਮਿਟਾਉਣ ਤੋਂ ਬਾਅਦ ਪੈਦਾ ਹੋਏ ਵਿਵਾਦ ਪਿੱਛੋਂ ਸੂਬਾ ਸਰਕਾਰ ਨੇ ਬਾਰ੍ਹਵੀਂ ਸ਼੍ਰੇਣੀ ਲਈ ਕਿਤਾਬ ਦੇ ਪਹਿਲੇ ਦੋ ਅਧਿਆਇ ਤਿਆਰ ਕਰਵਾ ਲਏ ਹਨ, ਜਦੋਂਕਿ ਗਿਆਰ੍ਹਵੀਂ ਜਮਾਤ ਦਾ ਵੀ ਇਕ ਚੈਪਟਰ ਤਿਆਰ ਹੈ।

ਗਿਆਰ੍ਹਵੀਂ ਤੇ ਬਾਰ੍ਹਵੀਂ ਸ਼੍ਰੇਣੀ ਲਈ ਇਤਿਹਾਸ ਦੀਆਂ ਕਿਤਾਬਾਂ ਤਿਆਰ ਕਰਨ ਲਈ ਪ੍ਰੋ. ਕਿਰਪਾਲ ਸਿੰਘ ਦੀ ਅਗਵਾਈ ਹੇਠ ਛੇ ਮੈਂਬਰੀ ਕਮੇਟੀ ਕਾਇਮ ਕੀਤੀ ਗਈ ਸੀ। ਇਸ ਕਮੇਟੀ ਨੇ ਪੁਰਾਣੀ ਕਿਤਾਬ ਅਤੇ ਮੌਜੂਦਾ ਕਿਤਾਬ ਦੇ ਖਰੜੇ ਦੀ ਵੱਖ-ਵੱਖ ਪਹਿਲੂਆਂ ਉਤੇ ਡੂੰਘਾਈ ਨਾਲ ਪੜਚੋਲ ਕਰਨ ਤੋਂ ਬਾਅਦ ਬਾਰ੍ਹਵੀਂ ਸ਼੍ਰੇਣੀ ਦੇ ਇਤਿਹਾਸ ਦੇ ਵਿਦਿਆਰਥੀਆਂ ਲਈ ਦੋ ਅਧਿਆਇ ਅਤੇ ਗਿਆਰ੍ਹਵੀਂ ਜਮਾਤ ਲਈ ਇਕ ਅਧਿਆਇ ਤਿਆਰ ਕਰ ਲਿਆ ਗਿਆ ਹੈ।

ਸਿੱਖਿਆ ਮੰਤਰੀ ਓਮ ਪ੍ਰਕਾਸ਼ ਸੋਨੀ ਨੇ ਇਸ ਸਬੰਧੀ ਛੇ ਮੈਂਬਰੀ ਕਮੇਟੀ ਦੇ ਮੈਂਬਰਾਂ ਅਤੇ ਸਕੂਲ ਬੋਰਡ ਅਤੇ ਸਿੱਖਿਆ ਅਧਿਕਾਰੀਆਂ ਨਾਲ ਨਜ਼ਰਸਾਨੀ ਕਮੇਟੀ ਦੀ ਮੀਟਿੰਗ ਕੀਤੀ। ਇਸ ਦੌਰਾਨ ਕਮੇਟੀ ਨੇ ਗਿਆਰ੍ਹਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦਾ ਪਾਠਕ੍ਰਮ ਅਤੇ ਬਾਰ੍ਹਵੀਂ ਦੇ ਪਹਿਲੇ ਦੋ ਅਧਿਆਇ ਅਤੇ ਗਿਆਰ੍ਹਵੀਂ ਦਾ ਇਕ ਅਧਿਆਇ ਸੌਂਪ ਦਿੱਤਾ ਹੈ।

ਇਹ ਅਧਿਆਇ ਅੰਗਰੇਜ਼ੀ ਭਾਸ਼ਾ ਵਿਚ ਤਿਆਰ ਕੀਤੇ ਗਏ ਹਨ ਅਤੇ ਅਗਲੇ ਕੁਝ ਦਿਨਾਂ ਵਿਚ ਇਨ੍ਹਾਂ ਦਾ ਪੰਜਾਬੀ ਅਤੇ ਹਿੰਦੀ ਵਿਚ ਵੀ ਅਨੁਵਾਦ ਕਰ ਕੇ ਪਹਿਲੀ ਅਗਸਤ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈੱਬਸਾਈਟ ਉਤੇ ਅਪਲੋਡ ਕਰ ਦਿੱਤਾ ਜਾਵੇਗਾ।

# ਅਮਰੀਕਾ 'ਚ 54,000 ਗੈਰਕਾਨੂੰਨੀ ਪੰਜਾਬੀ ਜੇਲ੍ਹਾਂ ਵਿਚ ਡੱਕੇ

**ਚੰਡੀਗੜ੍ਹ:** ਅਮਰੀਕਾ ਵਿਚ 54,000 ਗੈਰਕਾਨੂੰਨੀ ਪੰਜਾਬੀ ਜੇਲ੍ਹਾਂ ਵਿਚ ਨਜ਼ਰਬੰਦ ਹਨ। ਇਥੇ 60,000 ਗੈਰਕਾਨੂੰਨੀ ਭਾਰਤੀ ਨਜ਼ਰਬੰਦ ਹਨ ਜਿਨ੍ਹਾਂ ਵਿਚੋਂ 90 ਫੀਸਦੀ ਪੰਜਾਬੀ ਨੌਜਵਾਨ ਹਨ। ਇਨ੍ਹਾਂ ਨਾਲ ਇਥੇ ਅਤਿ ਦਰਜੇ ਦਾ ਘਟੀਆ ਰਵੱਈਆ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਘਟੀਆ ਖਾਣਾ ਦਿੱਤਾ ਜਾ ਰਿਹਾ ਤੇ ਉਹ ਮਾਨਸਿਕ ਤਸ਼ੱਦਦ ਦਾ ਵੀ ਸ਼ਿਕਾਰ ਹੋ ਰਹੇ ਹਨ। ਇਹ ਖੁਲਾਸਾ ਕਾਂਗਰਸ ਦੇ ਸੀਨੀਅਰ ਲੀਡਰ ਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਕੀਤਾ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਹਜ਼ਾਰਾਂ ਭਾਰਤੀ ਨੌਜਵਾਨ ਮੈਕਸੀਕੋ-ਅਮਰੀਕਾ ਸਰਹੱਦ 'ਤੇ ਨਜ਼ਰਬੰਦ ਹਨ। ਉਨ੍ਹਾਂ ਕਿਹਾ ਕਿ ਆਪਣੇ ਅਮਰੀਕਾ ਦੌਰੇ ਦੌਰਾਨ ਉਨ੍ਹਾਂ ਇਸ ਸਰਹੱਦੀ ਦੌਰੇ ਦੀ ਸਥਿਤੀ ਖੁਦ ਦੇਖੀ ਸੀ।

ਤਿਵਾੜੀ ਨੇ ਦੱਸਿਆ ਹੈ ਕਿ ਉਨ੍ਹਾਂ ਨੂੰ ਅਮਰੀਕਾ ਦੌਰੇ ਦੌਰਾਨ ਇਹ ਜਾਣਕਾਰੀ ਮਿਲੀ ਸੀ ਕਿ 60,000 ਭਾਰਤੀਆਂ ਨੂੰ ਗੈਰਕਾਨੂੰਨੀ ਤਰੀਕੇ ਨਾਲ ਮੈਕਸੀਕੋ ਰਾਹੀਂ ਅਮਰੀਕਾ 'ਚ ਦਾਖਲ ਹੋਣ ਦੀ ਕੋਸ਼ਿਸ਼ ਦੌਰਾਨ ਅਮਰੀਕੀ ਅਧਿਕਾਰੀਆਂ ਵੱਲੋਂ ਹਿਰਾਸਤ 'ਚ ਲੈ ਲਿਆ ਗਿਆ। ਇਨ੍ਹਾਂ ਵਿਚੋਂ 90 ਫੀਸਦੀ ਪੰਜਾਬੀ ਸਨ। ਅਮਰੀਕਾ 'ਚ ਫਸੇ ਇਨ੍ਹਾਂ ਨੌਜਵਾਨਾਂ ਦੀ ਦੁਰਦਸ਼ਾ ਉਤੇ ਚਿੰਤਾ ਜ਼ਾਹਰ ਕਰਦਿਆਂ ਤਿਵਾੜੀ ਨੇ ਕਿਹਾ ਕਿ ਭਾਰਤੀ ਵਿਦੇਸ਼ ਮੰਤਰਾਲੇ ਨੂੰ ਇਨ੍ਹਾਂ ਦੀ ਰਿਹਾਈ ਲਈ ਉਪਰਾਲੇ ਕਰਨੇ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਉਹ ਪਹਿਲਾਂ ਦੀ ਇਹ ਮੁੱਦਾ ਉਠਾ ਚੁੱਕੇ ਹਨ।




Downsizing my Business
Gas Stations
Convenience Stores
For Sale/Lease
Indianapolis, Indiana
*Gurinder Singh Khalsa*
(317) 308-1050
adhoyee@gmail.com
28-31

ਖੇਡ ਜਗਤ

# ਫਰਾਂਸ ਨੇ ਚੁੰਮ ਲਿਆ ਫੀਫਾ ਵਰਲਡ ਕੱਪ

15 ਜੁਲਾਈ ਨੂੰ ਮਾਸਕੋ ਦੇ ਲੂਜ਼ਨੀਕੀ ਸਟੇਡੀਅਮ ਵਿਚ 21ਵੇਂ ਫੀਫਾ ਵਰਲਡ ਕੱਪ ਦਾ ਫਾਈਨਲ ਮੈਚ ਹੋਇਆ, ਜਿਸ ਵਿਚ ਫਰਾਂਸ ਅਤੇ ਕਰੋਸ਼ੀਆ ਦੀਆਂ ਟੀਮਾਂ ਭਿੜੀਆਂ। ਫਰਾਂਸ ਪਹਿਲਾਂ 1998 ਵਿਚ ਆਪਣੇ ਘਰ ਇਹ ਕੱਪ ਜਿੱਤ ਚੁਕਾ ਹੈ ਅਤੇ 2006 ਵਿਚ ਦੂਜੀ ਥਾਂ ਰਿਹਾ ਸੀ। ਕਰੋਸ਼ੀਆ 1991 ਵਿਚ ਯੂਗੋਸਲਾਵੀਆ ਤੋਂ ਵੱਖ ਹੋ ਕੇ ਕਰੋਸ਼ ਨਸਲ ਦੇ ਲੋਕਾਂ ਦਾ ਅਲੱਗ ਦੇਸ਼ ਬਣ ਗਿਆ। ਕਰੋਸ਼ੀਆ ਦੀ ਆਬਾਦੀ ਚਾਰ ਮਿਲੀਅਨ ਦੇ ਕਰੀਬ ਹੈ ਜੋ ਲਾਸ ਏਂਜਲਸ ਸ਼ਹਿਰ ਦੇ ਬਰਾਬਰ ਹੈ।

ਪਰਦੀਪ, ਸੈਨ ਹੋਜ਼ੇ
ਫੋਨ: 408-540-4547

ਕਰੋਸ਼ੀਆ 1998 ਦੇ ਵਰਲਡ ਕੱਪ ਵਿਚ ਤੀਜੇ ਥਾਂ ਰਿਹਾ ਸੀ। ਇਸ ਮੈਚ ਬਾਰੇ ਅੰਦਾਜ਼ੇ ਫਰਾਂਸ ਦੇ ਪੱਖ ਵਿਚ ਸਨ ਪਰ ਜਦੋਂ ਮੈਚ ਸ਼ੁਰੂ ਹੋਇਆ ਤਾਂ ਪੰਦਰਾਂ ਮਿੰਟ ਤਕ ਕਰੋਸ਼ੀਆ ਦਾ ਖੇਡ 'ਤੇ ਪੂਰਾ ਕੰਟਰੋਲ ਸੀ ਅਤੇ ਉਹ ਫਰਾਂਸ ਉਤੇ ਭਾਰੀ ਸੀ। ਪਰ ਮੈਚ ਦੇ 18ਵੇਂ ਮਿੰਟ ਵਿਚ ਫਰਾਂਸ ਨੂੰ ਇੱਕ ਫਰੀ ਕਿੱਕ ਮਿਲ ਗਈ, ਜੋ ਅੰਟੋਨੀਓ ਗਰੀਜ਼ਮੈਨ ਨੇ ਲਾਈ। ਇਸ ਸਪਿੰਨ ਨਾਲ ਮਾਰੀ ਕਿੱਕ ਨੂੰ ਕਰੋਸ਼ੀਆ ਦੇ ਮਾਰੀਓ ਮੰਡਜ਼ੁਕਿਕ ਨੇ ਸਿਰ ਮਾਰ ਕੇ ਆਪਣੇ ਹੀ ਗੋਲਾਂ ਵਿਚ ਗੋਲ ਕਰ ਲਿਆ। ਪਰ ਕਰੋਸ਼ੀਆ ਦੇ ਇਵਾਨ ਪ੍ਰੀਸਿਕ ਨੇ 28ਵੇਂ ਮਿੰਟ ਵਿਚ ਖੂਬਸੂਰਤ ਗੋਲ ਕਰਕੇ ਮੈਚ ਨੂੰ ਬਰਾਬਰ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਕਰੋਸ਼ੀਆ ਆਪਣਾ ਵਿਸ਼ਵਾਸ ਮਜ਼ਬੂਤ ਕਰਦਾ, ਫਰਾਂਸ ਦੇ ਗਰੀਜ਼ਮੈਨ ਨੇ ਪੈਨਲਟੀ ਕਿੱਕ ਲਾ ਕੇ ਦੂਜਾ ਗੋਲ ਕਰ ਦਿੱਤਾ। ਅੱਧੇ ਸਮੇਂ ਤਕ ਫਰਾਂਸ 2-1 ਨਾਲ ਅੱਗੇ ਸੀ।

ਜਦ ਮੈਚ ਦਾ ਦੂਜਾ ਅੱਧ ਸ਼ੁਰੂ ਹੋਇਆ ਤਾਂ ਫਰਾਂਸ ਦੀ ਟੀਮ ਤੇਜ਼ ਤਰਾਰ ਹੋ ਕੇ ਖੇਡਣ ਲੱਗੀ। ਉਸ ਦੇ ਖਿਡਾਰੀ ਪੌਲ ਪੋਗਬਾ ਨੇ 59ਵੇਂ ਅਤੇ ਕੇਲੀਅਨ ਮਬਾਪੇ ਨੇ 65ਵੇਂ ਮਿੰਟ ਵਿਚ ਗੋਲ ਕਰਕੇ ਕਰੋਸ਼ੀਆ ਦਾ ਹੌਂਸਲਾ ਤੋੜ ਦਿੱਤਾ। ਬਾਅਦ ਵਿਚ ਭਾਵੇਂ ਕਰੋਸ਼ੀਆ ਦੇ ਮਾਰੀਓ ਮੰਡਜ਼ੁਕਿਕ ਨੇ 69ਵੇਂ ਮਿੰਟ ਵਿਚ ਗੋਲ ਕਰਕੇ ਫਰਕ ਘਟਾ ਕੇ 4-2 ਕਰ ਦਿੱਤਾ ਪਰ ਉਹ ਫਰਾਂਸ ਅੱਗੇ ਟਿਕ ਨਾ ਸਕੇ। ਇਸ ਦੀ ਇਕ ਵਜ੍ਹਾ ਤਾਂ ਫਰਾਂਸ ਦੀ ਟੀਮ ਦਾ ਯੰਗ ਹੋਣਾ ਵੀ ਹੋਵੇਗਾ। ਕਰੋਸ਼ੀਆ ਦੀ ਟੀਮ ਨੇ ਫਾਈਨਲ ਤੋਂ ਪਹਿਲਾਂ ਤਿੰਨ ਮੈਚ ਵਾਧੂ ਸਮੇਂ ਵਿਚ ਜਿੱਤੇ ਸਨ, ਉਨ੍ਹਾਂ 'ਤੇ ਵਾਧੂ ਖੇਡੇ 90 ਮਿੰਟ ਦੀ ਥਕਾਵਟ ਦਾ ਅਸਰ ਵੀ ਹੋਇਆ ਹੋਵੇਗਾ। ਪਰ ਖੇਡ ਵਿਚ ਕੋਈ ਬਹਾਨਾ ਨਹੀਂ, ਜਿੱਤ ਤਾਂ ਜਿੱਤ ਹੈ।

FIFA WORLD CUP
RUSSIA 2018

ਫਰਾਂਸ ਦਾ ਕੋਚ ਡੀਡੇਅਰ ਡਿਸਚੈਂਪ ਤੀਜਾ ਐਸਾ ਇਨਸਾਨ ਬਣ ਗਿਆ ਜੋ ਖਿਡਾਰੀ ਅਤੇ ਕੋਚ ਦੇ ਤੌਰ 'ਤੇ ਵਰਲਡ ਕੱਪ ਜਿਤਿਆ ਹੋਵੇ। ਇਸ ਤੋਂ ਪਹਿਲਾਂ ਬ੍ਰਾਜ਼ੀਲ ਦਾ ਮਾਰੀਓ ਜ਼ਗਾਲੋ ਅਤੇ ਜਰਮਨੀ ਦਾ ਫ੍ਰੈਂਜ਼ ਬੇਕੇਨਬੋਅਰ ਹਨ।

ਇਹ ਵਰਲਡ ਕੱਪ 14 ਜੂਨ ਨੂੰ ਸ਼ੁਰੂ ਹੋਇਆ ਸੀ। ਇਸ ਦਾ ਉਦਘਾਟਨੀ ਮੈਚ ਮੇਜ਼ਬਾਨ ਰੂਸ ਅਤੇ ਸਾਊਦੀ ਅਰਬ ਵਿਚਕਾਰ ਹੋਇਆ ਸੀ। ਇਹ ਮੈਚ ਕੋਈ ਰੌਚਕਤਾ ਨਹੀਂ ਵਿਖਾ ਸਕਿਆ ਕਿਉਂਕਿ ਰੂਸ ਨੇ ਅਸਾਨੀ ਨਾਲ (5-0) ਇਹ ਮੈਚ ਜਿੱਤ ਲਿਆ ਸੀ। ਗਰੁਪ ਸਟੇਜ ਦੇ ਕੁਝ ਮੈਚਾਂ ਨੂੰ ਛੱਡ ਕੇ ਬਾਕੀ ਟੂਰਨਾਮੈਂਟ ਵਧੀਆ ਰਿਹਾ। ਸਪੇਨ ਅਤੇ ਪੁਰਤਗਾਲ ਦਾ ਮੈਚ ਰੌਚਕ ਸੀ, ਇਸ ਵਿਚ ਰੋਨਾਲਡੋ ਨੇ ਤਿੰਨ ਗੋਲ ਕੀਤੇ ਅਤੇ ਮੈਚ 3-3 ਦੇ ਸਕੋਰ ਨਾਲ ਖਤਮ ਹੋਇਆ।

ਸਭ ਨੂੰ ਹੈਰਾਨੀ ਉਦੋਂ ਹੋਈ ਜਦ ਪਿਛਲੇ ਵਰਲਡ ਕੱਪ ਦਾ ਜੇਤੂ ਜਰਮਨੀ ਮੈਕਸੀਕੋ ਨੂੰ ਹਰਾਉਣ ਪਿਛੋਂ ਸਵੀਡਨ ਨੂੰ ਮਸਾਂ ਜਿੱਤ ਸਕਿਆ ਅਤੇ ਦੱਖਣੀ ਕੋਰੀਆ ਤੋਂ ਹਾਰ ਕੇ ਟੂਰਨਾਮੈਂਟ 'ਚੋਂ ਬਾਹਰ ਹੋ ਗਿਆ। ਇਸ ਤੋਂ ਪਹਿਲਾਂ 1998 ਦੇ ਚੈਂਪੀਅਨ ਫਰਾਂਸ, 2006 ਦੇ ਇਟਲੀ ਅਤੇ 2010 ਦੇ ਸਪੇਨ ਨਾਲ ਵੀ ਇਸ ਤਰ੍ਹਾਂ ਹੋ ਚੁਕਾ ਹੈ। ਅਫਰੀਕਾ ਤੇ ਏਸ਼ੀਆ ਦੀਆਂ 10 ਟੀਮਾਂ ਵਿਚੋਂ ਸਿਰਫ ਜਪਾਨ ਹੀ ਗਰੁਪ ਸਟੇਜ ਪਾਰ ਕਰ ਸਕਿਆ।

ਪ੍ਰੀ-ਕੁਆਟਰ ਫਾਈਨਲ ਵਿਚ ਮੈਸੀ ਦੀ ਅਰਜਨਟਾਈਨਾ, ਰੋਨਾਲਡੋ ਦੀ ਪੁਰਤਗਾਲ ਅਤੇ ਕੱਪ ਦੀ ਦਾਅਵੇਦਾਰ ਸਪੇਨ ਹਾਰ ਕੇ ਇਸ ਟੂਰਨਾਮੈਂਟ ਨੂੰ ਅਲਵਿਦਾ ਆਖ ਗਏ। ਕੁਆਟਰ ਫਾਈਨਲ ਵਿਚ ਬ੍ਰਾਜ਼ੀਲ ਦਾ ਬੈਲਜੀਅਮ ਤੋਂ ਹਾਰਨਾ ਵੀ ਹੈਰਾਨੀ ਵਾਲਾ ਸੀ। ਇਸ ਵਾਰ ਸੈਮੀ ਫਾਈਨਲ ਵਿਚ ਪਹੁੰਚੀਆਂ ਚਾਰੇ ਟੀਮਾਂ ਯੂਰਪ ਦੀਆਂ ਸਨ। ਫਰਾਂਸ ਅਤੇ ਇੰਗਲੈਂਡ ਇਹ ਕੱਪ ਪਹਿਲਾਂ ਵੀ ਇੱਕ-ਇੱਕ ਵਾਰ ਜਿੱਤ ਚੁਕੇ ਸਨ। ਫਰਾਂਸ ਅਤੇ ਬੈਲਜੀਅਮ ਦਾ ਸੈਮੀ ਫਾਈਨਲ ਮੈਚ ਬੜਾ ਰੌਚਕ ਸੀ। ਇਸ ਨੂੰ ਅਫਰੀਕਨ ਸੈਮੀ ਫਾਈਨਲ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਦੋਹਾਂ ਟੀਮਾਂ ਵਿਚ ਅਫਰੀਕਨ ਪਿਛੋਕੜ ਦੇ ਬਹੁਤ ਸਾਰੇ ਖਿਡਾਰੀ ਸਨ। ਫਰਾਂਸ ਦੀ ਟੀਮ ਦੇ 23 ਖਿਡਾਰੀਆਂ ਵਿਚੋਂ 14 ਦੇ ਪਿਉ (ਜਾਂ ਮਾਂ-ਪਿਉ ਦੋਵੇਂ) ਅਫਰੀਕਾ ਦੇ ਜੰਮਪਲ ਸਨ। ਇਸੇ ਤਰ੍ਹਾਂ ਬੈਲਜੀਅਮ ਦੇ 9 ਖਿਡਾਰੀ ਸਨ। ਬੈਲਜੀਅਮ ਦੀ ਆਪਣੀ ਕੋਈ ਇੱਕ ਭਾਸ਼ਾ ਨਹੀਂ ਹੈ, ਉਥੋਂ ਦੇ ਲੋਕ ਆਪਣੇ ਗੁਆਂਢੀ ਦੇਸ਼ਾਂ ਦੀ ਭਾਸ਼ਾ ਬੋਲਦੇ ਹਨ, ਜਿਵੇਂ ਫਰੈਂਚ, ਡੱਚ ਅਤੇ ਜਰਮਨ। ਫਰਾਂਸ ਨੇ ਇਹ ਮੈਚ 1-0 ਨਾਲ ਜਿੱਤ ਕੇ ਫਾਈਨਲ ਵਿਚ ਪਰਵੇਸ਼ ਕੀਤਾ। ਇਸੇ ਤਰ੍ਹਾਂ ਦੂਜੇ ਸੈਮੀ ਫਾਈਨਲ ਵਿਚ ਕਰੋਸ਼ੀਆ ਵਾਧੂ ਸਮੇਂ ਵਿਚ ਇੰਗਲੈਂਡ ਨੂੰ 2-1 ਨਾਲ ਹਰਾ ਕੇ ਫਾਈਨਲ ਵਿਚ ਪਹੁੰਚਿਆ।

ਤੀਜੇ ਸਥਾਨ ਲਈ ਹੋਏ ਮੈਚ ਵਿਚ ਬੈਲਜੀਅਮ ਨੇ 2-0 ਨਾਲ ਇੰਗਲੈਂਡ 'ਤੇ ਜਿੱਤ ਪ੍ਰਾਪਤ ਕੀਤੀ। ਇਸ ਵਰਲਡ ਕੱਪ ਦੇ ਬੈਸਟ ਪਲੇਅਰ ਦਾ ਗੋਲਡਨ ਬਾਲ ਦਾ ਇਨਾਮ ਕਰੋਸ਼ੀਆ ਦੇ ਲੁਕਾ ਮੌਡਰਿਕ ਨੂੰ ਮਿਲਿਆ ਅਤੇ ਸਭ ਤੋਂ ਵੱਧ (6) ਗੋਲ ਕਰਨ ਵਾਲੇ ਇੰਗਲੈਂਡ ਦੇ ਹੈਰੀ ਕੇਨ ਨੂੰ ਗੋਲਡਨ ਬੂਟ ਦੀ ਟਰਾਫੀ ਮਿਲੀ। ਫਰਾਂਸ ਦੇ ਕੇਲੀਅਨ ਮਬਾਪੇ ਨੂੰ ਯੰਗ ਪਲੇਅਰ ਅਤੇ ਬੈਲਜੀਅਮ ਦੇ ਥੀਬੋਟ ਕੋਰਟਿਸ ਨੂੰ ਬੈਸਟ ਗੋਲਕੀਪਰ ਚੁਣਿਆ ਗਿਆ। ਸਪੇਨ ਦੀ ਟੀਮ ਨੂੰ ਸਾਫ ਸੁਥਰੀ ਖੇਡ ਲਈ ਫੇਅਰ ਪਲੇਅ ਸਨਮਾਨ ਦਿੱਤਾ ਗਿਆ।

ਇਸ ਟੂਰਨਾਮੈਂਟ ਵਿਚ ਕੁੱਲ 169 ਗੋਲ ਕੀਤੇ ਗਏ, ਜਿਨ੍ਹਾਂ ਵਿਚੋਂ 70 ਗੋਲ ਸੈਟ ਪਲੇਅ ਨਾਲ ਹੋਏ ਅਤੇ 12 ਗੋਲ ਆਪਣੀ ਹੀ ਟੀਮ ਸਿਰ (ਓਨ ਘੋਅਲ) ਕੀਤੇ। ਇਸ ਵਾਰ ਖੇਡ ਸਾਫ ਸੁਥਰੀ ਰਹੀ, ਸਿਰਫ ਚਾਰ ਖਿਡਾਰੀਆਂ ਨੂੰ ਰੈਡ ਕਾਰਡ ਮਿਲਣ ਤੇ ਮੈਦਾਨ 'ਚੋਂ ਬਾਹਰ ਜਾਣਾ ਪਿਆ। ਵੀਡੀਓ ਅਸਿਸਟੈਂਟ ਰੈਫਰੀ (ਡਓਰ) ਦਾ ਵਿਰੋਧ ਵੀ ਹੋਇਆ ਪਰ ਇਹ ਸਿਸਟਮ ਕਾਮਯਾਬ ਰਿਹਾ ਅਤੇ ਭਵਿੱਖ ਵਿਚ ਵੀ ਇਸਤੇਮਾਲ ਹੋਵੇਗਾ।




ਫਰਾਂਸ ਦੀ ਜੇਤੂ ਟੀਮ

21ਵੇਂ ਵਰਲਡ ਕੱਪ ਵਿਚ ਸਭ ਤੋਂ ਵੱਧ ਦੌੜਨ ਵਾਲਾ ਖਿਡਾਰੀ ਕਰੋਸ਼ੀਆ ਦਾ ਇਵਾਨ ਪ੍ਰੀਸਿਕ ਸੀ ਜੋ ਸੱਤ ਮੈਚਾਂ ਵਿਚ 72.5 ਕਿਲੋਮੀਟਰ ਦੌੜਿਆ। ਕਰੋਸ਼ੀਆ ਦੇ ਹੀ ਲੂਕਾ ਮੌਡਰਿਕ ਅਤੇ ਰੈਕਟਿਕ ਦੂਜੇ ਤੇ ਤੀਜੇ ਸਥਾਨ 'ਤੇ ਰਹੇ। ਇਹ ਵਰਲਡ ਕੱਪ ਸਫਲ ਰਿਹਾ, ਰੂਸ ਤਾਰੀਫ ਦਾ ਹੱਕਦਾਰ ਹੈ। ਇੱਕੋ ਗਿਲਾ ਹੈ, ਛੇਤੀ ਮੁੱਕ ਗਿਆ।

# ਪੰਜਾਬੀ ਸੱਭਿਆਚਾਰ ਦੀ ਵਿਲੱਖਣ ਪੇਸ਼ਕਾਰੀ ਹੈ-'ਢੋਲ ਰੱਤੀ'

ਪੰਜਾਬੀ ਵਿਰਸੇ ਦੀ ਪੇਸ਼ਕਾਰੀ ਕਰਦੀ ਇੱਕ ਪਰਿਵਾਰਕ ਵਿਸ਼ੇ ਦੀ ਫਿਲਮ 'ਢੋਲ ਰੱਤੀ' ਮੌਜੂਦਾ ਦੌਰ ਵਿਚ ਰਿਲੀਜ਼ ਹੋ ਰਹੀਆਂ ਆਮ ਫਿਲਮ ਤੋਂ ਹਟ ਕੇ ਹੈ। ਫਿਲਮ 1970-72 ਦੇ ਸਮਿਆਂ ਦੀ ਇੱਕ ਪਰਿਵਾਰਕ ਤੇ ਸੱਭਿਆਚਾਰਕ ਫਿਲਮ ਹੈ ਜੋ ਪਤੀ-ਪਤਨੀ ਦੇ ਪਿਆਰ ਭਰੇ ਰਿਸ਼ਤੇ 'ਤੇ ਆਧਾਰਤ ਹੈ, ਜੋ ਪੰਜਾਬੀ ਸਿਨਮੇ ਨੂੰ ਤਾਜ਼ਗੀ ਦੇਵੇਗੀ। ਫਿਲਮ ਦੀ ਕਹਾਣੀ ਉਸ ਇੱਕ ਛੈਲ ਛਬੀਲੇ ਗੱਭਰੂ ਦੁਆਲੇ ਘੁੰਮਦੀ ਹੈ ਜੋ ਆਪਣੀ ਪਤਨੀ ਅਤੇ ਵੱਡੇ ਭਰਾ ਨੂੰ ਬਹੁਤ ਪਿਆਰ ਕਰਦਾ ਹੈ। ਮਨੋਰੰਜਨ ਦੇ ਨਾਲ ਨਾਲ ਇਹ ਫਿਲਮ ਕਾਮੇਡੀ ਤੇ ਸਾਫ-ਸੁਥਰੇ ਗੀਤ-ਸੰਗੀਤ ਦਾ ਭੰਡਾਰ ਹੈ ਤੇ ਦਰਸ਼ਕਾਂ ਦੀ ਪਸੰਦ 'ਤੇ ਖਰੀ ਉਤਰੇਗੀ।




ਫਿਲਮ ਵਿਚ ਮਲਕੀਤ ਰੌਣੀ, ਰੁਪਿੰਦਰ ਰੂਪੀ, ਅਨੀਤਾ ਮੀਤ, ਹਰਬੀ ਸੰਘਾ, ਹਰਿੰਦਰ ਭੁੱਲਰ, ਖੁਸ਼ੀ ਵਰਮਾ, ਜਸਦੇਵ ਮਾਨ, ਬੱਬਰ ਗਿੱਲ, ਅੰਮ੍ਰਿਤਪਾਲ ਛੋਟੂ ਅਤੇ ਅਰਸ਼ ਚਾਵਲਾ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦੇ ਨਿਰਦੇਸ਼ਕ ਸ਼ਿਵਮ ਸ਼ਰਮਾ ਹਨ। ਫਿਲਮ ਦਾ ਨਿਰਮਾਣ ਕੈਨਮ ਮੂਵੀ ਪ੍ਰੋਡਕਸ਼ਨ ਪ੍ਰਾਈਵੇਟ ਲਿਮਿਟਿਡ ਬੈਨਰ ਹੇਠ ਨਿਰਮਾਤਾ ਮਾਈਕ ਵਰਮਾ ਨੇ ਕੀਤਾ ਹੈ।

ਫਿਲਮ ਦਾ ਮੁੱਖ ਕਿਰਦਾਰ ਨਿਭਾ ਰਿਹਾ ਲੱਖਾ ਲਖਵਿੰਦਰ ਪੰਜਾਬੀ ਰੰਗ ਮੰਚ ਤੋਂ ਫਿਲਮਾਂ ਵੱਲ ਆਇਆ ਹੈ ਅਤੇ ਆਪਣੀਆਂ ਗੂੜ੍ਹੀਆਂ ਪੈੜਾਂ ਪਾਉਂਦਾ ਅੱਗੇ ਵੱਧ ਰਿਹਾ ਹੈ। ਪੰਜਾਬੀ ਫਿਲਮ 'ਬਾਬੁਲ ਦਾ ਵਿਹੜਾ' ਤੋਂ ਆਪਣਾ ਫਿਲਮੀ ਸਫਰ ਅਰੰਭ ਕਰਨ ਵਾਲੇ ਇਸ ਅਦਾਕਾਰ ਨੇ 'ਮਿੱਟੀ ਨਾ ਫਰੋਲ ਜੋਗੀਆ' ਤੇ '25 ਕਿੱਲੇ' ਫਿਲਮਾਂ ਕਰ ਕੇ ਪੰਜਾਬੀ ਦਰਸ਼ਕਾਂ ਦੇ ਦਿਲਾਂ 'ਤੇ ਵੱਖਰੀ ਛਾਪ ਛੱਡੀ ਹੈ। ਹੁਣ ਲੱਖਾ ਬਤੌਰ ਨਾਇਕ ਫਿਲਮ 'ਢੋਲ ਰੱਤੀ' ਵਿਚ ਅਦਾਕਾਰਾ ਪੂਜਾ ਵਰਮਾ ਨਾਲ ਨਜ਼ਰ ਆਵੇਗਾ।


ਲੱਖਾ ਲਖਵਿੰਦਰ

ਅਦਾਕਾਰਾ ਪੂਜਾ ਵਰਮਾ ਨੇ ਕਿਹਾ ਕਿ ਫਿਲਮ ਵਿਚ ਉਸ ਦਾ ਕਿਰਦਾਰ ਇੱਕ ਬਹੁਤ ਹੀ ਚੁਲਬੁਲੀ ਪੰਜਾਬਣ ਕੁੜੀ ਦਾ ਹੈ। ਇਸ ਫਿਲਮ ਨਾਲ ਉਸ ਦੀ ਕਲਾ ਵਿਚ ਬਹੁਤ ਕੁਝ ਨਵਾਂ ਸ਼ਾਮਿਲ ਹੋਇਆ ਹੈ। ਫਿਲਮ ਦੇ ਗੀਤ ਵੀ ਬਹੁਤ ਵਧੀਆ ਹਨ।

ਜ਼ਿਕਰਯੋਗ ਹੈ ਕਿ ਜਿਲਾ ਪਟਿਆਲਾ ਦੇ ਪਿੰਡ ਉਚਾ ਪਿੰਡ ਦਾ ਜੰਮਪਲ ਲੱਖਾ ਲਖਵਿੰਦਰ ਪਿਛਲੇ ਕਈ ਸਾਲਾਂ ਤੋਂ ਫਿਲਮ ਖੇਤਰ ਵਿਚ ਸੰਘਰਸ਼ ਕਰ ਰਿਹਾ ਹੈ। ਉਸ ਨੇ ਅਨੇਕਾਂ ਬਾਲੀਵੁੱਡ ਫਿਲਮਾਂ, ਹਿੰਦੀ ਸੀਰੀਅਲਾਂ, ਐਡ ਫਿਲਮਾਂ ਅਤੇ ਪੰਜਾਬੀ ਗੀਤਾਂ ਵਿਚ ਕੰਮ ਕੀਤਾ। ਉਹ ਪੰਜਾਬੀ ਫਿਲਮਾਂ ਵੱਲ 'ਬਾਬੁਲ ਦਾ ਵਿਹੜਾ' ਨਾਲ ਆਇਆ। ਸਕੂਲ-ਕਾਲਜ ਪੜ੍ਹਦਿਆਂ ਹੀ ਉਸ ਨੇ ਥੀਏਟਰ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਥੀਏਟਰ ਵਿਭਾਗ ਵਿਚ ਪ੍ਰੋ. ਲੱਖਾ ਲਹਿਰੀ ਨੂੰ ਗੁਰੂ ਧਾਰ ਕੇ ਬਹੁਤ ਕੁਝ ਸਿੱਖਿਆ। ਰੰਗ ਮੰਚ ਸਰਗਰਮੀਆਂ ਦੌਰਾਨ ਲੱਖਾ ਨੇ ਸੈਮੂਅਲ ਜੌਨ, ਕੇਵਲ ਧਾਲੀਵਾਲ, ਰਾਜਵਿੰਦਰ ਸਮਰਾਲਾ ਵਰਗੇ ਨਾਮੀ ਰੰਗਕਰਮੀਆਂ ਨਾਲ ਵੀ ਕੰਮ ਕੀਤਾ। ਅਦਾਕਾਰੀ ਦੇ ਖੇਤਰ ਵਿਚ ਅੱਗੇ ਵਧਦਿਆਂ 2005 ਵਿਚ ਫਿਲਮਾਂ ਵੱਲ ਆ ਗਿਆ ਤੇ 2007 ਵਿਚ ਮੁੰਬਈ ਚਲਾ ਗਿਆ ਤੇ 'ਕਿਸਮਤ ਲਵ ਪੈਸਾ ਦਿੱਲੀ' ਅਤੇ '31 ਅਕਤੂਬਰ' ਫਿਲਮਾਂ ਵਿਚ ਯਾਦਗਾਰੀ ਕਿਰਦਾਰ ਨਿਭਾਏ। ਲੱਖਾ ਹਰ ਕਿਰਦਾਰ ਵਿਚ ਫਿੱਟ ਆਉਣ ਵਾਲਾ ਕਲਾਕਾਰ ਹੈ।

-ਸੁਰਜੀਤ ਜੱਸਲ
ਫੋਨ: 91-98146-07737

## ਮਿੰਨੀ ਕਹਾਣੀ

### ਜੜ੍ਹਾਂ

"ਤੂੰ ਮੇਰਾ ਘਰ ਵੇਖਣ ਨਹੀਂ ਆਇਆ।" ਉਹ ਜਦੋਂ ਕਿਤੇ ਮਿਲਦਾ, ਉਲਾਂਭਾ ਦੇ ਦਿੰਦਾ। ਦੂਰ ਦੀ ਵਾਟ ਅਤੇ ਉਸ ਦਾ ਆਮ ਲੋਕਾਂ ਤੋਂ ਦੂਰੀ ਬਣਾ ਕੇ ਚੱਲਣ ਕਾਰਨ ਮੈਂ ਜਾਣੋਂ ਕਤਰਾ ਜਾਂਦਾ। ਇੱਕ ਵਾਰ ਚੰਡੀਗੜ੍ਹ ਕੰਮ ਪੈ ਗਿਆ ਤੇ ਮੈਂ ਉਸ ਦੇ ਘਰ ਜਾਣ ਦਾ ਵੀ ਸੋਚ ਲਿਆ। ਜਦੋਂ ਉਸ ਦੇ ਘਰ ਪੁੱਜਾ ਤਾਂ ਵੇਖਿਆ, ਘਰ ਵਾਕਿਆ ਹੀ ਕਿਸੇ ਮਹਿਲ ਦਾ ਭੁਲੇਖਾ ਪਾਉਂਦਾ ਸੀ। ਚਾਹ-ਪਾਣੀ ਪਿਛੋਂ ਬੜੇ ਚਾਅ ਨਾਲ ਉਸ ਨੇ ਘਰ ਦਿਖਾਉਣਾ ਸ਼ੁਰੂ ਕੀਤ। ਦੇਸ਼ ਵਿਦੇਸ਼ ਦੀਆਂ ਵਧੀਆ ਤੋਂ ਵਧੀਆ ਚੀਜ਼ਾਂ ਨਾਲ ਸ਼ਾਹੀ ਅੰਦਾਜ਼ ਝਲਕਦਾ ਸੀ। ਫਿਰ ਉਹ ਮੈਨੂੰ ਬਗੀਚੇ ਵੱਲ ਲੈ ਗਿਆ। ਫੁੱਲਾਂ ਦੀਆਂ ਅਨੋਖੀਆਂ ਕਿਸਮਾਂ, ਵਿਦੇਸ਼ੀ ਰੁੱਖ। ਉਹ ਮੈਨੂੰ ਹਰ ਚੀਜ਼ ਦੀ ਥਾਂ, ਉਸ ਦੀ ਕੀਮਤ ਆਦਿ ਸਬੰਧੀ ਦੱਸੀ ਜਾਂਦਾ। ਘੁੰਮਦੇ-ਘੁੰਮਦੇ ਅਸੀਂ ਪਿਛਵਾੜੇ ਬਣੇ ਛੋਟੇ-ਛੋਟੇ ਕਮਰਿਆਂ ਵੱਲ ਆ ਗਏ। ਬਾਹਰ ਅੱਧ ਛਾਂ-ਧੁੱਪ ਵਿਚ ਇੱਕ ਬਜ਼ੁਰਗ ਅਲਾਣੀ ਜਿਹੀ ਮੰਜੀ 'ਤੇ ਪਿਆ ਖੰਘ ਰਿਹਾ ਸੀ ਅਤੇ ਬਹੁਤ ਹੀ ਕਮਜੋਰ ਸਿਹਤ ਦੀ ਔਰਤ ਇੱਟਾਂ ਜੋੜ ਕੇ ਬਣਾਏ ਚੁੱਲ੍ਹੇ ਕੋਲ ਬੈਠੀ ਭਾਂਡੇ ਮਾਂਜ ਰਹੀ ਸੀ।

ਮੈਂ ਰਾਜ ਤੋਂ ਚਾਚਾ-ਚਾਚੀ ਬਾਰੇ ਪੁੱਛਿਆ ਕਿਉਂਕਿ ਅਸੀਂ ਰਾਜ ਦੇ ਬਾਪ ਨੂੰ ਚਾਚਾ ਕਹਿੰਦੇ ਸਾਂ। ਉਹ ਸਾਡੇ ਘਰਾਂ ਵਿਚ ਦੁੱਧ ਪਾਉਣ ਦਾ ਕੰਮ ਕਰਦਾ ਸੀ। ਮੀਂਹ-ਹਨੇਰੀ, ਗਰਮੀ-ਸਰਦੀ ਉਸ ਨੇ ਕਦੇ ਨਾਗਾ ਨਹੀਂ ਸੀ ਪਾਇਆ। ਉਸ ਦੇ ਮਨ ਵਿਚ ਰਾਜ ਨੂੰ ਵੱਡਾ ਅਫਸਰ ਬਣਾਉਣ ਦੀ ਧੁਨ ਸੀ। ਸਾਈਕਲ 'ਤੇ ਹਫਿਆ ਆਉਣਾ ਤਾਂ ਵੱਡਿਆਂ ਨੇ ਕਹਿਣਾ, ਮੋਟਰ ਸਾਇਕਲ ਲੈ ਲਾ। ਉਸ ਦਾ ਜਵਾਬ ਹੁੰਦਾ, "ਰਾਜ ਬੱਸ 'ਤੇ ਜਾਂਦਾ ਔਖਾ ਹੁੰਦਾ, ਉਸ ਨੂੰ ਪਹਿਲਾਂ ਲੈ ਦਿਆਂ, ਫਿਰ ਵੇਖ ਲਵਾਂਗਾ।" ਸਰਦੀਆਂ ਦੇ ਦਿਨਾਂ 'ਚ ਮੋਟੇ ਕੱਪੜਿਆਂ ਲਈ ਕਹਿਣਾ, ਤਾਂ 'ਰਾਜ ਨੂੰ ਨਵੇਂ ਲੈ ਦਿਆਂ, ਉਸ ਦੇ ਲਾਹੇ ਮੈਂ ਪਾ ਲੂੰ' ਦਾ ਜਵਾਬ ਦੇ ਉਹ ਅੱਗੇ ਤੁਰ ਜਾਂਦਾ।

ਰਾਜ ਨੇ ਨੀਵੀਂ ਪਾਈ ਕਮਰੇ ਵੱਲ ਇਸ਼ਾਰਾ ਕਰ ਦਿੱਤਾ। ਮੈਂ ਜਾ ਕੇ ਉਨ੍ਹਾਂ ਨੂੰ ਬੁਲਾਇਆ ਪਰ ਉਹ ਬਿਮਾਰੀ ਦੀ ਹਾਲਤ ਜਾਂ ਰਾਜ ਕਰਕੇ ਜ਼ਿਆਦਾ ਗੱਲ ਨਾ ਕਰ ਸਕੇ। "ਕੀ ਕਰਾਂ ਘਰ ਵਿਚ ਖਾਸ ਲੋਕਾਂ ਦੇ ਆਉਣ ਜਾਣ ਅਤੇ ਸਿੰਮੀ ਦੇ ਪਸੰਦ ਨਾ ਕਰਨ ਕਰਕੇ ਇੱਥੇ...।" ਕਹਿ ਰਾਜ ਮੈਨੂੰ ਬਾਹੋਂ ਫੜ੍ਹ ਅੱਗੇ ਲੈ ਤੁਰਿਆ।

"ਇਹ ਬੂਟਾ ਮੈਂ ਬਾਹਰੋਂ ਮੰਗਵਾਇਆ ਸੀ, ਉਚਾਈ ਵੇਖ ਕਿੰਨੀ ਐ ਪਰ ਜੜ੍ਹਾਂ ਨੂੰ ਕੋਈ ਬਿਮਾਰੀ ਪੈ ਗਈ।" ਉਸ ਨੇ ਇੱਕ ਸੁੱਕਾ ਰੁੱਖ ਵਿਖਾਉਂਦਿਆਂ ਕਿਹਾ।

"ਜੜ੍ਹਾਂ ਦੀ ਅਣਦੇਖੀ ਕਾਰਨ ਬੂਟੇ ਜਾਂ ਇਨਸਾਨ ਬਹੁਤਾ ਸਮਾਂ ਉਚਾ ਨਹੀਂ ਉਠ ਸਕਦੇ, ਉਨ੍ਹਾਂ ਦੀ ਸੰਭਾਲ ਰੱਖਣੀ ਪੈਂਦੀ ਆ।" ਕਹਿ ਮੈਂ ਚਾਚਾ-ਚਾਚੀ ਵੱਲ ਵੇਖਣ ਲੱਗਾ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

# ਸਫਲ ਰਿਹਾ 14ਵਾਂ ਸੰਤ ਨਿਧਾਨ ਸਿੰਘ ਯਾਦਗਾਰੀ ਖੇਡ ਮੇਲਾ

**ਬੈਲਰੋਜ਼, ਨਿਊ ਯਾਰਕ:** ਸੰਤ ਬਾਬਾ ਨਿਧਾਨ ਸਿੰਘ ਜੀ ਦੀ ਮਿੱਠੀ ਯਾਦ ਨੂੰ



ਸਮਰਪਿਤ ਦੋ ਰੋਜ਼ਾ 14ਵਾਂ ਸਾਲਾਨਾ ਖੇਡ ਮੇਲਾ ਬੈਲਰੋਜ਼ ਹਾਈ ਸਕੂਲ ਵਿਚ ਲੰਘੀ 7 ਅਤੇ 8 ਜੁਲਾਈ ਨੂੰ ਸੰਤ ਬਾਬਾ ਨਿਧਾਨ ਸਿੰਘ ਜੀ ਕਲਚਰਲ ਸੁਸਾਇਟੀ, ਨਿਊ ਯਾਰਕ ਵਲੋਂ ਸ਼ਾਨੋ ਸ਼ੌਕਤ ਨਾਲ ਕਰਾਇਆ ਗਿਆ। ਮੌਸਮ ਵੀ ਖੁਸ਼ਗਵਾਰ ਸੀ-ਨਾ ਮੀਂਹ ਤੇ ਨਾ ਕੜਾਕੇਦਾਰ ਧੁੱਪ। ਖੇਡ ਪ੍ਰੇਮੀਆਂ ਨੇ ਫੁੱਟਬਾਲ, ਵਾਲੀਬਾਲ, ਬਾਸਕਿਟਬਾਲ ਅਤੇ ਬੱਚਿਆਂ ਦੀਆਂ ਦੌੜਾਂ ਦਾ ਖੂਬ ਅਨੰਦ ਮਾਣਿਆ।

ਫੁੱਟਬਾਲ ਦਾ ਫਾਈਨਲ ਮੈਚ ਬਾਬਾ ਨਿਧਾਨ ਸਿੰਘ ਜੀ ਸਪੋਰਟਸ ਕਲੱਬ ਅਤੇ ਤਿੱਬਤ ਸਪੋਰਟਸ ਕਲੱਬ ਵਿਚਾਲੇ ਹੋਇਆ ਜਿਸ ਵਿਚ ਜੇਤੂ ਰਹਿ ਕੇ ਬਾਬਾ ਨਿਧਾਨ ਸਿੰਘ ਕਲੱਬ ਨੇ ਪਹਿਲਾਂ ਇਨਾਮ ਆਪਣੀ ਝੋਲੀ ਪਾਇਆ। ਦੂਜਾ ਇਨਾਮ ਤਿਬੱਤ ਸਪੋਰਟਸ ਕਲੱਬ ਨੂੰ ਮਿਲਿਆ। ਫੁੱਟਬਾਲ ਮੈਚਾਂ ਦੇ ਪਹਿਲੇ ਦੋ ਇਨਾਮ ਸ. ਜਗਜੀਤ ਸਿੰਘ ਨੇ ਦਿੱਤੇ।

ਵਾਲੀਬਾਲ ਦੇ ਮੈਚਾਂ ਵਿਚ ਪਹਿਲਾ ਤੇ ਦੂਜਾ ਇਨਾਮ ਕਪੂਰਥਲਾ ਸਪੋਰਟਸ ਕਲੱਬ ਦੀਆਂ ਟੀਮਾਂ ਆਪਣੇ ਨਾਂ ਕਰਨ ਵਿਚ ਸਫਲ ਰਹੀਆਂ। ਪਹਿਲਾ ਇਨਾਮ ਸ. ਪਰਗਟ ਸਿੰਘ ਤੇ ਦੂਜਾ ਬਿੱਕਰਮ ਕੰਸਟਰਕਸ਼ਨ ਵਲੋਂ ਦਿੱਤਾ ਗਿਆ।





ਬਾਸਕਿਟਬਾਲ ਦਾ ਫਾਈਨਲ ਮੈਚ 'ਸੂਰਮੇ' ਅਤੇ 'ਬੁਲਟ' ਟੀਮਾਂ ਵਿਚਾਲੇ ਹੋਇਆ। 'ਸੂਰਮੇ' ਟੀਮ ਹਰ ਸਾਲ ਵਾਂਗ ਇਸ ਵਾਰ ਵੀ ਬਾਜ਼ੀ ਮਾਰ ਗਈ। ਬਾਸਕਿਟਬਾਲ ਦਾ ਪਹਿਲਾ ਇਨਾਮ ਸ਼ਹੀਦ ਭਾਈ ਮਨੀ ਸਿੰਘ ਜੀ ਕਲਚਰਲ ਸੁਸਾਇਟੀ ਵਲੋਂ ਦਿੱਤਾ ਗਿਆ ਜਦਕਿ ਦੂਜੇ ਇਨਾਮ ਦੇ ਸਪਾਂਸਰ ਦੀਪਾ ਫੇਮਸ ਪੀਜ਼ਾ ਸਨ। ਅੰਡਰ-12 ਉਮਰ ਵਰਗ ਦੇ ਫੁੱਟਬਾਲ ਮੈਚ ਵਿਚ ਲੌਂਗ ਆਈਲੈਂਡ ਦੀ ਟੀਮ ਪਹਿਲੇ ਅਤੇ ਕਾਟਰੇਟ (ਨਿਊ ਜਰਸੀ) ਦੀ ਟੀਮ ਦੂਜੇ ਥਾਂ ਰਹੀ। ਇਹ ਦੋਵੇਂ ਇਨਾਮ ਸ. ਪਰਮਿੰਦਰਜੀਤ ਸਿੰਘ ਪਰਮਾਰ ਨੇ ਦਿੱਤੇ।

ਖੇਡ ਮੇਲੇ ਦੌਰਾਨ ਬੱਚਿਆਂ ਦੀਆਂ ਦੌੜਾਂ ਇਕ ਵੱਖਰਾ ਹੀ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਬੱਚਿਆਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਪਹਿਲੇ, ਦੂਜੇ ਅਤੇ ਤੀਜੇ ਇਨਾਮ ਤੋਂ ਇਲਾਵਾ ਹਿੱਸਾ ਲੈਣ ਵਾਲੇ ਹਰ ਬੱਚੇ ਨੂੰ ਮੈਡਲ ਨਾਲ ਸਨਮਾਨਿਤ ਕੀਤਾ ਗਿਆ।

ਮੈਚਾਂ ਦੀ ਕੁਮੈਂਟਰੀ ਇਕਬਾਲ ਸਿੰਘ ਜਬੋਵਾਲੀਆ, ਨਰਿੰਦਰ ਪੰਡਤ, ਤਰਲੋਚਨ ਸਿੰਘ ਭੱਟੀ ਅਤੇ ਸੁਸਾਇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਜਸਵਾਲ ਨੇ ਸੁਚੱਜੇ ਢੰਗ ਨਾਲ ਨਿਭਾਈ।

ਦਰਸ਼ਕਾਂ ਲਈ ਪੀਜ਼ੇ, ਫਰੂਟ ਅਤੇ ਪਾਣੀ ਸੋਡੇ ਦੀ ਸੇਵਾ ਸੁਰਿੰਦਰ ਸਿੰਘ ਮਿਨਹਾਸ, ਮਨਜੀਤ ਸਿੰਘ ਡੋਡ ਤੇ ਹੀਰਾ ਸਿੰਘ (ਮੰਤਰੀ) ਨੇ ਬਾਖੂਬੀ ਨਿਭਾਈ। ਮੋਹਣ ਸਿੰਘ ਟੀ. ਜੇ. ਨੇ ਚਾਹ ਦੀ ਸੇਵਾ ਕੀਤੀ।

ਬਾਬਾ ਨਿਧਾਨ ਸਿੰਘ ਜੀ ਕਲਚਰਲ ਸੁਸਾਇਟੀ ਦੇ ਪ੍ਰਧਾਨ ਹਰਜੀਤ ਸਿੰਘ ਮੰਝ ਨੇ ਖੇਡ ਮੇਲੇ ਲਈ ਵਧ ਚੜ੍ਹ ਕੇ ਸਹਿਯੋਗ ਦੇਣ ਲਈ ਜਗਜੀਤ ਸਿੰਘ ਅਤੇ ਰਤਨ ਸਿੰਘ (ਰਤਨ ਪੈਟਰੋਲੀਅਮ) ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਬਾਬਾ ਨਿਧਾਨ ਸਿੰਘ ਜੀ ਸੁਸਾਇਟੀ ਦੇ ਸਮੂਹ ਮੈਬਰਾਂ, ਸਹਿਯੋਗੀ ਜਥੇਬੰਦੀਆਂ, ਆਏ ਮਹਿਮਾਨਾਂ ਅਤੇ ਖੇਡ ਪ੍ਰੇਮੀਆਂ ਦਾ ਖੇਡ ਮੇਲੇ ਨੂੰ ਸਫਲ ਬਣਾਉਣ ਲਈ ਤਨ, ਮਨ, ਧਨ ਨਾਲ ਪਾਏ ਯੋਗਦਾਨ ਲਈ ਧੰਨਵਾਦ ਕੀਤਾ।



















# ਗੁਰਮਤਿ ਸੰਗੀਤ ਵਿਚ ਲੋਕ ਸੰਗੀਤ ਦਾ ਤੱਤ

ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਛੇ ਗੁਰੂ ਸਾਹਿਬਾਨ, ਪੰਦਰਾਂ ਭਗਤਾਂ, ਗਿਆਰਾਂ ਭੱਟਾਂ ਅਤੇ ਚਾਰ ਗੁਰਸਿੱਖਾਂ ਦੀ ਬਾਣੀ 31 ਰਾਗਾਂ ਵਿਚ ਅੰਕਿਤ ਹੈ ਅਤੇ ਹਰ ਸ਼ਬਦ ਦੀ ਅਰੰਭਤਾ ਵਿਚ ਰਾਗ ਅਤੇ ਘਰ (ਤਾਲ) ਵੀ ਅੰਕਿਤ ਹੈ, ਉਥੇ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕਰਦੇ ਹੋਏ ਇਕ ਮਹਾਨ ਪਰਉਪਕਾਰੀ ਕਾਰਜ ਰਾਹੀਂ, ਸੀਨਾ-ਬ-ਸੀਨਾ ਚੱਲੀਆਂ ਆ

**ਤੀਰਥ ਸਿੰਘ ਢਿੱਲੋਂ**
**ਫੋਨ: 91-98154-61710**

ਰਹੀਆਂ ਪੁਰਾਤਨ ਲੋਕ ਗਾਇਨ ਸ਼ੈਲੀਆਂ, ਰੀਤਾਂ, ਧੁਨਾਂ, ਵੰਨਗੀਆਂ ਅਤੇ ਬੰਦਿਸ਼ਾਂ ਨੂੰ ਵੀ ਢੁੱਕਵਾਂ ਸਥਾਨ ਦੇ ਕੇ ਜਿਥੇ ਗੁਰਮਤਿ ਸੰਗੀਤ ਨੂੰ ਹੋਰ ਸ਼ਾਨਾਮੱਤਾ ਸਥਾਨ ਦਿੱਤਾ, ਓਥੇ ਭਾਰਤੀ ਸ਼ਾਸਤਰੀ ਅਤੇ ਸੁਗਮ ਸੰਗੀਤ ਨੂੰ ਵੀ ਅਦੁੱਤੀ ਦੇਣ ਦਿੱਤੀ। ਗੁਰੂ ਅਰਜਨ ਦੇਵ ਤੀਖਣ ਸੰਗੀਤਕ ਸੂਝ ਅਤੇ ਪ੍ਰਤਿਭਾ ਦੇ ਮਾਲਕ ਸਨ ਜਿਨ੍ਹਾਂ ਨੇ ਜਿਥੇ ਆਪ ਕੀਰਤਨ ਕੀਤਾ, ਉਥੇ ਸਿੱਖ ਸੰਗਤ ਦੀ ਝੋਲੀ ਵਿਚ ਕੀਰਤਨ ਦੀ ਦਾਤ ਪਾਈ।

ਸ਼ੁੱਧ 31 ਰਾਗਾਂ ਤੋਂ ਇਲਾਵਾ, ਗੁਰੂ ਗ੍ਰੰਥ ਸਾਹਿਬ ਵਿਚ ਲੋਕ ਅੰਗ ਦੀਆਂ ਵੱਖ ਵੱਖ ਵੰਨਗੀਆਂ ਦੀ ਵਰਤੋਂ ਕੀਤੀ ਗਈ ਹੈ। ਅਜਿਹਾ ਕਰਦਿਆਂ ਗੁਰੂ ਸਾਹਿਬ ਨੇ ਗੁਰਬਾਣੀ ਅਧੀਨ ਲੋਕ ਕਾਵਿ ਵਿਧਾ ਨੂੰ ਇਕ, ਦੋ ਅਤੇ ਤਿੰਨ ਅੰਕ ਲਾ ਕੇ ਇਕ ਸੁੰਦਰ ਤਰਤੀਬ ਦਿੱਤੀ। ਗੁਰਬਾਣੀ ਵਿਚ ਛੰਤ, ਅਲਾਹੁਣੀਆਂ, ਘੋੜੀਆਂ, ਵਾਰਾਂ, ਮੁੰਦਾਵਣੀ, ਅੰਜੁਲੀ, ਰਾਮਕਲੀ ਸਦ ਆਦਿ ਪ੍ਰਚਲਿਤ ਸੰਗੀਤਕ ਵਿਧਾਵਾਂ ਦੀ ਗਾਇਨ ਪਰੰਪਰਾ ਨੂੰ ਸਥਾਪਤ ਕੀਤਾ ਗਿਆ ਹੈ। ਅਜਿਹਾ ਕਰਦੇ ਸਮੇਂ ਜਨ ਸਾਧਾਰਨ ਦੇ ਮਨੋ ਭਾਵਾਂ ਨੂੰ ਸੰਪੂਰਨ ਤੌਰ 'ਤੇ ਧਿਆਨ ਵਿਚ ਰੱਖਿਆ ਗਿਆ ਹੈ। ਨਾਲ ਹੀ ਲੋਕ ਗਾਇਨ ਸ਼ੈਲੀ ਦੇ ਇਨ੍ਹਾਂ ਰੂਪਾਂ ਨੂੰ ਰਾਗ, ਧੁਨ ਅਤੇ ਰਹਾਓ ਦੀ ਟੇਕ ਵੀ ਦਿੱਤੀ ਗਈ ਹੈ ਤਾਂਕਿ ਇਨ੍ਹਾਂ ਦੀ ਮਰਿਆਦਾ ਅਤੇ ਨਿਯਮਬੱਧਤਾ ਨੂੰ ਹਰ ਹਾਲ ਕਾਇਮ ਰੱਖਿਆ ਜਾ ਸਕੇ। ਹੁਣ ਇਨ੍ਹਾਂ ਲੋਕ ਸੰਗੀਤ ਦੇ ਗਾਇਨ ਅੰਗਾਂ ਦਾ ਕੁਝ ਜ਼ਿਕਰ ਕਰਦੇ ਹਾਂ।

**ਛੰਤ:** ਛੰਤ ਦਾ ਮੁੱਢਲਾ ਨਾਂ ਛੰਦ ਹੈ। ਇਹ ਗਾਇਨ ਵਿਧਾ ਵਿਆਹਾਂ ਸ਼ਾਦੀਆਂ ਆਦਿ ਖੁਸ਼ੀ ਦੇ ਮੌਕਿਆਂ ਨਾਲ ਜੁੜੀ ਹੋਈ ਹੈ। ਜਦੋਂ ਬਰਾਤਾਂ ਆਉਂਦੀਆਂ ਸਨ ਤਾਂ ਪਿੰਡ ਦੀਆਂ ਤ੍ਰੀਮਤਾਂ ਜਾਂਞੀਆਂ ਨੂੰ ਛੰਦ ਸੁਣਾਉਣ ਲਈ ਵੰਗਾਰ ਕੇ ਬਾਰਾਤ ਨੂੰ ਬੰਨ੍ਹ ਦਿੰਦੀਆਂ ਸਨ। ਛੰਦ ਸੁਣਨ ਤੋਂ ਬਾਅਦ ਹੀ ਬਾਰਾਤ ਨੂੰ ਅੱਗੇ ਪੈਰ ਧਰਨ ਦਿੱਤਾ ਜਾਂਦਾ ਸੀ। ਬਜ਼ੁਰਗਾਂ ਦੇ ਦੱਸਣ ਮੁਤਾਬਕ ਆਮ ਤੌਰ 'ਤੇ ਵਿਆਹ ਮੌਕੇ ਲਾੜਾ ਆਪਣੀਆਂ ਸਾਲੀਆਂ ਨੂੰ ਖੁਦ ਛੰਦ ਸੁਣਾਉਂਦਾ ਸੀ। ਇਕ ਪੁਰਾਣੀ ਵੰਨਗੀ ਅਨੁਸਾਰ ਛੰਦ ਇਸ ਤਰ੍ਹਾਂ ਸ਼ੁਰੂ ਹੁੰਦਾ ਸੀ:

ਛੰਦ ਪਰਾਗੇ ਆਈਏ ਜਾਈਏ...।

ਮਹਾਨ ਕੋਸ਼ ਦੇ ਲੇਖਕ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਪਦ ਕਾਵਿ ਨੂੰ ਛੰਤ ਕਿਹਾ ਜਾਂਦਾ ਹੈ। ਸੰਤ ਕਵੀ ਭਾਈ ਵੀਰ ਸਿੰਘ ਦੇ ਕਥਨ ਅਨੁਸਾਰ ਛੰਤ ਪ੍ਰਭੂ ਦੀ ਵਡਿਆਈ ਅਤੇ ਉਸਤਤ ਵਿਚ ਗਾਇਨ ਕੀਤਾ ਜਾਣ ਵਾਲਾ ਗੀਤ ਹੀ ਹੈ।

'ਨਾਨਕ ਭਵਜਲ ਪਾਰ ਪਰੇ ਜੋ ਗਾਵੇ ਪ੍ਰਭ ਕੇ ਗੀਤ' (ਬਾਣੀ ਗੁਰੂ ਤੇਗ ਬਹਾਦਰ ਜੀ)।

ਗੁਰਬਾਣੀ ਵਿਚ ਦਰਜ ਛੰਤ ਮੂਲ ਲੋਕ ਕਾਵਿ ਕਲਾ ਦੀ ਸ਼ਬਦਾਵਲੀ, ਬਿੰਬਾਂ ਅਤੇ ਪ੍ਰਤੀਕਾਂ ਉਤੇ ਆਧਾਰਿਤ ਹੈ। ਸਿੱਖ ਪੰਥ ਵਿਚ ਰਾਤ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨੂੰ ਸੁਖ ਆਸਨ

## ਕਲਾ ਪਰਿਕਰਮਾ

ਕਰਨ ਸਮੇਂ ਮਰਿਆਦਾ ਮੁਤਾਬਕ ਇਸ ਛੰਤ ਦਾ ਗਾਇਨ ਕੀਤਾ ਜਾਂਦਾ ਹੈ:

ਜਿਥੈ ਜਾਇ ਬਹੈ ਮੇਰਾ ਸਤਿਗੁਰੂ
ਸੋ ਥਾਨ ਸੁਹਾਵਾ ਰਾਮ ਰਾਜੇ॥

ਗੁਰੂ ਰਾਮ ਦਾਸ ਵੱਲੋਂ ਰਚੇ ਗਏ ਅਨੇਕ ਛੰਤਾਂ ਦਾ ਆਸਾ ਜੀ ਕੀ ਵਾਰ ਵਿਚ ਰੋਜ਼ਾਨਾ ਗਾਇਨ ਹੁੰਦਾ ਹੈ। ਛੰਤ ਦੇ ਚਾਰ ਬੰਦ ਹੁੰਦੇ ਹਨ ਅਤੇ ਹਰ ਬੰਦ ਵਿਚ ਛੇ ਤੁਕਾਂ। ਗੁਰੂ ਨਾਨਕ ਦੇਵ, ਗੁਰੂ ਅਮਰ ਦਾਸ, ਗੁਰੂ ਰਾਮ ਦਾਸ ਤੇ ਗੁਰੂ ਅਰਜਨ ਦੇਵ, ਇਨ੍ਹਾਂ ਚਾਰ ਗੁਰੂ ਸਾਹਿਬਾਨ ਦੀ ਬਾਣੀ ਵਿਚ ਛੰਤ, ਗਉੜੀ ਪੂਰਬੀ, ਆਸਾ, ਵਡਹੰਸ, ਧਨਾਸਰੀ ਅਤੇ ਬਿਲਾਵਲ ਦੱਖਣੀ ਰਾਗਾਂ ਵਿਚ ਹਨ। ਭਾਰਤੀ ਸੰਗੀਤ ਵਿਚ ਛੰਤ ਨੂੰ ਆਮ ਕਰਕੇ ਪੀਲੂ ਅਤੇ ਖਮਾਜ ਰਾਗਾਂ ਵਿਚ ਗਾਇਨ ਕੀਤਾ ਜਾਂਦਾ ਹੈ।



**ਵਾਰ:** ਇਹ ਪੰਜਾਬ ਦੇ ਲੋਕ ਸੰਗੀਤ ਦਾ ਇਕ ਬਹੁ ਮੁੱਲਾ, ਪੁਰਾਤਨ ਅਤੇ ਅਭਿੰਨ ਅੰਗ ਹੈ। ਇਸ ਦਾ ਗਾਇਨ ਮੈਦਾਨ-ਏ-ਜੰਗ ਵਿਚ ਯੋਧਿਆਂ ਅੰਦਰ ਸੂਰਬੀਰਤਾ ਭਰਨ ਲਈ ਕੀਤਾ ਜਾਂਦਾ ਹੈ। ਇਸ ਦੇ ਗਾਇਕਾਂ ਨੂੰ ਢਾਡੀ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਵਾਰਾਂ ਦਾ ਮਕਸਦ ਪ੍ਰਾਣੀ ਨੂੰ ਪੰਜ ਵਿਕਾਰਾਂ ਦਾ ਟਕਰਾ ਕਰਨ ਲਈ ਆਤਮਿਕ ਤੌਰ 'ਤੇ ਸੂਰਮਗਤੀ ਨਾਲ ਬਲਵਾਨ ਬਣਾਉਣਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁੱਲ 22 ਵਾਰਾਂ, ਇਨ੍ਹਾਂ ਰਾਗਾਂ ਵਿਚ ਦਰਜ ਹਨ- ਸਿਰੀ, ਮਾਝ, ਆਸਾ, ਬਿਹਾਗੜਾ, ਵਡਹੰਸ, ਸੋਰਠਿ, ਜੈਤਸਰੀ, ਸੂਹੀ, ਬਿਲਾਵਲ, ਬੰਸਤ, ਸਾਰੰਗ, ਮਲਹਾਰ, ਕਾਨ੍ਹੜਾ। ਇਸ ਤੋਂ ਇਲਾਵਾ ਇਕ ਇਕ ਵਾਰ ਗਉੜੀ-ਗੂਜਰੀ ਵਿਚ, ਦੋ ਮਾਰੂ ਰਾਗ ਵਿਚ ਅਤੇ ਤਿੰਨ ਰਾਮਕਲੀ ਰਾਗ ਵਿਚ ਦਰਜ ਹਨ। ਸਭ ਤੋਂ ਵਧ ਅਹਿਮ ਆਸਾ ਦੀ ਵਾਰ ਜੋ ਕੀਰਤਨ ਦਾ ਅਨਿੱਖੜਵਾਂ ਅੰਗ ਹੈ। 'ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ' ਦੇ ਸਿਰਲੇਖ ਹੇਠ ਇਕ ਵਾਰ ਰਾਮਕਲੀ ਵਾਰ ਵਿਚ ਅੰਕਿਤ ਹੈ।

**ਅਲਾਹੁਣੀਆ:** ਇਹ ਰੁਦਰ ਸੰਗੀਤ ਦਾ ਬਿਹਤਰੀਨ ਨਮੂਨਾ ਹੈ। ਕਿਸੇ ਪ੍ਰਾਣੀ ਦੇ ਚਲਾਣਾ ਕਰ ਜਾਣ ਉਤੇ ਬੀਬੀਆਂ ਵੈਣ ਪਾਉਂਦੀਆਂ ਸਨ। ਗੁਰਮਤਿ ਨੇ ਇਸ ਤੋਂ ਮਨ੍ਹਾ ਕਰਦਿਆਂ ਜੀਵ ਆਤਮਾ ਦੇ ਪ੍ਰਭੂ ਨਾਲ ਮਿਲਾਪ ਲਈ ਵਿਰਲਾਪ ਕਰਨ ਵਾਸਤੇ ਇਸ ਸੋਗ ਮਈ ਵਿਧਾ ਦਾ ਪ੍ਰਚਲਨ ਸ਼ੁਰੂ ਕੀਤਾ। ਗੁਰਬਾਣੀ ਸੰਗੀਤ ਵਿਚ ਅਲਾਹੁਣੀ ਦੇ ਚਾਰ ਬੰਦ ਤੇ ਹਰ ਬੰਦ ਦੀਆਂ ਛੇ ਤੁਕਾਂ ਹੁੰਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿਚ 9 ਅਲਾਹੁਣੀਆਂ ਹਨ, ਜਿਨ੍ਹਾਂ ਵਿਚੋਂ 5 ਗੁਰੂ ਨਾਨਕ ਦੇਵ ਵੱਲੋਂ ਅਤੇ ਚਾਰ ਗੁਰੂ ਅਮਰ ਦਾਸ ਜੀ ਵੱਲੋਂ ਉਚਾਰੀਆਂ ਗਈਆਂ ਹਨ। ਇਸੇ ਤਰ੍ਹਾਂ ਬਾਬਾ ਸੁੰਦਰ ਜੀ ਦੀ ਰਚਨਾ ਰਾਮਕਲੀ ਸਦ ਦਾ ਵੀ ਮ੍ਰਿਤਕ ਦੇ ਭੋਗ ਸਮੇਂ ਪਾਠ ਕੀਤਾ ਜਾਂਦਾ ਹੈ।

**ਮੁੰਦਾਵਣੀ:** ਮੁੰਦਾਵਣੀ ਪੋਠੋਹਾਰ ਦਾ ਇਕ ਗੀਤ ਹੈ। ਇਸ ਦਾ ਸ਼ਬਦੀ ਅਰਥ ਬੁਝਾਰਤ ਹੈ। ਇਸ ਰਾਹੀਂ, ਥਾਲ ਵਿਚ ਪਈਆਂ ਤਿੰਨ ਵਸਤਾਂ ਸੱਤ, ਸੰਤੋਖ ਅਤੇ ਅਮ੍ਰਿਤ ਰੂਪੀ ਨਾਮ ਨੂੰ ਧਾਰਨ ਕਰਨ ਦੀ ਤਾਕੀਦ ਕੀਤੀ ਗਈ ਹੈ। ਗੁਰਬਾਣੀ ਦੀ ਮੁੰਦਾਵਣੀ ਰੂਹਾਨੀ ਬੁਝਾਰਤ ਹੈ 'ਜੋ ਬੂਝ ਗਿਆ ਸੋ ਤਰ ਗਿਆ'।

**ਅੰਜੁਲੀ:** ਗੁਰੂ ਨਾਨਕ ਦੇਵ ਦੀਆਂ ਮਾਰੂ ਰਾਗ ਵਿਚ ਦੋ ਅੰਜੁਲੀਆਂ ਦਰਜ ਹਨ, ਜਿਨ੍ਹਾਂ ਵਿਚ ਦਰਖਤ ਦੇ ਸਰੂਪ ਤੋਂ ਲੈ ਕੇ ਸੰਸਾਰ ਦੀ ਨਾਸ਼ਵਾਨਤਾ ਤੱਕ ਦਾ ਜ਼ਿਕਰ ਹੈ। ਅੰਜੁਲੀ ਦਾ ਸ਼ਬਦੀ ਅਰਥ ਡੰਡਉਤ ਬੰਦਨਾ ਹੁੰਦਾ ਹੈ।

**ਘੋੜੀਆਂ:** ਘੋੜੀਆਂ ਵੀ ਛੰਤ ਵਾਂਗ ਖੁਸ਼ੀ ਖਾਸ ਤੌਰ 'ਤੇ ਸ਼ਗਨਾਂ ਵੇਲੇ ਗਾਈ ਜਾਣ ਵਾਲੀ ਸੰਗੀਤਕ ਵਿਧਾ ਹੈ। ਗੁਰਬਾਣੀ ਵਿਚ ਗੁਰੂ ਰਾਮਦਾਸ ਨੇ ਇਸ ਦੀ ਵਰਤੋਂ ਕੀਤੀ ਹੈ। ਉਨ੍ਹਾਂ ਦੀਆਂ ਰਾਗ ਵਡਹੰਸ ਵਿਚ ਦੋ ਘੋੜੀਆਂ ਦਰਜ ਹਨ। ਇਸ ਨੂੰ ਬਹੁਤ ਹੀ ਸਹਿਜ, ਰਸ ਭਰਪੂਰ ਅਤੇ ਲੰਮੇਰੀ ਹੇਕ ਨਾਲ ਲਮਕਾ ਕੇ ਗਾਇਨ ਕੀਤਾ ਜਾਵੇ ਤਾਂ ਆਲੌਕਿਕ ਸਮਾਂ ਬੱਝ ਜਾਂਦਾ ਹੈ। ਮੌਜੂਦਾ ਕੀਰਤਨਕਾਰਾਂ ਵਿਚੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸੰਗੀਤ ਆਚਾਰੀਆ ਅਤੇ ਪ੍ਰਸਿਧ ਕੀਰਤਨਕਾਰ ਡਾ. ਜਸਬੀਰ ਕੌਰ ਨੂੰ ਇਸ ਸੰਗੀਤਕ ਵਿਧਾ ਵਿਚ ਬਹੁਤ ਪ੍ਰਬੀਨਤਾ ਹਾਸਲ ਹੈ। ਪੰਥ ਦੇ ਮਹਾਨ ਰਾਗੀ ਸਚਖੰਡਵਾਸੀ ਭਾਈ ਦੇਵਿੰਦਰ ਸਿੰਘ ਗੁਰਦਾਸਪੁਰੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਦੇ ਮੁਖੀ ਡਾ. ਗੁਰਨਾਮ ਸਿੰਘ ਨੂੰ ਵੀ ਇਨ੍ਹਾਂ ਸਾਰੀਆਂ ਸੰਗੀਤਕ ਵਿਧਾਵਾਂ ਵਿਚ ਮੁਹਾਰਤ ਹਾਸਲ ਹੈ।



ਗੁਰਮਤਿ ਸੰਗੀਤ ਦਰਬਾਰ ਦੀ ਇਕ ਝਲਕ

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਅਗਸਤ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-336



*ਦੁੱਧ ਪੀਣ ਉਪਰੰਤ ਜਿਨ੍ਹਾਂ ਨੇ ਛੱਡੀਆਂ 'ਫੰਡਰ' ਗਾਈਆਂ,*
*ਉਨ੍ਹਾਂ ਦੇ ਖੇਤਾਂ ਵਿਚ ਹੀ ਦੇਖੋ ਕਰਦੀਆਂ ਨੇ ਮਨ ਆਈਆਂ।*

## ਕੈਪਸ਼ਨ ਮੁਕਾਬਲਾ-334




ਬੰਦਿਆ ਤੇਰੀ ਉਮਰ ਏਸ ਨੇ
ਕਰ'ਤੀ ਖਿੱਚ ਕੇ ਸੌ ਤੋਂ ਚਾਲੀ।
ਢਿੱਡ ਤੇਰਾ ਤੇ ਐਨਕ ਨੰਬਰ
ਸਿੱਟਣਗੇ ਕਿਧਰੇ ਖੂਹ ਖਾਲੀ।
ਕੀ ਕਰਨੀ ਸੀ ਐਸੀ ਵਿਦਿਆ
ਜਿਸ ਨੇ ਦੁਨੀਆਂ ਕੁਲ ਗੰਧਾਲੀ।
ਰੱਬ ਦਾ ਨਾਂ ਲੈ ਕੇਰੇ ਦਾਣਾ
ਚੰਗਾ ਸੀ ਪੁੱਤ ਤੇਰਾ ਹਾਲੀ।

*-ਮਲਕੀਤ ਸਿੰਘ ਧਾਲੀਵਾਲ*
*ਓਟਵਾ, ਕੈਨੇਡਾ।*

---

ਟੀ. ਵੀ., ਮੋਬਾਈਲ, ਕੰਪਿਊਟਰ ਦੇ ਵਿਚ
ਗੁਆਚ ਗਿਆ ਹੈ ਅੱਜ ਦਾ ਮਨੁੱਖ।
ਖੇਡਾਂ, ਕਸਰਤਾਂ, ਹਾਸੇ ਭੁੱਲ ਗਿਆ
ਗੇਮਾਂ, ਚੈਟਾਂ 'ਚ ਹੀ ਭਾਲਦਾ ਸੁੱਖ।
ਸਿਹਤ, ਸਮੇਂ ਦੀ ਕਦਰ ਹੈ ਭੁੱਲਿਆ
ਸੁੱਖ ਦੀ ਥਾਂ ਸਹੇੜ ਲਏ ਨੇ ਦੁੱਖ।

*-ਦਵਿੰਦਰ ਕੌਰ*

---

ਸਾਲ ਬਦਲ ਗਏ ਸਦੀ ਬਦਲ ਗਈ
ਯੁੱਗ ਨਵਾਂ ਇੱਕ ਆਇਆ।
ਕੰਪਿਊਟਰ ਬੜਾ ਚਲਾਕ ਨਿਕਲਿਆ
ਆਪਣਾ ਵਜ਼ਨ ਘਟਾਇਆ।
ਹਿੱਲਣੋ ਜੁੱਲਣੋ ਰਹਿ ਗਿਆ ਬੰਦਾ
ਐਸਾ ਉਸ ਨੇ ਜਾਲ ਵਿਛਾਇਆ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ, ਲੁਧਿਆਣਾ*
*ਫੋਨ: 91-9878337222*

---

ਤਕਨੀਕ ਦਾ ਕਮਾਲ ਹੀ ਕਹੀਏ
ਟਾਈਪ ਰਾਈਟਰ ਤੋਂ ਬਣੇ ਕੰਪਿਊਟਰ।
ਮੋਬਾਈਲ ਫੋਨ ਵਿਚ ਟੀ. ਵੀ., ਪੀ. ਸੀ.
ਰੇਡੀਓ, ਫੇਸਬੁੱਕ, ਵਿਚੇ ਕੈਲਕੁਲੇਟਰ।
ਉਂਗਲਾਂ ਚਲਦੀਆਂ ਫਟਾ ਫੱਟ
ਹਮੇਸ਼ਾ ਅੱਖਾਂ ਟਿਕਣ ਕੀ ਬੋਰਡ ਉਤੇ।
ਹਾਵ ਭਾਵ ਨੇ ਪਾਗਲਾਂ ਵਰਗੇ
ਬੰਦੇ ਕੰਮ ਕਰਦੇ ਪਰ ਦੂਰੋਂ ਜਾਪਣ ਸੁੱਤੇ।

*-ਸੇਵਾ ਸਿੰਘ ਨੂਰਪੁਰੀ, ਸੈਨ ਹੋਜੇ*
*ਫੋਨ: 408-912-3438*

---

ਕੰਪਿਊਟਰ ਸਮਾਰਟ ਬਣਿਆ
ਵਾਧੂ ਸਹੂਲਤ ਕਰ'ਤੀ।
ਸਭ ਕੰਮ ਬੈਠੇ-ਬਿਠਾਇਆਂ ਹੋਈ ਜਾਂਦੇ
ਸਿਹਤ ਦਾ ਗਰਾਫ ਥੱਲੇ ਆਇਆ
ਫਾਸਟ ਫੂਡ ਦੇ ਚੌਕੇ-ਛੱਕੇ ਲਾਈ ਜਾਂਦੇ।
ਅੱਜ ਦੀ ਜਵਾਨ ਪੀੜ੍ਹੀ
ਬੁਰਾ ਪਾਸਾ ਛੇਤੀ ਫੜ੍ਹਦੀ
ਨਤੀਜੇ ਵੀ ਉਸੇ ਹਿਸਾਬ ਆਈ ਜਾਂਦੇ।

*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਦੁਨੀਆਂ ਭਰ ਦੀਆਂ ਜਾਣਕਾਰੀਆਂ ਨਾਲ
ਤਕਨਾਲੋਜੀ ਦਾ ਆਇਆ ਇਨਕਲਾਬ।
ਚੰਗੇ ਪੱਖ ਨੂੰ ਚੁਗੋਗੇ, ਰਹੋਗੇ ਵਧੀਆ
ਨਹੀਂ ਤਾਂ ਇਸੇ ਨੇ ਕਰਨਾ ਦਿਮਾਗ ਖਰਾਬ।

*-ਜਗਜੀਤ ਕੌਰ ਤੂਰ, ਚੰਡੀਗੜ੍ਹ।*

---

ਨਹੀਂ ਝੁਠਲਾ ਸਕਦੇ ਸਾਇੰਸ ਦੀ ਤਰੱਕੀ
ਕਿਸ ਕਦਰ ਉਸਰ ਰਹੀ ਹੈ।
ਬੜੇ ਬੜੇ ਕੰਪਿਊਟਰ, ਟੀ. ਵੀ. ਹੁੰਦੇ ਸਨ।
ਛੋਟੇ ਆਕਾਰ, ਸਭ ਕੁਝ ਹਾਜ਼ਰ ਹੁਣ
ਫੜ੍ਹੋ ਹੱਥ 'ਚ ਫੋਨ ਦੇਖੋ ਸਭ ਕੁਝ
ਹਿੰਮਤ ਦੀ ਬਹੁਤੀ ਲੋੜ ਨਹੀਂ
ਦਿਮਾਗੀ ਵਿਗਿਆਨ ਕਾਰਗਰ ਹੈ।
ਆਲਸੀ, ਮੋਟਾਪਾਪਨ ਵਧਿਆ
ਉਠਣਾ ਹੀ ਨਹੀਂ ਚਾਹੁੰਦਾ ਕੋਈ
ਗੱਡੀਆਂ ਗਈਆਂ ਅੱਖਾਂ ਇੰਜ
ਆਵਾਜ਼ਾਂ ਮਾਰਦੇ ਰਹੋ
ਗਲਤਾਨ ਗੁੰਮ ਸੁੰਮ ਹਨ ਉਸੇ ਵਿਚ
ਬੀਮਾਰੀਆਂ ਨੇ ਜਨਮ ਲਿਆ
ਗੋਗੜਾ ਲਮਕਣ ਲੱਗੀਆਂ।

*-ਦਰਸ਼ਨਪਾਲ ਦੋਸਾਂਝ*

# ਨਹੀਓਂ ਲੱਭਣੇ ਲਾਲ ਗੁਆਚੇ ਮਿੱਟੀ ਨਾ ਫਰੋਲ ਜੋਗੀਆ

ਹਾਲੇ ਸਾਲ ਪਹਿਲਾਂ ਹੀ ਮੈਂ ਯੂ. ਐਸ. ਏ. ਤੋਂ 'ਫਾਦਰ'ਜ਼ ਡੇਅ' ਦੀ ਵਧਾਈ ਭੇਜੀ ਸੀ। ਤੁਸੀਂ ਕਿੰਨਾ ਸਾਰਾ ਪਿਆਰ ਜੁਆਬ ਵਿਚ ਲਿਖ ਭੇਜਿਆ ਸੀ। ਦੂਜੀ ਵਾਰ ਕਹਿਣ ਦਾ ਤਾਂ ਹੁਕਮ ਹੀ ਨਾ ਹੋਇਆ। ਨਹੀਂ ਸੀ ਜਾਣਦੇ, 'ਕੀ ਪਿਤਾ' ਤੇ 'ਕੀ ਪਿਤਾ ਦਿਵਸ' ਹੁੰਦਾ ਹੈ। ਸਾਨੂੰ ਤਾਂ ਪਿਤਾ ਤੇ ਭਰਾ, ਤੁਸੀਂ ਹੀ ਦਿਸਦੇ ਸੀ। ਹੁਣ ਜਦੋਂ ਵੀ ਬੱਚੇ ਇਹ ਦਿਨ ਮਨਾਉਂਦੇ ਨੇ, ਮੈਂ ਤੇਰੇ ਨਾਲ ਹੀ ਘੁੰਮਦੀ ਹਾਂ। ਬੱਚਿਆਂ ਤੋਂ ਚੋਰੀ ਅੱਖਾਂ ਭਰ ਭਰ ਡੋਲ੍ਹਦੀ ਹਾਂ, ਫਿਰ ਵੀ ਕਈ ਵਾਰੀ ਲਾਡੀ ਇਹ ਚੋਰੀ ਫੜ੍ਹ ਲੈਂਦਾ ਹੈ। ਫਿਰ ਸਮਝ ਕੇ ਮਾਹੌਲ ਨੂੰ ਨਾਰਮਲ ਬਣਾਉਣ ਦੀ ਕੋਸ਼ਿਸ ਕਰਦਾ ਹੈ। ਮੈਂ ਬੇਵਸ ਹਾਂ। ਬਹੁਤ ਕੋਸ਼ਿਸ ਕਰਦੀ ਹਾਂ ਦੁਖ ਛੁਪਾਉਣ ਦੀ। 'ਇਹ ਫਾਦਰ'ਜ਼ ਡੇਅ' ਦਾ ਦਿਨ ਮੁਕਾਇਆਂ ਵੀ ਨਹੀਂ ਮੁਕਦਾ। ਵੀਰੇ ਇੰਨੀ ਕਾਹਲੀ ਕਿਉਂ ਕੀਤੀ?



ਜੀਅ ਕਰਦਾ ਹੈ, ਸਾਰੀ ਦੁਨੀਆਂ ਨੂੰ ਦੱਸਾਂ ਕਿ ਕਿਵੇਂ ਇੱਕ ਭਰਾ ਆਪਣੇ ਫਰਜ਼ ਨਿਭਾਉਂਦਾ ਮੋਹ-ਵਿਛੂੰਨੇ ਭੈਣਾਂ-ਭਰਾਵਾਂ ਵਿਚ ਪਿਤਾ ਦਾ ਰੁਤਬਾ

**ਸੁਕੰਨਿਆ ਭਾਰਦਵਾਜ ਨਾਭਾ***
**ਫੋਨ: 815-307-3112**

ਹਾਸਲ ਕਰ ਜਾਂਦਾ ਹੈ-ਇਹ ਕੋਈ ਸਾਥੋਂ ਪੁੱਛੇ।

ਤੇਰੇ ਨਾਲ ਗੱਲਾਂ ਕਰਦੀ ਜਦੋਂ ਥੱਕ ਜਾਂਦੀ ਹਾਂ ਤਾਂ ਮਨੋਵੇਗ ਨੂੰ ਡਿਵਾਇਸ 'ਤੇ ਉਤਾਰਨ ਦੀ ਕੋਸ਼ਿਸ ਕਰਦੀ ਹਾਂ, ਤੇ ਅਖਬਾਰੀ ਦੁਨੀਆਂ ਵਿਚ ਭੇਜ ਦਿੰਦੀ ਹਾਂ। ਇਸ ਲਈ ਨਹੀਂ ਕਿ ਮੈਂ ਕੋਈ ਪਬਲੀਸਿਟੀ ਚਾਹੁੰਦੀ ਹਾਂ, ਸਿਰਫ ਇਸ ਲਈ ਕਿ ਹੋਰ ਵੀ ਕਈ ਭੈਣਾਂ ਸਾਡੇ ਵਰਗੀਆਂ ਹੋਣਗੀਆਂ ਜਿਨ੍ਹਾਂ ਨੇ ਮੇਰੇ ਵੀਰੇ ਵਰਗੇ ਹੀਰੇ ਭਾਈ ਗੁਆਏ ਹੋਣਗੇ। ਸ਼ਾਇਦ ਉਨ੍ਹਾਂ ਕੋਲ ਵੀ ਮੇਰੇ ਵਾਂਗ ਕੋਈ ਪਲੈਟਫਾਰਮ ਨਾ ਹੋਵੇ, ਜਿਥੇ ਉਹ ਆਪਣੇ ਮਨ ਦੀ ਗੱਲ ਕਹਿ ਸਕਦੀਆਂ ਹੋਣ ਤੇ ਆਪਣੇ ਰੱਬ ਜਿਹੇ ਭਰਾਵਾਂ ਨੂੰ ਸਤਿਕਾਰ ਦੇ ਸਕਦੀਆਂ ਹੋਣ।

ਹੁਣ ਤਾਂ ਤੈਂ ਇਹ ਵੀ ਨਹੀ ਕਹਿਣਾ, "ਤੂੰ ਚਿੰਤਾ ਨਾ ਕਰ, ਜਦੋਂ ਆਪਣਾ ਮੌਕਾ ਆਇਆ ਤਾਂ ਵਿਆਜ ਸਣੇ ਮੋੜ ਦਿਆਂਗੇ।" ਸਭ ਦਿਲ ਦੀਆਂ ਦਿਲ ਵਿਚ ਰਹਿ ਗਈਆਂ। ਕਿਸੇ ਸ਼ਾਇਰ ਨੇ ਸਹੀ ਹੀ ਲਿਖਿਆ ਹੈ, "ਮਾਂ ਮਰੇ ਤਾਂ ਪੇਕੇ ਈ ਮੁਕਦੇ, ਪਿਓ ਮਰੇ ਘਰ ਵੇਹਲਾ। ਸ਼ਾਲਾ ਮਰੇ ਨਾ ਵੀਰ ਕਿਸੇ ਦਾ, ਵੇ ਉਜੜ ਜਾਂਦਾ ਏ ਮੇਲਾ।"

ਲੈ ਹੋਰ ਦੱਸਾਂ ਵੀਰੇ, ਤੇਰੇ ਬੱਚਿਆਂ ਦੇ ਜਹਾਜ ਦੁਨੀਆਂ ਦੇ ਕੋਨੇ ਕੋਨੇ, ਜਿਸ ਦੇ ਰਾਜ ਵਿਚ ਕਦੇ ਸੂਰਜ ਨਹੀਂ ਛੁਪਦਾ ਸੀ, 'ਕੁਈਨ' ਦੇ ਦੇਸ਼, ਅਰਬ ਦੇਸ਼ਾਂ, ਨਾਰਥ ਪੋਲ ਦੇ ਦੇਸ਼, ਚੀਨ ਦੇ ਬਾਰਡਰ ਤੋਂ, ਦੇਸ ਦੀ ਰਾਜਧਾਨੀ ਦਿੱਲੀ ਜਿਵੇਂ ਜਿਵੇਂ ਉਤਰੇ, ਅਸੀਂ ਬੱਚਿਆਂ ਨੂੰ ਗੋਦੀ ਲੈ ਕੇ ਹਟਕੋਰੇ ਭਰਨ ਤੋਂ ਬਿਨਾ ਕੁਝ ਨਾ ਕਰ ਸਕੀਆਂ। ਜੇ ਤੂੰ ਹੁੰਦਾ ਤਾਂ ਸ਼ਾਇਦ ਮੌਤ ਨੂੰ ਵੀ ਮੁੜ ਸੋਚਣ 'ਤੇ ਮਜਬੂਰ ਕਰ ਦਿੰਦਾ ਕਿ ਪਰਿਵਾਰ ਦੇ ਮੋਢੀ ਨੂੰ ਇਸ ਵਾਰੀ ਨਹੀਂ, ਅਗਲੀ ਵਾਰ ਲਿਜਾਣ ਦਾ ਸੋਚੀਂ। ਬੱਚਿਆਂ ਨੂੰ ਢਾਰਸ ਬੰਨਾਉਣ ਲਈ ਸਾਡੇ ਕੋਲ ਸ਼ਬਦ ਨਹੀਂ ਸਨ। ਸਾਡਾ 'ਰੋਲ ਮਾਡਲ' ਕਦੋਂ ਦਾ ਆਪਣੇ ਚਾਹੁਣ ਵਾਲਿਆਂ ਤੋਂ ਦੂਰ ਜਾ ਚੁਕਾ ਸੀ। ਜੋ ਬੱਚਿਆਂ ਦੇ ਫੋਨ ਉਡੀਕਦਾ ਗਿਲਾ ਕਰਦਾ ਸੀ ਕਿ ਕਿੰਨੇ ਦਿਨਾਂ ਤੋਂ ਫਲਾਣੇ ਨਾਲ ਗੱਲ ਨਹੀਂ ਹੋਈ, ਉਹ ਸਭ ਇੱਕੋ ਕੱਚੇ ਧਾਗੇ ਦੇ ਖਿਚੇ ਆਪਣੇ 'ਮਸੀਹਾ' ਦੇ ਆਖਰੀ ਦਰਸ਼ਨਾਂ ਨੂੰ ਆ ਪਹੁੰਚੇ ਸਨ ਪਰ ਸਾਡਾ ਇਹ 'ਤਾਜ ਵਿਹੂਣਾ ਬਾਦਸ਼ਾਹ' ਕਿਸੇ ਅਣਦੱਸੀ ਥਾਂ ਜਾ ਚੁਕਾ ਸੀ।

ਵੀਰੇ ਤੈਨੂੰ ਤੋਰ ਕੇ ਅਮਰੀਕਾ ਆ ਗਈ। ਸਭ ਕੁਝ ਹੱਥੀਂ ਕਰਕੇ ਮਨ ਮੰਨਣ ਲਈ ਤਿਆਰ ਨਹੀਂ ਸੀ ਕਿ ਤੁਸੀਂ ਸਾਨੂੰ ਛੱਡ ਕੇ ਚਲੇ ਗਏ। ਕੱਲ ਤਕ ਜੋ ਤੁਹਾਡੇ ਨਾਲ ਸਾਡੇ ਵੀ ਸਾਹ ਵਿਚ ਸਾਹ ਲੈਂਦੇ ਸੀ, ਰਾਤੋ ਰਾਤ ਅੱਖਾਂ ਫੇਰ ਗਏ। ਜਿਨ੍ਹਾਂ ਨੂੰ ਪੈਰਾਂ 'ਤੇ ਖੜ੍ਹਾ ਕੀਤਾ ਤੇ ਹਰ ਦੁੱਖ ਸੁੱਖ 'ਚ ਕੰਧ ਬਣ ਕੇ ਖੜੋਤੇ, ਉਹ ਤਾਂ ਰਾਹ ਜਾਂਦੇ ਨਹੀਂ ਟੱਕਰੇ। ਇੱਕ ਤੁਸੀਂ ਸੀ, ਕਿਸੇ 'ਤੇ ਕੋਈ ਦੁੱਖ-ਸੁੱਖ ਹੁੰਦਾ ਤਾਂ ਜਾ ਮੋਢਾ ਦਿੰਦੇ ਤੇ ਸਾਡੇ ਗਿਲਾ ਕਰਨ 'ਤੇ ਪੈਟ ਡਾਇਲਾਗ ਹੁੰਦਾ, 'ਬੀਇੰਗ ਹੈਡ ਆਫ ਦਾ ਫੈਮਲੀ, ਮੈਨੂੰ ਤਾਂ ਕਰਨਾ ਪਊ।'

'ਜੋ ਘੜਿਆ ਸੋ ਨਮੂਦ ਨੂੰ', 'ਜੋ ਸਿਰਜਿਆ ਸੋ ਬਿਨਸਿਆ।' ਇਸ ਫਾਨੀ ਸੰਸਾਰ ਦੀ ਅਟੱਲ ਸੱਚਾਈ ਵੀ ਹੈ, ਤੇ ਵਿਛੜ ਗਿਆਂ ਦੇ ਸੱਲ ਨੂੰ ਸਹਿਣ ਦਾ ਇੱਕ ਜ਼ਰੀਆ ਵੀ। ਇਸ ਮਨ ਮਸਤਕ ਦਾ ਕੀ ਕਰਾਂ ਜਿਸ 'ਤੇ ਕਿਸੇ ਵੀ ਗੱਲ ਦਾ ਕੋਈ ਅਸਰ ਨਹੀਂ। ਮਾਪੇ ਵੀ ਤੁਰ ਗਏ। ਉਨ੍ਹਾਂ ਦੀ ਘਾਲਣਾ ਸਦਕਾ ਹੀ ਅਸੀਂ ਕਦੇ ਮਿਹਨਤ ਤੇ ਲਗਨ ਤੋਂ ਮੂੰਹ ਨਹੀਂ ਮੋੜਿਆ। ਤੰਗੀਆਂ ਤੁਰਸ਼ੀਆਂ ਨੂੰ ਕਦੇ ਵੀ ਆਪਣੇ ਮਜਬੂਤ ਇਰਾਦੇ ਦੇ ਆੜੇ ਨਹੀਂ ਆਉਣ ਦਿੱਤਾ ਤੇ ਨੈਤਿਕ ਕਦਰਾਂ ਨੂੰ ਜ਼ਿੰਦਗੀ ਦਾ ਅਹਿਮ ਹਿੱਸਾ ਬਣਾ ਸਮਾਜਕ, ਪਰਿਵਾਰਕ ਕਦਰਾਂ ਕੀਮਤਾਂ 'ਤੇ ਪਹਿਰਾ ਦਿੱਤਾ। ਪਿਤਾ ਭਾਵੇਂ ਕਰਾਚੀ ਤੋਂ ਬਾਅਦ ਦਿੱਲੀ ਦੀਆਂ ਸੜਕਾਂ ਦੀ ਖਾਕ ਛਾਣਦੇ ਰਹੇ ਤੇ ਕਈ ਕਈ ਸਾਲ ਆਪਣੇ ਪਰਿਵਾਰ ਦਾ ਮੂੰਹ ਨਹੀਂ ਸੀ ਦੇਖ ਸਕੇ ਪਰ ਉਨ੍ਹਾਂ ਵਲੋਂ ਮਿਲਦੀ ਇਮਾਨਦਾਰੀ, ਮਿਹਨਤ, ਲਗਨ ਤੇ ਆਪਣੇ ਪਰਿਵਾਰ ਸਮਾਜ ਪ੍ਰਤੀ ਅਮਲੀ ਪ੍ਰਤੀਬੱਧਤਾ ਨੇ ਸਾਨੂੰ ਜ਼ਿੰਦਗੀ ਜਿਉਣ ਦਾ ਪਾਠ ਪੜ੍ਹਾਇਆ।

'ਆਪਣੇ ਕਰਮਯੋਗੀ ਪਿਤਾ' ਵੀਰਾ ਤੇਰੇ ਤੋਂ ਮਿਲੀ ਵਿਹਾਰਕ ਤੇ ਵਿਚਾਰਧਾਰਕ ਸਿੱਖਿਆ ਕਿ ਜ਼ਿੰਦਗੀ ਅਣਖ ਇੱਜਤ ਨਾਲ ਕਿਵੇਂ ਬਿਤਾਉਣੀ ਹੈ? ਹਮੇਸ਼ਾ ਸਾਡਾ ਰਾਹ ਰੁਸ਼ਨਾਉਂਦੀ ਰਹੀ ਹੈ ਤੇ ਰਹੇਗੀ ਵੀ। ਇਸ ਲਈ ਤੁਸੀਂ ਸਾਡੇ ਬਚਪਨ ਤੋਂ ਹੀ ਰੋਲ ਮਾਡਲ ਰਹੇ।

ਵੀਰੇ ਮੈਂ ਕਿਤੇ ਪੜ੍ਹਿਆ ਸੀ ਕਿ ਅੰਤਮ ਯਾਤਰਾ 'ਤੇ ਜਾਣ ਵਾਲਿਆਂ ਦੀ ਆਤਮਾ ਕੁਝ ਅਰਸਾ ਘਰ ਤੇ ਆਪਣੇ ਪਿਆਰਿਆਂ ਦੇ ਆਲੇ-ਦੁਆਲੇ ਘੁੰਮਦੀ ਰਹਿੰਦੀ ਹੈ। ਮੇਰਾ ਇਹ ਮਿੱਥ ਮੰਨਣ ਨੂੰ ਕਿੰਨਾ ਜੀਅ ਕਰਦਾ ਹੈ। ਕਿੰਨਾ ਕਿੰਨਾ ਚਿਰ ਤੇਰੇ ਨਾਲ ਗੱਲਾਂ ਕਰੀ ਜਾਨੀ ਹਾਂ। ਜਮਾਂ ਹੀ ਮੰਤਰ ਮੁਗਧ ਹੋ ਜਾਂਦੀ ਹਾਂ ਕਿ ਕਦੇ ਤਾਂ ਮੇਰੀਆਂ ਉਲ੍ਹਾਣੀਆਂ ਦਾ ਜੁਆਬ ਦੇਵੇਂਗਾ। ਕਈ ਵਾਰੀ ਲੱਗੂ ਜਿਥੇ ਤੁਸੀਂ ਚਲੇ ਗਏ , ਜੇ ਕੋਈ ਵਾਇਰਲੈਸ, ਟੈਲੀਪੈਥੀ ਜਾਂ ਕੋਈ ਰੱਬੀਂ ਸਬੱਬ ਬਣ ਜਾਵੇ, ਹੋ ਸਕਦਾ, ਸਾਡੇ ਮਨਾਂ ਨੂੰ ਕੁਝ ਰਾਹਤ ਮਿਲ ਜਾਵੇ। ਖਬਰੇ ਬਚਦੀ ਆਰਜ਼ਾ ਪੂਰੀ ਕਰ ਸਕਣ ਦਾ ਕੋਈ ਰਾਹ ਮਿਲ ਹੀ ਜਾਵੇ। ਚਾਹੁਣ ਨਾਲ ਕੀ ਬਣਦਾ ਹੈ?

ਤੇਰੀ ਰੂਹ ਨਾਲ ਗੱਲਾਂ ਕਰਦੇ ਕਰਦੇ ਵਾਪਸ ਇੰਡੀਆ ਜਾ ਪਹੁੰਚੀ। ਦਿੱਲੀ ਤੋਂ ਨਾਭੇ ਤਕ ਤੇਰੀਆਂ ਪੱਗਾਂ ਪਛਾਣਦੀ ਜਾ ਰਹੀ ਸਾਂ ਪਰ ਕਿਤੇ ਵੀ ਕੋਈ ਤੇਰੇ ਵਰਗਾ ਨਹੀਂ ਸੀ। ਤੇਰੇ ਸ਼ਹਿਰ ਪਟਿਆਲੇ 'ਚ ਵੀ ਨਹੀਂ। ਭੁਲੇਖੇ ਬਹੁਤ ਪਏ। 'ਭੈਣਾਂ ਰੋਂਦੀਆਂ ਨੂੰ ਵੀਰ ਵਰਾਉਂਦੇ ਸਿਰ 'ਤੇ ਹੱਥ ਧਰ ਕੇ' ਉਹ ਵੀ ਨਹੀਂ ਸੀ। 'ਇੱਕ ਵੀਰ ਦੇਈਂ ਵੇ ਰੱਬਾ ਮੇਰੇ ਸਾਰੀ ਉਮਰ ਦੇ ਮਾਪੇ।' ਇਸ ਸੁੱਖਾਂ ਲੱਧੇ ਵੀਰ ਨੂੰ ਕੀ ਆਖਾਂ। ਮਾਪੇ ਤਾਂ ਗਏ ਹੀ ਸੀ, ਤੂੰ ਕਿਉਂ ਉਨ੍ਹਾਂ ਦੀ ਪੈੜ ਨੱਪੀ? ਮਾਂ ਤੂੰ ਤਾਂ ਕਹਿੰਦੀ ਸੀ ਕਿ ਤੁਹਾਡੇ ਭਰਾ ਸਾਰੀ ਉਮਰ ਦੇ ਮਾਪੇ ਨੇ। ਵੀਰ ਨੇ ਸਾਡੀ ਤਾਂ ਕੀ ਸੁਣਨੀ ਸੀ, ਇਹ ਤਾਂ ਆਪਣੇ ਜੰਮਿਆਂ ਨੂੰ ਵੀ ਚੋਰ ਝਕਾਨੀ ਦੇ ਗਿਆ। ਕੁਝ ਦੇਰ ਰੁਕ ਜਾਂਦਾ, ਸਾਡੀ ਵੀ ਵਾਟ ਸੁਖਾਲੀ ਹੋ ਜਾਂਦੀ। ਤੇਰਾ ਸਾਰਾ ਪਰਿਵਾਰ ਮਿਲਣ ਆਉਂਦਾ ਹੈ, ਗੱਲਾਂ ਤੇਰੇ ਤੋਂ ਸ਼ੁਰੂ ਹੋ ਕੇ ਤੇਰੇ 'ਤੇ ਹੀ ਮੁਕ ਜਾਂਦੀਆਂ।

ਕੁਝ ਦੇਰ ਬਾਅਦ ਸਾਡੇ ਸੁੱਖਾਂ ਲੱਧੇ ਚੈਰੀ ਦਾ ਫੋਨ ਆਉਂਦਾ ਹੈ, "ਭੂਆ ਡੈਡੀ ਦੀ ਬਰਸੀ ਹੈ, ਕਿਵੇਂ ਕਰੀਏ? ਕਿਹਨੂੰ ਕਿਹਨੂੰ ਕਹਿਣਾ ਹੈ, ਮੈਨੂੰ ਦਸ ਦਿਓ। ਮੈਥੋਂ ਕੋਈ ਰਹਿ ਨਾ ਜਾਏ।...ਤੁਸੀਂ ਟਾਈਮ ਨਾਲ ਪਹੁੰਚ ਜਾਣਾ।" ਓ ਵੀਰੇ! ਤੂੰ ਇਸ ਲਾਡਲੇ ਨੂੰ ਕਿਹੜੇ ਆਹਰੇ ਲਾ ਗਿਆਂ। ਤੇਰੇ ਸਿਰ 'ਤੇ ਹਾਲੇ ਤਾਂ ਖੁਸ਼ੀਆਂ-ਤਿਉਹਾਰਾਂ ਦੇ ਦਿਨ ਮਨਾਉਣ ਦੇ ਸੁਨੇਹੇ ਲਾਉਣ ਦੀ ਆਰਜ਼ਾ ਸੀ ਤੇ ਆਹ ਬਰਸੀ! ਓ ਹੋ, ਇਹ ਆ ਵੀ ਗਈ ਹਾਲੇ ਤਾਂ ਤੇਰੇ ਬੇਵਕਤੇ ਤੁਰ ਜਾਣ ਦੇ ਝੇੜੇ ਹੀ ਨਹੀਂ ਸਨ ਮੁੱਕੇ।

ਮਨ ਨਾਲ ਘੰਨਾਂ ਭੜਤਾਂ ਕਰਦੀ ਪਹੁੰਚਦੀ ਹਾਂ ਤਾਂ ਖੇਡਣ ਮੱਲ੍ਹਣ ਦੀ ਉਮਰੇ ਜਦੋਂ ਛੋਟੇ ਬੱਚਿਆਂ (ਚੈਰੀ, ਅਨੂੰ, ਰਾਘਵ, ਗੁਡੋ) ਨੂੰ ਤੇਰੀ ਬਰਸੀ ਦੀਆਂ ਰਸਮਾਂ ਕਰਦੇ ਦੇਖਦੀ ਹਾਂ ਤਾਂ ਅੰਦਰੋਂ ਲਾਟ ਨਿਕਲਦੀ ਹੈ ਤੇ ਤੇਰੇ ਕਮਰੇ ਦੇ ਸਾਹਮਣੇ ਡਾਇਨਿੰਗ ਟੇਬਲ 'ਤੇ ਬੈਠ ਜਾਂਦੀ ਹਾਂ। ਉਡੀਕਦੀ ਹਾਂ ਜਿਵੇ ਤੁਸੀਂ ਹੁਣੇ ਹੀ ਅੰਦਰੋਂ ਬਾਹਰ ਆਓਗੇ ਤੇ ਪਹਿਲਾਂ ਵਾਂਗ ਮੈਨੂੰ ਗਲਵੱਕੜੀ ਪਾ ਕੇ ਪੁਛੋਗੇ, "ਤੂੰ ਕਦ ਆਈ?" ਪਰ ਉਥੇ ਕੁਝ ਵੀ ਨਹੀਂ। ਅੱਖਾਂ ਪਰਨਾਲੇ ਬਣ ਜਾਂਦੀਆਂ ਨੇ, ਬੱਚੇ ਆ ਕੇ ਪਾਠ ਵਾਲੀ ਜਗ੍ਹਾ 'ਤੇ ਲੈ ਜਾਂਦੇ ਹਨ। ਕੁਝ ਦੇਰ ਬੈਠਦੀ ਹਾਂ, ਪਾਠ ਵਿਚ ਮਨ ਨਹੀਂ ਲਗਦਾ। ਪਰ ਇੱਕ ਬੁੱਤ ਵਾਂਗ ਜਿਵੇਂ ਵੱਡੇ ਛੋਟੇ ਕਹੀ ਜਾਂਦੇ ਹਨ, ਅਣਮੰਨੇ ਮਨ ਨਾਲ ਰਸਮੀ ਕਾਰਵਾਈਆਂ ਵਿਚ ਲੱਗ ਜਾਂਦੀ ਹਾਂ।

ਰਾਤ ਨੂੰ ਤਿੰਨੋ ਭੈਣਾਂ ਤੇਰੇ ਬੈਡ 'ਤੇ ਸੌਂਦੀਆਂ ਹਾਂ। ਆਸ ਸੀ ਕਿ ਸ਼ਾਇਦ ਤੁਸੀਂ ਕਿਤੇ ਸੁਪਨਿਆਂ ਵਿਚ ਹੀ ਮਿਲ ਜਾਵੋਂ। ਢੇਰ ਸਾਰੀਆਂ ਗੱਲਾਂ ਕਰਦੀਆਂ ਹਾਂ, ਨਾ-ਮੁੱਕਣ ਵਾਲੀਆਂ। ਸਾਹਮਣੇ ਕਾਣਸ ਉਤੇ ਤੁਹਾਡੀ ਤੇ ਭਾਬੀ-ਦੋਵਾਂ ਦੀਆਂ ਫੋਟੋਆਂ ਪਈਆਂ ਨੇ। ਅੱਖ ਬਚਾ ਕੇ ਤੁਹਾਡੇ ਵੱਲ ਦੇਖਦੀ ਹਾਂ। ਹੁਣੇ ਕਹੋਗੇ, 'ਬਹੁਤ ਰਾਤ ਹੋ ਗਈ, ਸੋ ਜਾਓ ਹੁਣ।'

ਸਾਡੇ ਸਾਹਾਂ ਵਰਗੇ ਵੀਰੇ ਮੈਨੂੰ ਲਗਦਾ ਕਿ ਅੱਗੇ ਕਦੇ ਨਹੀਂ ਅਜਿਹਾ ਹੋਇਆ ਸੀ ਕਿ ਮੈਂ ਯਾਦ ਕਰਾਂ, ਤੁਸੀਂ ਪਹੁੰਚੋ ਨਾ। ਨਿੱਕੇ ਹੁੰਦਿਆਂ ਜਦੋਂ ਨਾਨਕੇ ਪਿੰਡ ਬ੍ਰਾਹਮਣਮਾਜਰੇ ਰਹਿੰਦੇ ਸਾਂ ਤਾਂ ਕੋਈ ਵਧੀਆ ਖਾਣਾ ਜਾਂ ਸਕੂਲ ਰਿਜ਼ਲਟ ਜਾਂ



**ਐਫ. ਸੀ. ਆਈ ਦੇ ਤਤਕਾਲੀ ਮੈਨੇਜਰ ਤੇ ਐਫ. ਸੀ. ਆਈ. ਸਟਾਫ ਯੂਨੀਅਨ ਦੇ ਪ੍ਰਧਾਨ ਮਰਹੂਮ ਸੀ. ਐਮ. ਭਾਰਦਵਾਜ**

ਕੋਈ ਸਕੂਲ ਦੀ ਪ੍ਰਾਪਤੀ ਸਾਂਝੀ ਕਰਨੀ ਹੁੰਦੀ ਤਾਂ ਸਭ ਤੋਂ ਪਹਿਲਾਂ ਵੀਰੇ ਨੂੰ ਯਾਦ ਕਰਨਾ। 'ਬੇਬੇ' (ਸਾਡੀ ਨਾਨੀ) ਨੇ ਕਹਿਣਾ, "ਇਹ ਦੋਵੇਂ ਜੁਆਕ ਰਹਿੰਦੇ ਤਾਂ ਮੇਰੇ ਕੋਲ ਹਨ ਪਰ ਸਕੇ ਇਹ ਆਪਣੇ ਦਾਦਕਿਆਂ ਦੇ ਹੀ ਨੇ।" ਅਕਸਰ ਜਿਉਂ ਹੀ ਮੈਂ ਯਾਦ ਕਰਨਾ, ਮਾਮਿਆਂ ਦੇ ਬੱਚਿਆਂ ਨੇ ਸਾਹੋ ਸਾਹੀ ਘਰ ਆ ਰੌਲਾ ਪਾ ਦੇਣਾ, "ਵੀਰਾ ਆਇਆ, ਉਥੇ ਹੱਟਾਂ 'ਤੇ ਬੈਠਾ ਲੱਛੂ ਗੋਗੀ ਹੋਣਾਂ ਕੋਲ।" ਬੇਬੇ ਨੇ ਕਹਿਣਾ, "ਲੈ ਬੇਬੇ ਨਾਨਕੀ ਤੇਰਾ ਵੀਰ ਆ ਗਿਆ, ਤੂੰ ਯਾਦ ਕਰੇਂ ਤੇ ਉਹ ਨਾ ਆਵੇ!" ਬੇਬੇ ਦੇ ਰੋਕਦਿਆਂ ਅਸੀਂ ਦੋਵਾਂ ਭੈਣ ਭਰਾ ਨੇ ਛੂਟ ਵੱਟ ਦੇਣੀ ਹੱਟਾਂ ਵੱਲ ਨੂੰ। ਇੱਕੋ ਸਾਹ ਇੱਕ ਦੂਜੇ ਤੋਂ ਅੱਗੇ ਹੋ ਹੋ ਆਪਣੇ ਜਮਾਤੀਆਂ, ਅਧਿਆਪਕਾਂ ਤੇ ਕਿਤਾਬਾਂ ਬਾਰੇ ਸਾਰਾ ਵੇਰਵਾ ਘਰ ਆਉਂਦੇ ਤਕ ਤੈਨੂੰ ਸੁਣਾ ਦੇਣਾ। ਤੂੰ ਵੀ ਹਰ ਗੱਲ ਨੂੰ ਬੜੇ ਗਹੁ ਨਾਲ ਸੁਣਨਾ। ਮੈਂ ਹਨੇਰੀ ਕੋਠੜੀ ਵਿਚੋਂ ਜਿਥੇ ਮੈਂ ਦਿਨ ਵਿਚ ਜਾਣ ਤੋਂ ਵੀ ਡਰਦੀ ਸੀ, ਭੱਜ ਕੇ ਖੋਏ ਦੀਆਂ ਪਿੰਨੀਆਂ ਕੱਢ ਲਿਆਉਣੀਆਂ। ਛੋਟੇ ਨੇ ਕੋਲੋਂ ਕਹਿਣਾ 'ਵੀਰੇ ਇਹਦੀਆਂ ਪਿੰਨੀਆਂ ਖਰਾਬ ਨੇ। ਮੈਨੂੰ ਨਹੀਂ ਦਿੰਦੀ, ਕਹਿੰਦੀ, ਮੈਂ ਤਾਂ ਆਪਣੇ ਵੀਰ ਵਾਸਤੇ ਰੱਖੀਆਂ ਨੇ। 'ਤੈਨੂੰ ਪਿੰਨੀਆਂ ਨ੍ਹੀਂ ਮਿਲੀਆਂ? ਚੱਲ ਤੂੰ ਹੁਣ ਖਾ ਲੈ' ਤੂੰ ਅੱਗੋਂ ਕਹਿਣਾ। ਮੈਂ ਡਰ ਜਾਣਾ, ਕਿਤੇ ਮੇਰਾ ਵੀਰ ਗੁੱਸੇ ਨਾ ਹੋਵੇ। ਛੋਟੇ ਨੂੰ 'ਫਿਰ ਪੁਛੂੰ ਤੈਨੂੰ' ਦੂਰੋਂ ਇਸ਼ਾਰਾ ਕਰਦੀ। 'ਮੈਂ ਤਾਂ ਆਪਣੀਆਂ ਕਦੋਂ ਦੀਆਂ ਖਤਮ ਕੀਤੀਆਂ ਨੇ,' ਛੋਟੇ ਨੇ ਕਹਿਣਾ, 'ਆਹ ਦੇਖ ਵੀਰੇ ਮੇਰੇ ਡੌਲੇ।' ਛੋਟੀ ਸੁੱਕੀ ਜਿਹੀ ਬਾਂਹ ਕੱਢ ਕੇ ਤੇਰੇ ਅੱਗੇ ਕਰ ਦੇਣੀ। ਤੂੰ ਮੁਸਕੜੀਏਂ ਹੱਸਦੇ ਕਹਿਣਾ, 'ਵਾਹ ਬਈ ਵਾਹ! ਤੂੰ ਤਾਂ ਮੱਲ ਬਣ ਗਿਆ। ਗਾਮੇ ਭਲਵਾਨ ਨਾਲ ਘੋਲ ਨਾ ਕਰਾ ਦੇਈਏ।' ਸਾਰੇ ਹਾਸੜ ਪੈ ਜਾਂਦਾ।

ਮਾਮੇ ਨੇ ਖੇਤੋਂ ਮੱਕੀ ਦੀਆਂ ਛੱਲੀਆਂ, ਹੋਲਾਂ, ਗੰਨੇ ਤੇ ਹੋਰ ਕਿੰਨਾ ਨਿੱਕ ਸੁੱਕ ਲਿਆ ਕੇ ਚੱਕੀ ਦੀ ਖੱਲ ਭਰ ਦੇਣੀ। ਰਾਤ ਨੂੰ ਖਾਊ ਪੀਊ ਤੋਂ ਵਿਹਲੇ ਹੋ ਕੇ ਮਾਮਾ ਜੋ ਛੜਾ ਸੀ ਤੇ ਤੇਰੇ ਤੋਂ 5-7 ਸਾਲ ਵੱਡਾ ਸੀ, ਨੇ ਕਹਿਣਾ, 'ਕਾਕੇ ਇਨ੍ਹਾਂ ਦੇ ਕੰਨ ਖਿੱਚ ਕੇ ਜਾਈਂ, ਰਜੰਟ (ਰਿਜ਼ਲਟ) ਵਧੀਆ ਲਿਆਉਣ, ਲੰਬਰ ਪੂਰੇ ਆਉਣ। ਕਿਤੇ ਇਥੋਂ ਦੇ ਜੁਆਕਾਂ ਨਾਲ ਰਲ ਕੇ ਪੜ੍ਹਨ ਈ ਨਾ।'

ਤੂੰ ਸਾਰੀ ਗੱਲ ਹਾਸੇ ਠੱਠੇ ਵਿਚ ਉਡਾ ਦਿੰਦਾ। ਅਸੀਂ ਡਰ ਜਾਂਦੇ, 'ਹੁਣ ਪਤਾ ਨਹੀਂ ਇਹ ਮਾਮਾ ਕੀ ਪੁੱਠਾ ਪੰਗਾ ਪਾਊ।' ਆਪ ਭਾਵੇਂ ਉਸ ਨੇ ਅੱਧੀ ਤੋਂ ਵੱਧ ਉਮਰ ਸਾਧਾਂ ਦੇ ਡੇਰਿਆਂ ਤੇ ਲੋਕਾਂ ਦੇ ਕੌਲੇ ਕੱਛਦਿਆਂ ਲੰਘਾਈ ਸੀ ਪਰ ਜਦੋਂ ਘਰ ਆ ਜਾਂਦਾ ਤਾਂ ਸਾਡਾ ਤਾਂ ਤਾਂਤੀਆ ਤੰਗ ਕਰ ਦਿੰਦਾ। ਅਸੀਂ ਦੋਵੇਂ ਸਾਊ ਸੁਭਾਅ ਦੇ ਤਾਂ ਸੀ ਹੀ ਪਰ ਜਦੋਂ ਕੋਈ ਅਜਿਹੀ ਗੱਲ ਆਉਂਦੀ ਤਾਂ ਅਸੀਂ ਹੋਰ ਵੀ ਸੁੰਗੜ ਜਾਂਦੇ ਕਿ ਸਾਥੋਂ ਕੋਈ ਗਲਤੀ ਨਾ ਹੋ ਜਾਵੇ ਜੋ ਸਾਡੇ ਵੀਰ ਨੂੰ ਸ਼ਰਮਿੰਦਾ ਕਰੇ। ਨਾਨਕੇ ਭਾਵੇਂ ਆਪਣਾ ਦੂਜਾ ਪਿੰਡ ਹੀ ਹੁੰਦੇ ਹਨ ਪਰ ਫਿਰ ਵੀ ਦਿਲ ਦਿਮਾਗ ਦੇ ਕਿਸੇ ਕੋਨੇ ਵਿਚ ਇਹ ਗੱਲ ਰੜਕਦੀ ਸੀ ਕਿ ਇਹ ਸਾਡਾ ਆਪਣਾ ਪਿੰਡ ਨਹੀਂ। ਕਦੇ ਕਦੇ ਤੂੰ ਸਾਨੂੰ ਸਾਇਕਲ 'ਤੇ ਘੱਗੇ ਸਕੂਲ ਛੱਡਣ ਜਾਂਦਾ ਤਾਂ ਸਾਡੇ ਜਮਾਤੀ, ਅਧਿਆਪਕ ਤੇਰੇ ਬਾਰੇ ਪੁਛਦੇ ਤਾਂ ਅਸੀਂ ਚਾਈਂ ਚਾਈਂ ਦਸਦੇ ਕਿ ਸਾਡਾ ਵੀਰਾ ਖਾਲਸਾ ਕਾਲਜ, ਪਟਿਆਲਾ ਦੀ ਕਬੱਡੀ ਤੇ ਵਾਲੀਬਾਲ ਟੀਮ ਦਾ ਕੈਪਟਨ ਹੈ। ਜਦੋਂ ਤੂੰ ਸਾਡੇ ਕੋਲ ਆਉਣਾ, ਤੇਰੇ




**ਸੀ. ਐਮ. ਭਾਰਦਵਾਜ ਦੀ ਪਹਿਲੀ ਬਰਸੀ 'ਤੇ ਐਫ. ਸੀ. ਆਈ. ਅਤੇ ਭਾਰਦਵਾਜ ਪਰਿਵਾਰ ਵਲੋਂ ਜਾਰੀ ਕੀਤਾ ਗਿਆ ਕੈਲੰਡਰ। ਮਰਹੂਮ ਭਾਰਦਵਾਜ ਨਾਲ ਉਸ ਦਾ ਸਾਹਾਂ ਵਰਗਾ ਕਾਲਜ ਸਮੇਂ ਦਾ ਦੋਸਤ ਮਰਹੂਮ ਰਘਵੀਰ ਸਿੰਘ ਫਾਊਂਡਰ ਐਫ. ਸੀ. ਆਈ. ਸਟਾਫ ਯੂਨੀਅਨ ਅਤੇ ਹੇਠਾਂ ਯੂਨੀਅਨ ਆਗੂ ਜੋਗਾ ਸਿੰਘ, ਹਰਿੰਦਰ ਸਿੰਘ ਤੇ ਹੋਰ।**

## ਤੁਰ ਗਿਆਂ ਨੂੰ ਚੇਤੇ ਕਰਦਿਆਂ

ਨਾਂਹ ਨਾਂਹ ਕਰਦਿਆਂ ਅਸੀਂ ਇੱਕ ਅੱਧਾ ਗੇੜਾ ਆਪਣੇ ਸਕੂਲ ਦਾ ਜਰੂਰ ਕਢਾ ਦੇਣਾ। ਤੇਰੇ ਬਾਰੇ ਗੱਲਾਂ ਕਰਨੀਆਂ ਸਾਡੇ ਮਨਾਂ ਨੂੰ ਭਾਉਂਦੀਆਂ।

ਹੁਣੇ ਹੀ ਕਹੇਂਗਾ, 'ਉਲਾਂਭੇ ਹੀ ਦੇਈ ਜਾਵੇਂਗੀ, ਕੋਈ ਗੱਲ ਵੀ ਕਰੇਂਗੀ?' ਵੀਰੇ ਤੇਰੀਆਂ ਗੱਲਾਂ ਮੁੱਕ ਗਈਆਂ, ਮੇਰੀਆਂ ਨਹੀਂ, ਸ਼ਾਇਦ ਕਦੇ ਵੀ ਨਹੀਂ। ਵੀਰੇ ਅਸੀਂ ਤੇਰੇ ਤੋਂ ਬਾਅਦ ਕਾਫੀ ਸਿਆਣੇ ਹੋਣ ਦੀ ਕੋਸ਼ਿਸ ਕਰਦੇ ਹਾਂ। ਛੋਟਾ ਭਰਾ ਪੰਮੀ ਤੇ ਸਾਡੀ ਜੀਅ ਜਾਨ ਚੈਰੀ ਹਰ ਜਿੰਮੇਵਾਰੀ ਨਿਭਾਉਂਦੇ ਨੇ ਸਾਰੇ। ਪਰ ਤੇਰੀ ਥਾਂ ਕੋਈ ਨਹੀਂ ਲੈ ਸਕਦਾ, ਚਾਰੇ ਭੈਣ-ਭਾਈ ਰਲ ਕੇ ਵੀ ਨਹੀਂ। ਫਿਰ ਲਊਗਾ ਵੀ ਕੋਈ ਤਾਂ ਜੇ ਅਸੀਂ ਦੇਵਾਂਗੇ। ਕਹਿੰਦੇ ਨੇ, ਸਮੇਂ ਨਾਲ ਜਖਮ ਭਰ ਜਾਂਦੇ ਨੇ, ਸ਼ਾਇਦ ਇਹ ਸਹੀ ਵੀ ਹੈ ਪਰ ਅੱਜ ਦੀ ਘੜੀ ਤਾਂ ਸਾਡਾ ਮੁਲਕ ਸੁੰਨਾ ਕਰ ਗਿਆ, ਬਹੁਤੀਆਂ ਅਕਲਾਂ ਵਾਲਿਆ ਵੀਰਾ। ਸਾਡਾ ਕੀ, ਤੇਰੀ ਨੰਨੀ ਜਿਹੀ ਗੁੱਡੋ ਕਿੰਨੇ ਸੁਆਲ ਕਰਦੀ ਹੈ, 'ਮੇਰੇ ਦਾਦੂ ਹਸਪਤਾਲ ਤੋਂ ਹੁਣ ਤਕ ਠੀਕ ਹੋ ਕੇ ਕਿਉਂ ਨਹੀਂ ਆਏ? ਪਾਰਕ ਵਿਚ ਉਨ੍ਹਾਂ ਦੇ ਫਰੈਂਡ ਬੈਠੇ ਆ, ਉਨ੍ਹਾਂ ਦੀ ਚੇਅਰ ਖਾਲੀ ਕਿਉਂ ਆ?' ਹੋਰ ਦੱਸਾਂ, ਇੱਕ ਦਿਨ ਚੈਰੀ ਨੇ ਤੁਹਾਡੀ ਗੱਡੀ ਬਾਹਰ ਕੱਢ ਲਈ, ਜਾ ਕੇ ਚਾਬੀਆਂ ਫੜ੍ਹ ਲਈਆਂ, 'ਇਹ ਮੇਰੇ ਵੱਡੇ ਪਾਪਾ ਦੀ ਗੱਡੀ ਹੈ, ਤੂੰ ਨਹੀਂ ਚਲਾਉਣੀ।' ਆਪਣਾ ਨਾਂ ਗੁੱਡੋ ਕਿਸੇ ਨੂੰ ਨੀਂ ਕਹਿਣ ਦਿੰਦੀ, ਇਹ ਮੇਰੇ ਦਾਦੂ ਹੀ ਕਹਿਣਗੇ, ਹੋਰ ਕੋਈ ਨੀਂ।' ਉਹਦੀਆਂ ਨਿੱਕੀਆਂ ਨਿੱਕੀਆਂ ਪੁੱਛਾਂ ਦਾ ਜੁਆਬ ਕਿਸੇ ਕੋਲ ਨਹੀਂ।

---

ਸਵੇਰ ਦੇ ਤਿੰਨ ਵਜਦੇ ਹਨ। ਜਦੋਂ ਪਾਠੀ ਰੋਲ ਬਦਲਣ ਲਈ ਆਉਂਦਾ ਹੈ ਤਾਂ ਵਿਚਾਰਾਂ ਦੀ ਲੜੀ ਟੁਟਦੀ ਹੈ। ਉਠ ਕੇ ਦੇਖਦੀ ਹਾਂ, ਸਾਰੇ ਗੂੜ੍ਹੀ ਨੀਂਦ ਸੌਂ ਰਹੇ ਹਨ। ਜਗਦੀ ਜੋਤ ਦੀ ਲਾਟ ਆਖਰੀ ਸਾਹਾਂ 'ਤੇ ਹੈ, ਫਟਾਫਟ ਹੱਥ ਮੂੰਹ ਧੋ ਕੇ ਜੋਤ ਵਿਚ ਘੀ ਪਾਉਂਦੀ ਹਾਂ, ਬੱਤੀ ਬਦਲਦੀ ਹਾਂ। ਪਾਠ ਸੁਣਨ ਦੀ ਕੋਸ਼ਿਸ ਕਰਦੀ ਹਾਂ, ਕਿਤੇ ਅਚੇਤ ਮਨ ਵਿਚ ਇਹ ਵੀ ਖਿਆਲ ਆਉਂਦਾ ਹੈ ਕਿ ਸੁਣਿਆਂ ਕਰਿਆ ਪਾਠ ਤੁਰ ਜਾਣ ਵਾਲੇ ਨੂੰ ਸਹਾਈ ਹੁੰਦਾ ਹੈ। ਪਰ ਜੇ ਮਨ ਦੀ ਇਕਾਗਰਤਾ ਹੋਵੇਗੀ, ਲਗਦਾ ਤਾਂ ਹੀ ਹੋਵੇਗਾ। ਕਲਬੂਤ ਪਾਠ ਵਿਚ ਹਾਜਰੀ ਦਾ ਦਮ ਭਰਦਾ ਹੈ ਪਰ ਦਿਲ...।

ਪਾਠੀ ਲੋਕ ਪ੍ਰਲੋਕ ਦੀਆਂ ਗਥਾਵਾਂ ਤੇ ਆਵਾ ਗਮਨ ਦੇ ਚੱਕਰਾਂ ਬਾਰੇ ਜੋਰ ਲਾ ਕੇ ਸਮਝਾ ਰਿਹਾ ਹੈ। ਪਰਿਵਾਰਕ ਤੌਰ 'ਤੇ ਸਾਰੇ ਬੈਠੇ ਪਾਠ ਵਿਚ ਸੁਰਤ ਟਿਕਾਉਣ ਦਾ ਯਤਨ ਕਰਦੇ ਹਾਂ। ਪਟਿਆਲਾ ਨਗਰ ਨਿਗਮ ਦੀਆਂ ਚੋਣਾਂ ਨੇ, ਜੋ ਪਿਛਲੇ ਸਾਲ ਤੈਂ ਵੀ ਲੜੀਆਂ ਸਨ, ਤੇਰੇ ਸਿਆਸੀ ਤੇ ਕਾਰੋਬਾਰੀ ਦੋਸਤ ਰੁਝੇ ਹੋਏ ਨੇ। ਉਨ੍ਹਾਂ ਦਾ ਸਮਾਂ ਤਾਂ ਕੀਮਤੀ ਹੈ, ਪਰ ਤੇਰੇ ਸਾਥੀ ਮੰਤਰੀ ਬ੍ਰਹਮ ਮਹਿੰਦਰਾ ਨੇ ਜਰੂਰ ਹਾਜਰੀ ਲੁਆਈ। ਭੈਣ-ਭਾਈ, ਰਿਸ਼ਤੇਦਾਰ, ਸਾਕ-ਸਬੰਧੀ ਤੇ ਤੇਰੇ ਐਫ. ਸੀ. ਆਈ. ਪਰਿਵਾਰ ਦੀ ਆਵਾਜਾਈ ਸ਼ੁਰੂ ਹੋ ਜਾਂਦੀ ਹੈ। ਰਾਘਵ ਕੈਨੇਡਾ ਬੈਠੀ ਤੇਰੀ ਧੀ ਨੂੰ ਬਰਸੀ ਸਮਾਗਮ ਦੀ ਸਾਰੀ ਕਾਰਵਾਈ ਮੋਬਾਇਲ 'ਤੇ ਲਾਈਵ ਦਿਖਾ ਰਿਹਾ ਹੈ। ਉਥੇ ਅੱਧੀ ਰਾਤ ਦਾ ਵੇਲਾ ਹੈ, ਕਮਲੀ ਜਾਰੋ ਜਾਰ ਰੋਈ ਜਾ ਰਹੀ ਹੈ। ਕੀ ਕਹੀਏ ਉਹਨੂੰ? ਉਹਨੂੰ ਚੁਪ ਕਰਾਉਣ ਦੀ ਕੋਸ਼ਿਸ ਕਰਦੀ ਹਾਂ ਪਰ ਢਾਰਸ ਹੱਥਾਂ ਵਿਚੋਂ ਕਿਰਦੀ ਜਾਂਦੀ ਹੈ।

ਐਫ. ਸੀ. ਆਈ. ਤੋਂ ਵੀਰ ਜੋਗਾ ਸਿੰਘ ਤੇ ਛੋਟਾ ਭਰਾ ਕੈਲੰਡਰ ਤੇ ਖਬਰ ਦਾ ਮੈਟਰ ਲੈ ਕੇ ਕੋਲ ਆ ਬੈਠਦੇ ਨੇ। ਨੀਵੀਂ ਪਾਇਆਂ ਹੀ 'ਭੈਣ ਆਪਾਂ ਹੁਣ ਖਬਰਾਂ ਲੁਆਈਏ' ਕਹਿੰਦੇ ਨੇ। ਓ ਹੋ ਖਬਰਾਂ ਬਾਰੇ ਤਾਂ ਮੈਂ ਸੋਚਿਆ ਹੀ ਨਹੀਂ। ਘਰ ਵਿਚ ਚਾਰੇ ਪਾਸੇ ਇੱਕ ਟੁਟਵੀਂ ਆਸ ਜਿਹੀ ਨਾਲ ਨਿਗ੍ਹਾ ਮਾਰਦੀ ਹਾਂ। ਅੱਖਾਂ ਪੂੰਝ ਕੇ ਆਪਣੀ ਡਿਊਟੀ 'ਤੇ ਹਾਜਰ ਹੋ ਜਾਂਦੀ ਹਾਂ। ਆਪਣੇ ਸਾਥੀ ਪੱਤਰਕਾਰਾਂ ਨੂੰ ਬੇਨਤੀ ਕਰਦੀ ਹਾਂ, ਖਬਰਾਂ ਲੁਆਉਣ ਲਈ। ਰਾਤ ਦੇ 11 ਵਜ ਜਾਂਦੇ ਹਨ, ਖਬਰਾਂ ਭੇਜਦਿਆਂ। ਪਤਾ ਨਹੀਂ ਕੀ ਬਣੂੰ ਸਵੇਰ ਨੂੰ। ਚੋਣਾਂ ਦਾ ਸਮਾਂ ਹੈ, ਉਤੋਂ ਖਬਰਾਂ ਵੀ ਲੇਟ ਹੋ ਗਈਆਂ। ਸੋਚਦਿਆਂ ਨੀਂਦ ਆ ਜਾਂਦੀ ਹੈ। ਪਰ ਸਵੇਰੇ ਉਠਦਿਆਂ ਹੀ ਜਦੋਂ ਅਖਬਾਰਾਂ 'ਤੇ ਝਾਤੀ ਮਾਰਦੀ ਹਾਂ ਤਾਂ ਹਰ ਪਾਸੇ ਤੇਰੀਆਂ ਹੀ ਖਬਰਾਂ ਨੇ। ਹੁਣ ਫਿਰ ਮਨ ਵੈਰਾਗਮਈ ਸ਼ੁਕਰਾਨੇ ਦੇ ਸੁਮੇਲ 'ਤੇ ਹੈ। ਤੂੰ ਨਾਂ ਛਪਣ 'ਤੇ ਹੀ ਕਿੰਨਾ ਖੁਸ਼ ਹੁੰਦਾ ਸੀ ਤੇ ਹੁਣ ਚਾਰ ਚਾਰ ਕਾਲਮੀ ਖਬਰਾਂ ਲੱਗ ਗਈਆਂ, ਤੂੰ ਹੂੰ ਤਕ ਨਹੀਂ ਕੀਤੀ। ਕਾਸ਼! ਉਹ ਦਿਨ ਵਾਪਸ ਆ ਜਾਣ।

# ਤੁਮ ਮੁਝੇ ਯੂੰ ਭੁਲਾ ਨਾ ਪਾਓਗੇ...

**38ਵੀਂ ਬਰਸੀ 'ਤੇ ਵਿਸ਼ੇਸ਼**

ਰੱਬ ਨੇ ਇਸ ਕਾਇਨਾਤ ਵਿਚ ਕੁਝ ਅਜਿਹੇ ਮਨੁੱਖ ਪੈਦਾ ਕੀਤੇ ਜੋ ਉਸ ਦੀ ਬਖਸ਼ੀ ਦਾਦ ਸਦਕਾ ਸੰਸਾਰ 'ਚ ਆਪਣੀ ਇਕ ਵਿਲੱਖਣ ਪਛਾਣ ਬਣਾ ਕੇ ਹਮੇਸ਼ਾ ਹਮੇਸ਼ਾ ਲਈ ਅਮਰ ਹੋ ਗਏ। ਅੱਜ ਜਦੋਂ ਵੀ ਦੁਨੀਆਂ 'ਚ ਆਵਾਜ਼ ਦੇ ਜਾਦੂਗਰਾਂ ਦੀ ਗੱਲ ਚੱਲਦੀ ਹੈ ਤਾਂ ਬਿਨਾ ਸ਼ੱਕ ਇਕ ਨਾਂ ਆਪਣੇ ਆਪ ਸਾਹਮਣੇ ਆ ਖਲੋਂਦਾ ਹੈ, ਉਹ ਨਾਂ ਹੈ ਬਾਲੀਵੁੱਡ ਦੇ ਪਿਠਵਰਤੀ ਮਹਾਨ ਗਾਇਕ ਮੁਹੰਮਦ ਰਫੀ। ਗੀਤ ਹੋਵੇ ਜਾਂ ਗਜ਼ਲ ਜਾਂ ਫਿਰ ਕੱਵਾਲੀ; ਨਾਅਤ ਹੋਵੇ ਜਾਂ ਸ਼ਬਦ ਜਾਂ ਫਿਰ ਭਜਨ-ਮੁਹੰਮਦ ਰਫੀ ਨੇ ਹਰ ਤਰ੍ਹਾਂ ਦੀ ਗਾਇਕੀ 'ਚ ਆਪਣਾ ਲੋਹਾ ਮੰਨਵਾਇਆ।

ਅੱਜ ਭਾਵੇਂ ਉਨ੍ਹਾਂ ਨੂੰ ਸਾਥੋਂ ਵਿਛੜਿਆਂ ਕਰੀਬ ਚਾਰ ਦਹਾਕੇ ਬੀਤ ਚੁਕੇ ਹਨ, ਫਿਰ ਵੀ ਉਨ੍ਹਾਂ ਦੀ

**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 91-98552-59650**

ਆਵਾਜ਼ ਦਾ ਜਾਦੂ ਸਰੋਤਿਆਂ ਦੇ ਸਿਰ ਚੜ੍ਹ ਕੇ ਉਸੇ ਤਰ੍ਹਾਂ ਬੋਲਦਾ ਹੈ, ਜਿਸ ਤਰ੍ਹਾਂ ਕਰੀਬ ਸੱਤ ਦਹਾਕੇ ਪਹਿਲਾਂ ਬੋਲਦਾ ਸੀ। ਅੱਜ ਵੀ ਉਨ੍ਹਾਂ ਦੀ ਆਵਾਜ਼ ਜਦੋਂ ਕਦੀ ਰੇਡੀਓ ਤੋਂ ਸੁਣਦੀ ਹੈ ਤਾਂ ਬਿਨਾ ਸ਼ੱਕ ਕੰਨਾਂ 'ਚ ਸ਼ਹਿਦ ਘੋਲਦੀ ਪ੍ਰਤੀਤ ਹੁੰਦੀ ਹੈ ਤੇ ਰੂਹ ਨੂੰ ਇੱਕ ਤਰੋ ਤਾਜ਼ਗੀ ਦਿੰਦੀ ਹੈ।

ਮੁਹੰਮਦ ਰਫੀ ਦਾ ਜਨਮ ਅੰਮ੍ਰਿਤਸਰ ਲਾਗੇ ਪਿੰਡ ਕੋਟਲਾ ਸੁਲਤਾਨ ਸਿੰਘ ਵਿਖੇ 24 ਦਸੰਬਰ 1924 ਨੂੰ ਇਕ ਸਾਧਾਰਨ ਪਰਿਵਾਰ ਵਿਚ ਹੋਇਆ। ਉਨ੍ਹਾਂ ਦੇ ਵਾਲਿਦ ਹਾਜੀ ਅਲੀ ਮੁਹੰਮਦ ਇੱਕ ਬਹੁਤ ਹੀ ਨੇਕ ਤੇ ਧਾਰਮਿਕ ਬਿਰਤੀ ਵਾਲੇ ਇਨਸਾਨ ਸਨ। ਮੁਹੰਮਦ ਰਫੀ ਛੇ ਭਰਾਵਾਂ ਵਿਚੋਂ ਦੂਸਰੇ ਨੰਬਰ 'ਤੇ ਸੀ ਅਤੇ ਉਸ ਦਾ ਕੱਚਾ ਨਾਂ 'ਫੀਕੂ' ਸੀ। ਉਸ ਨੇ ਆਪਣੀ ਮੁਢਲੀ ਵਿਦਿਆ ਘਰ ਵਿਚ ਹੀ ਪ੍ਰਾਪਤ ਕੀਤੀ। ਬਚਪਨ ਤੋਂ ਹੀ ਗਾਉਣ ਦਾ ਸ਼ੌਕ ਸੀ ਜਿਸ ਕਰਕੇ ਪਿੰਡ ਦੇ ਸਕੂਲ ਵਿਚ ਦੂਜੀ ਜਮਾਤ ਤੱਕ ਹੀ ਪੜ੍ਹਾਈ ਕਰ ਸਕੇ।

ਮੁਹੰਮਦ ਰਫੀ ਨੇ ਆਪਣੇ ਗਾਉਣ ਦੀ ਪ੍ਰੇਰਣਾ ਦਾ ਖੁਲਾਸਾ ਕਰਦਿਆਂ ਇਕ ਇੰਟਰਵਿਊ ਦੌਰਾਨ ਕਿਹਾ ਸੀ ਕਿ ਉਹ ਦਸ-ਬਾਰਾਂ ਸਾਲ ਦੇ ਸਨ ਕਿ ਉਨ੍ਹਾਂ ਦੇ ਮੁਹੱਲੇ ਵਿਚ ਇੱਕ ਫਕੀਰ ਗੀਤ 'ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ' ਗਾ ਕੇ ਭੀਖ ਮੰਗਿਆ ਕਰਦਾ ਸੀ। ਉਸੇ ਦੀ ਨਕਲ ਕਰਦਿਆਂ ਉਹ ਵੀ ਇਹ ਗੀਤ ਸ਼ੌਕ ਨਾਲ ਗਾਇਆ ਕਰਦਾ ਸੀ ਤੇ ਕਈ ਵਾਰ ਫਕੀਰ ਦਾ ਪਿੱਛਾ ਕਰਦਾ ਬਹੁਤ ਦੂਰ ਨਿਕਲ ਜਾਂਦਾ।

ਇਸੇ ਦੌਰਾਨ ਰਫੀ ਦੇ ਵਾਲਿਦ 1935 ਵਿਚ ਲਾਹੌਰ ਚਲੇ ਗਏ, ਜਿੱਥੇ ਉਨ੍ਹਾਂ ਨੇ ਭੱਟੀ ਗੇਟ ਦੇ ਨੂਰ ਮਹਿਲਾਂ ਵਿਚ ਇੱਕ ਪੁਰਸ਼ਾਂ ਦਾ ਸੈਲੂਨ ਸ਼ੁਰੂ ਕਰ ਦਿਤਾ। ਰਫੀ ਦੇ ਵੱਡੇ ਭਰਾ ਮੁਹੰਮਦ ਦੀਨ ਦੇ ਇੱਕ ਦੋਸਤ ਅਬਦੁਲ ਹਮੀਦ ਨੇ ਲਾਹੌਰ ਵਿਚ ਰਫੀ ਦੀ ਪ੍ਰਤਿਭਾ ਨੂੰ ਪਛਾਣਦਿਆਂ ਉਸ ਨੂੰ ਗਾਇਕੀ ਵੱਲ ਉਤਸ਼ਾਹਿਤ ਕੀਤਾ। ਅਬਦੁਲ ਹਮੀਦ ਨੇ ਹੀ ਬਾਅਦ ਵਿਚ ਰਫੀ ਦੇ ਬਜ਼ੁਰਗਾਂ ਨੂੰ ਰਫੀ ਨੂੰ ਮੁੰਬਈ ਭੇਜਣ ਵਾਸਤੇ ਮਨਾਇਆ। ਰਫੀ ਨੂੰ ਪਹਿਲੀ ਵਾਰ 13 ਸਾਲ ਦੀ ਉਮਰੇ ਕੇ. ਐਲ. ਸਹਿਗਲ ਦੀ ਮੌਜੂਦਗੀ ਵਿਚ ਲਾਹੌਰ ਵਿਖੇ ਉਦੋਂ ਗਾਉਣ ਦਾ ਮੌਕਾ ਮਿਲਿਆ ਜਦ ਲਾਈਟ ਚਲੀ ਜਾਣ ਕਾਰਨ ਸਹਿਗਲ ਨੇ ਗਾਉਣ ਤੋਂ ਨਾਂਹ ਕਰ ਦਿੱਤੀ ਤੇ ਪੰਡਾਲ ਵਿਚ ਹੰਗਾਮਾ ਮਚ ਗਿਆ। ਉਦੋਂ ਹੀ ਰਫੀ ਨੂੰ ਸਰੋਤਿਆਂ ਦੇ ਰੂਬਰੂ ਕੀਤਾ ਗਿਆ। ਜਿਉਂ ਹੀ ਰਫੀ ਨੇ ਗਾਉਣਾ ਸ਼ੁਰੂ ਕੀਤਾ, ਪੰਡਾਲ ਵਿਚ ਉਨ੍ਹਾਂ ਦੀ ਉਚੀ ਤੇ ਸੁਰੀਲੀ ਆਵਾਜ਼ ਸੁਣ ਕੇ ਦਰਸ਼ਕਾਂ 'ਚ ਜਿਵੇਂ ਸੁੰਨ ਹੋ ਗਏ।

ਇਸ ਪਿੱਛੋਂ 1941 ਵਿਚ ਰਫੀ ਨੇ ਸ਼ਿਆਮ ਸੁੰਦਰ ਦੇ ਅਧੀਨ ਦੋਗਾਣਾ ਗਾਇਆ। ਇਹ ਗਾਣਾ ਸੀ, 'ਸੋਹਣੀਏ ਨੀਂ, ਹੀਰੀਏ ਨੀਂ' ਜੋ ਉਸ ਨੇ ਜੀਨਤ ਬੇਗਮ ਨਾਲ ਲਾਹੌਰ 'ਚ ਪੰਜਾਬੀ ਫਿਲਮ 'ਗੁਲ ਬਲੋਚ' ਵਾਸਤੇ ਗਾਇਆ। ਇਥੋਂ ਹੀ ਰਫੀ ਦੀ ਗਾਇਕੀ ਦਾ ਮੁੱਢ ਬੱਝਾ। ਇਸ ਦੌਰਾਨ ਰਫੀ ਨੂੰ ਆਲ ਇੰਡੀਆ ਰੇਡੀਓ ਲਾਹੌਰ ਤੋਂ ਗਾਉਣ ਲਈ ਸੱਦਾ ਮਿਲਿਆ।

1944 ਵਿਚ ਮੁਹੰਮਦ ਰਫੀ ਮੁੰਬਈ ਚਲੇ ਗਏ ਜਿਥੇ ਉਨ੍ਹਾਂ ਅਬਦੁਲ ਹਮੀਦ ਨਾਲ ਮੁੰਬਈ ਦੇ ਭੀੜ-ਭਰੇ ਭਿੰਡੀ ਬਾਜ਼ਾਰ ਵਿਚ ਇੱਕ ਕਮਰਾ ਕਿਰਾਏ 'ਤੇ ਲੈ ਕੇ ਰਹਿਣਾ ਸ਼ੁਰੂ ਕੀਤਾ। ਕਵੀ ਤਨਵੀਰ ਨਕਵੀ ਨੇ ਮੁਹੰਮਦ ਰਫੀ ਨੂੰ ਫਿਲਮ ਨਿਰਮਾਤਾ ਅਬਦੁਰ ਰਸ਼ੀਦ, ਨਿਰਦੇਸ਼ਕ ਮਹਿਬੂਬ ਖਾਨ ਅਤੇ ਅਭਿਨੇਤਾ-ਨਿਰਦੇਸ਼ਕ ਨਜ਼ੀਰ ਆਦਿ ਨਾਲ ਮਿਲਵਾਇਆ।

ਗਾਉਣ ਦੇ ਆਪਣੇ ਅਲੱਗ ਅੰਦਾਜ਼ ਕਰਕੇ ਜਾਣੇ ਜਾਂਦੇ ਮੁਹੰਮਦ ਰਫੀ ਨੂੰ ਸ਼ਾਸਤਰੀ ਗੀਤਾਂ ਤੋਂ ਲੈ ਕੇ ਦੇਸ਼ ਭਗਤੀ ਦੇ ਗੀਤ, ਉਦਾਸ ਵਿਰਲਾਪ ਤੋਂ ਲੈ ਕੇ ਰੁਮਾਂਚਿਕ ਗੀਤ, ਗਜ਼ਲ, ਭਜਨ ਅਤੇ ਕੱਵਾਲੀ ਤੱਕ ਗਾਉਣ ਵਿਚ ਨਫਾਸਤ ਹਾਸਲ ਸੀ। ਉਨ੍ਹਾਂ ਨੂੰ ਫਿਲਮ ਦੇ ਅਦਾਕਾਰਾਂ ਦੀ ਆਵਾਜ਼ ਨਾਲ ਮਿਲਦੀ ਆਵਾਜ਼ ਵਿਚ ਗਾਉਣ ਦੀ ਵਿਲਖਣ ਯੋਗਤਾ ਕਰਕੇ ਜਾਣਿਆ ਜਾਂਦਾ ਸੀ। ਆਪਣੀ ਜਾਦੂਈ ਆਵਾਜ਼ ਕਰਕੇ 1950 ਅਤੇ 1970 ਦਰਮਿਆਨ ਰਫੀ ਹਿੰਦੀ ਫਿਲਮ ਉਦਯੋਗ ਵਿਚ ਸਭ ਤੋਂ ਵੱਧ ਲੋਕਪ੍ਰਿਆ ਗਾਇਕ ਸਨ। ਦਲੀਪ ਕੁਮਾਰ ਤੋਂ ਲੈ ਕੇ ਅਮਿਤਾਭ ਬੱਚਨ ਤੱਕ ਹਰ



ਛੋਟੇ-ਵੱਡੇ ਅਦਾਕਾਰ ਲਈ ਰਫੀ ਨੇ ਆਪਣੀ ਪਿਠਵਰਤੀ ਆਵਾਜ਼ ਮੁਹੱਈਆ ਕਰਵਾਈ। ਇਹੋ ਕਾਰਨ ਹੈ ਕਿ ਰਫੀ ਦੀ ਮੌਤ ਉਪਰੰਤ ਇਕ ਵਾਰ 'ਯਾ-ਹੂ' ਅਦਾਕਾਰ ਸ਼ਮੀ ਕਪੂਰ ਨੇ ਜਜ਼ਬਾਤੀ ਹੁੰਦਿਆਂ ਕਿਹਾ ਸੀ, ਅੱਜ ਉਨ੍ਹਾਂ ਦੀ ਆਵਾਜ਼ ਚਲੀ ਗਈ ਹੈ ਅਤੇ ਉਹ ਗੂੰਗੇ ਹੋ ਗਏ ਹਨ।

ਮੁਹੰਮਦ ਰਫੀ ਆਮ ਤੌਰ 'ਤੇ ਹਿੰਦੀ ਵਿਚ ਗਾਉਣ ਵਾਸਤੇ ਜਾਣੇ ਜਾਂਦੇ ਸੀ, ਜਿਸ ਉਪਰ ਉਨ੍ਹਾਂ ਨੂੰ ਬਹੁਤ ਮੁਹਾਰਤ ਹਾਸਲ ਸੀ। ਉਂਜ ਉਨ੍ਹਾਂ ਨੇ ਕਈ ਭਾਸ਼ਾਵਾਂ ਵਿਚ ਗਾਣੇ ਗਾਏ ਜਿਨ੍ਹਾਂ ਵਿਚ ਆਸਾਮੀ, ਕੋਂਕਣੀ, ਭੋਜਪੁਰੀ, ਉੜੀਆ, ਪੰਜਾਬੀ, ਬੰਗਾਲੀ, ਮਰਾਠੀ, ਸਿੰਧੀ, ਕੰਨੜ, ਗੁਜਰਾਤੀ, ਤੇਲਗੂ, ਮਗਾਹੀ, ਮੈਥਲੀ ਅਤੇ ਉਰਦੂ ਸ਼ਾਮਿਲ ਹਨ। ਭਾਰਤੀ ਭਾਸ਼ਾਵਾਂ ਤੋਂ ਇਲਾਵਾ ਰਫੀ ਨੇ ਅੰਗਰੇਜ਼ੀ, ਫਾਰਸੀ, ਅਰਬੀ, ਹੈਤੀਆਈ ਅਤੇ ਡੱਚ ਭਾਸ਼ਾਵਾਂ ਵਿਚ ਵੀ ਗਾਣੇ ਗਾਏ ਸਨ। ਇਕ ਵਾਰ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਹ ਦੂਜੀਆਂ ਭਾਸ਼ਾਵਾਂ ਵਿਚ ਇੰਨੀ ਨਿਪੁੰਨਤਾ ਨਾਲ ਕਿਵੇਂ ਗਾ ਲੈਂਦੇ ਹਨ? ਤਾਂ ਜਵਾਬ ਸੀ ਕਿ ਉਹ ਪਹਿਲਾਂ ਦੂਜੀ ਭਾਸ਼ਾ ਦੇ ਗੀਤਾਂ ਨੂੰ ਉਰਦੂ ਵਿਚ ਲਿਖ ਲੈਂਦੇ ਹਨ, ਉਸ ਉਪਰੰਤ ਪੂਰੀ ਤਰ੍ਹਾਂ ਰਿਹਰਸਲ ਕਰ ਕੇ ਉਹ ਗੀਤ ਗਾਉਂਦੇ ਹਨ। ਆਪਣੇ ਪੈਂਤੀ ਸਾਲਾਂ ਦੇ ਗਾਇਕੀ ਦੇ ਕੈਰੀਅਰ ਦੌਰਾਨ ਰਫੀ ਨੇ ਕਰੀਬ 26,000 ਗਾਣੇ ਗਾਏ।

ਇਕ ਵਾਰ ਕਿਸੇ ਅਖਬਾਰ 'ਚ ਖਬਰ ਛਪੀ ਕਿ ਕਿਸੇ ਸ਼ਹਿਰ ਵਿਚ ਫਾਂਸੀ ਦੀ ਸਜ਼ਾ ਪਾ ਚੁਕੇ ਇਕ ਮੁਜਰਿਮ ਤੋਂ ਜਦੋਂ ਆਖਰੀ ਖਾਹਿਸ਼ ਪੁੱਛੀ ਗਈ ਤਾਂ ਉਸ ਨੇ ਕੋਈ ਵੀ ਇੱਛਾ ਜਾਹਰ ਨਾ ਕੀਤੀ। ਜਦੋਂ ਉਸ ਤੋਂ ਮੁੜ ਮੁੜ ਪੁਛਿਆ ਗਿਆ ਤਾਂ ਉਸ ਨੇ ਮੁਹੰਮਦ ਰਫੀ ਦੇ ਇਕ ਗੀਤ 'ਓ ਦੁਨੀਆਂ ਕੇ ਰਖਵਾਲੇ, ਸੁਨ ਦਰਦ ਭਰੇ ਮੇਰੇ ਨਾਲੇ। ਜੀਵਨ ਅਪਨਾ ਵਾਪਸ ਲੇ ਲੇ, ਜੀਵਨ ਦੇਨੇ ਵਾਲੇ' ਸੁਣਨ ਦੀ ਤਮੰਨਾ ਜਾਹਰ ਕੀਤੀ। ਇਸ ਉਪਰੰਤ ਜੇਲ੍ਹ ਵਿਚ ਟੇਪ ਰਿਕਾਰਡ ਦਾ ਪ੍ਰਬੰਧ ਕੀਤਾ ਗਿਆ ਤੇ ਮੁਹੰਮਦ ਰਫੀ ਦਾ ਰਾਗ ਦਰਬਾਰੀ 'ਚ ਗਾਇਆ ਇਹ ਗੀਤ ਸੁਣਾ ਕੇ ਮੁਜਰਿਮ ਦੀ ਆਖਰੀ ਇੱਛਾ ਪੂਰੀ ਕੀਤੀ ਗਈ।

ਰਫੀ ਦੀ ਸ਼ਖਸੀਅਤ ਵਿਚ ਕਿਸ ਕਦਰ ਸਾਦਗੀ ਸੀ, ਜਿਸ ਦਾ ਅੰਦਾਜ਼ਾ ਅਸੀਂ ਇਸ ਗੱਲ ਤੋਂ ਹੀ ਲਾ ਸਕਦੇ ਹਾਂ ਕਿ ਫਿਲਮ 'ਨਸੀਬ' ਦੇ ਗੀਤ 'ਚਲ ਚਲ ਮੇਰੇ ਭਾਈ' ਦੀ ਰਿਕਾਰਡਿੰਗ ਉਪਰੰਤ ਉਨ੍ਹਾਂ ਆਪਣੇ ਘਰ ਆ ਕੇ ਬੇਟੇ ਸ਼ਾਹਿਦ ਰਫੀ ਨੂੰ ਪੁਰ ਜੋਸ਼ ਅੰਦਾਜ਼ ਵਿਚ ਕਿਹਾ ਕਿ ਬੇਟਾ ਤੈਨੂੰ ਪਤਾ ਹੈ ਕਿ ਅੱਜ ਮੈਂ ਆਪਣਾ ਇਕ ਗੀਤ ਅਮਿਤਾਭ ਬੱਚਨ ਨਾਲ ਰਿਕਾਰਡ ਕਰਵਾ ਕੇ ਆਇਆ ਹਾਂ। ਰਫੀ ਦੇ ਦਿਲ ਵਿਚ ਅਮਿਤਾਭ ਬੱਚਨ ਦੀ ਬੇਹੱਦ ਕਦਰ ਸੀ।

ਮੁਹੰਮਦ ਰਫੀ ਦੇ ਹਿੱਟ ਗੀਤਾਂ ਵਿਚੋਂ ਕੁਝ ਕੁ ਹਨ: ਯੇ ਦੁਨੀਆਂ ਯੇ ਮਹਿਫਿਲ ਮੇਰੇ ਕਾਮ ਕੀ ਨਹੀਂ; ਕਿਆ ਹੁਆ ਤੇਰਾ ਵਾਅਦਾ, ਵੋ ਕਸਮ ਵੋ ਇਰਾਦਾ; ਓ ਦੁਨੀਆਂ ਕੇ ਰਖਵਾਲੇ; ਦਿਲ ਦੀਯਾ ਦਰਦ ਲੀਆ; ਲਿਖੇ ਜੋ ਖਤ ਤੁਝੇ; ਐ ਮੁਹੱਬਤ ਜ਼ਿੰਦਾਬਾਦ; ਚਾਹੂੰਗਾ ਮੈਂ ਤੁਝੇ; ਆਦਮੀ ਮੁਸਾਫਿਰ ਹੈ; ਮੇਰੇ ਦੁਸ਼ਮਨ ਤੂ ਮੇਰੀ ਦੋਸਤੀ ਕੋ ਤਰਸੇ; ਯੇ ਜ਼ੁਲਫ ਅਗਰ ਖਿਲ ਕੇ; ਜਾਨ ਜਾਨੀ ਜਨਾਰਧਨ; ਨਫਰਤ ਕੀ ਦੁਨੀਆਂ ਕੋ ਛੋੜ ਕਰ; ਮੈਂ ਜੱਟ ਯਮਲਾ ਪਗਲਾ ਦੀਵਾਨਾ; ਪੱਥਰ ਕੇ ਸਨਮ; ਬਾਬੁਲ ਕੀ ਦੁਆਏਂ ਲੇਤੀ ਜਾ; ਚੌਦਵੀਂ ਕਾ ਚਾਂਦ ਹੋ; ਵਕਤ ਸੇ ਦਿਨ ਔਰ ਰਾਤ। ਕੁਝ ਪੰਜਾਬੀ ਗੀਤ ਹਨ: ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ; ਚਿੱਟੇ ਦੰਦ ਹੱਸਣੋਂ ਨਹੀਂਓਂ ਰਹਿੰਦੇ; ਦਾਣਾ ਪਾਣੀ ਖਿਚ ਲਿਆਉਂਦਾ। ਧਾਰਮਿਕ ਸ਼ਬਦ: ਮਿੱਤਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ; ਨਾਨਕ ਨਾਮ ਜਹਾਜ ਹੈ; ਦੁੱਖ ਭੰਜਨ ਤੇਰਾ ਨਾਮ ਜੀ; ਜਿਸ ਕੇ ਸਿਰ ਊਪਰ ਤੂੰ ਸੁਆਮੀ; ਮੈਂ ਤੇਰੇ ਦਰ ਪੇ ਆਇਆ ਹੂੰ; ਯਾ ਖੁਦਾ ਸੋਈ ਕਿਸਮਤ ਜਗਾ ਦੇ; ਹਰ ਮੁਸਲਮਾਂ ਕੋ ਹਾਜੀ ਬਨਾ ਦੇ। ਰਫੀ ਦੇ ਇਹ ਸਾਰੇ ਗੀਤ ਜ਼ਬਰਦਸਤ ਹਿੱਟ ਰਹੇ।

ਰਫੀ ਨੇ ਛੇ ਫਿਲਮਫੇਅਰ ਤੇ ਇੱਕ ਨੈਸ਼ਨਲ ਫਿਲਮ ਅਵਾਰਡ ਪ੍ਰਾਪਤ ਕੀਤਾ ਸੀ। 1967 ਵਿਚ ਉਸ ਨੂੰ ਭਾਰਤ ਸਰਕਾਰ ਵਲੋਂ ਪਦਮਸ਼੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।

ਆਵਾਜ਼ ਦੀ ਦੁਨੀਆਂ ਦਾ ਇਹ ਮਹਾਨ ਸਿਤਾਰਾ (ਹਾਜੀ ਮੁਹੰਮਦ ਰਫੀ) 31 ਜੁਲਾਈ 1980 ਨੂੰ ਹਾਰਟ ਅਟੈਕ ਕਾਰਨ ਮੁੰਬਈ ਦੇ ਹਸਪਤਾਲ ਵਿਚ ਰਾਤੀਂ 10:20 ਵਜੇ ਇਸ ਫਾਨੀ ਦੁਨੀਆਂ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਿਆ ਅਤੇ ਗਾਇਕੀ ਦੀ ਦੁਨੀਆਂ ਵਿਚ ਇੱਕ ਅਜਿਹੀ ਖਲਾਅ ਪੈਦਾ ਕਰ ਗਿਆ ਜਿਸ ਦੀ ਪੂਰਤੀ ਹੋਣੀ ਮੁਮਕਿਨ ਨਹੀਂ। ਆਪਣੇ ਬੇ-ਮਿਸਾਲ ਗੀਤਾਂ ਤੇ ਲਾ-ਜਵਾਬ ਹੱਸ ਮੁੱਖ ਤੇ ਮਿਲਣ ਸਾਰ ਸ਼ਖਸੀਅਤ ਦੇ ਕਾਰਨ ਉਹ ਰਹਿੰਦੀ ਦੁਨੀਆਂ ਤੱਕ ਆਪਣੇ ਚਾਹੁਣ ਵਾਲਿਆਂ ਦੇ ਦਿਲਾਂ ਵਿਚ ਜ਼ਿੰਦਾ ਰਹਿਣਗੇ। ਸ਼ਾਇਦ ਇਸੇ ਲਈ ਮੁਹੰਮਦ ਰਫੀ ਨੇ ਆਪਣੇ ਗਾਏ ਗੀਤ 'ਚ ਕਿਹਾ ਸੀ:

ਤੁਮ ਮੁਝੇ ਯੂੰ ਭੁਲਾ ਨਾ ਪਾਓਗੇ
ਜਬ ਕਭੀ ਭੀ ਸੁਨੋਗੇ ਗੀਤ ਮੇਰੇ
ਸੰਗ-ਸੰਗ ਤੁਮ ਭੀ ਗੁਨ-ਗੁਨਾਓਗੇ।

# ਪੰਜਾਬ ਨੂੰ ਦਰਪੇਸ਼ ਮੌਜੂਦਾ ਸੰਕਟ

ਪੰਜਾਬ ਇਸ ਵਕਤ ਕਈ ਸਮੱਸਿਆਵਾਂ ਦੇ ਰੂ-ਬ-ਰੂ ਹੈ। ਵੈਸੇ ਇਹ ਪੰਜਾਬ ਦੀ ਹੋਣੀ ਵੀ ਹੈ। 'ਪੰਜਾਬ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ'। ਇਥੋਂ ਦੀਆਂ ਸਮੱਸਿਆਵਾਂ ਦਾ ਲੰਮਾ ਇਤਿਹਾਸ ਹੈ। ਸੰਤਾਲੀ ਦੀ ਵੰਡ ਨੇ ਪੰਜਾਬ ਨੂੰ ਵੱਡੇ ਪੱਧਰ 'ਤੇ ਕੱਟਿਆ-ਵੱਢਿਆ। ਇਸ ਵੰਡ ਨਾਲ ਪਾਕਿਸਤਾਨ ਕੋਲ 62 ਫੀਸਦ ਪੰਜਾਬ ਚਲਾ ਗਿਆ। ਸਾਨੂੰ ਮਿਲਿਆ 38 ਫੀਸਦ ਪੰਜਾਬ। ਵੰਡ ਨੇ ਪੰਜਾਬ ਦੀ ਆਬਾਦੀ ਅਤੇ ਜ਼ਮੀਨੀ ਵੰਡ ਦਾ ਲੱਕ ਤੋੜ ਦਿੱਤਾ। ਇਸ ਨਾਲ ਸਾਡੀ ਆਰਥਿਕਤਾ ਤੇ ਸਾਂਝੀ ਰਹਿਤਲ ਨੂੰ ਭਾਰੀ ਸੱਟ ਵੱਜੀ। ਪੰਜਾਬ ਵਿਸ਼ਾਲ ਤੋਂ ਸੁੰਗੜ

**ਡਾ. ਮਹਿਲ ਸਿੰਘ**
**ਫੋਨ: 91-98722-66667**

ਗਿਆ ਹੈ। ਫਿਰ ਕਿਸੇ ਹੋਰ ਨੇ ਨਹੀਂ, ਅਸਾਂ ਖੁਦ 1966 ਵਿਚ ਪੰਜਾਬ ਨੂੰ ਛੋਟਾ ਕਰ ਲਿਆ। ਪੰਜਾਬ ਵਿਚੋਂ ਬਿਨਾਂ ਮੰਗੇ ਦੋ ਨਵੇਂ ਸੂਬੇ ਬਣ ਗਏ। ਹਰਿਆਣੇ ਨੂੰ 12 ਫੀਸਦ ਅਤੇ ਹਿਮਾਚਲ ਨੂੰ ਤਕਰੀਬਨ 8 ਫੀਸਦ ਇਲਾਕਾ ਮਿਲ ਗਿਆ। ਹੁਣ ਸਾਡਾ 18 ਫੀਸਦ ਦਾ ਪੰਜਾਬ ਹੈ। ਇਸ ਕੱਟ-ਵੱਢ ਨੇ ਅਖੀਰ ਆਪਣਾ ਰੰਗ ਤਾਂ ਦਿਖਾਉਣਾ ਹੀ ਸੀ। ਪੰਜਾਬ ਕੇਵਲ ਖੇਤੀ ਪ੍ਰਧਾਨ ਮੈਦਾਨੀ ਇਲਾਕੇ ਤੱਕ ਸੀਮਿਤ ਹੋ ਗਿਆ। ਸਨਅਤ ਦੀ ਵੱਡੀ ਸੰਭਾਵਨਾ ਵਾਲਾ ਠੰਢਾ ਇਲਾਕਾ ਹਿਮਾਚਲ ਸਾਡੇ ਕੋਲੋਂ ਦੂਰ ਹੋ ਗਿਆ। ਰਾਜਧਾਨੀ ਦਿੱਲੀ ਨਾਲ ਰਾਜਸੀ ਰੂਪ ਵਿਚ ਜੁੜਨ ਵਾਲਾ ਵਾਪਰਕ ਤੇ ਸਨਅਤੀ ਕਿੱਤਿਆਂ ਵਾਲਾ ਹਰਿਆਣਾ ਵੀ ਅਸੀਂ ਆਪਣਾ ਸ਼ਰੀਕ ਬਣਾ ਲਿਆ। ਮੁਲਕ ਦੀ ਰਾਜਧਾਨੀ ਨਾਲ ਜੁੜਨ ਦੇ ਸਿੱਟੇ ਵਜੋਂ ਹੀ ਹਰਿਆਣਾ ਵਿਚ ਕਈ ਬਰਕਤਾਂ ਹਨ। ਸਾਡਾ ਇਹ ਚੱਪਾ-ਰੋਟੀ ਜਿੱਡਾ ਪੰਜਾਬ ਹੁਣ ਹਾਲੋਂ-ਬੇਹਾਲ ਹੋਇਆ ਪਿਆ ਹੈ।

ਅਸੀਂ ਪਾਕਿਸਤਾਨ ਤੋਂ ਭੱਜ ਆਏ ਸੀ ਕਿਉਂਕਿ ਉਥੇ ਪਾਕਿਸਤਾਨ ਵੱਖਰਾ ਇਸਲਾਮੀ ਮੁਲਕ ਬਣ ਗਿਆ ਸੀ। ਇਹ ਸਾਡੀ ਰਾਜਸੀ ਮਜਬੂਰੀ ਸੀ ਅਤੇ ਹੁਕਮਰਾਨਾਂ ਦਾ ਹੁਕਮ। ਫਿਰ 1966 ਵਿਚ ਅਸਾਂ ਪੰਜਾਬੀ ਭਾਈਚਾਰੇ ਦੇ ਸੰਗਠਨ ਨੂੰ ਭਾਰੀ ਸੱਟ ਮਾਰੀ। ਪੰਜਾਬੀ ਹਿੰਦੂਆਂ ਨੂੰ ਹਰਿਆਣੇ ਅਤੇ ਹਿਮਾਚਲ ਵੱਲ ਧੱਕਣ ਦਾ ਯਤਨ ਕੀਤਾ। ਇਸ ਨਾਲ ਪੰਜਾਬ ਦੇ ਕਾਰੋਬਾਰੀ/ਵਪਾਰਕ ਅਤੇ ਸਨਅਤੀ ਘਰਾਣੇ ਦੂਰ ਹੋ ਗਏ। ਅਜੋਕਾ ਪੰਜਾਬ ਕੇਵਲ ਤੇ ਕੇਵਲ ਖੇਤੀ ਉਤਪਾਦਨ ਤੱਕ ਸੀਮਿਤ ਹੋ ਗਿਆ। ਇਹੀ ਨਹੀਂ, ਹਰਾ ਇਨਕਲਾਬ ਅੱਗੇ ਨਹੀਂ ਤੁਰਿਆ ਹੈ। ਅਸੀਂ ਖੇਤੀ ਉਤਪਾਦਨ ਦੇ ਕੱਚਾ ਮਾਲ ਤਕ ਸੀਮਿਤ ਰਹੇ ਹਾਂ। ਖੇਤੀ ਆਧਾਰਿਤ ਸਨਅਤੀਕਰਨ ਦਾ ਅਗਲਾ ਪੜਾਅ ਆਰੰਭ ਹੀ ਨਹੀਂ ਹੋਇਆ। ਸਿੱਟੇ ਵਜੋਂ ਹਰੇ ਇਨਕਲਾਬ ਨਾਲ ਸਿਰਫ ਵਕਤੀ ਹੁਲਾਰਾ ਹੀ ਮਿਲਿਆ। ਇਹ ਖੇਤੀ ਵਿਕਾਸ ਦੀ ਲਗਾਤਾਰਤਾ ਬਣਾਈ ਰੱਖਣ ਵਿਚ ਅਸਫਲ ਰਿਹਾ ਹੈ। ਇਉਂ ਹਰਾ ਇਨਕਲਾਬ ਕੇਵਲ ਤੇ ਕੇਵਲ ਖੇਤੀ ਉਤਪਾਦਨ ਦੇ ਵਾਧੇ ਦਾ ਸਬੱਬ ਤੇ ਕਾਰਨ ਬਣਿਆ। ਸਾਡਾ ਇਕੋ-ਇਕ ਨਿਸ਼ਾਨਾ ਖੇਤੀ ਉਪਜ ਵਿਚ ਵਾਧਾ ਕਰਨਾ ਸੀ। ਸਿੱਟੇ ਵਜੋਂ ਬੇਤਹਾਸ਼ਾ ਰਸਾਇਣ ਖਾਦਾਂ ਤੇ ਦਵਾਈਆਂ ਦੀ ਵਰਤੋਂ ਕੀਤੀ ਗਈ। ਨਾਲ ਸਾਰਾ ਜ਼ੋਰ ਜ਼ਮੀਨ ਵਿਚੋਂ ਪਾਣੀ ਕੱਢਣ ਉਤੇ ਲਗਾ ਦਿੱਤਾ। ਨਵੀਂ ਤਕਨੀਕ ਦੇ ਸਿੱਟੇ ਵਜੋਂ ਖੇਤੀ ਕਰਨੀ ਤਾਂ ਸੌਖੀ ਹੋ ਗਈ ਪਰ ਕਿਸਾਨੀ ਖੁਦ ਔਖੀ ਹੋ ਗਈ। ਨਾਲ ਹੀ ਔਖਾ ਹੋ ਗਿਆ ਪੰਜਾਬ ਦਾ ਵਾਤਾਵਰਨ। ਹੁਣ ਵਾਤਾਵਰਨ (ਜ਼ਮੀਨ ਤੇ ਹਵਾ) ਗੰਧਲਾ ਹੋ ਗਿਆ ਹੈ। ਜ਼ਮੀਨ ਹੇਠੋਂ ਪਾਣੀ ਮੁੱਕ-ਸੁੱਕ ਰਿਹਾ ਹੈ। ਹੁਣ ਸਾਨੂੰ ਇਹ ਚਿੰਤਾ ਸਤਾਉਣ ਲੱਗੀ ਹੈ ਕਿ ਇਥੇ ਰਹਿਣਾ ਕਿਵੇਂ ਹੈ। ਇਸ ਕਾਰਨ ਸਾਡੀ ਮਾਨਸਿਕਤਾ ਡਰੂ ਹੋ ਗਈ ਹੈ। ਪੰਜਾਬ ਹੁਣ ਕਈ ਖਤਰਨਾਕ ਅਤੇ ਬੇ-ਇਲਾਜ ਬਿਮਾਰੀਆਂ ਦਾ ਗੜ੍ਹ ਵੀ ਬਣ ਗਿਆ ਹੈ। ਅਜਿਹੀਆਂ ਬਿਮਾਰੀਆਂ ਦਾ ਵਾਇਰਸ ਹਵਾ 'ਚ ਘੁਲਣ ਦਾ ਅਨੁਮਾਨ ਹੈ। ਸਿਹਤ ਪੱਖੋਂ ਚੰਗੇ ਤੇ ਲੰਮੇ ਜੀਵਨ ਉਤੇ ਵੱਡਾ ਪ੍ਰਸ਼ਨ-ਚਿੰਨ੍ਹ ਲੱਗ ਚੁੱਕਾ ਹੈ।

ਮਸ਼ੀਨੀ ਖੇਤੀ ਨਾਲ ਹੱਥੀਂ ਕੰਮ ਕਰਨ ਦਾ ਕਲਚਰ ਗੁੰਮ-ਗੁਆਚ ਗਿਆ ਹੈ। ਕਿਸਾਨੀ ਵਿਚ ਵਿਹਲ ਹੁਣ ਵਰਤਾਰਾ ਬਣ ਗਿਆ ਹੈ। ਪਿਛਲੇ ਚਾਲੀ ਸਾਲ ਤੋਂ ਖੇਤੀ ਉਤਪਾਦਨ ਵਿਚ ਖੜੋਤ ਹੈ। ਖੇਤੀ ਲਾਗਤਾਂ ਲਗਾਤਾਰ ਵਧ ਰਹੀਆਂ ਹਨ। ਜੀਵਨ ਲੀਲਾ ਖਰਚੀਲੀ ਹੋ ਗਈ ਹੈ। ਆਪਣੇ ਸੁਭਾਅ ਪੱਖੋਂ ਕਿਸਾਨੀ ਬੇਪ੍ਰਵਾਹ ਵੀ ਹੈ। ਇਨ੍ਹਾਂ ਹਾਲਾਤ ਕਾਰਨ ਛੋਟੀ ਕਿਸਾਨੀ ਮਾੜੇ ਦੌਰ ਵਿਚ ਦਾਖਲ ਹੋ ਚੁੱਕੀ ਹੈ। ਸਨਅਤੀ ਤੇ ਵਪਾਰਕ ਤਜਰਬੇ ਵਾਲਿਆਂ ਨੂੰ ਅਸੀਂ ਪਹਿਲਾਂ ਹੀ ਆਪਣੇ ਤੋਂ ਦੂਰ ਕਰ ਛੱਡਿਆ ਹੈ। ਸਰਕਾਰੀ ਨੌਕਰੀਆਂ ਦਾ ਮਾਡਲ ਬੀਤੇ ਦੀ ਚੀਜ਼ ਹੋ ਗਿਆ ਹੈ। ਇਸ ਵਿਚ ਸਾਡੀ ਅਤੇ ਸਰਕਾਰ ਦੀ ਪੂਰੀ ਮਿਲੀ-ਭੁਗਤ ਹੈ।

ਪੰਜਾਬ ਵਿਚ ਪ੍ਰਾਈਵੇਟ ਸੈਕਟਰ ਉਤਰਿਆ ਹੀ ਨਹੀਂ ਹੈ। ਪੰਜਾਬ ਦਾ ਨੌਜਵਾਨ ਨਵੇਂ ਰੁਜ਼ਗਾਰ ਖੁਣੋਂ ਅਵਾਜ਼ਾਰ ਹੈ। ਖੇਤੀ ਵਿਚੋਂ ਅਸੀਂ ਪਹਿਲਾ ਹੀ ਵਿਹਲੇ ਹੋ ਚੁੱਕੇ ਹਾਂ। ਜਿਵੇਂ ਕਦੇ ਅਸੀਂ ਪਾਕਿਸਤਾਨ ਵਿਚੋਂ ਭੱਜੇ ਸਾਂ, ਉਵੇਂ ਹੀ ਹੁਣ ਅਸੀਂ ਪੰਜਾਬ ਵਿਚੋਂ ਵਿਦੇਸ਼ ਭੱਜਣ ਲਈ ਤਰਲੋਮੱਛੀ ਹਾਂ। ਸੋਚਵਾਨਾਂ ਨੂੰ ਪੰਜਾਬ ਦੇ ਵਾਤਾਵਰਨ ਤੇ ਬਿਮਾਰੀਆਂ ਦਾ ਡਰ ਖਾ ਰਿਹਾ ਹੈ। ਨੌਜਵਾਨਾਂ ਨੂੰ ਰੋਟੀ-ਰੋਜ਼ੀ ਦਾ ਮਸਲਾ ਸਤਾ ਰਿਹਾ ਹੈ। ਨੌਜਵਾਨ ਪੜ੍ਹਨ ਦੇ ਬਹਾਨੇ ਵਿਦੇਸ਼ ਜਾ ਰਹੇ ਹਨ। ਮਾਪੇ ਫਿਰ ਬੱਚਿਆਂ ਦੇ ਬਹਾਨੇ ਮਗਰੇ ਹੀ ਵਿਦੇਸ਼ ਵੱਲ ਰੁੜ੍ਹ-ਪੁੜ ਰਹੇ ਹਨ। ਇਹ ਪੜ੍ਹਾਈ ਕਾਫੀ ਖਰਚੀਲੀ ਹੈ। ਹਰ ਪੜ੍ਹਨ ਗਏ ਵਿਦਿਆਰਥੀ ਨੂੰ ਮਾਪੇ ਲੱਖਾਂ ਰੁਪਏ ਸਾਲਾਨਾ ਭੇਜ ਰਹੇ ਹਨ। ਇਹ ਸਾਰਾ ਪੈਸਾ ਤੇਜ਼ ਵਹਾਅ ਦੇ ਰੂਪ ਵਿਚ ਪੰਜਾਬ ਤੋਂ ਬਾਹਰ ਵਿਦੇਸ਼ ਵੱਲ ਰੁੜ੍ਹ ਰਿਹਾ ਹੈ। ਹੁਣ ਪਰਵਾਸੀਆਂ/ਵਿਦੇਸ਼ੀਆਂ ਨੇ ਪੰਜਾਬ ਵਿਚ ਪੈਸਾ ਲਗਾਉਣਾ ਛੱਡ ਦਿੱਤਾ ਹੈ; ਉਹ ਇਸ ਗੱਲ ਤੋਂ ਜਾਣੂ ਹੋ ਚੁੱਕੇ ਹਨ ਕਿ ਪੰਜਾਬ ਦਾ ਭਵਿਖ ਖਤਰਨਾਕ ਮੋੜ ਕੱਟ ਰਿਹਾ ਹੈ। ਇਸ ਰੁਝਾਨ ਕਾਰਨ ਪੰਜਾਬ ਆਰਥਿਕਤਾ ਤੇ ਪੈਸੇ ਪੱਖੋਂ ਅੰਦਰੋਂ ਖੋਖਲਾ ਹੋ ਰਿਹਾ ਹੈ। ਇਸ ਹਾਲਤ ਨੇ ਪੰਜਾਬ ਦੀ ਵਿੱਤੀ ਹਾਲਾਤ ਦਾ ਲੱਕ ਤੋੜ ਦਿੱਤਾ ਹੈ। ਸਿੱਟੇ ਵਜੋਂ ਸਾਡੀਆਂ ਜ਼ਮੀਨ-ਜਾਇਦਾਦਾਂ ਦੇ ਰੇਟ ਲਗਾਤਾਰ ਥੱਲੇ ਡਿੱਗ ਰਹੇ ਹਨ।

ਪੰਜਾਬ ਦੀਆਂ ਪਹਿਲੀਆਂ ਵੰਡਾਂ ਦੇ ਸੰਕਟ ਸੰਪਰਦਾਇਕ ਕਿਸਮ ਦੇ ਸਨ। ਹੁਣ ਦਾ ਸੰਕਟ ਸੰਪਰਦਾਇਕਤਾ ਤੋਂ ਪਾਰ ਹੈ। ਇਹ ਕਿਸੇ ਧਰਮ ਜਾਂ ਜਾਤ ਤੱਕ ਸੀਮਿਤ ਨਹੀਂ ਹੈ। ਨੌਜਵਾਨ ਰੁਲ ਰਿਹਾ ਹੈ। ਨੌਕਰੀਆਂ ਅਤੇ ਰੁਜ਼ਗਾਰ ਦੀ ਸੰਭਾਵਨਾ ਮੁੱਕ ਗਈ ਹੈ। ਖੇਤੀ, ਵਪਾਰ ਤੇ ਸਨਅਤ ਡਾਵਾਂਡੋਲ ਹੈ। ਸਭ ਨੂੰ ਭਵਿਖ ਡਰਾਉਣ ਲੱਗ ਰਿਹਾ ਹੈ। ਪੰਜਾਬ ਬਾਰੇ ਜਿਸ ਤਰ੍ਹਾਂ ਦੀ ਲੰਬੀ ਵਿਉਂਤਬੰਦੀ ਤੇ ਦੂਰ-ਅੰਦੇਸ਼ੀ ਮੰਗ ਕਰਦੀ ਸੀ, ਉਸ ਦੀ ਅਣਹੋਂਦ ਰਹੀ ਹੈ। ਸਭ ਡੰਗ-ਟਪਾਊ ਨੀਤੀਆਂ ਹਨ। ਪਿਛਲੇ ਚਾਲੀ ਸਾਲ ਤੋਂ ਪੰਜਾਬ ਨਿਰੰਤਰ ਖੜੋਤ ਵਿਚ ਹੀ ਨਹੀਂ, ਸਗੋਂ ਪਿਛਲ-ਪੈਰੀਂ ਰਸਾਤਲ ਵੱਲ ਜਾ ਰਿਹਾ ਹੈ।

ਪੰਜਾਬੀ ਆਪਣੇ ਵਿਰਸੇ ਦੇ ਸਭਿਆਚਾਰਕ ਮੁੱਲ-ਵਿਧਾਨ ਤੋਂ ਟੁੱਟ ਰਹੇ ਹਨ। ਨੌਜਵਾਨਾਂ ਦੀ ਸੋਚ ਜਾਂ ਸੀਰਤ ਹੀਰੋਇਜ਼ਮ/ਗੈਂਗਸਟਰੀ ਵਰਤਾਰੇ ਅਤੇ ਛਲਾਵੇ ਤੋਂ ਪ੍ਰਭਾਵਿਤ ਹੋ ਰਹੀ ਹੈ। ਹਾਲ ਹੀ 'ਚ ਕਿਸੇ ਵਿਆਹ ਪਾਰਟੀ ਵਿਚ ਜਾਣ ਦਾ ਮੌਕਾ ਮਿਲਿਆ। ਵਿਆਹ ਵਾਲੇ ਮੁੰਡੇ ਵੱਲੋਂ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ-ਮਿੱਤਰਾਂ ਨੂੰ ਨਾਲ ਹਥਿਆਰ ਲਿਆਉਣ ਲਈ ਕਿਹਾ ਗਿਆ ਸੀ। ਇਸ ਨੌਜਵਾਨ ਦੀ ਪੈਲੀ ਤਿੰਨ ਕਿੱਲੇ ਸੀ। ਹੋਰ ਰੁਜ਼ਗਾਰ ਵੀ ਕੋਈ ਨਹੀਂ ਹੈ। ਉਸ ਦੇ ਸਾਰੇ ਦੋਸਤ-ਮਿੱਤਰ, ਰਿਸ਼ਤੇਦਾਰ ਨੱਚਣ-ਗਾਉਣ ਵਿਚ ਲੱਗੇ ਹੋਏ ਸਨ ਅਤੇ ਨਸ਼ੇ ਦੀ ਲੋਰ ਵਿਚ ਰਿਸ਼ਤੇਦਾਰ ਫਾਇਰ ਕਰ ਰਹੇ ਸਨ। ਵਿਆਹ ਵਾਲਾ ਮੁੰਡਾ ਮਾਮੇ ਦੀ ਬੰਦੂਕ ਤੋਂ ਆਪਣੀ ਨਵੀਂ ਵਿਆਹੀ ਪਤਨੀ ਤੋਂ ਫਾਇਰ ਕਰਵਾ ਰਿਹਾ ਸੀ। ਨਵ-ਵਿਆਹੁਤਾ ਨੂੰ ਅਜਿਹਾ ਕਰਦਿਆਂ ਖੁਸ਼ੀ ਮਹਿਸੂਸ ਹੋ ਰਹੀ ਸੀ। ਦੇਖ ਕੇ ਹੈਰਾਨੀ ਵੀ ਹੁੰਦੀ ਹੈ ਤੇ ਚਿੰਤਾ ਵੀ। ਕਿਧਰ ਤੁਰ ਰਿਹਾ ਹੈ ਅਜੋਕਾ ਨੌਜਵਾਨ? ਅਜਿਹੀ ਮਾਅਰਕੇਬਾਜ਼ੀ ਨੌਜਵਾਨਾਂ ਦੀ ਜੀਵਨ ਜਾਚ ਕਿਉਂ ਬਣ ਰਹੀ ਹੈ?

ਅਜਿਹੇ ਬਹੁਤੇ ਘਰ-ਪਰਿਵਾਰ ਆਮ ਸਹੂਲਤਾਂ ਤੋਂ ਸੱਖਣੇ ਹਨ ਪਰ ਇਹ ਵਿਆਹ-ਪਾਰਟੀਆਂ ਮੌਕੇ ਹਥਿਆਰਾਂ ਦੀ ਫੋਕੀ ਫਾਇਰਿੰਗ ਨਾਲ ਭਰਪੂਰ ਹਨ। ਅਮੀਰ ਹੋਣ ਦੇ ਵਕਤੀ ਦਿਖਾਵੇ ਅਤੇ ਹੀਰੋਇਜ਼ਮ ਨੇ ਕਈ ਬੁਰਾਈਆਂ ਨੂੰ ਜਨਮ ਦਿੱਤਾ ਹੈ। ਬਾਜ਼ਾਰਾਂ ਵਿਚ ਫੈਲ ਰਹੇ ਸ਼ੌਪਿੰਗ ਮਾਲ ਅਤੇ ਕਾਰਪੋਰੇਟ ਸੈਕਟਰ ਦਾ ਆਪਣਾ ਲਭਾਉਣਾ ਪੱਖ ਹੈ। ਇਸ ਕਰਕੇ ਚਾਰ-ਚੁਫੇਰੇ ਚਕਾਚੌਂਧ ਦੀ ਭਗਦੜ ਮੱਚੀ ਨਜ਼ਰ ਆਉਂਦੀ ਹੈ। ਇਥੇ ਕੁਝ ਹੱਥ ਪੱਲੇ ਨਾ ਪੈਣ ਕਰਕੇ ਇਕੋ-ਇਕ ਰਾਹ ਇਥੋਂ ਭੱਜਣ ਦਾ ਰਹਿ ਗਿਆ ਹੈ। ਇਸੇ ਕਰਕੇ ਆਈਲੈੱਟਸ ਸੈਂਟਰਾਂ, ਅੰਬੈਸੀਆਂ ਅਤੇ ਏਅਰਪੋਰਟਾਂ ਵਿਚ ਭੀੜ ਦੀ ਮਾਰੋ-ਮਾਰ ਹੈ।

ਸੱਤਰ ਸਾਲ ਪਹਿਲਾਂ ਜਿਨ੍ਹਾਂ ਵਿਦੇਸ਼ੀ ਹਾਕਮਾਂ ਨੂੰ ਇੱਥੋਂ ਕੱਢਣ ਲਈ ਕਦੀ ਘੋਲ ਕੀਤਾ ਸੀ, ਹੁਣ ਅਸੀਂ ਉਨ੍ਹਾਂ ਹਾਕਮਾਂ ਦੇ ਮੁਲਕਾਂ ਵਿਚ ਪਨਾਹਗੀਰ ਹੋ ਜਾਣ ਦਾ ਮੋੜ ਕੱਟ ਰਹੇ ਹਾਂ। ਇਹ ਮੋੜਾ ਸਿਰਫ ਰੁਜ਼ਗਾਰ ਲੱਭਣ ਨਾਲ ਹੀ ਸਬੰਧਿਤ ਨਹੀਂ ਹੈ। ਇਸ ਨਾਲ ਪੰਜਾਬ ਦੇ ਵਿਤੀ ਸਰੋਤਾਂ ਦਾ ਘਾਣ ਹੋਣ ਲੱਗਾ ਹੈ। ਵਿਦੇਸ਼ ਜਾਣ ਲਈ ਕਰਜ਼ੇ ਚੁੱਕੇ ਜਾ ਰਹੇ ਹਨ, ਜ਼ਮੀਨਾਂ ਗਹਿਣੇ ਪੈ ਰਹੀਆਂ ਹਨ ਤੇ ਵਿਕਾਊ ਹੋ ਰਹੀਆਂ ਹਨ। ਹੁਣ ਤਾਂ ਅਜਿਹੀ ਖਰੀਦਦਾਰੀ ਦਾ ਗਾਹਕ ਵੀ ਘਟ ਗਿਆ ਹੈ ਕਿਉਂਕਿ ਖੇਤੀ ਘਾਟੇ ਦਾ ਸੌਦਾ ਹੋ ਕੇ ਰਹਿ ਗਈ ਹੈ। ਇਸ ਸਮੱਸਿਆ ਤੋਂ ਅਗਾਂਹ ਕਈ ਸਮੱਸਿਆਵਾਂ ਦਾ ਜੰਜਾਲ ਬਣ ਗਿਆ ਹੈ ਜਿਸ ਵਿਚ ਪੰਜਾਬ ਅਤੇ ਪੰਜਾਬੀ ਬੁਰੀ ਤਰ੍ਹਾਂ ਫਸ ਗਏ ਹਨ। ਇਸ ਦੇ ਹੱਲ ਲਈ ਦੂਰ-ਅੰਦੇਸ਼ੀ ਨਾਲ ਸਿਰ ਜੋੜ ਕੇ ਬੈਠਣ ਦੀ ਲੋੜ ਹੈ।

**ਕਿਸਾਨੀ ਦਰਦ**

# ਦਰਦ ਕਿਸਾਨੀ: ਪਿਛੋਕੜ 'ਤੇ ਇਕ ਝਾਤ (ਭਾਗ 7)

***ਹਰੇ ਇਨਕਲਾਬ ਨੇ ਭਾਰਤ ਨੂੰ ਅਨਾਜ ਦੀ ਤੋਟ ਤੋਂ ਸੁਰਖਰੂ ਕੀਤਾ ਪਰ ਮੁਲਕ ਨੂੰ ਸਵੈ-ਨਿਰਭਰ ਕਰਨ ਵਾਲਾ ਕਿਸਾਨ ਇਸੇ ਹਰੇ ਇਨਕਲਾਬ ਦੇ ਮਾਰੂ ਸਿੱਟਿਆਂ ਕਾਰਨ ਪੈਰੋਂ ਹਿੱਲ ਗਿਆ। ਉਸ ਦੀ ਬਾਂਹ ਫੜਨ ਵਾਲਾ ਕੋਈ ਨਹੀਂ। ਕਰਜ਼ੇ ਦੀ ਮਾਰ ਹੇਠ ਆਇਆ ਕਿਸਾਨ ਹੁਣ ਖੁਦਕੁਸ਼ੀਆਂ ਦੇ ਰਾਹ ਪੈ ਚੁਕਾ ਹੈ। ਉਸ ਦੀ ਮਦਦ ਲਈ ਕੋਈ ਨਹੀਂ ਬਹੁੜ ਰਿਹਾ। ਇਨ੍ਹਾਂ ਹਾਲਾਤ ਦੇ ਪਿਛੋਕੜ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਦੇ ਲੰਮੇ ਲੇਖ ਦੀ ਪਾਠਕਾਂ ਲਈ 7ਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਹਫਤੇ ਕੁ ਪਿਛੋਂ ਮੈਨੂੰ ਕਿਸੇ ਕਾਰਨ ਚੰਡੀਗੜ੍ਹ ਜਾਣਾ ਪਿਆ। ਬੱਸ ਸਟੈਂਡ ਜਾਣ ਲਈ ਮੈਂ ਘਰ ਪੰਜਾਬੀ ਬਾਗ ਤੋਂ ਸਾਈਕਲ 'ਤੇ ਨਿਕਲਿਆ। ਸਟੇਟ ਕਾਲਜ ਦੇ ਸਾਹਮਣੇ ਆ ਕੇ ਇਕ ਸਕੂਟਰ ਸਵਾਰ ਮੇਰੇ ਕੋਲੋਂ ਦੀ ਲੰਘਿਆ। ਮੈਨੂੰ ਦੇਖ ਕੇ ਉਸ ਨੇ ਹਾਰਨ ਮਾਰਿਆ ਤੇ ਥੋੜੀ ਦੂਰ ਜਾ ਕੇ ਪਿੱਛੇ ਮੁੜ ਆਇਆ। ਮੇਰੇ ਅੱਗੇ ਸਕੂਟਰ ਲਾ ਕੇ ਮੈਨੂੰ ਹੱਥ ਦੇ ਇਸਾਰੇ ਨਾਲ ਰੋਕ ਕੇ ਕਹਿਣ ਲੱਗਾ, "ਮੈਂ ਬੈਂਕ ਤੋਂ ਆਂ, ਤੁਹਾਡੀ ਟਰੈਕਟਰ ਦੇ ਕਰਜੇ ਦੀ ਕਿਸ਼ਤ ਨਹੀਂ ਪਹੁੰਚੀ। ਇੰਨੀ ਵਾਰ ਤੁਹਾਡੇ ਕੋਲ ਬੰਦੇ ਭੇਜ ਚੁਕੇ ਆਂ, ਤੁਸੀਂ ਭਰੀ ਨਹੀਂ। ਛੇਤੀ ਜਮ੍ਹਾ ਕਰਵਾਓ, ਨਹੀਂ ਤਾਂ ਤੁਹਾਡਾ ਨਾਂ ਡਿਫਾਲਟਰਾਂ ਵਿਚ ਪੈ ਜਾਣਾ ਐ।"

ਉਸ ਦੀ ਗੱਲ ਸੁਣ ਕੇ ਮੇਰੇ ਪੈਰਾਂ ਹੇਠੋਂ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਮਿੱਟੀ ਨਿਕਲ ਗਈ। ਮੈਂ ਸਹਿਮ ਗਿਆ ਕਿ ਪਤਾ ਨਹੀਂ ਇਸ ਸ਼ਹਿਰ ਵਿਚ ਕਿੰਨੇ ਕੁ ਲੋਕਾਂ ਨੂੰ ਪਤਾ ਹੈ ਕਿ ਮੈਂ ਬੈਂਕ ਦਾ ਕਰਜ਼ਦਾਰ ਹਾਂ ਤੇ ਕਿੰਨੇ ਬੰਦੇ ਉਗਰਾਹੀ ਲਈ ਮੇਰੇ ਪਿੱਛੇ ਪਏ ਹੋਏ ਹਨ। ਮੈਨੂੰ ਅਫਸੋਸ ਹੋਣ ਲੱਗਾ ਕਿ ਮੇਰਾ ਵਾਹ ਅਜਿਹੇ ਅਕਲ ਤੋਂ ਕੋਰੇ ਲੋਕਾਂ ਨਾਲ ਪਿਆ ਹੋਇਆ ਹੈ ਜਿਨ੍ਹਾਂ ਕੋਲ ਨਾ ਕਿਸੇ ਚਿੱਠੀ ਪੱਤਰ ਦਾ ਦਸਤੂਰ ਹੈ ਤੇ ਨਾ ਕੋਈ ਕਾਇਦਾ ਕਾਨੂੰਨ। ਇਨ੍ਹਾਂ ਦਾ ਸਭਿਅਤਾ ਨਾਲ ਕੋਈ ਲੈਣਾ-ਦੇਣਾ ਨਹੀਂ, ਵਰਨਾ ਸਵੇਰੇ ਸਾਢੇ ਸੱਤ ਵਜੇ ਕਿਸੇ ਨੂੰ ਸੜਕ 'ਤੇ ਘੇਰ ਕੇ ਲੋਨ ਦੀ ਕਿਸ਼ਤ ਬਾਬਤ ਕਿਉਂ ਪੁੱਛਣ? ਮੈਂ ਉਸ ਨੂੰ ਉਸੇ ਦੇ ਲਹਿਜੇ 'ਚ ਕਿਹਾ, "ਸਰਦਾਰ ਜੀ, ਸਵੇਰੇ ਸਵੇਰੇ ਕਿਉਂ ਦਮ ਚੜ੍ਹਾਇਆ ਹੋਇਆ ਐ? ਤੁਸੀਂ ਸਿਆਣੇ ਬਿਆਣੇ ਓਂ, ਇੱਦਾਂ ਸੜਕ 'ਤੇ ਭੁਗਤਾਨ ਹੋਇਆ ਕਰਦੇ ਐ?"

ਉਹ ਸਪਸ਼ਟੀਕਰਣ ਦਿੰਦਾ ਬੋਲਿਆ, "ਘੇਰਨ ਦੀ ਗੱਲ ਨਹੀਂ ਜੀ, ਮੈਂ ਤਾਂ ਤੁਹਾਨੂੰ ਇਤਲਾਹ ਦਿੱਤੀ ਹੈ। ਹੁਣ ਤਾਂ ਛੋਟੀ ਜੀ ਗੱਲ ਐ, ਫਿਰ ਵਧ ਜਾਣੀ ਐ।"

ਮੈਂ ਉਸ ਨੂੰ ਵੰਗਾਰ ਕੇ ਬੋਲਿਆ, "ਜਿੰਨੀ ਕੁ ਵਧ ਜਾਣੀ ਐ ਮੈਨੂੰ ਪਤਾ ਐ। ਜਮੀਨ 'ਤੇ ਲੋਨ ਲਿਐ, ਮੁਫਤ ਨ੍ਹੀਂ ਲਿਆ। ਜਾ ਕੇ ਬਣਦੀ ਕਾਰਵਾਈ ਕਰੋ, ਮੇਰੇ ਗੇੜੇ ਨਾ ਮਾਰੋ।" ਮੈਨੂੰ ਪਤਾ ਸੀ ਕਿ ਇਹ ਕਿਸ਼ਤ ਦੀ ਮਿਆਦ ਤੋਂ ਪਹਿਲਾਂ ਕੁਝ ਨਹੀਂ ਕਰ ਸਕਦੇ, ਦਬਕੇ ਮਾਰ ਕੇ ਕਰਜਦਾਰਾਂ ਨੂੰ ਜਲੀਲ ਕਰਦੇ ਹਨ।

ਉਹ ਖਸਿਆ ਕੇ ਬੋਲਿਆ, "ਗੇੜੇ ਵਾਲੀ ਕੋਈ ਗੱਲ ਨ੍ਹੀਂ। ਮੈਂ ਤਾਂ ਬਸ ਇੱਧਰ ਆਂਡੇ ਲੈਣ ਆਇਆ ਸੀ, ਤੁਸੀਂ ਮਿਲ ਗਏ। ਸੋਚਿਆ ਬੈਂਕ ਦਾ ਸੁਨੇਹਾ ਦੇ ਦੇਵਾਂ, ਨਹੀਂ ਦਿਨੇ ਲੱਭਣਾ ਪੈਣਾ ਐ। ਤੁਸੀਂ ਭਾਰ ਲਾਹੋਗੇ ਥੋਡਾ ਈ ਫੈਦਾ ਐ।"

ਮੈਂ ਕਿਹਾ, "ਅਵੱਸ਼ ਲਾਹਾਂਗਾ, ਸਮਾਂ ਆਉਣ ਦਿਓ।" ਇਹ ਸੁਣਾ ਕੇ ਮੈਂ ਸਾਈਕਲ ਨੂੰ ਪੈਡਲ ਮਾਰਿਆ ਤੇ ਉਸ ਨੇ ਸਕੂਟਰ ਨੂੰ ਕਿੱਕ। ਮੈਂ ਸੋਚਿਆ ਛੇਤੀ ਪਿੱਛਾ ਛੱਡ ਗਿਆ, ਨਹੀਂ ਤਾਂ ਬੱਸ ਤੋਂ ਲੇਟ ਕਰਵਾ ਦੇਣਾ ਸੀ।

ਅਗਲੇ ਦਿਨ ਮੈਂ ਖਾਲੀ ਪੀਰੀਅਡ ਵਿਚ ਆੜ੍ਹਤੀ ਕੋਲ ਗਿਆ। ਉਦੋਂ ਅਨਾਜ ਮੰਡੀ ਸਨੌਰੀ ਗੇਟ ਵਲ ਨਦੀ ਦਾ ਪੁਲ ਉਤਰ ਕੇ ਮਹਿੰਦਰਾ ਕਾਲਜ ਤੋਂ ਕੇਵਲ ਦਸ ਮਿੰਟ ਦੀ ਵਾਟ 'ਤੇ ਹੀ ਸੀ। ਆੜ੍ਹਤੀ ਕਈ ਕਿਸਾਨਾਂ ਦੇ ਝੁਰਮਟ ਵਿਚ ਬੈਠਾ ਉਨ੍ਹਾਂ 'ਚੋਂ ਇਕ ਨਾਲ ਗੱਲ ਕਰ ਰਿਹਾ ਸੀ। ਮੈਂ ਬਿਨਾ ਉਡੀਕੇ ਉਸ ਕੋਲ ਜਾ ਕੇ ਕਿਹਾ, "ਸੇਠ ਸਾਹਿਬ ਮੇਰਾ ਹਿਸਾਬ?" ਉਸ ਨੇ ਫਿਰ ਉਹੀ ਪੁਰਾਣਾ ਜਵਾਬ ਦਿੱਤਾ, "ਸਾਡੇ ਤਾਂ ਕੋਈ ਦੇਰ ਨੀ। ਪੈਸੇ ਪਿੱਛੋਂ 'ਤੇ ਈ ਨੀ ਆਏ।"

ਮੇਰੇ ਮਨ ਵਿਚ ਆਇਆ ਕਿ ਕਿਤੇ ਅਮਰੇ ਦੇ ਕਹਿਣ ਵਾਂਗ ਮੇਰੇ ਬਾਪੂ ਜਾਂ ਭਰਾਵਾਂ ਨੇ ਹੀ ਤਾਂ ਇਸ ਦੇ ਕੰਨ ਵਿਚ ਫੂਕ ਨਹੀਂ ਮਾਰ ਰੱਖੀ। ਸੰਝ ਨੂੰ ਪਿੰਡ ਜਾ ਕੇ ਅਮਰੇ ਨਾਲ ਗੱਲ ਕੀਤੀ। ਉਸ ਨੇ ਖਬਰ ਇਕੱਠੀ ਕਰ ਕੇ ਦਿੱਤੀ ਕਿ ਆੜ੍ਹਤੀ ਨੇ ਕਈ ਖਾਸ ਆਦਮੀਆਂ ਦਾ ਹਿਸਾਬ ਕਰ ਦਿੱਤਾ ਹੈ ਤੇ ਬਾਕੀਆਂ ਦਾ ਰਹਿੰਦਾ ਹੈ। ਹੁਣ ਮੈਨੂੰ ਆੜ੍ਹਤੀ ਦੇ ਕਿਰਦਾਰ 'ਤੇ ਵੀ ਸ਼ੱਕ ਪਿਆ।

ਹਫਤਾ ਭਰ ਕਣਕ ਦੀ ਬਿਜਾਈ ਦਾ ਕੰਮ ਚਲਦਾ ਰਿਹਾ ਤੇ ਮੈਂ ਕਿਤੇ ਨਾ ਜਾ ਸਕਿਆ। ਕਾਲਜ ਵਿਚੋਂ ਵੀ ਦੋ ਦਿਨ ਦੀ ਛੁੱਟੀ ਮਾਰਨੀ ਪਈ। ਬਿਜਾਈ ਕਰਦਿਆਂ ਸਾਡੀ ਮਸ਼ੀਨ ਵਿਚ ਖਰਾਬੀ ਆ ਗਈ। ਕੰਮ ਰੁਕ ਗਿਆ। ਅਮਰੇ ਨੂੰ ਕਿਹਾ ਕਿ ਜਾ ਕੇ ਅਮਰੇ ਲੁਹਾਰ ਨੂੰ ਬੁਲਾ ਲਿਆਵੇ। ਸਾਡੇ ਪਿੰਡ ਦੇ ਲੁਹਾਰ ਦਾ ਨਾਂ ਵੀ ਅਮਰਾ ਹੀ ਸੀ। ਬੱਸ ਇਨ੍ਹਾਂ ਦੇ ਨਾਂਵਾਂ ਪਿੱਛੇ ਇਨ੍ਹਾਂ ਦੀ ਜਾਤ ਲਾ ਕੇ ਹੀ ਲੋਕ ਫਰਕ ਕਰ ਲੈਂਦੇ ਸਨ। ਅਮਰੇ ਲੁਹਾਰ ਨੇ ਮੇਰੇ ਨੌਕਰ ਨੂੰ ਆਉਣ ਤੋਂ ਟਕੇ ਵਰਗਾ ਜਵਾਬ ਦੇ ਦਿੱਤਾ। ਅਮਰਾ ਲੁਹਾਰ ਉਮਰ ਵਿਚ ਮੇਰੇ ਨਾਲੋਂ ਦਸ ਕੁ ਸਾਲ ਵੱਡਾ ਮਿਲਣਸਾਰ ਬੰਦਾ ਸੀ। ਬਚਪਨ ਵਿਚ ਜਦੋਂ ਮੇਰੇ ਪਿਤਾ ਜੀ ਹਲ ਦੀ ਫਾਲੀ ਤਿੱਖੀ ਕਰਵਾਉਣ ਜਾਂ ਕੋਈ ਖੁਰਪਾ ਕਹੀ ਚੰਡਵਾਉਣ ਉਸ ਦੇ 'ਕਾਰਖਾਨੇ' ਜਾਂਦੇ ਤਾਂ ਮੈਂ ਉਨ੍ਹਾਂ ਦੇ ਨਾਲ ਚਲਾ ਜਾਂਦਾ ਸਾਂ। ਬੱਚਾ ਹੋਣ 'ਤੇ ਵੀ ਉਹ ਮੈਨੂੰ ਬੜੀ ਇੱਜਤ ਨਾਲ ਪੇਸ਼ ਆਉਂਦਾ। ਵੱਡਾ ਹੋ ਕੇ ਜਦੋਂ ਵੀ ਮੈਂ ਉਸ ਦੇ ਕਾਰਖਾਨੇ ਅੱਗਿਓਂ ਲੰਘਦਾ, ਹਰ ਵਾਰ ਉਸ ਨੂੰ ਰਾਮ ਰਾਮ ਕਰ ਕੇ ਲੰਘਦਾ। ਮੈਨੂੰ ਉਮੀਦ ਨਹੀਂ ਸੀ ਕਿ ਉਹ ਦੋਸਤਾਂ ਵਾਂਗ ਨਿਭਣ ਵਾਲਾ ਨੇਕ ਬੰਦਾ ਮੈਨੂੰ ਇੱਦਾਂ ਜਵਾਬ ਦੇ ਦੇਵੇਗਾ। ਪੁੱਛਣ 'ਤੇ ਪਤਾ ਲੱਗਾ ਕਿ ਉਹ ਕੇਵਲ ਉਨ੍ਹਾਂ ਹੀ ਘਰਾਂ ਦਾ ਕੰਮ ਕਰਦਾ ਸੀ ਜੋ ਉਸ ਨਾਲ ਪੁਰਾਣੇ ਜੁੜੇ ਹੋਏ ਸਨ। ਇਹ ਪੱਕੇ ਗਾਹਕ ਇਸ ਨੂੰ ਹਰ ਛਿਮਾਹੀ ਕੰਮ ਅਨੁਸਾਰ ਬੰਨ੍ਹਿਆ ਅਨਾਜ ਤੇ ਤੂੜੀ ਦਿੰਦੇ ਸਨ ਤੇ ਤਿੱਥ ਤਿਉਹਾਰਾਂ ਨੂੰ ਰੋਟੀ ਪਾਉਂਦੇ ਸਨ।

ਹੁਣ ਲੋਹੇ ਦੇ ਹਲ ਤੇ ਟਰੈਕਟਰ ਆ ਜਾਣ ਕਰਕੇ ਅਮਰੇ ਲੁਹਾਰ ਦਾ ਕੰਮ ਬਹੁਤ ਘਟ ਗਿਆ ਸੀ। ਉਹ ਕੰਮ ਨਾ ਕਰਨ ਦਾ ਡਰਾਵਾ ਦੇ ਕੇ ਗਾਹਕ ਟੁੱਟਣ ਤੋਂ ਬਚਾਈ ਰੱਖਦਾ। ਮੈਂ ਤਾਂ ਨਾ ਪਿੰਡ ਰਹਿੰਦਾ ਸਾਂ ਤੇ ਨਾ ਉਸ ਨੂੰ ਛਿਮਾਹੀ ਦਿੰਦਾ ਸਾਂ। ਗੱਲ ਮੇਰੀ ਸਮਝ ਵਿਚ ਆ ਗਈ। ਮੈਂ ਅਮਰੇ ਨੂੰ ਫਿਰ ਇਹ ਕਹਿ ਕੇ ਭੇਜਿਆ ਕਿ ਲਿਹਾਜੀ ਕੰਮ ਨਹੀਂ ਕਰਵਾਉਣਾ, ਕੰਮ ਦੇ ਪੈਸੇ ਦਿਆਂਗੇ। ਪਰ ਉਸ ਨੇ 'ਮਜ਼ਦੂਰੀ' ਲੈ ਕੇ ਕੰਮ ਕਰਨ ਤੋਂ ਸਾਫ ਨਾਂਹ ਕਰ ਦਿੱਤੀ। ਸੋਚਿਆ, ਇਹ ਦਕੀਆਨੂਸੀ ਪੁਰਸ਼ ਹੈ। ਆਪਣੇ ਬੂਹੇ 'ਤੇ ਪੂੰਜੀਵਾਦ ਦੀ ਦਸਤਕ ਨਹੀਂ ਪਛਾਣ ਰਿਹਾ, ਸਮੇਂ ਨਾਲ ਨਾ ਬਦਲ ਕੇ ਅੜ ਰਿਹਾ ਹੈ, ਜਲਦੀ ਹੀ ਝੜ ਜਾਵੇਗਾ। ਜੇ ਇਸ ਨੇ ਡਾਰਵਿਨ ਪੜ੍ਹਿਆ ਹੁੰਦਾ ਤਾਂ ਇੱਦਾਂ ਨਾ ਕਰਦਾ। ਥੋੜੇ ਚਿਰ ਪਿਛੋਂ ਉਹ ਤੇ ਉਸ ਦਾ ਤਰਖਾਣ ਭਰਾ ਜਗਨਾ-ਦੋਵੇਂ ਮਰ ਗਏ ਤੇ ਉਨ੍ਹਾਂ ਦੇ ਮੁੰਡੇ ਰੋਜ ਦੇ ਦਿਹਾੜੀਦਾਰ ਰਾਜ ਮਿਸਤਰੀ ਬਣ ਗਏ।

ਅਮਰੇ ਨੇ ਦੱਸ ਪਾਈ ਕਿ ਪਾਲੀ ਬਾਹਮਣ ਨੇ ਕਣਕ ਬੀਜ ਲਈ ਹੈ ਤੇ ਉਸ ਦੀ ਮਸ਼ੀਨ ਵਿਹਲੀ ਹੈ। ਉਸ ਨੇ ਉਸ ਦੀ ਮਸ਼ੀਨ ਮੰਗ ਕੇ ਆਪਣੀ ਬਿਜਾਈ ਪੂਰੀ ਕਰਨ ਦੀ ਸਲਾਹ ਦਿੱਤੀ। ਮੈਨੂੰ ਸੁਝਾਓ ਚੰਗਾ ਲੱਗਾ। ਪਾਲੀ ਬਾਹਮਣ ਵੀ ਮੈਥੋਂ ਕੁਝ ਸਾਲ ਵੱਡਾ ਪਤਲਾ ਜਿਹਾ ਮਧਰੇ ਕੱਦ ਦਾ ਹਸਮੁੱਖ ਨੌਜਵਾਨ ਸੀ। ਉਸ ਦੇ ਵੱਡੇ ਵਡੇਰੇ ਯੂ. ਪੀ. ਤੋਂ ਆ ਸਾਡੇ ਪਿੰਡ ਵਸੇ ਸਨ ਤੇ ਜਜਮਾਨਾਂ ਤੋਂ ਖੇਤ ਦਾਨ ਲੈ ਲੈ ਕੇ ਖੇਤੀ ਕਰਨ ਲੱਗੇ ਸਨ। ਫਿਰ ਉਨ੍ਹਾਂ ਨੇ ਕੁਝ ਜਮੀਨ ਆਪ ਖਰੀਦ ਕੇ ਚੰਗੀ ਕਾਸ਼ਤ ਬਣਾ ਲਈ ਸੀ। ਹੁਣ ਉਨ੍ਹਾਂ ਨੇ ਪੰਡਤਾਈ ਪੇਸ਼ਾ ਤਾਂ ਛੱਡ ਦਿੱਤਾ ਸੀ ਪਰ ਸ਼ਰਾਧਾਂ ਵੇਲੇ ਲੋਕ ਉਨ੍ਹਾਂ ਨੂੰ ਖੀਰ ਖੁਆਉਣ ਲਈ ਹਾਲੇ ਵੀ ਸੱਦਦੇ ਸਨ। ਉਨ੍ਹਾਂ ਨੇ ਹਿੰਦੀ ਦੀ ਥਾਂ ਸਾਡੇ ਪਿੰਡ ਦੀ 'ਪੰਜਾਬੀ' ਬੋਲਣੀ ਸ਼ੁਰੂ ਕਰ ਦਿੱਤੀ ਸੀ ਤੇ ਆਪਣੇ ਆਪ ਨੂੰ ਪੰਜਾਬੀ ਸਭਿਆਚਾਰ ਦੇ ਰੰਗ ਵਿਚ ਢਾਲ ਲਿਆ ਸੀ। ਮੈਂ ਉਸ ਨੂੰ ਬਚਪਨ ਤੋਂ ਜਾਣਦਾ ਸਾਂ।

ਇੰਨਾ ਹੀ ਨਹੀਂ, ਆਜ਼ਾਦੀ ਪਿਛੋਂ ਸਾਡੇ ਪਿੰਡ ਵਿਚ ਇਕ ਗ੍ਰੰਥੀ ਸੰਤ ਨੇ ਇਕ ਗੁਰਮੁਖੀ ਸਕੂਲ ਚਾਲੂ ਕੀਤਾ ਸੀ ਜਿੱਥੇ ਉਹ ਬੱਚਿਆਂ ਨੂੰ ਪੜ੍ਹਾ ਕੇ ਪੰਜ ਗ੍ਰੰਥੀ, ਦਸਮ ਗ੍ਰੰਥੀ ਤੇ ਗੁਰੂ ਗ੍ਰੰਥ ਸਾਹਿਬ ਪੜ੍ਹਨ ਦੇ ਕਾਬਲ ਬਣਾਉਂਦਾ ਸੀ। ਦੇਖਾ ਦੇਖੀ ਪਿੰਡ ਦੇ ਸਾਰੇ ਬੱਚੇ ਇਸ ਸਕੂਲ ਵਿਚ ਦਾਖਲ ਹੋ ਗਏ। ਮੇਰੇ ਪਿਤਾ ਜੀ ਮੈਨੂੰ ਵੀ ਸਵਾ ਰੁਪਿਆ ਚੜ੍ਹਾ ਕੇ ਉਸ ਕੋਲ ਦਾਖਲ ਕਰਾ ਆਏ। ਮੈਨੂੰ ਯਾਦ ਹੈ, ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਵੇਲੇ ਮੇਰੇ ਪਿਤਾ ਜੀ ਨੇ ਮੇਰੇ ਨੰਗੇ ਜੂੜੇ ਨੂੰ ਹੱਥ ਨਾਲ ਢਕ ਲਿਆ ਸੀ। ਅਗਲੇ ਸਾਲ ਪਿੰਡ ਵਿਚ ਸਰਕਾਰੀ ਸਕੂਲ ਖੁੱਲ੍ਹ ਜਾਣ ਕਾਰਨ ਸੰਤ ਜੀ ਨੇ ਆਪਣੇ ਸਾਰੇ ਵਿਦਿਆਰਥੀਆਂ ਨੂੰ ਉਥੇ ਜਾ ਕੇ ਦਾਖਲ ਹੋਣ ਦਾ ਹੁਕਮ ਦੇ ਦਿੱਤਾ ਸੀ ਤੇ ਅਸੀਂ ਸਭ ਉਥੇ ਪਹਿਲੀ ਜਮਾਤ ਵਿਚ ਦਾਖਲ ਕਰ ਲਏ ਗਏ ਸਾਂ। ਪਾਲੀ ਬਾਹਮਣ ਪੰਡਿਤ ਹੋਣ ਕਰਕੇ ਗੁਰਮਤਿ ਦੀ ਪੜ੍ਹਾਈ ਵਾਲੇ ਸਕੂਲ ਵਿਚ ਨਾ ਪਾਇਆ ਗਿਆ, ਸੋ ਅਨਪੜ੍ਹ ਰਹਿ ਗਿਆ।

1956 ਵਿਚ ਜਦੋਂ ਪਿੰਡ ਵਿਚ ਰਾਤ ਨੂੰ ਲੱਗਣ ਵਾਲਾ ਇਕ ਪ੍ਰੌੜ ਸਕੂਲ ਖੁੱਲ੍ਹਾ ਤਾਂ ਉਸ ਦੇ ਅਧਿਆਪਕ ਨੇ ਦੂਜੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਪਿੰਡ ਦੇ ਸਾਰੇ ਅਨਪੜ੍ਹ ਪੜ੍ਹਨੇ ਪਾ ਲਏ। ਇਨ੍ਹਾਂ ਵਿਚ ਇਕ ਪਾਲੀ ਬਾਹਮਣ ਵੀ ਸੀ ਜਿਸ ਦਾ ਸਬਕ ਕਈ ਵਾਰ ਮੈਂ ਹੀ ਸੁਣਦਾ ਸਾਂ। ਕੁਝ ਹੀ ਮਹੀਨਿਆਂ ਵਿਚ ਉਹ ਕਿੱਸੇ-ਕਾਵਿ ਪੜ੍ਹਨੇ ਸਿੱਖ ਗਿਆ ਤੇ ਆਪ ਵੀ ਤੁਕ-ਬੰਦੀ ਕਰ ਕੇ ਕਵਿਤਾਵਾਂ ਘੜ੍ਹਨ ਵਿਚ ਮਾਹਿਰ ਹੋ ਗਿਆ। ਫਿਰ ਉਹ ਜਦੋਂ ਵੀ ਮਿਲਦਾ, ਉਸ ਦੇ ਵਿਹਾਰ ਵਿਚੋਂ ਉਹੀ ਸ਼ਿਸ਼ ਵਾਲਾ ਸਤਿਕਾਰ ਝਲਕਦਾ।

ਮੈਂ ਸੋਚਿਆ, ਜੇ ਪਾਲੀ ਦੀ ਮਸ਼ੀਨ ਖਾਲੀ ਪਈ ਹੈ, ਫਿਰ ਤਾਂ ਗੱਲ ਬਣ ਗਈ। ਮੈਂ ਅਮਰੇ ਨੂੰ ਉਨ੍ਹੀਂ ਪੈਰੀਂ ਭੇਜਿਆ ਕਿ ਪੰਡਤ ਨੂੰ ਮਿਲ ਕੇ ਮਸ਼ੀਨ ਮੰਗ ਲਿਆਵੇ। ਪਰ ਅਮਰੇ ਨੇ ਆ ਕੇ ਅਜੀਬ ਗੱਲ ਦੱਸੀ, "ਉਸ ਗਾ ਮਸ਼ੀਨ ਮੰਗਮੀ ਦੇਣੇ ਦੇ ਤੋ ਸਾਫ ਜਵਾਬ ਐ ਲਾਣੇਦਾਰ। ਔਹ ਕਹਾ ਜੇ ਬਜੌਣੀ ਹੈ ਤਾਂ ਔਹ ਆਪ ਆਪਣੇ ਟਰੈਕਟਰ ਗੈਲ ਤੀਹ ਰਪਈਏ ਕਿੱਲੇ ਗੇ ਹਿਸਾਬ ਬੀਜੇਗਾ। ਕੱਲੀ ਮਸ਼ੀਨ ਗਾ ਰੇਟ ਪੰਦਰਾਂ ਰਪਈਏ ਕਿੱਲਾ ਬਤਾਇਆ ਉਸ ਨੈ।"

ਸੁਣ ਕੇ ਮੈਂ ਹੱਕਾ ਬੱਕਾ ਰਹਿ ਗਿਆ। ਪਿੰਡ ਵਿਚ ਕੁਝ ਵੀ ਪਹਿਲਾਂ ਵਾਂਗ ਨਹੀਂ ਸੀ ਰਹਿ ਗਿਆ। ਮਿਸਤਰੀ ਪੁਰਾਣੇ ਢਾਂਚੇ ਨਾਲ ਖੜ੍ਹਾ ਸੀ ਤੇ ਪੰਡਿਤ ਨਵੇਂ ਵਿਚ ਪੈਰ ਧਰ ਰਿਹਾ ਸੀ। ਕੁਝ ਹੀ ਸਮੇਂ ਵਿਚ ਸਭ ਭਰਾਤਰੀ ਕਦਰਾਂ-ਕੀਮਤਾਂ ਪੂੰਜੀਵਾਦ ਦੇ ਚੜ੍ਹਦੇ ਸੈਲਾਬ ਵਿਚ ਹੜ੍ਹ ਗਈਆਂ ਸਨ। ਉਹ ਸੈਲਾਬ ਜਿਸ ਨੂੰ ਮੈਂ ਦੂਰੋਂ ਦੂਜਿਆਂ ਦੇ ਘਰ ਵੜਦਾ ਦੇਖਦਾ ਸਾਂ, ਅੱਜ ਮੇਰੀ ਦਹਿਲੀਜ਼ ਵੀ ਟੱਪ ਆਇਆ ਸੀ। ਮੈਨੂੰ ਮਾਰਕਸ ਦੇ ਉਸ ਕਥਨ ਦੀ ਯਾਦ ਆਈ ਜਿਸ ਵਿਚ ਉਸ ਨੇ ਲਿਖਿਆ ਸੀ, "ਪਿਛਲੇ ਹਜ਼ਾਰਾਂ ਸਾਲਾਂ ਤੋਂ ਭਾਰਤ ਦਾ ਕੋਈ ਇਤਿਹਾਸ ਨਹੀਂ ਹੈ। ਇੱਥੇ ਲੋਕ ਅੱਜ ਵੀ ਉਸੇ ਸਵੈ-ਨਿਰਭਰ ਪੇਂਡੂ ਭਾਈਚਾਰੇ ਵਿਚ ਨਰੜੇ ਉਨ੍ਹਾਂ ਹੀ ਪੁਰਾਣੇ ਉਤਪਾਦਨ ਢੰਗਾਂ ਨਾਲ ਕਿਰਤ ਕਰਦੇ ਆ ਰਹੇ ਹਨ, ਜਿਨ੍ਹਾਂ ਨਾਲ ਉਨ੍ਹਾਂ ਦੇ ਪੂਰਵਜ ਸਦੀਆਂ ਪਹਿਲਾਂ ਕਰਦੇ ਹੁੰਦੇ ਸਨ।" ਪਰ ਹੁਣ ਪ੍ਰਤੱਖ ਸੀ ਕਿ ਉਤਪਾਦਨ ਢੰਗ ਬਦਲ ਰਿਹਾ ਸੀ, ਪੁਰਾਤਨ ਭਾਈਚਾਰਾ ਵੀ ਟੁੱਟ ਰਿਹਾ ਸੀ ਤੇ ਇਕ ਨਵਾਂ ਇਤਿਹਾਸ ਬਣਨਾ ਸ਼ੁਰੂ ਹੋ ਰਿਹਾ ਸੀ।

ਪੂਜੀਵਾਦ ਦੇ ਪਸਾਰ ਦਾ ਪ੍ਰਭਾਵ ਇੱਥੇ ਹੀ ਨਹੀਂ, ਹਰ ਪਾਸੇ ਪਿਆ ਦਿਸਦਾ ਸੀ। ਪਟਿਆਲੇ ਸ਼ਹਿਰ ਦਾ ਉਹ ਬਾਜ਼ਾਰ ਜਿੱਥੇ ਪਹਿਲਾਂ ਦੂਰ ਦੂਰ ਤਕ ਬਲਦਾਂ ਦੇ ਰੱਸੇ, ਨੱਥਾਂ, ਲਾਟੀਆਂ, ਘੁੰਗਰੂ, ਮਖੇਰਨੇ, ਟੱਲੀਆਂ, ਛਾਂਟੇ, ਪ੍ਰੈਣੀਆਂ, ਖਰਖਰੇ, ਖੁਰੀਆਂ ਤੇ ਝੁੱਲ ਆਦਿ ਟੰਗੇ ਨਜ਼ਰ ਆਉਂਦੇ ਸਨ ਉਥੇ ਹੁਣ ਦਾਜ ਬਰੀ ਦੇ ਕੱਪੜੇ, ਸਟੀਲ ਦੇ ਭਾਂਡੇ, ਕਾਲੇ-ਚਿੱਟੇ ਟੀ. ਵੀ. ਸੈਟ, ਮਿਕਸੀਆਂ, ਮਧਾਣੀਆਂ, ਪਟੇ, ਪਾਈਪ, ਮਸ਼ੀਨਾਂ, ਪੀਟਰ ਇੰਜਣਾਂ ਦਾ ਸਾਮਾਨ ਤੇ ਕਈ ਤਰ੍ਹਾਂ ਦੇ ਔਜ਼ਾਰ ਪਏ ਦਿਸਦੇ ਸਨ। ਕਈ ਦੁਕਾਨਾਂ ਵਿਚ ਲਾਲ ਨੀਲੀਆਂ ਰਬੜ ਦੀਆਂ ਨਲਕੀਆਂ, ਮੱਗ, ਬਘੋਨੇ, ਬਹੁ-ਸੁਰਾਖੀ ਤਸਲੇ, ਕੀਫਾਂ, ਮਰਤਬਾਨ ਤੇ ਅਣਡਿੱਠੇ ਆਕਾਰਾਂ ਦੇ ਬਰਤਨਾਂ ਸਮੇਤ ਸ਼ਰਾਬ ਕੱਢਣ ਦਾ ਹਰ ਸਾਮਾਨ ਲਟਕਦਾ ਨਜ਼ਰ ਆਉਂਦਾ ਸੀ। ਇਸ ਬਾਰੇ ਨਾ ਕੋਈ ਖੁਲ੍ਹ ਕੇ ਦੱਸਦਾ ਸੀ, ਨਾ ਪੁੱਛਦਾ ਸੀ, ਬਸ ਖਰੀਦਦਾਰੀ ਹੁੰਦੀ ਰਹਿੰਦੀ ਸੀ। ਪਰ ਕਿਸ ਨੂੰ ਪਤਾ ਸੀ ਕਿ ਇਸ ਤਬਦੀਲੀ ਪਿੱਛੇ ਪੰਜਾਬ ਦਾ ਨਿਘਾਰ ਛੁਪਿਆ ਹੋਇਆ ਸੀ। ਉਗਣ 'ਤੇ ਹੀ ਪਤਾ ਲੱਗਣਾ ਕਿ ਇਹ ਕਿਸ ਦਰਖਤ ਦਾ ਬੀਜ ਸੀ। ਪਰ ਇਤਿਹਾਸਕ ਪਦਾਰਥਵਾਦ ਦੇ ਸਿਧਾਂਤ ਅਨੁਸਾਰ ਇਸ ਦੀ ਅਗਲੀ ਰੂਪ-ਰੇਖਾ ਸਪਸ਼ਟ ਸੀ। ਪੱਛੜੇ ਪੂੰਜੀਵਾਦ ਨੇ ਪ੍ਰੌੜ ਪੂੰਜੀਵਾਦ ਦੀ ਭੱਦੀ ਤੇ ਬੌਣੀ ਨਕਲ ਹੀ ਹੋਣਾ ਸੀ। ਮੈਂ ਸੋਚਿਆ, ਟਰੈਕਟਰ ਮਸ਼ੀਨਾਂ ਤਾਂ ਖਿਡੌਣੇ ਸਨ, ਜੋ ਕੋਈ ਵੀ ਖਰੀਦ ਸਕਦਾ ਸੀ ਤੇ ਖਰਾਬ ਹੋਣ 'ਤੇ ਠੀਕ ਵੀ ਕਰਵਾ ਸਕਦਾ ਸੀ। ਪਰ ਇਤਿਹਾਸਕ ਪਦਾਰਥਵਾਦ ਦਾ ਬੋਧ ਅਤਿਅੰਤ ਦੁਰਲੱਭ ਪ੍ਰਾਪਤੀ ਸੀ ਜਿਸ ਤੋਂ ਬਿਨਾ ਸਮਾਜਕ ਸਮਝ ਦਾ ਕੋਈ ਤਾਲਾ ਨਹੀਂ ਸੀ ਖੁਲ੍ਹ ਸਕਦਾ। ਮੈਨੂੰ ਆਪਣੀ ਇਸ ਟੁੱਟੀ ਫੁੱਟੀ ਸਮਝ 'ਤੇ ਮਾਣ ਹੋਣ ਲੱਗਾ। ਖੈਰ, ਅਸੀਂ ਮਸ਼ੀਨ ਦਾ ਉਹ ਪੁਰਜ਼ਾ ਪਟਿਆਲਿਓਂ ਮੁਰੰਮਤ ਕਰਵਾ ਲਿਆਏ ਤੇ ਬਿਜਾਈ ਪੂਰੀ ਕਰ ਲਈ।

ਮੌਸਮ ਵਿਚ ਠੰਡ ਉਤਰ ਆਈ ਸੀ। ਦੀਵਾਲੀ ਲੰਘੀ ਨੂੰ ਮਹੀਨਾ ਹੋ ਗਿਆ ਸੀ ਤੇ ਆੜ੍ਹਤੀ ਕੋਲ ਜੀਰੀ ਸੁੱਟੀ ਨੂੰ ਇਸ ਤੋਂ ਵੀ ਵੱਧ। ਪਰ ਕਈ ਗੇੜਿਆਂ ਪਿਛੋਂ ਵੀ ਉਹ ਭੁਗਤਾਨ ਕਰਨ ਵਿਚ ਨਹੀਂ ਸੀ ਆ ਰਿਹਾ। ਮੈਂ ਅਮਰੇ ਨੂੰ ਬੁਲਾ ਕੇ ਪੁੱਛਿਆ, "ਹੋਰ ਕੌਣ ਕੌਣ ਗੇਰਾਂ ਰੈ ਇਸ ਆੜ੍ਹਤੀ ਪਾ ਜੀਰੀ?" ਉਸ ਨੇ ਕਈਆਂ ਦੇ ਨਾਂ ਗਿਣਾਏ ਜਿਨ੍ਹਾਂ ਵਿਚ ਦੋ ਮੇਰੇ ਭਾਈਆਂ ਦੇ ਵੀ ਸਨ। ਮੈਂ ਕਿਹਾ, "ਤੌਂਹ ਇਨ੍ਹਾਂ ਨੂੰ ਛੱਡ, ਹੋਰਾਂ ਨੂੰ ਪੁੱਛ ਗੈ ਆ ਕਿਸ ਕਿਸ ਗੇ ਪੈਸੇ ਮਿਲਗੇ, ਕਿਸ ਕਿਸ ਗੇ ਰਹਾਂ।" ਉਸ ਨੇ ਆ ਕੇ ਦੱਸਿਆ, "ਜਿਨ੍ਹਾਂ ਨੈ ਦੁਆਲੀ ਦੇ ਪੈਹਲਾਂ ਗੇਰੀ ਤੀ ਉਨ੍ਹਾਂ ਗੇ ਤੋ ਸਭ ਗੇ ਮਿਲਗੇ। ਬਾਕੀਆਂ ਗੇ ਰਹਾਂ।"

ਮੈਂ ਸੋਚਿਆ, ਮੈਂ ਤਾਂ ਜੀਰੀ ਦਿਵਾਲੀ ਤੋਂ ਕਈ ਦਿਨ ਪਹਿਲਾਂ ਸੁੱਟੀ ਸੀ, ਮੇਰੇ ਪੈਸੇ ਕਿਉਂ ਨਹੀਂ ਦਿੱਤੇ? ਮੇਰੀ ਹਾਲਤ ਦਿਨੋਂ ਦਿਨ ਪਤਲੀ ਹੋ ਰਹੀ ਸੀ। ਅਮਰਾ ਆਪਣੇ ਬੱਚਿਆਂ ਨੂੰ ਸਿਆਲ ਦੇ ਕੱਪੜੇ ਬਣਾਉਣ ਲਈ 200 ਰੁਪਈਆਂ ਲਈ ਸਿਰ ਖਾ ਰਿਹਾ ਸੀ। ਅੰਮ੍ਰਿਤਸਰ ਤੋਂ ਮੇਰਾ ਪੱਕਾ ਮਿੱਤਰ ਆਪਣੇ ਘਰ ਦੇ ਫਰਸ਼ ਪੁਆਉਣ ਲਈ ਹਜਾਰ ਰੁਪਈਆ ਮੰਗ ਰਿਹਾ ਸੀ। ਮੈਂ ਆਪ ਵੀ 'ਹੀਰੋ-ਪੁੱਖ' ਨਾਮਕ ਛੋਟੀ ਸਕੂਟਰੀ ਵਰਤਦਾ ਸਾਂ ਜਿਸ ਤੋਂ ਮੇਰੇ ਘਰ ਦਿਆਂ ਨੂੰ, ਖਾਸ ਕਰਕੇ ਬੱਚਿਆਂ ਨੂੰ, ਸਖਤ ਚਿੜ ਸੀ। ਇਸ ਤੋਂ ਬਿਨਾ ਖੇਤੀ, ਪੜ੍ਹਾਈ ਤੇ ਘਰ ਦੇ ਅਣਗਿਣਤ ਖਰਚੇ, ਤੇ ਸਭ ਤੋਂ ਉਪਰ ਟਰੈਕਟਰ ਦੀ ਕਿਸ਼ਤ। ਮੇਰਾ ਨੱਕ ਵਿਚ ਦਮ ਆ ਚੁਕਾ ਸੀ। ਹਰ ਖਾਂਦੇ ਪੀਂਦੇ ਆਦਮੀ ਨੂੰ ਦੇਖ ਕੇ ਮੈਨੂੰ ਆਪਣੇ ਆਪ 'ਤੇ ਤ੍ਰਿਸਕਾਰ ਹੋਣ ਲੱਗ ਪਿਆ ਸੀ।

ਅਗਲੇ ਦਿਨ ਮੈਂ ਅਮਰੇ ਨੂੰ ਸਕੂਟਰੀ 'ਤੇ ਬਿਠਾ ਪਟਿਆਲੇ ਅਨਾਜ ਮੰਡੀ ਨੇੜੇ ਛੱਡ ਦਿੱਤਾ। ਮੈਂ ਉਸ ਨੂੰ ਕਿਹਾ ਕਿ ਆੜ੍ਹਤੀ ਕੋਲ ਜਾ ਕੇ ਕਹੇ ਕਿ ਉਹ ਪ੍ਰੋਫੈਸਰ ਦਾ ਨੌਕਰ ਹੈ ਤੇ ਘਰ ਦੇ ਖਰਚੇ ਲਈ ਤੰਗ ਹੈ। ਇਸ ਲਈ ਉਹ ਉਸ ਦੇ ਪੈਸਿਆਂ ਦਾ ਜਲਦੀ ਇੰਤਜ਼ਾਮ ਕਰੇ ਤਾਂ ਜੋ ਉਹ ਅੱਗੇ ਉਸ ਨੂੰ ਦੇ ਸਕੇ। ਉਸ ਨੇ ਆੜ੍ਹਤੀ ਕੋਲ ਜਾ ਕੇ ਇਵੇਂ ਹੀ ਕਿਹਾ। ਪਰ ਆੜ੍ਹਤੀ ਨੇ ਚਲਾਵਾਂ ਜਵਾਬ ਦਿੱਤਾ, "ਪ੍ਰੋਫੈਸਰ ਕੋਲ ਪੈਸਿਆਂ ਦੀ ਕਮੀ ਹੈ। ਸਰਕਾਰੀ ਤੋਸੇਖਾਨੇ ਨੂੰ ਉਸ ਦਾ ਹੱਥ ਪਿਆ ਹੋਇਆ ਹੈ।"

ਜਦੋਂ ਉਸ ਨੇ ਮੈਨੂੰ ਆ ਕੇ ਇਹ ਗੱਲ ਦੱਸੀ, ਮੈਂ ਉਸ ਨੂੰ ਚਿੜਾ ਕੇ ਕਿਹਾ, "ਕੇ ਬਾਤ ਰੈ ਉਸ ਨੈ ਤੋ ਤੇਰੀ ਬੀ ਨੀ ਸੁਣੀ?" ਉਹ ਬੋਲਿਆ, "ਲਾਣੇਦਾਰ ਉਸ ਪਾ ਤੋ ਤਿੰਨ ਰਪਈਏ ਨੂੰ ਲੇਣੇ ਆਲੇ ਦਸ ਜਿਮੀਂਦਾਰ ਬੈਠੇ ਤੇ ਅੱਜ। ਆਪਣਾ ਬਿਆਜ ਬੰਦ ਕਰਗੈ ਔਹ ਤੰਨੂੰ ਮੰਨੂੰ ਕਿਉਂ ਦੇਹਗਾ ਭਲਾ?" ਅਮਰੇ ਨੇ ਮੇਰੇ ਕਈ ਸਵਾਲ ਪੱਧਰੇ ਕਰ ਦਿੱਤੇ। ਸਮਝ ਵਿਚ ਆ ਗਿਆ ਕਿ ਉਹ ਮੇਰੇ ਜਿਹਿਆਂ ਦਾ ਪੈਸਾ ਰੋਕ ਕੇ ਦੂਜੇ ਕਿਸਾਨਾਂ ਨੂੰ 3% ਮਹੀਨਾ ਵਿਆਜ 'ਤੇ ਚੜ੍ਹਾਉਂਦਾ ਹੈ, ਇਸੇ ਲਈ ਟਾਲ ਮਟੋਲ ਕਰਦਾ ਹੈ।

ਉਂਜ ਉਸ ਦੀ ਗੱਲ ਸੁਣ ਕੇ ਮੇਰਾ ਮਨ ਝੰਜੋੜਿਆ ਗਿਆ। ਮੇਰੇ ਕੋਲ ਤਾਂ ਤਨਖਾਹ ਦੇ ਦੋ ਕੁ ਹਜਾਰ ਰੁਪੈ ਮਹੀਨਾ ਆ ਜਾਂਦੇ ਸਨ ਜਿਨ੍ਹਾਂ ਨਾਲ ਘਰ ਦੇ ਖਰਚੇ ਚਲਦੇ ਰਹਿੰਦੇ ਸਨ। ਪਰ ਉਨ੍ਹਾਂ ਕਿਸਾਨਾਂ ਦਾ ਕੀ ਹਾਲ ਹੋਵੇਗਾ, ਜਿਨ੍ਹਾਂ ਕੋਲ ਖੇਤੀ ਤੋਂ ਬਿਨਾ ਕੋਈ ਆਮਦਨ ਨਹੀਂ ਸੀ? ਬੱਚਿਆਂ ਦੀਆਂ ਫੀਸਾਂ, ਕੱਪੜੇ, ਸਕੂਟਰ ਦੇ ਪੈਟਰੋਲ, ਮਸ਼ੀਨਰੀ ਦੀ ਮੁਰੰਮਤ ਅਤੇ ਫਸਲ ਦੇ ਖਰਚੇ ਕਿਥੋਂ ਪੂਰੇ ਹੁੰਦੇ ਹੋਣਗੇ? ਮੈਂ ਤਾਂ ਲੋੜ ਪੈਣ 'ਤੇ ਬੈਂਕ 'ਚੋਂ ਕਢਾ ਲਿਆਉਂਦਾ ਸਾਂ ਪਰ ਉਨ੍ਹਾਂ ਦੇ ਤਾਂ ਬੈਂਕ ਵੀ ਆੜ੍ਹਤੀਏ ਹੀ ਸਨ। ਜਿੰਨੇ ਕੁ ਜਾ ਕੇ ਮੰਗਦੇ ਸਨ, ਉਸ ਦਾ ਮਸੀਂ ਤੀਜਾ ਹਿੱਸਾ ਦਿੰਦੇ ਸਨ। ਨਖਰੇ ਅੱਡ ਤੇ ਤਿੰਨ ਰੁਪਏ ਸੈਂਕੜਾ ਮਿਸ਼ਰਤ ਵਿਆਜ ਅਲੱਗ। ਉਪਰੋਂ ਉਨ੍ਹਾਂ ਦੀ ਜਮੀਨ ਆਡ ਰਹਿਣ ਵੱਖਰੀ। ਇਨ੍ਹਾਂ ਦੀ ਹਾਲਤ ਤਾਂ ਇੰਨੀ ਪਤਲੀ ਹੋ ਚੁਕੀ ਸੀ ਕਿ ਡੀਜ਼ਲ ਦਾ ਇਕ ਢੋਲ ਭਰਵਾਉਣ ਲਈ ਜਾਂ ਹਫਤੇ ਭਰ ਦਾ ਚਾਹ, ਪੱਤੀ, ਗੁੜ, ਲੂਣ, ਤੇਲ ਆਦਿ ਖਰੀਦਣ ਲਈ ਬਾਜ਼ਾਰ ਜਾਣ ਤੋਂ ਪਹਿਲਾਂ ਇਹ ਆੜ੍ਹਤੀ ਕੋਲ ਜਾ ਕੇ ਸੂਦ ਤੇ ਸੌ, ਦੋ ਸੌ ਫੜ੍ਹ ਕੇ ਲਿਆਉਂਦੇ ਸਨ। ਵਿਆਹ-ਸ਼ਾਦੀਆਂ ਤੇ ਹੋਰ ਸਮਾਜਕ ਕਾਰਜਾਂ ਵੇਲੇ ਦੀ ਲੁੱਟ ਦਾ ਤਾਂ ਹਿਸਾਬ ਲਾਉਣਾ ਵੀ ਔਖਾ ਸੀ।

ਜਦੋਂ ਕਿਸੇ ਨੇ ਵਿਸ਼ਵ-ਪ੍ਰਸਿੱਧ ਵਿਗਿਆਨੀ ਆਈਨਸਟਾਈਨ ਨੂੰ ਪੁੱਛਿਆ ਕਿ ਦੁਨੀਆਂ ਦੀ ਸਭ ਤੋਂ ਅਜੀਬ ਚੀਜ਼ ਕੀ ਹੈ ਤਾਂ ਉਸ ਨੇ ਪੁਲਾੜ, ਪ੍ਰਕਾਸ਼, ਐਂਟੀ-ਮੈਟਰ, ਬਲੈਕ-ਹੋਲਜ਼, ਗਲੈਕਸੀਆਂ ਤੇ ਰੈਲੇਟਿਵਿਟੀ ਦੇ ਸਿਧਾਂਤ ਦਾ ਨਾਂ ਨਹੀਂ ਸੀ ਲਿਆ। ਕਿਹਾ ਸੀ, "ਕੰਪਾਉਂਡ ਇੰਟਰੈਸਟ" ਭਾਵ ਮਿਸ਼ਰਤ ਵਿਆਜ! ਜੋ ਇਸ ਵਿਆਜ ਦੇ ਚੱਕਰ ਵਿਚ ਫਸ ਗਿਆ, ਉਸ ਦੀ ਹਾਲਤ ਹਮੇਸ਼ਾ ਅਮਰਵੇਲ ਹੇਠ ਦਬੇ ਦਰਖਤ ਜਿਹੀ ਰਹਿੰਦੀ ਹੈ। ਮੈਂ ਸੋਚਿਆ ਜੇ ਪਿਛਲੇ ਦਸ ਪੰਦਰਾਂ ਸਾਲਾਂ ਵਿਚ ਕਿਸਾਨਾਂ ਦਾ ਇਹ ਹਾਲ ਹੋ ਗਿਆ ਹੈ ਤਾਂ ਅਗਲੇ ਵੀਹ-ਤੀਹ ਸਾਲਾਂ ਵਿਚ ਕੀ ਹੋਵੇਗਾ? ਸੋਚ ਕੇ ਮੇਰਾ ਸਿਰ ਘੁੰਮ ਗਿਆ।

ਅੱਜ ਪੈਂਤੀ ਚਾਲੀ ਸਾਲਾਂ ਬਾਅਦ ਅਸੀਂ ਦੇਖਦੇ ਹਾਂ ਕਿ ਸਾਡਾ ਸਮਾਜ ਉਦੋਂ ਤੋਂ ਹੀ ਕਿਸਾਨਾਂ ਨੂੰ ਕੰਪਾਉਂਡ ਇੰਟਰੈਸਟ ਦੇ ਚੱਕਰ-ਵਿਊਹ ਵਲ ਧੱਕ ਕੇ ਰਾਜਨੀਤੀ ਕਰਦਾ ਆ ਰਿਹਾ ਹੈ। ਇਨ੍ਹਾਂ ਨੂੰ ਮੌਤ ਦੇ ਮੂੰਹ ਵਿਚ ਪਾ ਕੇ ਪੁੱਛਦਾ ਹੈ ਕਿ ਕਿਸਾਨ ਫਾਹਾ ਕਿਉਂ ਲੈਂਦੇ ਹਨ? ਸਹੀ ਉਤਰ ਵੱਲ ਕੋਈ ਨਹੀਂ ਜਾਂਦਾ ਕਿਉਂਕਿ ਨੀਤੀਆਂ ਘੜ੍ਹਨ ਵਾਲੇ ਨੇਤਾਵਾਂ ਤੇ ਉਨ੍ਹਾਂ ਦੇ ਸਲਾਹਕਾਰ ਅਰਥਸ਼ਾਸ਼ਤਰੀਆਂ ਤੋਂ ਲੈ ਕੇ, ਬਹਿਸਾਂ ਦੇ ਕੇਂਦਰ ਸੈਮੀਨਾਰਾਂ ਵਿਚ ਉਲਰਦੇ ਪ੍ਰਵਕਤਾਵਾਂ ਸਮੇਤ ਸਾਰੇ ਭੱਦਰ ਪੁਰਸ਼ ਮੌਜੂਦਾ ਪ੍ਰਣਾਲੀ ਦੇ ਬੰਧੇਜ ਵਿਚ ਰਹਿ ਕੇ ਹੀ ਸੋਚਦੇ ਹਨ।

ਇਹੀ ਕਾਰਨ ਹੈ ਕਿ ਇੰਨੀ ਤੰਗੀ ਦੇ ਬਾਵਜੂਦ ਕਿਸਾਨ ਆਪ ਵੀ ਢਾਂਚੇ ਦੀ ਤਬਦੀਲੀ ਲਈ ਹੱਥ ਪੈਰ ਨਹੀਂ ਮਾਰਦੇ। ਆਪਣੇ ਪ੍ਰਤੀ-ਦਵੰਦੀ ਆੜ੍ਹਤੀਆਂ ਨੂੰ ਉਹ ਆਪਣੇ ਮਾਈ ਬਾਪ ਸਮਝਦੇ ਹਨ। ਜਦੋਂ ਵੇਖੋ ਆੜ੍ਹਤੀਆਂ ਦੀਆਂ ਦੁਕਾਨਾਂ ਵਿਚ ਮਧੂ-ਮੱਖੀਆਂ ਬਣ ਕੇ ਬੈਠੇ ਹੁੰਦੇ ਹਨ। ਆੜ੍ਹਤੀ ਇੱਕਲਾ ਬੈਠਿਆ ਦੇਖਿਆ ਨਹੀਂ, ਉਦੋਂ ਹੀ ਉਸ ਦੇ ਕੰਨ ਕੋਲ ਜਾ ਕੁਝ ਬੇਨਤੀ ਜਿਹੀ ਕਰਦੇ ਹਨ। ਕੁਝ ਇਸ਼ਾਰੇ ਜਿਹੇ ਕਰਦੇ ਬੜੇ ਧਿਆਨ ਨਾਲ ਉਸ ਦੇ ਚਿਹਰੇ ਦੇ ਹਾਵ ਭਾਵ ਵਾਚਦੇ ਹਨ। ਜਦੋਂ ਤੀਕ ਉਹ ਹਾਮੀ ਭਰ ਕੇ ਮੁਨੀਮ ਦੇ ਕੰਨ ਵਿਚ ਕੁਝ ਕਹਿ ਨਾ ਦੇਵੇ, ਉਸ ਦਾ ਖਹਿੜਾ ਨਹੀਂ ਛੱਡਦੇ। ਤੇ ਫਿਰ ਵੱਡੀ ਜਿੱਤ ਦੇ ਅੰਦਾਜ਼ ਵਿਚ ਮੁਸਕਰਾਉਂਦੇ ਉਠਦੇ ਹਨ। ਪਿੱਛੇ ਮੁੜ ਸੇਠ ਪ੍ਰਤੀ ਕ੍ਰਿਤਿਗਤਾ ਦਾ ਇਜ਼ਹਾਰ ਕਰਦੇ ਬਾਹਰ ਨੂੰ ਸਿਰਕਦੇ ਹਨ। ਫਿਰ ਬਾਹਰ ਆ ਕੇ ਕੁਝ ਜਰੂਰੀ ਖਰਚਾਂ, ਕੁਝ ਫਜ਼ੂਲ ਖਰਚਾਂ ਤੇ ਕੁਝ ਬਦ ਖਰਚਾਂ ਕਰ ਕੇ ਦੀਵਾਲੀਏ ਹੋ ਜਾਂਦੇ ਹਨ। ਅੰਤ ਵਿਚ ਕਰਜਿਆਂ ਦੀ ਪੰਡ ਨਾ ਮੋੜ ਸਕਣ ਕਾਰਨ ਕਿਸੇ ਪੱਖੇ ਜਾਂ ਦਰਖਤ ਤੋਂ ਲਟਕ ਕੇ ਸੁਆਹ ਦੀ ਪੰਡ ਬਣ ਜਾਂਦੇ ਹਨ। ਫਿਰ ਸਮਾਜ ਦੇ ਸਭ ਦਾਨਿਸ਼ਮੰਦ ਇਸ ਤਰ੍ਹਾਂ 'ਚੀਂ ਚੀਂ' ਦਾ ਰਾਗ ਅਲਾਪਦੇ ਹਨ, ਜਿਵੇਂ ਇਕ ਬਿੱਲੇ ਦੇ ਕਿਸੇ ਪੰਛੀ ਨੂੰ ਖਾ ਜਾਣ ਉਪਰੰਤ ਦੁਆਲੇ ਬੈਠੇ ਜਨੌਰ ਅਲਾਪਦੇ ਹਨ। ਮਸਲੇ ਦਾ ਸਹੀ ਇਲਾਜ ਭੁੱਲ ਕੇ ਭੋਗਾਂ 'ਤੇ ਹਮਦਰਦ ਬਣਦੇ ਹਨ।

ਗੱਲ ਕੀ, ਸਰਕਾਰੀ ਬਖਸੀਸ਼ ਨਾਲ ਪਰਿਵਾਰ ਦੇ ਹੰਝੂ ਪੂੰਝਣ ਵਲ ਹੀ ਸਾਰੀ ਸ਼ਕਤੀ ਲਾ ਦਿੰਦੇ ਹਨ। ਜਾਣ ਕੇ ਅਣਜਾਣ ਬਣਦੇ ਹਨ। ਬੜੇ ਸਚਿਆਰ ਬਣਦੇ ਹਨ ਪਰ ਇਹ ਨਹੀਂ ਜਾਣਦੇ ਕਿ ਕਿਸਾਨੀ ਸਮੱਸਿਆਵਾਂ ਪੈਦਾਵਾਰੀ ਢਾਂਚੇ ਨਾਲ ਜੁੜੀਆਂ ਹੋਈਆਂ ਹਨ, ਇਸ ਲਈ ਇਹ ਢਾਂਚਾ ਬਦਲਣ ਨਾਲ ਹੀ ਜਾਣਗੀਆਂ, ਕਿਸੇ ਦੀ ਹਮਦਰਦੀ ਨਾਲ ਨਹੀਂ।

ਉਦੋਂ ਕੁਝ ਬੁੱਧੀਜੀਵੀ ਅਕਸਰ ਕਹਿੰਦੇ ਸਨ ਕਿ ਜੇ ਮੁਲਕ ਦੀ ਰਾਜਸੀ ਤਾਕਤ ਕੁਝ ਕੁ ਸਮਾਂ ਉਨ੍ਹਾਂ ਨੂੰ ਮਿਲ ਜਾਵੇ ਤਾਂ ਉਹ ਸਭ ਦੀ ਧਰਨ ਠਿਕਾਣੇ ਲਿਆ ਦੇਣ। ਹੋ ਸਕਦਾ ਹੈ "ਆਖਹਿ ਸਿ ਭਿ ਕੇਈ ਕੇਇ" ਦੇ ਮਹਾਂਵਾਕ ਅਨੁਸਾਰ ਅਜਿਹੀ ਸੋਚ ਕਈ ਹੋਰ ਲੋਕਾਂ ਦੀ ਵੀ ਹੋਵੇ। ਪਰ ਅੱਜ ਦਿੱਲੀ ਵਿਚ ਕੇਜਰੀਵਾਲ ਦਾ ਹਾਲ ਦੇਖਣ ਪਿਛੋਂ ਕੋਈ ਵੀ ਅਜਿਹਾ ਦਾਈਆ ਨਹੀਂ ਕਰ ਸਕਦਾ। ਸਮੇਂ ਨੇ ਸਭ ਨੂੰ ਸਮਝਾ ਦਿੱਤਾ ਹੈ ਕਿ ਸਿਸਟਮ ਨੂੰ ਬਦਲਨਾ ਇਕ ਬੰਦੇ ਦਾ ਕੰਮ ਨਹੀਂ ਸਗੋਂ ਲੋਕ ਲਹਿਰ ਵਿਚ ਉਠੀ ਜਨਤਾ ਦਾ ਕਾਰਜ ਹੈ। ਇਸ ਲਈ ਪੁਰਾਣੀ ਸੋਚ ਵਾਲੇ ਉਹ ਲੋਕ ਸ਼ਾਇਦ ਹੁਣ ਕਿਸਾਨਾਂ ਨਾਲ ਰਲ ਕੇ ਕਿਸੇ ਅਜਿਹੀ ਜਨਤਕ ਮੁਹਿੰਮ ਦਾ ਮਾਹੌਲ ਪੈਦਾ ਕਰਨ।

**(ਚਲਦਾ)**

# ਉਸ ਦੀ ਤਲਾਸ਼ ਵਿਚ

ਸਵੇਰ ਸਾਰ ਖੁਮਾਰ ਆ ਕੇ ਬੋਲਿਆ, "ਨਾਗਸੈਨ ਨੇ ਦੱਸਿਆ ਹੈ, ਦੱਖਣ ਤੋਂ ਕੋਈ ਮਹਾਤਮਾ ਆਇਆ ਹੈ...ਉਸਨੂੰ ਮਿਲਣਾ ਹੈ। ਨਾਲੇ ਦਿਨ ਵੀ ਬਹੁਤ ਹੋ ਗਏ ਹਨ, ਉਸ ਦੇ ਡੇਰੇ 'ਤੇ ਗਿਆਂ। ਚੱਲੀਏ?"

ਜਾਣ ਦਾ ਇੱਛੁਕ ਹੋਣ ਤੇ ਬਾਵਜੂਦ ਮੈਂ ਕਿਹਾ, "ਤੂੰ ਸਾਧਾਂ ਅਤੇ ਉਨ੍ਹਾਂ ਦੇ ਡੇਰਿਆਂ ਦੇ ਖਿਲਾਫ ਹੈਂ। ਨਾਗਸੈਨ ਜੋ ਦੱਸਦਾ ਹੈ, ਉਸ ਨੂੰ ਮੰਨਦਾ ਨਹੀਂ। ਫਿਰ ਉਥੇ ਜਾਣ ਦੀ ਕੀ ਤੁਕ? ਵੈਸੇ ਵੀ ਉਥੇ ਜਾ ਕੇ ਤੂੰ ਉਟ ਪਟਾਂਗ ਕਿਸਮ ਦੇ ਸਵਾਲ ਕਰਦਾ ਹੈਂ। ਸਾਧਾਂ ਦੇ ਟਿੱਲੇ ਬਹਿਸ-ਮੁਬਾਹਸਿਆਂ ਦੇ ਕੇਂਦਰ ਨਹੀਂ ਹੁੰਦੇ...ਉਥੇ ਚੁੰਝ-ਚਰਚਾ ਪਸੰਦ ਨਹੀਂ ਕੀਤੀ ਜਾਂਦੀ। ਟਿੱਲਿਆਂ ਉਤੇ ਲੋਕ ਮੁਰਾਦਾਂ ਮੰਗਣ ਜਾਂਦੇ ਹਨ। ਤੂੰ ਕਿਉਂਕਿ ਨਾਗਸੈਨ ਦਾ ਮੁਰੀਦ ਨਹੀਂ, ਕੀ ਕਰੇਂਗਾ ਜਾ ਕੇ?"

ਖੁਮਾਰ ਕਹਿਣ ਲੱਗਾ, "ਉਹ ਟਿੱਲਾ ਕੀ ਹੋਇਆ ਜਿਥੇ ਚਿੰਤਨ ਦੇ ਜਵਾਲਾਮੁਖੀ ਨਹੀਂ ਖੋਲਦੇ, ਜਿਥੇ ਲੋਹਾ ਰੂੰ ਵਾਂਗ ਨਹੀਂ ਉਡਦਾ, ਅਸਮਾਨੀ ਖਹਿੰਦੇ ਪਰਬਤ ਨਾਚ ਨਹੀਂ ਕਰਦੇ। ਮੈਂ ਉਨ੍ਹਾਂ ਸਾਧਾਂ ਦੇ ਖਿਲਾਫ ਹਾਂ ਜੋ ਪ੍ਰਸ਼ਨਾਂ ਨੂੰ ਦੁਰਕਾਰਦੇ ਹਨ।



ਹਰਪਾਲ ਸਿੰਘ ਪੰਨੂ
ਫੋਨ: +91-94642-51454

ਰਹੀ ਗੱਲ ਮੁਰਾਦਾਂ ਮੰਗਣ ਦੀ, ਸਾਧਾਂ ਦੇ ਡੇਰੇ ਭਿੱਖ ਮੰਗਿਆਂ ਦੇ ਜਮਘਟੇ ਨਹੀਂ ਹੁੰਦੇ। ਉਥੇ ਕੁਝ ਲੈਣਾ, ਕੁਝ ਦੇਣਾ-ਦੋਵੇਂ ਵਰਤਾਰੇ ਹੁੰਦੇ ਹਨ। ਹਰ ਸ਼ਖਸ ਇਕੋ ਵਕਤ ਮੰਗਤਾ ਵੀ ਹੈ, ਦਾਤਾ ਵੀ। ਉਮੀਦਾਂ ਲੈ ਕੇ ਜਾਂਦੇ ਹਨ ਲੋਕ ਅਤੇ ਭਰੋਸਾ ਲੈ ਕੇ ਪਰਤਦੇ ਹਨ। ਕੁਦਰਤ ਦਾ ਵੀ ਇਹੋ ਅਸੂਲ ਹੈ। ਵੈਸੇ ਵੀ ਨਾਗਸੈਨ ਸੇਕ ਮਾਰਦਾ ਮਾਰੂ ਤਪੱਸਵੀ ਨਹੀਂ। ਉਹ ਮਿੱਤਰ ਪ੍ਰਤੀਤ ਹੁੰਦਾ ਹੈ ਸਭ ਨੂੰ...ਮੈਂ ਤਾਂ ਚੱਲਿਆਂ। ਸੋਚਿਆ ਸੀ, ਤੂੰ ਚੱਲੇਂਗਾ...।"

ਮੈਂ ਤਿਆਰ ਹੋ ਗਿਆ ਤੇ ਅਸੀਂ ਪਿੰਡ ਦੇ ਬਾਹਰ ਡੇਰੇ ਵੱਲ ਤੁਰ ਪਏ। ਮੈਂ ਪੁੱਛਿਆ, "ਕੀ ਵਜ੍ਹਾ ਹੈ ਖੁਮਾਰ, ਨਾਗਸੈਨ ਨਾਸਤਿਕ ਹੋਣ ਦੇ ਬਾਵਜੂਦ ਸਤਿਕਾਰਿਆ ਜਾਂਦਾ ਮਹਾਤਮਾ ਹੈ?"

ਖੁਮਾਰ ਨੇ ਕਿਹਾ, "ਕਦੀ ਕਦੀ ਤੂੰ ਦਿਲਚਸਪ ਪਰ ਮੂਰਖਤਾ ਪੂਰਨ ਗੱਲਾਂ ਕਰਦਾ ਹੈਂ। ਇਹ ਆਸਤਿਕ-ਨਾਸਤਿਕ ਸ਼ਬਦ ਅਲਪ ਬੁੱਧ ਲੋਕ ਵਰਤਦੇ ਹਨ। ਉਹ ਬੋਧੀ ਹੈ, ਤੇਰੀਆਂ ਮਾਨਤਾਵਾਂ ਅਨੁਸਾਰ ਨਾਸਤਿਕ। ਇਉਂ ਤਾਂ ਉਸ ਦੀਆਂ ਮਾਨਤਾਵਾਂ ਮੁਤਾਬਕ ਤੂੰ ਨਾਸਤਿਕ ਐਂ। ਮੁੱਖ ਮੁੱਦਾ ਇਹ ਮਾਨਤਾਵਾਂ, ਧਾਰਨਾਵਾਂ ਨਹੀਂ। ਦੇਖਣਾ ਇਹ ਹੈ ਕਿ ਕੋਈ ਸ਼ਖਸ ਪਿਆਰ ਦਾ ਸੋਮਾ ਹੈ ਕਿ ਨਹੀਂ। ਭੱਠੀ ਵਿਚ ਝੁਲਸੇ ਲੋਕ ਇਹ ਨਹੀਂ ਪੁੱਛਦੇ ਕਿ ਮਿੱਠੇ ਪਾਣੀ ਦਾ ਸਰੋਤ ਕੀ ਹੈ, ਉਹ ਚਸ਼ਮੇ ਨੂੰ ਡੀਕ ਲਾ ਲੈਂਦੇ ਹਨ। ਕੋਈ ਦਰਜਾ-ਬਦਰਜਾ ਵੀ ਨਹੀਂ ਹੁੰਦਾ ਇਥੇ। ਕੀੜੀਆਂ, ਮੱਖੀਆਂ, ਕੁੱਤਿਆਂ ਦਾ ਸੁਭਾਅ ਤੇ ਨਸਲ ਵੱਖ ਵੱਖ ਹੈ, ਪਰ ਮਿਠਾਸ ਸਭਨਾਂ ਨੂੰ ਪਸੰਦ ਹੈ, ਇਨ੍ਹਾਂ ਨੂੰ।"

ਗੱਲਾਂ ਕਰਦੇ ਕਰਾਂਦੇ ਡੇਰੇ ਅੰਦਰ ਲੰਘ ਗਏ ਤਾਂ ਦੇਖਿਆ, ਨਾਗਸੈਨ ਬੂਟਿਆਂ ਨੂੰ ਪਾਣੀ ਦੇ ਰਿਹਾ ਸੀ। ਉਹ ਮੁਸਕਰਾਇਆ ਤੇ ਬੈਠਣ ਲਈ ਇਸ਼ਾਰਾ ਕਰਕੇ ਕਹਿਣ ਲੱਗਾ, "ਬੱਸ ਕੰਮ ਮੁਕਾ ਲਿਆ ਹੈ। ਚਾਰ ਕੁ ਬੂਟੇ ਰਹਿ ਗਏ ਹਨ, ਆਇਆ।"

ਬੈਠਣ ਦੀ ਥਾਂ ਅਸੀਂ ਨਾਗਸੈਨ ਪਾਸ ਚਲੇ ਗਏ। ਖੁਮਾਰ ਨੇ ਕਿਹਾ, "ਸੰਗਤ ਸੇਵਾ ਲਈ ਤਿਆਰ ਰਹਿੰਦੀ ਹੈ ਬਾਬਿਓ, ਫਿਰ ਖੁਦ ਕਿਉਂ ਬਾਲਟੀਆਂ ਖੜਕਾਉਂਦੇ ਫਿਰਦੇ ਹੋ?"

ਉਸ ਨੇ ਕਿਹਾ, "ਪਾਣੀ ਕੋਈ ਵੀ ਦੇ ਲਏ ਠੀਕ ਹੈ, ਪਰ ਬੂਟੇ ਮੈਂ ਲਾਏ ਸਨ, ਕਦੀ ਕਦੀ ਵਹਿਮ ਹੋ ਜਾਂਦਾ ਹੈ ਮੈਨੂੰ ਕਿ ਆਪ ਇਨ੍ਹਾਂ ਨੂੰ ਪਾਣੀ ਨਾ ਦਿਆਂ ਤਾਂ ਉਦਾਸ ਹੋ ਜਾਣਗੇ ਇਹ। ਅਹੁ ਕੁੱਤਾ ਬੈਠਾ ਹੈ, ਮੇਰੇ ਬਿਨ ਕਿਸੇ ਹੱਥੋਂ ਰੋਟੀ ਨਹੀਂ ਖਾਂਦਾ। ਚਾਹੁੰਦਾ ਹੈ, ਦਿਨ ਵਿਚ ਇਕ ਵਾਰ ਇਹਦੇ ਸਿਰ 'ਤੇ ਹੱਥ ਫੇਰਾਂ। ਮੈਂ ਅਜਿਹਾ ਕਰਨਾ ਭੁੱਲ ਜਾਵਾਂ ਤਾਂ ਪਰਵਾਹ ਨਹੀਂ ਕਰਦਾ ਕਿ ਬੰਦਗੀ ਵਿਚ ਬੈਠਾ ਹਾਂ, ਗੋਡੇ 'ਤੇ ਸਿਰ ਰੱਖ ਕੇ ਆਰਾਮ ਨਾਲ ਅੱਖਾਂ ਬੰਦ ਕਰਕੇ ਬੈਠ ਜਾਂਦਾ ਹੈ, ਚੁੱਪ ਚਾਪ। ਪਸ਼ੂ ਤੇ ਬੂਟੇ ਚਾਹੁੰਦੇ ਹਨ, ਕੋਈ ਉਨ੍ਹਾਂ ਨਾਲ ਗੱਲਾਂ ਕਰੇ। ਇਹ ਸਭਨਾਂ ਦੀਆਂ ਬੋਲੀਆਂ ਜਾਣਦੇ ਹਨ। ਬੰਦਾ ਹੈ, ਜਿਸ ਨੂੰ ਬੰਦੇ ਦੀ ਬੋਲੀ ਸਮਝ ਨਹੀਂ ਆਉਂਦੀ। ਅਜਿਹੇ ਅਭਾਗੇ ਵੀ ਆ ਜਾਂਦੇ ਹਨ ਡੇਰੇ ਵਿਚ, ਜੋ ਕਹਿੰਦੇ ਹਨ ਕਿ ਉਹ ਬਜੁਰਗ ਮਾਪਿਆਂ ਦਾ ਸਤਿਕਾਰ ਕਰਦੇ ਹਨ ਕਿਉਂਕਿ ਉਹ ਮਾਪਿਆਂ ਨੂੰ ਰੋਟੀ ਜੁ ਦਿੰਦੇ ਹਨ।"

ਨਾਗਸੈਨ ਨੇ ਗੱਲ ਜਾਰੀ ਰੱਖੀ, "ਕੱਲ੍ਹ ਨਰਸਰੀ ਵਿਚ ਗਿਆ ਸਾਂ। ਮਾਲੀ ਬੂਟਿਆਂ ਨੂੰ ਪਿਉਂਦ ਕਰ ਰਿਹਾ ਸੀ। ਉਸ ਦੱਸਿਆ, ਤੇਜ਼ ਧਾਰ ਬਲੇਡ ਇਸ ਤਰ੍ਹਾਂ ਚਲਾਉਣਾ ਹੈ ਕਿ ਕੇਵਲ ਛਿਲਕੇ ਵਿਚ ਖੁੱਭੇ, ਜੇ ਲੱਕੜੀ ਕੱਟੀ ਗਈ ਤਾਂ ਵਾਇਰਸ ਹੱਲਾ ਬੋਲ ਦੇਣਗੇ। ਮਾਲੀ ਨੇ ਬੂਟਿਆਂ ਦੇ ਮਹੀਨ ਸੁਭਾਅ ਦੀਆਂ ਉਹ ਗੱਲਾਂ ਦੱਸੀਆਂ ਤਾਂ ਮੈਂ ਕਿਹਾ, 'ਬੱਚਿਆਂ ਵਾਂਗ ਕੋਮਲ ਹੋਏ ਇਹ ਤਾਂ, ਕੋਈ ਫਰਕ ਨਹੀਂ ਹੈ ਬੂਟਿਆਂ ਵਿਚ ਤੇ ਬੱਚਿਆਂ ਵਿਚ।' ਮਾਲੀ ਨੇ ਕਿਹਾ, ਨਹੀਂ ਜੀ ਬੱਚਿਆਂ ਵਰਗੇ ਕਿਥੇ ਹਨ ਇਹ? ਬੱਚੇ ਜੇ ਰੁੱਸ ਜਾਣ ਤਾਂ ਮੰਨ ਜਾਂਦੇ ਹਨ। ਬੂਟੇ ਰੁੱਸ ਜਾਣ, ਮੰਨਦੇ ਨਹੀਂ। ਨਾ ਕੋਈ ਇਤਰਾਜ, ਨਾ ਸਰਾਪ, ਨਾ ਫਰਿਆਦ-ਸਦਾ ਲਈ ਤੁਰ ਜਾਂਦੇ ਹਨ, ਚੁਪ ਚਾਪ।"

ਗੱਲਾਂ ਹੋ ਰਹੀਆਂ ਸਨ ਤਾਂ ਗੇਰੂਏ ਵਸਤਰ ਪਹਿਨੀਂ ਇਕ ਮਹਾਤਮਾ ਬਾਹਰੋਂ ਡੇਰੇ ਵੱਲ ਆਉਂਦਾ ਦਿੱਸਿਆ। ਨਾਗਸੈਨ ਨੇ ਦੱਸਿਆ, "ਇਹ ਕੇਰਲਾ ਦੇ ਸਵਾਮੀ ਨਿਤਯ ਚੈਤੰਨਯ ਯਤੀ ਹਨ। ਇਨ੍ਹਾਂ ਦਾ ਡੇਰਾ ਊਟੀ ਵਿਚ ਹੈ। ਉਤਰੀ ਭਾਰਤ ਵੱਲ ਫੇਰੀ ਪਾਉਣ ਤਾਂ ਸਾਡੇ ਪਾਸ ਰੁਕਦੇ ਹਨ।" ਸਵਾਮੀ ਦੀ ਉਮਰ ਅੱਸੀਆਂ ਤੋਂ ਉਪਰ ਹੋਵੇਗੀ ਪਰ ਨਜ਼ਰ ਅਤੇ ਕਦਮਾਂ ਵਿਚ ਪੂਰੀ ਤਾਕਤ ਸੀ।

ਨਾਗਸੈਨ ਨੇ ਕਿਹਾ, "ਸਵਾਮੀ, ਇਹ ਖੁਮਾਰ ਹੈ। ਪਟਿਆਲੇ ਦੀ ਪੰਜਾਬੀ ਯੂਨੀਵਰਸਿਟੀ ਵਿਚ ਮਨੋ-ਵਿਗਿਆਨ ਦਾ ਪ੍ਰੋਫੈਸਰ ਤੇ ਬੁਲੰਦ ਸ਼ਾਇਰ ਹੈ। ਉਰਦੂ ਗਜ਼ਲ ਦਾ ਉਸਤਾਦ। ਹਰ ਵਕਤ ਸਵਾਲਾਂ ਦੀ ਪੰਡ ਚੁਕੀ ਫਿਰਦਾ ਰਹਿੰਦਾ ਹੈ। ਤੁਹਾਨੂੰ ਮਿਲਣ ਦੀ ਇੱਛਾ ਸੀ, ਆ ਗਏ।"

ਸੁਆਮੀ ਵਿਚ ਧੀਰਜ ਸੀ। ਤਖਤਪੋਸ਼ ਵੱਲ ਤੁਰਦਾ ਗਿਆ। ਅਸੀਂ ਨਾਲ ਨਾਲ ਤੁਰ ਪਏ। ਖੜਾਵਾਂ ਲਾਹ ਕੇ ਜਦੋਂ ਬੈਠ ਗਿਆ ਤਾਂ ਬੋਲਿਆ, "ਸ਼ਾਇਰ ਅੱਛਾ ਆਦਮੀ ਹੁੰਦਾ ਹੈ, ਪਰ ਭਰੋਸੇਯੋਗ ਨਹੀਂ, ਪਲ ਪਲ ਬਦਲਦਾ ਹੈ, ਚੁਮਾਸੇ ਦੀਆਂ ਹਵਾਵਾਂ ਵਾਂਗ। ਪਰ ਕੀ ਕਰੀਏ ਤੇ ਕਹੀਏ ਵੀ ਕੀ? ਜੇ ਪਲ ਪਲ ਬਦਲੇ ਨਾ ਤਾਂ ਸ਼ਾਇਰ, ਸ਼ਾਇਰ ਨਹੀਂ ਰਹਿੰਦਾ। ਜੇ ਬਦਲਦਾ ਰਹੇ ਫਿਰ ਇਤਬਾਰੀ ਨਹੀਂ। ਖੈਰ, ਦੱਸੋ ਮਹਾਂ-ਕਵੀ ਠੀਕ ਹਾਂ ਮੈਂ?"

ਖੁਮਾਰ ਬੋਲਿਆ, "ਬਦਲ ਸਾਰਾ ਜਹਾਨ ਰਿਹਾ ਹੈ, ਪਲ ਪਲ। ਕੇਵਲ ਕਵੀ ਹੈ ਜਿਸ ਨੂੰ ਇਸ ਦਾ ਬਾਖੂਬੀ ਪਤਾ ਹੈ। ਤੁਹਾਨੂੰ ਜਾਣਨ ਦੀ ਜਿਗਿਆਸਾ ਲੈ ਕੇ ਹਾਜ਼ਰ ਹੋਏ ਹਾਂ ਸੁਆਮੀ।"

ਸੁਆਮੀ ਨੇ ਕਿਹਾ, "ਮੇਰੇ ਬਾਬਤ ਨਾਗਸੈਨ ਦੱਸ ਦਏਗਾ। ਲੰਮਾ ਸਮਾਂ ਇਕੱਠੇ ਰਹੇ ਅਸੀਂ।"

ਨਾਗਸੈਨ ਨੇ ਕਿਹਾ, "ਮਹਾਰਾਜ, ਆਪਣੇ ਬਾਰੇ ਆਪ ਦੱਸੋ। ਕੋਈ ਬੰਦਾ ਜਦੋਂ ਚੰਦ-ਤਾਰਿਆਂ ਦੀਆਂ ਗੱਲਾਂ ਸੁਣਾਉਂਦਾ ਹੈ, ਮੈਂ ਧਿਆਨ ਨਾਲ ਸੁਣਦਾ ਹਾਂ। ਚੰਦ ਤਾਰਿਆਂ ਦਾ ਫਿਰ ਵੀ ਮੈਨੂੰ ਕੁਝ ਪਤਾ ਨਹੀਂ ਲਗਦਾ, ਪਰ ਜੋ ਬੰਦਾ ਤਾਰਿਆਂ ਬਾਬਤ ਦੱਸ ਰਿਹਾ ਹੁੰਦਾ ਹੈ, ਉਸ ਬਾਰੇ ਪਤਾ ਲੱਗ ਜਾਂਦਾ ਹੈ ਕਿ ਉਹ ਆਪ ਕੀ ਹੈ? ਤੁਹਾਡੇ ਬਾਰੇ ਕੁਝ ਦੱਸਾਂਗਾ ਤਾਂ ਆਪਣੇ ਆਪ ਬਾਰੇ ਬੋਲ ਰਿਹਾ ਹੋਵਾਂਗਾ। ਤੁਸੀਂ ਆਪ ਕੁਝ ਕਹੋ।"

ਸੁਆਮੀ ਨੇ ਕਿਹਾ, "ਠੀਕ ਹੈ, ਜੋ ਹੁਕਮ। ਪਰ ਕਿਥੋਂ ਸ਼ੁਰੂ ਕਰੀਏ? ਮੈਂ ਤੁਹਾਡੇ ਲਈ, ਤੁਸੀਂ ਮੇਰੇ ਲਈ ਅਜਨਬੀ ਹੋ। ਫਿਰ ਵੀ, ਕੀ ਸੁਣਨਾ ਚਾਹੋਗੇ?" ਖੁਮਾਰ ਬੋਲਿਆ, "ਸੁਆਮੀ, ਇਹ ਦੱਸੋ ਕਿ ਪਿਆਰ ਕੀਤਾ ਕਦੀ?"

ਸੁਆਮੀ ਹੱਸ ਪਿਆ, "ਪਿਆਰ ਕੋਈ ਕਰਨ ਵਾਲੀ ਚੀਜ਼ ਹੁੰਦੀ ਹੈ? ਕੀ ਸਾਹ ਤੁਸੀਂ ਲੈ ਰਹੇ ਹੋ? ਇਕ ਸਿਲਸਿਲਾ ਹੈ ਬੱਸ, ਚੱਲ ਰਿਹਾ ਹੈ ਲਗਾਤਾਰ-ਅਮਰ ਪਰ ਬੇਖਬਰ। ਖੂਨ ਦਾ ਦਰਿਆ ਲਗਾਤਾਰ ਦੌੜ ਰਿਹਾ ਹੈ, ਰਗਾਂ ਵਿਚ, ਤੇ ਦਿਲ ਸੌ ਸੌ ਸਾਲ ਨਿਰੰਤਰ ਇਸ ਬਗੀਚੇ ਨੂੰ ਸਿੰਜਦਾ ਥੱਕਦਾ ਨਹੀਂ। ਦਿਲ ਜਾਂ ਫੇਫੜਿਆਂ ਦੇ, ਅਸੀਂ ਅਹਿਸਾਨਮੰਦ ਨਹੀਂ ਹੁੰਦੇ, ਕੋਈ ਲੋੜ ਨਹੀਂ। ਆਸ਼ਕ ਨਾ ਗਰਜਮੰਦ ਹੁੰਦੇ ਨੇ, ਨਾ ਅਹਿਸਾਨਮੰਦ। ਮੈਂ ਰੱਬ ਦਾ ਕਦੀ ਸ਼ੁਕਰਾਨਾ ਨਹੀਂ ਕੀਤਾ। ਸ਼ੁਕਰਾਨਾ ਉਹ ਕਰਨ ਜੋ ਉਸ ਨੂੰ ਪਿਆਰ ਨਹੀਂ ਕਰਦੇ। ਅਸੀਂ ਕਰਜੇ ਦੇ ਘੁਣ ਨੇ ਥੋਥੇ ਨਹੀਂ ਕੀਤੇ ਹੋਏ, ਅਸੀਂ ਤਾਂ ਮਾਲਾਮਾਲ ਹੋਏ ਫਿਰਦੇ ਹਾਂ।"

ਖੁਮਾਰ ਨੇ ਕਿਹਾ, "ਫਲਸਫਾ ਸੁਣਨ ਦੀ ਇੱਛਾ ਨਹੀਂ ਹੈ, ਅੱਜ ਸੁਆਮੀ। ਸਿੱਧੀ ਗੱਲ ਕਰਨੀ ਹੈ। ਇਹ ਦੱਸੋ ਕਿ ਕੀ ਕਿਸੇ ਕੁੜੀ ਨੂੰ ਪਿਆਰ ਕੀਤਾ ਕਦੀ?"

ਮੈਨੂੰ ਖੁਮਾਰ ਦੀ ਬੇਬਾਕੀ ਪਸੰਦ ਨਾ ਆਈ। ਪਹਿਲੀ ਵਾਰ ਬਜੁਰਗ ਸਾਧੂ ਨੂੰ ਮਿਲੇ ਹਾਂ, ਜੋ ਹੈ ਵੀ ਛੜਾ ਛੜਾਂਗ। ਅਜਿਹੇ ਪ੍ਰਸ਼ਨ ਨਹੀਂ ਪੁੱਛਣੇ ਚਾਹੀਦੇ ਖੁਮਾਰ ਨੂੰ, ਮੈਂ ਸੋਚਿਆ। ਪਰ ਸੁਆਮੀ ਨੇ ਮੱਥੇ ਵੱਟ ਨਹੀਂ ਪਾਇਆ। ਚੁੱਪ ਰਿਹਾ ਕੁਝ ਦੇਰ। ਫਿਰ ਉਸ ਦੇ ਹੋਠਾਂ ਉਤੇ ਹਲਕੀ ਜਿਹੀ ਮੁਸਕਾਨ ਆਈ ਤੇ ਬੋਲਿਆ, "ਹਾਂ ਹੋਇਆ ਸੀ ਕੁਝ ਇਹੋ ਜਿਹਾ ਇਕ ਵਾਰ, ਬਹੁਤ ਦੇਰ ਪਹਿਲਾਂ। ਪੈਂਹਠ ਸੱਤਰ ਸਾਲ ਹੋ ਗਏ ਹੋਣਗੇ। ਪੰਦਰਾਂ ਕੁ ਸਾਲ ਦਾ ਹੋਵਾਂਗਾ, ਉਦੋਂ ਮੈਂ। ਘਟਨਾ ਤਾਂ ਮਾਮੂਲੀ ਜਿਹੀ ਸੀ ਪਰ ਇਸ ਦਾ ਸਿਲਸਿਲਾ ਕੁਝ ਲੰਬਾ ਹੋ ਗਿਆ। ਇਹ ਇਸ਼ਕ ਸੀ ਕਿ ਪਾਗਲਪਨ, ਕਿ ਕੁਝ ਨਹੀਂ ਸੀ, ਕਿ ਸਭ ਕੁਝ ਹੀ ਸੀ-ਕੋਈ ਪਤਾ ਨਹੀਂ ਹੁਣ ਤੱਕ ਲੱਗਿਆ। ਦਸਵੀਂ ਜਮਾਤ ਵਿਚ ਪੜ੍ਹਦਾ ਸਾਂ। ਇਕ ਜਮਾਤੀ, ਮੇਰਾ ਬੜਾ ਪਿਆਰਾ ਮਿੱਤਰ ਬਣ ਗਿਆ। ਉਹ ਅਕਸਰ ਮੈਨੂੰ ਉਨ੍ਹਾਂ ਦੇ ਗਵਾਂਢ ਰਹਿੰਦੀ ਕੁੜੀ ਬਾਰੇ ਦੱਸਦਾ ਰਹਿੰਦਾ। ਉਹਦੇ ਸੁਹੱਪਣ ਦੀਆਂ ਗੱਲਾਂ, ਉਹਦੀ ਸਿਆਣਪ ਦੀਆਂ ਗੱਲਾਂ ਕਰਦਾ ਥਕਦਾ ਨਹੀਂ ਸੀ ਉਹ ਘੰਟਿਆਂ ਬੱਧੀ। ਸ਼ੁਰੂ ਸ਼ੁਰੂ ਵਿਚ ਮੈਨੂੰ ਉਸ ਦੀਆਂ ਗੱਲਾਂ ਵਿਚ ਕੋਈ ਦਿਲਚਸਪੀ ਨਹੀਂ ਸੀ ਪਰ ਹੌਲੀ ਹੌਲੀ ਲੱਗਣ ਲੱਗਾ ਜਿਵੇਂ ਕੋਈ ਕ੍ਰਿਸ਼ਮਾ ਹੀ ਹੋਵੇਗੀ, ਉਹ ਕੋਈ। ਉਸ ਦਾ ਨਾਮ ਫਰਜ਼ ਕਰ ਲਓ, ਤਰੰਨਮ ਸੀ। ਮੇਰੇ ਹੀ ਸ਼ਹਿਰ ਵਿਚ ਬੇਮਿਸਾਲ ਸੁੰਦਰਤਾ ਦੀ ਮਾਲਕ ਇਕ ਕੁੜੀ ਰਹਿ ਰਹੀ ਹੋਵੇ ਤੇ ਮੈਂ ਦੇਖੀ ਤਕ ਨਾ ਹੋਵੇ-ਲਾਹਨਤ ਹੈ ਮੇਰੇ 'ਤੇ। ਮੈਂ ਆਪਣੇ ਦੋਸਤ ਨੂੰ ਝਿਜਕਦਿਆਂ ਝਿਜਕਦਿਆਂ ਇਕ ਦਿਨ ਆਖ ਹੀ ਦਿੱਤਾ, ਕਦੀ ਦਿਖਾ ਦਏਂਗਾ ਮੈਨੂੰ ਵੀ ਤਰੰਨਮ ਨੂੰ ਤੂੰ? ਉਸ ਨੇ ਕਿਹਾ, ਕਿਉਂ ਨਹੀਂ? ਕਦੀ ਘਰ ਆਈਂ ਸਾਡੇ।

ਮਿਥੇ ਅਨੁਸਾਰ ਐਤਵਾਰ ਉਸ ਦੇ ਘਰ ਚਲਾ ਗਿਆ ਮੈਂ। ਬੈਠਕ 'ਚ ਜਾ ਕੇ ਕਿਤਾਬ ਫੋਲਣ ਲੱਗਾ ਤੇ ਦੋਸਤ ਤਰੰਨਮ ਨੂੰ ਸੱਦਣ ਉਸ ਦੇ ਘਰ ਚਲਾ ਗਿਆ। ਥੋੜ੍ਹੀ ਦੇਰ ਪਿਛੋਂ ਉਸ ਮੈਨੂੰ ਆਵਾਜ਼ ਦਿੱਤੀ, 'ਬਾਹਰ ਆ, ਤਰੰਨਮ ਆਈ ਹੈ।' ਮੇਰੀ ਰਗ ਰਗ 'ਚ ਬਿਜਲੀ ਜਿਹੀ, ਚਕਾਚੌਂਧ ਕਰ ਦੇਣ ਵਾਲੀ ਇਕ ਤੇਜ਼ ਰੌਅ ਦੌੜ ਪਈ। ਕੁਲ ਸੰਸਾਰ ਦੀ ਉਹ ਖੂਬਸੂਰਤੀ, ਜੋ ਦੇਖੀ ਨਹੀਂ ਗਈ ਅੱਜ ਤੱਕ, ਇਥੇ ਬਾਹਰ ਵਿਹੜੇ ਵਿਚ ਆ ਖਲੋਤੀ ਹੈ। ਹੁਣੇ ਬਾਹਰ ਜਾਵਾਂਗਾ ਤਾਂ ਸੰਸਾਰ ਦਾ ਅਜ਼ੀਮ ਖਜਾਨਾ ਅੱਖਾਂ ਅੱਗੇ ਹੋਵੇਗਾ, ਸਾਖਿਆਤ। ਕੁਝ ਪਲ ਮੇਰੀਆਂ ਅੱਖਾਂ ਮੁੰਦ ਗਈਆਂ। ਮੈਂ ਪਰਦੇ ਵੱਲ ਹੱਥ ਵਧਾਇਆ ਕਿ ਬਾਹਰ ਨਿਕਲਾਂ। ਉਦੋਂ ਹੀ ਆਕਾਸ਼ ਵਿਚੋਂ ਆਵਾਜ਼ ਆਈ, ਚੌਂਕਾ ਦੇਣ ਵਾਲੀ। ਮੈਂ ਸੁਣਿਆ, 'ਓ ਪਾਗਲ, ਤੇਰੀਆਂ ਅੱਖਾਂ ਅਤੇ ਅਨੰਤ ਸੁੰਦਰਤਾ ਵਿਚਕਾਰ ਕੁਦਰਤ ਨੇ ਇਹ ਜੋ ਪਰਦਾ ਤਾਣਿਆ ਹੈ, ਨਾ ਹਟਾ, ਇਹ ਗਲਤੀ ਨਾ ਕਰ।' ਮੈਂ ਡਰ ਕੇ ਪਿਛੇ ਹਟ ਗਿਆ। ਅਜੇ ਸੁੰਨ ਬਣਿਆ ਖਲੋਤਾ ਸਾਂ ਕਿ ਮੇਰੇ ਜਮਾਤੀ ਨੇ ਫਿਰ 'ਵਾਜ ਮਾਰ ਲਈ। ਮੈਂ ਪਰਦਾ ਪਰੇ ਕੀਤਾ ਤੇ ਬਾਹਰ ਨਿਕਲ ਆਇਆ। ਰੁੱਖ ਹੇਠ ਇਕ ਕੁੜੀ ਬੈਠੀ ਸੀ, ਸਿੱਧੀ ਸਾਦੀ, ਆਮ ਕੁੜੀਆਂ ਜਿਹੀ। ਏਧਰ ਓਧਰ ਦੇਖ ਕੇ ਪੁੱਛਿਆ, ਤਰੰਨਮ ਕਿਥੇ ਹੈ? ਉਹ ਦੋਵੇਂ ਹੱਸ ਪਏ। ਮਿੱਤਰ ਕਹਿਣ ਲੱਗਾ, ਕਮਲਾ ਤਾਂ ਨਹੀਂ ਹੋ ਗਿਆ ਕਿਤੇ? ਕਿਤੇ ਇਹਨੂੰ ਤੱਕ ਕੇ ਅੱਖਾਂ ਅੱਗੇ ਹਨੇਰਾ ਤਾਂ ਨਹੀਂ ਛਾ ਗਿਆ? ਮੈਂ ਚੁੱਪ ਰਿਹਾ। ਪਤਾ ਨਾ ਲੱਗੇ ਕੀ ਕਹਾਂ। ਖੈਰ, ਇਹ ਤਰੰਨਮ ਨਹੀਂ ਹੋ ਸਕਦੀ। ਮੈਂ ਬਿਨਾ ਕੁਝ ਦੱਸੇ ਪੁੱਛੇ ਗੇਟੋਂ ਬਾਹਰ ਨਿਕਲ ਘਰ ਵਲ ਨੂੰ ਹੋ ਤੁਰਿਆ। ਪਿਛੋਂ ਉਨ੍ਹਾਂ ਦੇ ਹੱਸਣ ਦੀ ਆਵਾਜ਼ ਆਈ ਤਾਂ ਮੈਂ ਤੇਜ਼ੀ ਨਾਲ ਦੌੜਿਆ। ਮੇਰੇ ਘਰ ਦੇ ਰਾਹ ਵਿਚ ਰੇਲਵੇ ਸਟੇਸ਼ਨ ਪੈਂਦਾ ਸੀ। ਇਕ ਗੱਡੀ ਕਿਸੇ ਪਾਸੇ ਜਾਣ ਲਈ ਸਰਕ ਰਹੀ ਸੀ।

ਜਾਣਾ ਮੈਂ ਘਰ ਸੀ ਪਰ ਦੌੜ ਕੇ ਗੱਡੀ ਵਿਚ ਸਵਾਰ ਹੋ ਗਿਆ। ਮੇਰੇ ਦਿਮਾਗ ਵਿਚ ਇਕ ਹੌਲਨਾਕ ਤੂਫਾਨ ਉਠ ਚੁਕਾ ਸੀ। ਮੈਂ ਤਰੰਨਮ ਦੇਖਣੀ ਹੈ, ਭਾਵੇਂ ਕਿਤੇ ਵੀ ਹੋਵੇ। ਕਿਸੇ ਨੂੰ ਨਾ ਪੁਛਿਆ ਗੱਡੀ ਕਿੱਧਰ ਜਾ ਰਹੀ ਹੈ! ਕਿਧਰੇ ਵੀ ਜਾਂਦੀ ਹੋਵੇ, ਮੈਨੂੰ ਕੀ ਫਰਕ ਪੈਂਦਾ ਸੀ? ਤਰੰਨਮ ਕਿਧਰੇ ਵੀ ਹੋ ਸਕਦੀ ਸੀ। ਮੈਂ ਸੋਚਦਾ ਰਿਹਾ, ਹੋ ਸਕਦਾ ਹੈ ਉਹ ਵਿਹੜੇ 'ਚ ਆਈ ਹੋਵੇ ਪਰ ਦੋਸਤ ਨੇ ਉਸ ਨੂੰ ਮਿਲਾਉਣ ਦਾ ਇਰਾਦਾ ਬਦਲ ਲਿਆ ਹੋਵੇ ਜਾਂ ਹੋ ਸਕਦਾ ਹੈ, ਉਹ ਆਈ ਹੋਵੇ ਪਰ ਮੈਂ ਬਾਹਰ ਆਉਣ 'ਚ ਵਧੇਰੇ ਦੇਰ ਕਰ ਦਿੱਤੀ। ਇੰਨੀ ਦੇਰ ਥੋੜਾ ਉਡੀਕ ਸਕਦੀ ਸੀ ਉਹ, ਚਲੀ ਗਈ ਹੋਵੇਗੀ। ਉਹਨੇ ਤਾਂ ਪਲ ਦੇ ਪਲ ਆਪਣੀ ਇਕ ਝਲਕ ਦਿਖਾਉਣੀ ਸੀ ਤੇ ਫਿਰ ਲੋਪ ਹੋ ਜਾਣਾ ਸੀ। ਹਾਏ ਰੱਬਾ, ਮੈਂ ਦੇਰ ਕਿਉਂ ਕਰ ਦਿੱਤੀ ਏਨੀ?

ਗੱਡੀ ਦੀ ਸੀਟ 'ਤੇ ਬੈਠਾ ਸੋਚਾਂ ਸੋਚਦਾ ਮੈਂ ਸੌਂ ਗਿਆ। ਜਦ ਅੱਖ ਖੁੱਲ੍ਹੀ, ਰਾਤ ਪੈ ਚੁਕੀ ਸੀ। ਮੇਰੇ ਨਾਲ ਬੈਠੇ ਇਕ ਬਜੁਰਗ ਨੇ ਪਿਆਰ ਨਾਲ ਮੇਰੇ ਸਿਰ 'ਤੇ ਹੱਥ ਫੇਰਿਆ ਤੇ ਪੁੱਛਿਆ, 'ਘਰੋਂ ਰੁੱਸ ਕੇ ਆਇਐਂ ਪੁੱਤਰਾ? ਲੜਿਐਂ ਕਿਸੇ ਨਾਲ?'

ਮੈਂ ਕਿਹਾ, ਨਹੀਂ ਜੀ। ਨਹੀਂ ਲੜਿਆ ਕਿਸੇ ਨਾਲ ਵੀ। ਨਾ ਰੁੱਸਿਆ ਹਾਂ।

ਬਜੁਰਗ ਨੇ ਕਿਹਾ, ਤੂੰ ਦੱਸਣਾ ਨਹੀਂ, ਪਰ ਕੋਈ ਗੱਲ ਬੁਰੀ ਹੋਈ ਹੈ। ਤੂੰ ਸੁੱਤਾ ਹੋਇਆ ਸੈਂ ਨਾ, ਤਾਂ ਹਉਕੇ ਲੈ ਰਿਹਾ ਸੈਂ। ਮੈਂ ਨੇੜੇ ਹੋ ਕੇ ਦੇਖਿਆ, ਰੋ ਰਿਹਾ ਸੈਂ ਤੂੰ। ਤੂੰ ਕਿਸੇ ਤਰੰਨਮ ਦਾ ਨਾਂ ਵੀ ਲੈ ਰਿਹਾ ਸੈਂ। ਆਖ ਰਿਹਾ ਸੈਂ, 'ਤਰੰਨਮ ਆਈ ਹੋਵੇਗੀ...ਬਾਹਰ ਆਉਂਦਿਆਂ ਦੇਰ ਕਰ ਦਿੱਤੀ ਮੈਂ।' ਕੌਣ ਐ ਇਹ ਤਰੰਨਮ, ਬੱਚਿਆ? ਕਿੱਥੋਂ ਆਇਐਂ ਤੂੰ? ਕਿਥੇ ਜਾ ਰਿਹੈਂ?

ਮੈਂ ਕੀ ਦੱਸਦਾ? ਬਸ ਚੁੱਪ। ਬਾਬੇ ਨੇ ਡੱਬਾ ਖੋਲ੍ਹਿਆ, 'ਭੁੱਖ ਲੱਗੀ ਹੋਣੀ ਏ, ਆ ਆਪਾਂ ਰੋਟੀ ਖਾਈਏ ਪਹਿਲੋਂ, ਗੱਲਾਂ ਫੇਰ ਕਰਾਂਗੇ।'

ਵਾਕੱਈ ਭੁੱਖ ਲੱਗੀ ਹੋਈ ਸੀ। ਰੋਟੀ ਖਾਂਦਿਆਂ ਖਾਂਦਿਆਂ ਕੋਈ ਸਟੇਸ਼ਨ ਆ ਗਿਆ। ਪਾਣੀ ਪੀਣ ਦੇ ਬਹਾਨੇ ਮੈਂ ਗੱਡੀਓ ਉਤਰਿਆ ਤੇ ਦੂਜੀ ਕਿਸੇ ਹੋਰ ਗੱਡੀ ਵਿਚ ਜਾ ਬੈਠਿਆ। ਕੌਣ ਭਲਾ ਬਾਬੇ ਦੇ ਸਵਾਲਾਂ ਦਾ ਝੂਠਾ ਜਵਾਬ ਦਏ? ਮੇਰੇ ਕੋਲ ਦੱਸਣਯੋਗ ਹੈ ਹੀ ਨਹੀਂ ਸੀ ਕੁਝ। ਫਿਰ ਪਿੱਛੇ ਮੁੜ ਕੇ ਨਹੀਂ ਵੇਖਿਆ। ਚੱਲ ਸੋ ਚੱਲ। ਘਰ ਇਕ ਖਤ ਜਰੂਰ ਪਾ ਦਿੱਤਾ ਸੀ ਕਿ ਮੈਂ ਰੁੱਸ ਕੇ ਨਹੀਂ ਗਿਆ, ਕਿ ਮੈਂ ਮਰਾਂਗਾ ਨਹੀਂ, ਕਿ ਮੈਂ ਘਰ ਨਹੀਂ ਪਰਤਾਂਗਾ, ਕਿ ਮੇਰੀ ਤਲਾਸ਼ ਨਾ ਕਰਨਾ।

ਨਾ ਪੈਸਾ, ਨਾ ਵਿਦਿਆ, ਨਾ ਅਕਲ। ਅਜਨਬੀ ਸੰਸਾਰ ਵਿਚ ਮੈਂ ਤਰੰਨਮ ਦੀ ਤਲਾਸ਼ ਵਿਚ ਨਿਕਲ ਤੁਰਿਆ। ਪਿੰਡ ਦੇਖੇ, ਸ਼ਹਿਰ ਦੇਖੇ, ਦੇਸ਼ ਦੇਖੇ, ਪਰਦੇਸ ਦੇਖੇ ਪਰ ਤਰੰਨਮ ਨਾ ਦਿੱਸੀ। ਜੋਗੀਆਂ ਤੋਂ, ਨਜੂਮੀਆਂ ਤੋਂ ਉਸ ਦਾ ਅਤਾ-ਪਤਾ ਪੁੱਛਦਿਆਂ ਸਗਲ ਸੰਸਾਰ ਗਾਹਿਆ ਪਰ ਤਰੰਨਮ ਕਿਤੇ ਨਹੀਂ ਸੀ। ਬੜੀਆਂ ਸੁਹਣੀਆਂ ਸਿਆਣੀਆਂ ਕੁੜੀਆਂ ਏਸ ਅਨੰਤ ਸਫਰ ਵਿਚ ਦੇਖੀਆਂ, ਕਈਆਂ ਨਾਲ ਗੱਲਾਂ ਕੀਤੀਆਂ।

ਨਾਗਸੈਨ ਦੱਸਦਾ ਹੁੰਦਾ ਹੈ ਮੇਰੀ ਸ਼ਕਲ ਠੀਕ ਹੈ। ਨਾਗਸੈਨ ਹੀ ਸ਼ੀਸ਼ਾ ਹੈ ਮੇਰਾ। ਉਦੋਂ ਮੈਂ ਸ਼ੂਕਦਾ ਵੇਗਮੱਤਾ ਦਰਿਆ ਸਾਂ ਜੋ ਅੱਗੇ ਵਧਦਾ ਸਿੰਜਦਾ ਘੱਟ ਪਰ ਤਬਾਹੀ ਵਧੀਕ ਮਚਾਉਂਦਾ ਹੋਵੇ। ਤੇਜ਼ ਚਾਲ ਚੱਲ ਰਿਹਾ ਸਾਂ ਤਾਂ ਕਿ ਸ਼ੇਸ਼ਨਾਗ ਦੇ ਸਿਰ ਉਪਰਲੀ ਮਣੀ ਦੇਖ ਸਕਾਂ। ਰੱਬ ਦਾ ਜਾਂ ਧਰਮ ਦਾ ਮੈਨੂੰ ਹੁਣ ਤਕ ਪਤਾ ਨਹੀਂ ਲੱਗਾ, ਉਦੋਂ ਤਾਂ ਕੀ ਲੱਗਣਾ ਸੀ! ਗੇਰੂਏ ਕੱਪੜੇ ਇਸ ਕਰਕੇ ਪਾ ਲਏ ਸਨ ਤਾਂ ਕਿ ਮੰਦਿਰਾਂ, ਡੇਰਿਆਂ, ਸਰਾਵਾਂ ਵਿਚ ਰਾਤ ਕੱਟ ਸਕਾਂ, ਰੋਟੀ ਖਾ ਸਕਾਂ, ਜਿਸ ਨਾਲ ਮਰਜੀ ਗੱਲ ਕਰ ਸਕਾਂ।

ਇਕ ਬੜੀ ਸੁਹਣੀ ਤੇ ਸਮਝਦਾਰ ਕੁੜੀ ਨੇ ਮੈਨੂੰ ਇਕ ਵਾਰ ਦੱਸਿਆ, ਬਾਵਾ ਤੂੰ ਪਰਛਾਵਿਆਂ ਮਗਰ ਦੌੜ ਰਿਹਾ ਹੈਂ। ਅਸਲੀਅਤ ਤੇਰੇ ਨੇੜੇ ਹੀ ਹੈ ਪਰ ਤੂੰ ਹੰਕਾਰਿਆ ਹੋਇਆ ਹੈਂ ਤੇ ਹੰਕਾਰ ਵਿਚ ਆਏ ਬੰਦੇ ਨੂੰ ਨਾ ਪਹਾੜ ਦਿਸਦਾ ਹੈ, ਨਾ ਆਕਾਸ਼-ਤਰੰਨਮ ਕਿਥੇ ਦਿਸਣੀ ਹੈ?

ਇਹ ਗੱਲ ਸੁਣੀ ਤਾਂ ਮੇਰੀਆਂ ਅੱਖਾਂ ਡੁੱਬ ਡੁਬਾ ਗਈਆਂ। ਮੈਂ ਉਥੋਂ ਉਠ ਕੇ ਤੇਜ਼ ਕਦਮੀਂ ਤੁਰਿਆ ਤੇ ਦਰਿਆ ਦੇ ਕਿਨਾਰੇ ਬੈਠ ਗਿਆ। ਸੋਚਣ ਲੱਗਾ, ਹੰਕਾਰ? ਉਚੀਆਂ ਨਿਗਾਹਾਂ? ਇਹ ਕੀ ਸੁਣਿਆ ਮੈਂ? ਖਾਕ ਬਣਨਾ ਚਾਹੁੰਨਾ ਮੈਂ ਤਰੰਨਮ ਦੇ ਕਦਮਾਂ ਦੀ। ਨੰਗੇ ਪੈਰੀਂ ਸੰਸਾਰ ਛਾਣ ਮਾਰਿਆ ਤੇ ਹੁਣ ਮੈਨੂੰ ਕਿਸੇ ਨੇ ਦੱਸਿਆ ਹੈ ਕਿ ਹੰਕਾਰਿਆ ਫਿਰ ਰਿਹਾ ਹਾਂ ਮੈਂ...। ਮੇਰੀਆਂ ਅੱਖਾਂ ਨੇ ਝੜੀਆਂ ਲਾ ਦਿੱਤੀਆਂ ਫਿਰ। ਬਾਕੀ ਇਥੇ ਬੈਠੇ ਲੋਕ ਤਾਂ ਮੰਨਣਗੇ ਨਹੀਂ ਪਰ ਖੁਮਾਰ ਸ਼ਾਇਰ ਹੈ, ਮੰਨ ਜਾਏਗਾ ਕਿ ਦਰਿਆ ਦੇ ਪਾਣੀ ਦਾ ਤਲ ਉਪਰ ਉਠ ਗਿਆ ਸੀ, ਮੇਰੇ ਹੰਝੂਆਂ ਨਾਲ, ਪੂਰਾ ਹੜ੍ਹ ਆਇਆ ਸੀ ਉਸ ਦਿਨ। ਬਾਰਸ਼ ਕਿੰਨਾ ਚਿਰ ਹੁੰਦੀ ਰਹੀ ਪਤਾ ਨਹੀਂ, ਪਰ ਆਖਰ ਜਦੋਂ ਦਰਿਆ ਵਿਚੋਂ ਬੁੱਕ ਭਰ ਕੇ ਮੂੰਹ ਧੋਤਾ ਤਾਂ ਦੇਖਿਆ, ਅਸਮਾਨ ਪੂਰਾ ਨਿਖਰ ਗਿਆ। ਥੋੜ੍ਹੇ ਸਮਾਂ ਧੂੜ ਗੁਬਾਰ ਨੇ ਧਰਤੀ ਘੇਰ ਲਈ ਸੀ। ਜਮ ਕੇ ਬਾਰਸ਼ ਹੋਈ ਤਾਂ ਚਾਰੇ ਪਾਸੇ ਫਿਰ ਨਿਰਮਲਤਾ ਫੈਲ ਗਈ। ਮੈਂ ਫਿਰ ਉਸ ਦੀ ਭਾਲ 'ਚ ਤੁਰ ਪਿਆ।

ਚਾਰੇ ਕੂੰਟਾਂ ਅਤੇ ਦਸੇ ਦਿਸ਼ਾਵਾਂ ਗਾਹੀਆਂ। ਚਲੋ ਚਲ, ਭੌਂ ਰਿਹਾ ਸਾਂ, ਇਕ ਰਾਹਗੀਰ ਮਿਲਿਆ। ਮੇਰੇ ਨਾਲ ਗੱਲੀਂ ਲੱਗ ਗਿਆ। ਮੇਰੇ ਮੱਤ ਬਾਰੇ, ਮੇਰੇ ਮਿਸ਼ਨ ਬਾਰੇ ਪੁੱਛਣ ਲੱਗਾ। ਨਾ ਮੇਰਾ ਕੋਈ ਗੁਰੂ, ਨਾ ਧਰਮ। ਮੈਂ ਉਸ ਨੂੰ ਦੱਸਿਆ ਕਿ ਮੈਂ ਤਰੰਨਮ ਨੂੰ ਲੱਭਦਾ ਫਿਰ ਰਿਹਾ ਹਾਂ। ਉਸ ਨੇ ਪੂਰੀ ਗੱਲ ਸੁਣ ਕੇ ਕਿਹਾ, ਓ ਭਲਿਆ ਲੋਕਾ! ਇਹ ਤੂੰ ਕੀ ਕਰਦਾ ਫਿਰ ਰਿਹਾ ਹੈਂ? ਜਿਸ ਤਰੰਨਮ ਦੀ ਤੂੰ ਤਲਾਸ਼ ਕਰ ਰਿਹਾ ਹੈਂ, ਉਹ ਦੇਸਾਂ-ਪਰਦੇਸਾਂ ਦੇ ਪਿੰਡਾਂ-ਸ਼ਹਿਰਾਂ ਵਿਚ ਥੋੜ੍ਹੀ ਹੈ? ਲਾਇਬਰੇਰੀਆਂ ਵਿਚ ਹੁੰਦੀ ਹੈ, ਉਹ-ਮਹਾਨ ਗ੍ਰੰਥਾਂ ਵਿਚ, ਕਲਾਸਕੀ ਸਾਹਿਤ ਵਿਚ। ਉਥੇ ਜਾਹ, ਕਿਤਾਬਾਂ ਫੋਲ, ਮਿਲੇਗੀ, ਅਵੱਸ਼ ਮਿਲੇਗੀ ਤੈਨੂੰ ਉਹ।

ਉਦੋਂ ਮੇਰੀ ਉਮਰ ਚਾਲੀ-ਪੰਤਾਲੀ ਸਾਲ ਦੀ ਹੋਏਗੀ ਜਦੋਂ ਮੈਂ ਲਾਇਬਰੇਰੀ ਦਾ ਰਾਹ ਫੜ੍ਹਿਆ। ਅਗਲੇ ਤੀਹ-ਚਾਲੀ ਸਾਲ ਮੈਂ ਦੁਨੀਆਂ ਦੀਆਂ ਵੱਡੀਆਂ ਲਾਇਬਰੇਰੀਆਂ ਵਿਚ ਬਿਤਾਏ। ਮੈਂ ਉਹ ਪਾਠਕ ਨਹੀਂ ਜਿਸ ਨੂੰ ਪੰਜ-ਚਾਰ ਘੰਟੇ ਪੜ੍ਹ ਲੈਣ ਪਿਛੋਂ ਉਬਾਸੀਆਂ ਆਉਣ ਲੱਗ ਜਾਣ। ਜੇਠ ਮਹੀਨੇ ਜਿਵੇਂ ਅੱਗ ਦੀ ਲਾਟ ਸੁੱਕੇ ਪੱਤਿਆਂ ਨੂੰ ਚੱਟਦੀ ਭੱਜਦੀ ਤੁਰੀ ਜਾਂਦੀ ਹੈ, ਰੁਕਦੀ ਨਹੀਂ, ਪੱਤੇ ਮੁੱਕਣ ਤਕ। ਇਸ ਤਰ੍ਹਾਂ ਕਿਤਾਬਾਂ ਦਾ ਪਾਠ ਕੀਤਾ ਮੈਂ। ਸਾਹਿਤ, ਕਲਾ, ਦਰਸ਼ਨ, ਇਤਿਹਾਸ, ਗਿਆਨ-ਵਿਗਿਆਨ, ਮੇਰੇ ਅੱਗੇ ਕਿਹੜਾ ਕੋਈ ਆਪਸ਼ਨ ਸੀ? ਤਰੰਨਮ, ਤਰੰਨਮ ਹੈ ਆਖਰ-ਕੀ ਪਤਾ ਕਿਸ ਗ੍ਰੰਥ ਵਿਚ ਹੋਏ? ਚੱਲ ਸੋ ਚੱਲ। ਅੱਸੀ ਸਾਲ ਦੀ ਉਮਰ ਤਕ ਪੜ੍ਹਦਾ ਰਿਹਾ ਮੈਂ।

ਵਿਸ਼ਵ ਸਾਹਿਤ ਦੀਆਂ ਅਮਰ ਨਾਇਕਾਵਾਂ ਦੇਖੀਆਂ। ਧਰਮ ਗ੍ਰੰਥਾਂ ਦੀਆਂ ਦੇਵੀਆਂ, ਬਹਿਸ਼ਤ ਦੀਆਂ ਹੂਰਾਂ, ਇੰਦਰ ਦੀਆਂ ਉਹ ਅਪਸਰਾਵਾਂ ਜੋ ਮਹਾਂਰਿਸ਼ੀਆਂ ਦੀ ਸਮਾਧੀ ਵਿਚ ਵਿਘਨ ਪਾ ਸਕਦੀਆਂ ਸਨ, ਯੂਨਾਨ ਤੇ ਰੋਮ ਦੀਆਂ ਦੁੱਖ ਝੱਲਦੀਆਂ ਅਤੇ ਦੁੱਖ ਦਿੰਦੀਆਂ ਔਰਤਾਂ, ਉਹ ਰਾਜਕੁਮਾਰੀਆਂ ਅਤੇ ਮਹਾਰਾਣੀਆਂ ਜਿਨ੍ਹਾਂ ਕਰਕੇ ਫੌਜਾਂ ਟਕਰਾਈਆਂ, ਹਕੂਮਤਾਂ ਉਲਟ ਗਈਆਂ ਸਨ। ਪਰ ਤਰੰਨਮ ਨਹੀਂ ਸੀ ਕਿਤੇ। ਉਸ ਦੇ ਪੈਰਾਂ ਦਾ ਧੋਣ ਵੀ ਨਹੀਂ ਇਹ ਔਰਤਾਂ।

ਸੰਸਾਰ ਪਹਿਲੋਂ ਦੇਖ ਲਿਆ ਸੀ, ਸਾਹਿਤ ਹੁਣ ਦੇਖ ਲਿਆ। ਇਹ ਸਭ ਦੇਖਣ ਪਿਛੋਂ ਮੈਂ ਇਸ ਨਤੀਜੇ 'ਤੇ ਪੁੱਜਿਆ ਕਿ ਮਨੁੱਖ ਦੀ ਆਤਮਿਕ ਤੇ ਬੌਧਿਕ ਉਡਾਣ ਅਨੰਤ ਵੀ ਹੈ, ਅਨੁਪਮ ਵੀ। ਪਰ ਕਿਤੇ ਕੁਝ ਗੁੰਮ ਸੀ। ਕੋਈ ਆਖਦਾ ਸੀ, ਸਦਾਚਾਰ ਗਾਇਬ ਹੋ ਗਿਆ ਹੈ। ਕੋਈ ਆਖਦਾ ਸੀ, ਰੂਹਾਨੀਅਤ ਛੁਪ ਗਈ ਹੈ ਕਿਧਰੇ, ਕੋਈ ਕਲਾ ਦੀ, ਕੋਈ ਹੁਨਰ ਦੀ ਤਲਾਸ਼ ਵਿਚ ਸੀ। ਕੋਈ ਆਖਦਾ ਸੀ ਸਭ ਕੁਝ ਸਹੀ ਹੈ, ਮਨੁੱਖ ਆਪ ਗੁੰਮ ਹੋ ਗਿਆ ਹੈ ਅਤੇ ਕੋਈ ਕਹਿ ਰਿਹਾ ਸੀ, ਨਹੀਂ ਮਨੁੱਖ ਤੋਂ ਉਸ ਦਾ ਹੀਰੋ ਗੁੰਮ ਹੋ ਗਿਆ ਹੈ। ਲੱਖਾਂ ਜਿਗਿਆਸੂ ਰੱਬ ਦੀ ਤਲਾਸ਼ ਵਿਚ ਇਉਂ ਫਿਰਦੇ ਵੇਖੇ ਜਿਵੇਂ ਸ਼ਾਇਰ ਅਲੰਕਾਰਾਂ ਦੀ ਤਲਾਸ਼ ਕਰ ਰਹੇ ਹੋਣ। ਪਰ, ਸ਼ਾਇਰਾਂ ਨੂੰ ਤਸ਼ਬੀਹਾਂ ਲੱਭਣ ਵਿਚ ਦਿੱਕਤ ਆ ਰਹੀ ਸੀ ਤੇ ਗੁੰਮ ਹੋਇਆ ਰੱਬ ਵੀ ਪਕੜ ਵਿਚ ਨਹੀਂ ਸੀ ਆ ਰਿਹਾ। ਅਜਿਹੇ ਕਰੋੜਾਂ ਬੇਚੈਨ ਲੋਕਾਂ ਵਿਚ ਇਕ ਮੈਂ ਸਾਂ, ਜੋ ਤਰੰਨਮ ਦੀ ਤਲਾਸ਼ ਵਿਚ ਸਾਂ। ਕਰੋੜਾਂ ਵਿਚ ਇਕ ਹੋਰ ਬਦਨਸੀਬ ਜਿਗਿਆਸੂ।

ਇਕ ਬੰਦਾ ਲਾਇਬਰੇਰੀ ਵਿਚ ਦੇਖਿਆ। ਉਹ ਵੀ ਤਕੜਾ ਪੜ੍ਹਾਕੂ ਸੀ ਕੋਈ। ਇਕ ਦਿਨ ਮੇਰੇ ਪਾਸ ਆਇਆ ਤੇ ਕਹਿਣ ਲੱਗਾ, 'ਖੋਜ ਕਰ ਰਹੇ ਹੋ?' ਮੈਂ ਹਾਂ ਵਿਚ ਸਿਰ ਹਿਲਾਇਆ। ਉਸ ਨੇ ਫਿਰ ਪੁੱਛਿਆ, 'ਕੀ ਮਜ਼ਮੂਨ ਹੈ ਤੁਹਾਡੇ ਪ੍ਰਾਜੈਕਟ ਦਾ?' ਮੈਂ ਕਿਹਾ, ਤਰੰਨਮ ਕੋਈ ਮਜ਼ਮੂਨ ਨਹੀਂ ਹੈ ਭਾਈ। ਉਸ ਪ੍ਰਕਾਰ ਦਾ ਖੋਜੀ ਨਹੀਂ ਮੈਂ, ਜਿਵੇਂ ਤੁਸੀਂ ਸਮਝਿਆ। ਮੈਂ ਉਸ ਨੂੰ ਤਰੰਨਮ ਦੀ ਗੱਲ ਦਸਦਿਆਂ ਕਿਹਾ ਕਿ ਉਹ ਅਜਿਹਾ ਵਜੂਦ ਹੈ, ਜਿਸ ਵਿਚੋਂ ਲੱਖਾਂ ਮਜ਼ਮੂਨ ਪ੍ਰਗਟ ਹੋ ਜਾਂਦੇ ਹਨ ਤੇ ਕਰੋੜਾਂ ਉਸ ਵਿਚ ਗੁੰਮ ਹੋ ਜਾਂਦੇ ਹਨ। ਬਿਲਕੁਲ ਉਸੇ ਤਰ੍ਹਾਂ ਜਿਵੇਂ ਬ੍ਰਹਿਮੰਡ ਵਿਚ ਅਨੇਕ ਤਾਰਿਕਾ ਮੰਡਲਾਂ ਦਾ ਜਨਮ ਤੇ ਮੌਤ ਹੁੰਦੀ ਰਹਿੰਦੀ ਹੈ ਪਰ ਕਿਸੇ ਨੂੰ ਪਤਾ ਨਹੀਂ ਲਗਦਾ।

ਉਸ ਨੇ ਕਿਹਾ, 'ਇਥੇ ਨਹੀਂ ਹੈ ਫਿਰ ਉਹ। ਜਿਸ ਦੀ ਤੂੰ ਭਾਲ ਕਰ ਰਿਹਾ ਹੈਂ, ਇਥੇ ਕਿਤਾਬਾਂ ਵਿਚ ਨਹੀਂ ਹੈ, ਉਹ।' ਮੇਰੇ ਦਿਲ ਨੂੰ ਝਟਕਾ ਲੱਗਾ। ਤਾਂ ਕੀ ਏਨੇ ਸਾਲ ਬੇਕਾਰ ਗਏ? 'ਕਿਥੇ ਹੈ ਫਿਰ ਉਹ?' ਮੈਂ ਪੁੱਛਿਆ, 'ਜਿਸ ਨੇ ਮੈਨੂੰ ਉਸ ਦਾ ਸਿਰਨਾਂਵਾਂ ਲਾਇਬਰੇਰੀਆਂ ਦਾ ਦਿੱਤਾ ਸੀ, ਫਿਰ ਠੱਗੀ ਕਰ ਗਿਆ, ਉਹ ਮੇਰੇ ਨਾਲ? ਉਂਜ ਭਲਾ ਬੰਦਾ ਲਗਿਆ ਸੀ, ਉਹ ਕੋਈ।'

ਅਜਨਬੀ ਨੇ ਕਿਹਾ, ਠੀਕ ਸੀ ਉਹ। ਉਸ ਨੇ ਸੱਚ ਦੱਸਿਆ ਸੀ ਤੈਨੂੰ। ਤਰੰਨਮ ਇਥੇ ਸੀ ਕਦੀ ਕਿਤਾਬਾਂ ਵਿਚ। ਸ਼ਬਦਾਂ ਦੀਆਂ ਕਤਾਰਾਂ, ਜਿਨ੍ਹਾਂ ਨੂੰ ਵਾਕ ਕਿਹਾ ਜਾਂਦਾ ਹੈ, ਦਰਅਸਲ ਉਸ ਦੀਆਂ ਪਗਡੰਡੀਆਂ ਹਨ। ਸ਼ਬਦ ਉਸ ਦੀਆਂ ਪੈੜਾਂ ਜਾਣ

*(ਬਾਕੀ ਅਗਲੇ ਸਫੇ 'ਤੇ)*

# ਖਾਲਿਸਤਾਨ, ਹਲੇਮੀ ਰਾਜ, ਬੇਗਮਪੁਰਾ ਸਮਾਜ

**ਵਿਚਾਰ ਚਰਚਾ**

***ਇਸ ਲੇਖ ਵਿਚ ਵਿਚਾਰਵਾਨ ਗੁਰਬਚਨ ਸਿੰਘ ਨੇ ਚੰਡੀਗੜ੍ਹ ਤੋਂ ਛਪਦੇ ਅਖਬਾਰ ਦ ਟ੍ਰਿਬਿਊਨ ਅਤੇ ਪੰਜਾਬੀ ਟ੍ਰਿਬਿਊਨ ਵਿਚ ਛਪੇ ਕੇ. ਸੀ. ਸਿੰਘ ਦੇ ਇਕ ਲੇਖ ਦੇ ਹਵਾਲੇ ਨਾਲ ਖਾਲਿਸਤਾਨ ਦੇ ਮੁੱਦੇ ਉਤੇ ਚਰਚਾ ਛੇੜਦਿਆਂ ਕਿਹਾ ਹੈ ਕਿ ਕੁਝ ਸੁਆਰਥੀ ਸਿਆਸੀ ਧਿਰਾਂ ਦੀ ਤੰਗਨਜ਼ਰੀ ਕਰਕੇ 'ਖਾਲਿਸਤਾਨ' ਸ਼ਬਦ ਨੂੰ ਇਕ ਹਊਆ ਬਣਾ ਕੇ ਪੇਸ਼ ਕੀਤਾ ਗਿਆ ਹੈ ਪਰ ਜੇ 'ਬਸਤੀਵਾਦੀ ਕਾਨੂੰਨਾਂ' ਦੇ ਘੇਰੇ ਵਿਚੋਂ ਬਾਹਰ ਨਿਕਲ ਕੇ 'ਖਾਲਿਸਤਾਨ' ਦੇ ਗੁਰਮਤਿ ਸੰਕਲਪ ਬਾਰੇ ਖੁੱਲ੍ਹ ਕੇ ਚਰਚਾ ਹੋ ਲੈਣ ਦਿੱਤੀ ਜਾਵੇ ਤਾਂ ਸ਼ਾਇਦ ਪੰਜਾਬ ਵਿਚ ਰਹਿੰਦੇ ਗੈਰ-ਸਿੱਖ ਮਨਾਂ ਵਿਚ ਇਸ ਸ਼ਬਦ ਬਾਰੇ ਬਣਿਆ ਹਊਆ ਖਤਮ ਹੋ ਸਕੇ। ਉਹ ਸਪਸ਼ਟ ਕਰਦੇ ਹਨ ਕਿ ਖਾਲਸਾ ਹਰ ਤਰ੍ਹਾਂ ਦੀਆਂ ਵੰਡੀਆਂ ਮਿਟਾ ਕੇ ਇਸ ਸੱਚ ਨੂੰ ਸਥਾਪਤ ਕਰਨਾ ਚਾਹੁੰਦਾ ਹੈ। ਇਸ ਸੱਚ ਤੋਂ ਹੀ ਸਦੀਵੀ ਰਹਿਣ ਵਾਲੇ ਅਕਾਲ ਤਖਤ ਦੀ ਹਸਤੀ ਪ੍ਰਗਟ ਹੁੰਦੀ ਹੈ। -ਸੰਪਾਦਕ***

ਕੁਝ ਸੁਆਰਥੀ ਸਿਆਸੀ ਧਿਰਾਂ ਦੀ ਤੰਗਨਜ਼ਰੀ ਕਰਕੇ 'ਖਾਲਿਸਤਾਨ' ਸ਼ਬਦ ਨੂੰ ਜਿਵੇਂ ਇਕ ਹਊਆ ਬਣਾ ਕੇ ਪੇਸ਼ ਕੀਤਾ ਗਿਆ ਹੈ, ਇਸ ਨੇ ਬਹੁਤੇ ਗੈਰ ਸਿੱਖਾਂ ਤੋਂ ਇਲਾਵਾ ਸਿੱਖ ਮਨਾਂ ਵਿਚ ਵੀ ਇਕ ਭੰਬਲਭੂਸੇ ਵਾਲੀ ਹਾਲਤ ਪੈਦਾ ਕੀਤੀ ਹੈ। ਬੜੀ ਤੇਜ਼ੀ ਨਾਲ ਬਦਲ ਰਹੀ ਸੰਸਾਰ ਹਾਲਤ ਨੂੰ ਧਿਆਨ ਵਿਚ ਰੱਖ ਕੇ ਤੇ 'ਬਸਤੀਵਾਦੀ ਕਾਨੂੰਨਾਂ' ਦੇ ਘੇਰੇ ਵਿਚੋਂ ਬਾਹਰ ਨਿਕਲ ਕੇ ਜੇ 'ਖਾਲਿਸਤਾਨ' ਦੇ ਗੁਰਮਤਿ ਸੰਕਲਪ ਬਾਰੇ ਖੁੱਲ੍ਹ ਕੇ ਚਰਚਾ ਹੋ ਲੈਣ ਦਿੱਤੀ ਜਾਵੇ ਤਾਂ ਸ਼ਾਇਦ ਪੰਜਾਬ ਵਿਚ ਰਹਿੰਦੇ ਗੈਰ-ਸਿੱਖ ਮਨਾਂ ਵਿਚ ਇਸ ਸ਼ਬਦ ਬਾਰੇ ਬਣਿਆ

**ਗੁਰਬਚਨ ਸਿੰਘ**
ਫੋਨ: 91-98156-98451

ਹਊਆ ਖਤਮ ਹੋ ਸਕੇ। ਇਸ ਚਰਚਾ ਨਾਲ ਸ਼ਾਇਦ ਸਿੱਖ ਮਨਾਂ ਵਿਚ ਬਣੀ ਇਹ ਦੁਬਿਧਾ ਵੀ ਖਤਮ ਹੋ ਸਕੇ ਕਿ ਧਾਰਮਿਕ, ਸਮਾਜੀ ਤੇ ਰਾਜਸੀ ਪੱਖੋਂ ਕੀ ਸਿੱਖ ਇਕ ਨਿਵੇਕਲਾ ਭਾਈਚਾਰਾ ਹਨ ਅਤੇ ਇਕ 'ਕੌਮ' ਬਣਦੇ ਹਨ ਜਾਂ ਮੌਜੂਦਾ ਭਾਰਤੀ ਰਾਜਸੀ ਤਾਣੇ-ਬਾਣੇ ਵਿਚ ਇਕ ਧਾਰਮਿਕ ਘੱਟ ਗਿਣਤੀ ਹਨ।

ਇਸ ਚਰਚਾ ਦੀ ਸ਼ੁਰੂਆਤ 16 ਜੁਲਾਈ ਨੂੰ ਪੰਜਾਬੀ ਤੇ ਅੰਗਰੇਜ਼ੀ ਟ੍ਰਿਬਿਊਨ ਵਿਚ ਸਾਬਕਾ ਵਿਦੇਸ਼ ਸਕੱਤਰ ਸ. ਕੇ. ਸੀ. ਸਿੰਘ ਦੀ ਖਾਲਿਸਤਾਨ ਬਾਰੇ ਛਪੀ ਇਕ ਲਿਖਤ ਤੋਂ ਹੋ ਸਕਦੀ ਹੈ। ਪੰਜਾਬੀ ਟ੍ਰਿਬਿਊਨ ਵਿਚ ਛਪੀ ਲਿਖਤ ਦਾ ਸਿਰਲੇਖ ਹੈ, 'ਖਾਲਿਸਤਾਨ ਦਾ ਮਸਲਾ ਅਤੇ ਪੰਜਾਬ ਦੇ ਮੌਜੂਦਾ ਹਾਲਾਤ', ਜਦੋਂ ਕਿ ਅੰਗਰੇਜ਼ੀ ਟ੍ਰਿਬਿਊਨ ਵਿਚ ਛਪੀ ਲਿਖਤ ਦਾ ਸਿਰਲੇਖ ਹੈ, 'ਖਾਲਿਸਤਾਨ ਦਾ ਨੁਕਸਦਾਰ ਵਿਚਾਰ'। ਉਂਜ ਪੰਜਾਬੀ ਟ੍ਰਿਬਿਊਨ ਵਿਚ ਛਪੀ ਲਿਖਤ ਅੰਗਰੇਜ਼ੀ ਟ੍ਰਿਬਿਊਨ ਵਿਚ ਛਪੀ ਲਿਖਤ ਦਾ ਅਨੁਵਾਦ ਹੀ ਹੈ। ਇਸ ਲਿਖਤ ਵਿਚ ਲੇਖਕ ਨੇ ਆਪੇ ਹੀ ਸੁਆਲ ਕਰਕੇ 'ਖਾਲਿਸਤਾਨ ਕੀ ਹੈ?' ਫਿਰ ਆਪ ਹੀ ਇਸ ਦਾ ਜੁਆਬ ਦਿੱਤਾ ਹੈ, "ਇੱਕ ਨਿੱਕਾ ਜਿਹਾ ਚਹੁੰ ਪਾਸਿਓਂ ਧਰਤੀ ਨਾਲ ਘਿਰਿਆ ਹੋਇਆ ਭੂਗੋਲਿਕ ਖੇਤਰ, ਜਿਸ ਦੇ ਇਕ ਪਾਸੇ ਮੁਖਾਲਿਫ ਭਾਰਤ ਅਤੇ ਦੂਜੇ ਪਾਸੇ ਲੁਟੇਰਾ ਤੇ ਗੈਰ-ਭਰੋਸੇਯੋਗ ਪਾਕਿਸਤਾਨ ਹੈ। ਜੋ ਪੁਜਾਰੀਆਂ ਤੇ ਕੱਟੜ ਆਗੂਆਂ ਦੇ ਹੱਥਾਂ ਵਿਚ ਹੋਵੇਗਾ।"

ਇਸ ਦੇ ਬਦਲਵੇਂ ਰੂਪ ਵਜੋਂ ਲੇਖਕ ਦਾ ਸੁਝਾਅ ਹੈ, "ਇਸ ਦੇ ਮੁਕਾਬਲੇ ਇਹ ਇਕ ਚਿਰ ਸਥਾਈ ਸੰਤੁਲਿਤ ਜ਼ਰਈ-ਸਨਅਤੀ ਵਿਕਾਸ ਨਾਲ ਭਾਰਤ ਦੇ ਕੈਲੀਫੋਰਨੀਆ ਬਣ ਰਹੇ ਪੰਜਾਬ ਦੀ ਪੁਨਰ ਸਿਰਜਣਾ ਵੀ ਹੋ ਸਕਦੀ ਹੈ। ਬਸ਼ਰਤੇ ਸਰਕਾਰ ਤੇ ਸਿੱਖ ਧਰਮ ਦਾ ਰਿਸ਼ਤਾ ਇਰਾਨ ਦੇ ਇਮਾਮ ਖੁਮੀਨੀ ਦੇ ਕਹਿਣ ਵਾਂਗ ਇਨਸਾਫ ਦੇ ਕਾਨੂੰਨੀ ਰਖਵਾਲਿਆਂ ਦਾ ਹੋਵੇ। ਅਜਿਹੇ ਖਾਲਿਸਤਾਨ ਦੀ ਗੁਰੂ ਸਾਹਿਬਾਨ ਵਾਂਗ ਸਮੁੱਚੇ ਭਾਰਤ ਵਿਚ ਇੱਜਤ ਹੋਵੇਗੀ ਤੇ ਇਸ ਦਾ ਪ੍ਰਭਾਵ ਪਵੇਗਾ।"

ਹਾਲ ਦੀ ਘੜੀ ਖਾਲਿਸਤਾਨ ਨਾਲ ਜੁੜੀ ਬਾਕੀ ਸਾਰੀ ਚਰਚਾ ਨੂੰ ਲਾਂਭੇ ਛੱਡਦਿਆਂ ਇਥੇ ਇਸ ਧਾਰਨਾ ਦਾ ਖੰਡਨ ਕਰਨਾ ਬਹੁਤ ਜ਼ਰੂਰੀ ਹੈ ਕਿ ਖਾਲਿਸਤਾਨ "ਇਕ ਨਿੱਕਾ ਜਿਹਾ ਚਹੁੰ ਪਾਸਿਓਂ ਧਰਤੀ ਨਾਲ ਘਿਰਿਆ ਹੋਇਆ ਭੂਗੋਲਿਕ ਖੇਤਰ ਹੋਵੇਗਾ।" ਬੇਸ਼ਕ ਦੁਨੀਆਂ ਭਰ ਵਿਚ ਸੈਂਕੜੇ ਦੇਸ਼ ਇਹੋ ਜਿਹੇ ਹਨ, ਜਿਨ੍ਹਾਂ ਨਾਲ ਸਮੁੰਦਰ ਨਹੀਂ ਲਗਦਾ ਅਤੇ ਉਹ ਬੜੀ ਸਫਲਤਾ ਨਾਲ ਆਪਣਾ ਕਾਰਜ ਕਰ ਰਹੇ ਹਨ। ਪਰ ਖਾਲਿਸਤਾਨ ਗੁਰਮਤਿ ਫਿਲਾਸਫੀ ਉਤੇ ਆਧਾਰਤ ਇਕ ਰਾਜ ਦਾ ਸੰਕਲਪ ਹੈ, ਜਿਸ ਦੀ ਵਿਆਖਿਆ ਗੁਰੂ ਗ੍ਰੰਥ ਸਾਹਿਬ ਵਿਚ 'ਹਲੇਮੀ ਰਾਜ' ਤੇ 'ਬੇਗਮਪੁਰਾ' ਸਮਾਜ ਦੇ ਰੂਪ ਵਿਚ ਕੀਤੀ ਗਈ ਹੈ। ਦੁਨੀਆਂ ਭਰ ਵਿਚ ਰਹਿੰਦੇ ਸਿੱਖ ਹਰ ਰੋਜ਼ ਸਵੇਰ-ਸ਼ਾਮ ਦੋ ਵਾਰ ਆਪਣੀ ਅਰਦਾਸ ਤੋਂ ਬਾਅਦ 'ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ' ਦੇ ਰੂਪ ਵਿਚ ਇਸੇ ਸੰਕਲਪ ਨੂੰ ਦੁਹਰਾਉਂਦੇ ਹਨ।

***ਪੂੰਜੀਵਾਦ ਦੇ ਸਾਮਰਾਜੀ ਦੌਰ ਵਿਚ ਆ ਕੇ ਸਿਰਫ 'ਪੈਸੇ' ਦੇ ਰਿਸ਼ਤਿਆਂ ਤਕ ਸਿਮਟਿਆ ਮਨੁੱਖ ਆਪਣੀ ਜਜ਼ਬਾਤੀ ਹੋਂਦ ਦਾ ਪ੍ਰਗਟਾਵਾ ਨਹੀਂ ਕਰ ਸਕਦਾ। ਇਹੀ ਕਾਰਨ ਹੈ ਕਿ ਅੱਜ ਜਜ਼ਬਾਤ ਵਿਹੂਣਾ ਮਨੁੱਖ ਸਾਮਰਾਜੀ ਪੈਦਾਵਾਰੀ ਮਸ਼ੀਨ ਦਾ ਇਕ ਪੁਰਜਾ ਮਾਤਰ ਬਣ ਕੇ ਰਹਿ ਗਿਆ ਹੈ ਅਤੇ ਅੰਤਾਂ ਦਾ ਇਕਲਾਪਾ ਭੋਗ ਰਿਹਾ ਹੈ, ਜਿਸ ਕਰਕੇ ਉਹ ਲਗਾਤਾਰ ਨਿਰਾਸ਼ਾ ਦਾ ਸ਼ਿਕਾਰ ਹੈ। ਸੰਸਾਰ ਸਿਹਤ ਸਭਾ ਦੀ ਇਕ ਰਿਪੋਰਟ ਮੁਤਾਬਕ ਇਕੱਲੇ ਅਮਰੀਕਾ ਅਤੇ ਬਰਤਾਨੀਆ ਵਿਚ ਮਾਨਸਿਕ ਰੋਗਾਂ ਕਾਰਨ ਇਕ ਹਜ਼ਾਰ ਅਰਬ ਡਾਲਰ ਦੀ ਪੈਦਾਵਾਰੀ ਸ਼ਕਤੀ ਦਾ ਨੁਕਸਾਨ ਹੋ ਰਿਹਾ ਹੈ। ਇਲਾਜ ਉਤੇ ਕੀਤਾ ਜਾ ਰਿਹਾ ਖਰਚ ਇਸ ਤੋਂ ਵੱਖਰਾ ਹੈ। ਸਾਮਰਾਜੀ ਖਪਤਕਾਰੀ ਦਾ ਭਟਕਾਇਆ ਅਜੋਕਾ ਮਨੁੱਖ ਆਪਣੇ ਆਪ ਨੂੰ ਕੁਦਰਤੀ ਨੇਮਾਂ ਅਨੁਸਾਰ ਢਾਲਣ ਦੀ ਥਾਂ ਆਪਣੇ ਦਿਮਾਗ ਵਿਚ ਬਣੇ ਸੰਕਲਪਾਂ ਦੇ ਆਧਾਰ 'ਤੇ ਕੁਦਰਤ ਨੂੰ ਆਪਣੀਆਂ ਇੱਛਾਵਾਂ ਅਨੁਸਾਰ ਢਾਲਣਾ ਚਾਹੁੰਦਾ ਹੈ, ਜੋ ਬਾਹਰਮੁਖੀ ਠੋਸ ਹਕੀਕਤ ਨਾਲ ਟਕਰਾਉਂਦਾ ਹੈ।***

ਸਪਸ਼ਟ ਕਰਨ ਵਾਲਾ ਨੁਕਤਾ ਸਿਰਫ ਏਨਾ ਹੈ ਕਿ ਇਥੇ ਜਦੋਂ ਆਕੀ ਹੋਣ ਦੀ ਗੱਲ ਕੀਤੀ ਜਾਂਦੀ ਹੈ, ਤਾਂ ਇਸ ਦਾ ਭਾਵ ਖਾਲਸਾ ਰਾਜ ਤੋਂ ਆਕੀ ਹੋਣਾ ਨਹੀਂ ਸਗੋਂ ਕੁਦਰਤੀ ਨੇਮਾਂ ਭਾਵ 'ਹੁਕਮੁ' ਤੋਂ ਆਕੀ ਹੋਣਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਨੁਕਤੇ ਨੂੰ ਸਪਸ਼ਟ ਕੀਤਾ ਗਿਆ ਹੈ:

ਬ੍ਰਹਮਾ ਬਿਸਨੁ ਰਿਖੀ ਮੁਨੀ
ਸੰਕਰੁ ਇੰਦੁ ਤਪੈ ਭੇਖਾਰੀ॥
ਮਾਨੈ ਹੁਕਮੁ ਸੋਹੈ ਦਰ ਸਾਚੈ
ਆਕੀ ਮਰਹਿ ਅਫਾਰੀ॥ (ਪੰਨਾ 992)

ਭਾਵ ਉਸ ਸਿਰਜਣਹਾਰ ਕਰਤਾ ਦੇ ਦਰਬਾਰ ਵਿਚ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਤੇ ਇੰਦਰ ਸਮੇਤ ਸਾਰੇ ਰਿਖੀ-ਮੁਨੀ-ਤਪੀ ਭਿਖਾਰੀ ਹਨ। ਉਸ ਦੇ ਦਰਬਾਰ ਵਿਚ ਸਿਰਫ ਉਹੀ ਸੋਭਦੇ ਹਨ, ਜੋ ਉਸ ਦੇ ਹੁਕਮੁ (ਦਸਤੂਰ) ਨੂੰ ਮੰਨਦੇ ਹਨ ਤੇ ਉਸ ਦੇ ਹੁਕਮੁ ਤੋਂ ਆਕੀ ਸਾਰੇ ਲੋਕ ਆਪਣੇ ਅਫਰੇਵੇਂ (ਹਉਮੈ) ਨਾਲ ਹੀ ਮਰ ਜਾਂਦੇ ਹਨ।

ਜਦੋਂ ਸ. ਕੇ. ਸੀ. ਸਿੰਘ 'ਚਿਰ ਸਥਾਈ ਸੰਤੁਲਿਤ ਵਿਕਾਸ ਨਾਲ ਨਵੇਂ ਪੰਜਾਬ ਦੀ ਪੁਨਰ ਸਿਰਜਣਾ' ਦੀ ਗੱਲ ਕਰਦੇ ਹਨ ਤਾਂ ਉਹ ਇਸੇ ਸੰਕਲਪ ਨਾਲ ਸਪਸ਼ਟ ਹੋ ਸਕਦੀ ਹੈ। ਅੱਜ ਦੁਨੀਆਂ ਭਰ ਵਿਚ ਇਹੀ ਚਰਚਾ ਚੱਲ ਰਹੀ ਹੈ ਕਿ ਸਮੁੱਚੀ ਮਨੁੱਖਤਾ ਚਿਰ ਸਥਾਈ ਅਤੇ ਸੰਤੁਲਿਤ ਵਿਕਾਸ ਵੱਲ ਅੱਗੇ ਕਿਵੇਂ ਵਧ ਸਕਦੀ ਹੈ? ਸੰਖੇਪ ਵਿਚ ਇਸ ਦਾ ਤੱਤ ਇਹੀ ਹੈ ਕਿ ਮਨੁੱਖ ਕੁਦਰਤ ਨਾਲ ਇਕਸੁਰ ਰਹਿ ਕੇ ਤੇ ਕੁਦਰਤੀ ਨੇਮਾਂ ਅਧੀਨ ਜ਼ਿੰਦਗੀ ਜਿਉਣ ਦੀ ਜਾਚ ਸਿੱਖ ਕੇ ਹੀ, ਭਾਵ ਆਤਮਕ ਤੇ ਮਾਨਸਿਕ ਵਿਕਾਸ ਰਾਹੀਂ ਹੀ ਚਿਰ ਸਥਾਈ ਤੇ ਸੰਤੁਲਿਤ ਵਿਕਾਸ ਕਰ ਸਕਦਾ ਹੈ। ਪੰਜਾਬ ਨੂੰ ਅੱਜ ਸਾਮਰਾਜੀ ਪੂੰਜੀਵਾਦੀ ਵਿਕਾਸ ਦੇ ਦੁਸ਼ਟ ਚੱਕਰ ਵਿਚੋਂ ਬਾਹਰ ਨਿਕਲ ਕੇ ਇਸੇ ਵਿਕਾਸ ਮਾਰਗ ਵੱਲ ਤੋਰਨ ਦੀ ਲੋੜ ਹੈ। ਗੁਰਮਤਿ ਇਸ ਵਿਕਾਸ ਮਾਰਗ ਦੀ ਪੁਸ਼ਟੀ ਕਰਦੀ ਹੈ।

ਪੂੰਜੀਵਾਦ ਦੇ ਸਾਮਰਾਜੀ ਦੌਰ ਵਿਚ ਆ ਕੇ ਸਿਰਫ 'ਪੈਸੇ' ਦੇ ਰਿਸ਼ਤਿਆਂ ਤਕ ਸਿਮਟਿਆ ਮਨੁੱਖ ਆਪਣੀ ਜਜ਼ਬਾਤੀ ਹੋਂਦ ਦਾ ਪ੍ਰਗਟਾਵਾ ਨਹੀਂ ਕਰ ਸਕਦਾ। ਇਹੀ ਕਾਰਨ ਹੈ ਕਿ ਅੱਜ ਜਜ਼ਬਾਤ ਵਿਹੂਣਾ ਮਨੁੱਖ ਸਾਮਰਾਜੀ ਪੈਦਾਵਾਰੀ ਮਸ਼ੀਨ ਦਾ ਇਕ ਪੁਰਜਾ ਮਾਤਰ ਬਣ ਕੇ ਰਹਿ ਗਿਆ ਹੈ ਅਤੇ ਅੰਤਾਂ ਦਾ ਇਕਲਾਪਾ ਭੋਗ ਰਿਹਾ ਹੈ, ਜਿਸ ਕਰਕੇ ਉਹ ਲਗਾਤਾਰ ਨਿਰਾਸ਼ਾ ਦਾ ਸ਼ਿਕਾਰ ਹੈ। ਸੰਸਾਰ ਸਿਹਤ ਸਭਾ ਦੀ ਇਕ ਰਿਪੋਰਟ ਮੁਤਾਬਕ ਇਕੱਲੇ ਅਮਰੀਕਾ ਅਤੇ ਬਰਤਾਨੀਆ ਵਿਚ ਮਾਨਸਿਕ ਰੋਗਾਂ ਕਾਰਨ ਇਕ ਹਜ਼ਾਰ ਅਰਬ ਡਾਲਰ ਦੀ ਪੈਦਾਵਾਰੀ ਸ਼ਕਤੀ ਦਾ ਨੁਕਸਾਨ ਹੋ ਰਿਹਾ ਹੈ। ਇਲਾਜ ਉਤੇ ਕੀਤਾ ਜਾ ਰਿਹਾ ਖਰਚ ਇਸ ਤੋਂ ਵੱਖਰਾ ਹੈ। ਸਾਮਰਾਜੀ ਖਪਤਕਾਰੀ ਦਾ ਭਟਕਾਇਆ ਅਜੋਕਾ ਮਨੁੱਖ ਆਪਣੇ ਆਪ ਨੂੰ ਕੁਦਰਤੀ ਨੇਮਾਂ ਅਨੁਸਾਰ ਢਾਲਣ ਦੀ ਥਾਂ ਆਪਣੇ ਦਿਮਾਗ ਵਿਚ ਬਣੇ ਸੰਕਲਪਾਂ ਦੇ ਆਧਾਰ 'ਤੇ ਕੁਦਰਤ ਨੂੰ ਆਪਣੀਆਂ ਇੱਛਾਵਾਂ ਅਨੁਸਾਰ ਢਾਲਣਾ ਚਾਹੁੰਦਾ ਹੈ, ਜੋ ਬਾਹਰਮੁਖੀ ਠੋਸ ਹਕੀਕਤ ਨਾਲ ਟਕਰਾਉਂਦਾ ਹੈ।

ਸਿੱਖ ਧਰਮ ਦਾ ਮੰਤਵ ਆਤਮਕ ਗਿਆਨ ਦੀ ਰੌਸ਼ਨੀ ਵਿਚ ਮਨੁੱਖ ਦਾ ਆਤਮਕ ਤੇ ਮਾਨਸਿਕ ਵਿਕਾਸ ਕਰਕੇ ਮਨੁੱਖ ਨੂੰ ਉਸ ਦੀ ਕੁਦਰਤੀ ਹੋਂਦ ਤੋਂ ਜਾਣੂ ਕਰਵਾਉਣਾ ਹੈ। ਇਨਕਲਾਬ ਅਤੇ ਤਬਦੀਲੀ ਵਿਚ ਵੱਡਾ ਫਰਕ ਇਹੀ ਹੈ ਕਿ ਤਬਦੀਲੀ ਆਪਣੇ ਮਾਨਸਿਕ ਵਿਹਾਰ ਨੂੰ ਬਦਲੇ ਬਿਨਾ ਦੂਜਿਆਂ 'ਤੇ ਠੋਸੀ ਜਾਂਦੀ ਹੈ, ਜਦੋਂ ਕਿ ਇਨਕਲਾਬ ਆਪਣਾ ਆਤਮਕ ਤੇ ਮਾਨਸਿਕ ਵਿਕਾਸ ਕਰਦਿਆਂ ਆਪਣੇ ਆਲੇ-ਦੁਆਲੇ ਦੇ ਸਮਾਜ ਨੂੰ ਬਦਲਣ ਦੇ ਰਾਹ ਪੈਣ ਦਾ ਸੰਕਲਪ ਹੈ। ਮਨੁੱਖ ਨੂੰ ਕੁਦਰਤ ਦੇ ਨੇਮਾਂ ਵਿਚ ਰਹਿ ਕੇ ਜ਼ਿੰਦਗੀ ਜਿਉਣ ਦੀ ਜੁਗਤ ਦਾ ਗਿਆਨ ਹੋਣਾ ਅਤੇ ਇਸ ਨੂੰ ਅਮਲ ਵਿਚ ਲਾਗੂ ਕਰਨ ਲਈ ਸੰਘਰਸ਼ ਕਰਨਾ, ਇਹੀ ਮਾਰਕਸ ਦਾ ਕਮਿਊਨਿਸਟ ਇਨਕਲਾਬ ਹੈ, ਭਾਵ ਸਰਬ-ਸਾਂਝੀਵਾਲਤਾ ਦੇ ਆਧਾਰ ਉਤੇ ਨਵੇਂ ਸਮਾਜ ਦੀ ਸਥਾਪਤੀ। ਪਰ ਕਮਿਊਨਿਸਟ ਲਹਿਰ ਇਸ ਰਾਹ ਤੋਂ ਭਟਕ ਗਈ ਹੈ। ਉਹ ਸੁਚੇਤ ਤੌਰ 'ਤੇ ਚੇਤੰਨ ਹੋ ਕੇ ਆਤਮਕ-ਗਿਆਨ ਭਾਵ ਭੌਤਿਕਵਾਦੀ ਫਿਲਾਸਫੀ ਨਾਲ ਆਪਣਾ ਆਤਮਕ ਤੇ ਮਾਨਸਿਕ ਵਿਕਾਸ ਕੀਤੇ ਬਿਨਾ ਹੀ ਸਮਾਜ ਨੂੰ ਬਦਲਣ ਦਾ ਭਰਮ ਪਾਲ ਰਹੀ ਹੈ, ਜਿਸ ਕਰਕੇ ਉਸ ਦਾ ਆਪਣਾ ਹੀ ਮਨ ਸਾਮਰਾਜੀ ਪੂੰਜੀਵਾਦੀ ਹਉਮੈ (ਕੁਦਰਤ ਤੋਂ ਟੁੱਟੀ ਹੋਈ ਆਪਣੀ ਝੂਠੀ ਹੋਂਦ) ਅਤੇ ਤ੍ਰਿਸ਼ਨਾ (ਗੈਰ-ਕੁਦਰਤੀ ਇੱਛਾਵਾਂ) ਦਾ ਗੁਲਾਮ ਬਣ ਕੇ ਸਾਮਰਾਜੀ ਖਪਤਕਾਰੀ ਸਭਿਆਚਾਰ ਦਾ ਸ਼ਿਕਾਰ ਹੋ ਗਿਆ ਹੈ ਜਿਸ ਕਰਕੇ ਮਾਰਕਸ ਦੇ ਚਿਤਵੇ ਕਮਿਊਨਿਸਟ ਸਮਾਜ ਦੀ ਸਿਰਜਣਾ ਨਹੀਂ ਹੋ ਸਕੀ।

ਗੁਰੂ ਗੋਬਿੰਦ ਸਿੰਘ ਨੇ 'ਜਾਪ' ਸਾਹਿਬ ਵਿਚ ਖਾਲਸੇ ਦਾ ਸਰੂਪ ਬੜੇ ਕਮਾਲ ਦੇ ਢੰਗ ਨਾਲ ਪੇਸ਼ ਕੀਤਾ ਹੈ। ਖਾਲਸਾ ਉਸ ਸੱਚ ਦਾ ਉਪਾਸ਼ਕ ਅਤੇ ਕਰਮਠ ਹੈ, ਜਿਸ ਵਿਚ ਚਕਰ ਚਿਹਨ, ਬਰਨ, ਜਾਤਿ, ਰੂਪ, ਰੰਗ ਅਤੇ ਰੇਖ-ਭੇਖ ਦਾ ਕੋਈ ਵਿਤਕਰਾ ਨਹੀਂ। ਖਾਲਸਾ ਉਸ ਸੱਚ ਦਾ ਉਪਾਸ਼ਕ ਹੈ, ਜੋ ਅਚਲ ਮੂਰਤ ਹੈ, ਅਨਭਉ ਪ੍ਰਕਾਸ਼ ਹੈ, ਅਮਿਤੋਜ ਹੈ ਅਤੇ ਤ੍ਰਿਭਵਣ ਮਹੀਪ ਹੈ। ਖਾਲਸਾ ਉਸ ਮਨੁੱਖ ਅਤੇ ਉਸ ਰੱਬੀ (ਆਤਮਕ) ਰਾਜ ਦੀ ਸਿਰਜਣਾ ਵਿਚ ਲੱਗਾ ਹੋਇਆ ਹੈ, ਜਿਥੇ ਚਿਹਨ ਦੀ ਭਿੰਨਤਾ ਕਰਕੇ, ਬਰਨ ਜਾਤਿ ਦੀ ਭਿੰਨਤਾ ਕਰਕੇ, 'ਰੂਪ ਰੰਗ' ਅਤੇ 'ਰੇਖ ਭੇਖ' ਦੀ ਭਿੰਨਤਾ ਕਰਕੇ ਮਨੁੱਖ, ਮਨੁੱਖ ਦਾ ਵੈਰੀ ਨਹੀਂ। ਚਕਰ ਚਿਹਨ ਰੂਪ ਰੰਗ ਰੇਖ ਭੇਖ ਸੰਸਾਰ ਦੀਆਂ ਬੇਅੰਤ ਕੌਮਾਂ, ਦੇਸ਼ਾਂ ਅਤੇ ਧਰਮਾਂ ਦੇ ਵੱਖੋ-ਵੱਖਰੇ ਹਨ, ਪਰ ਸਾਰੀ ਮਨੁੱਖਤਾ ਇਕ ਹੈ। ਸਾਰਾ ਸੰਸਾਰ ਤੇ ਬ੍ਰਹਿਮੰਡ ਇਕ ਹੈ। ਖਾਲਸਾ ਉਸ ਏਕਤਾ (ਬ੍ਰਹਿਮੰਡ) ਦਾ ਕੁਦਰਤੀ (ਹਲੇਮੀ) ਰਾਜ ਸਥਾਪਤ ਕਰਨ ਵਾਲੀ ਫੌਜ ਹੈ। ਖਾਲਸਾ ਉਹ ਰੱਬੀ (ਕੁਦਰਤੀ ਨੇਮਾਂ ਅਨੁਸਾਰ ਭਾਵ ਹੁਕਮ ਵਿਚ ਚਲਣ ਵਾਲਾ) ਰਾਜ ਸਥਾਪਤ ਕਰਨਾ ਚਾਹੁੰਦਾ ਹੈ, ਜੋ ਸਦੀਵੀ ਅਟੱਲ ਸੁੰਦਰਤਾ ਅਤੇ ਸਦਾ ਪ੍ਰਕਾਸ਼ਮਾਨ ਰਹਿ ਸਕਣ ਵਾਲੇ ਨਿਰੰਤਰ ਪ੍ਰਕਾਸ਼ ਅਤੇ ਅਸੀਮ ਸੱਚ ਦਾ ਲਖਾਇਕ ਹੈ। ਸੱਚ ਦੀ ਅਚਲ ਮੂਰਤ ਹੈ। ਸੱਚ ਦਾ ਪ੍ਰਕਾਸ਼ ਹੀ ਅਨਭਉ ਪ੍ਰਕਾਸ਼ ਹੈ ਅਤੇ ਕੇਵਲ ਸੱਚ ਹੀ ਅਸੀਮ ਹੈ। ਖਾਲਸਾ ਹਰ ਤਰ੍ਹਾਂ ਦੀਆਂ ਵੰਡੀਆਂ ਮਿਟਾ ਕੇ ਇਸ ਸੱਚ ਨੂੰ ਸਥਾਪਤ ਕਰਨਾ ਚਾਹੁੰਦਾ ਹੈ। ਇਸ ਸੱਚ ਤੋਂ ਹੀ ਸਦੀਵੀ ਰਹਿਣ ਵਾਲੇ ਅਕਾਲ ਤਖਤ ਦੀ ਹਸਤੀ ਪ੍ਰਗਟ ਹੁੰਦੀ ਹੈ। ਇਸ ਸੱਚ ਤੋਂ ਹੀ ਪੰਥ ਦੀ ਰਾਜਨੀਤੀ ਦਾ ਅਰੰਭ ਹੁੰਦਾ ਹੈ। ਸਿੱਖ ਪੰਥ ਦਾ ਆਧਾਰ ਸ੍ਰਿਸ਼ਟੀ-ਧਰਮ ਦੇ ਗਿਆਨ ਖੰਡ ਵਿਚੋਂ ਲਗਾਤਾਰ ਵਿਗਸਦਾ ਕਰਮ ਹੈ। ਇਹੀ ਸਰਬਸਾਂਝੀਵਾਲਤਾ ਤੇ ਸਰਬਤ ਦੇ ਭਲੇ ਦਾ ਸੰਕਲਪ ਹੈ। ਇਹੀ ਖਾਲਿਸਤਾਨ ਦਾ ਸਿਧਾਂਤਕ ਆਧਾਰ ਹੈ। ਹਾਂ, ਇਸ ਦੀ ਸ਼ੁਰੂਆਤ ਪੰਜਾਬ ਤੋਂ ਹੀ ਹੋ ਸਕਦੀ ਹੈ ਕਿਉਂਕਿ ਪੰਜਾਬ ਪੰਥ ਖਾਲਸੇ ਦੀ ਜਨਮ ਭੂਮੀ ਹੈ। 'ਚਿਰ ਸਥਾਈ ਸੰਤੁਲਿਤ ਵਿਕਾਸ ਨਾਲ ਨਵੇਂ ਪੰਜਾਬ ਦੀ ਪੁਨਰ ਸਿਰਜਣਾ' ਦਾ ਸਿਰਫ ਇਹੀ ਰਾਹ ਹੈ।

---

# ਉਸ ਦੀ ਤਲਾਸ਼ ਵਿਚ

*(ਪਿਛਲੇ ਸਫੇ ਦੀ ਬਾਕੀ)*

ਤੇ ਵਾਕ ਉਸ ਦੇ ਰਸਤੇ। ਜਿਵੇਂ ਰਾਤ ਨੂੰ ਚਿੜੀ ਆਪਣੇ ਆਲ੍ਹਣੇ ਵਿਚ ਆਰਾਮ ਨਾਲ ਬੈਠੀ ਹੁੰਦੀ ਹੈ, ਇਸ ਤਰ੍ਹਾਂ ਕਿਤਾਬ ਵਿਚ ਨਹੀਂ ਬੈਠਦੀ ਤਰੰਨੁਮ। ਇਸ ਵਿਚੋਂ ਬਸ ਲੰਘ ਜਾਂਦੀ ਹੈ ਉਹ ਅਤੇ ਕਦਮਾਂ ਦੇ ਨਿਸ਼ਾਨ ਛੱਡ ਜਾਂਦੀ ਹੈ ਪਿੱਛੇ। ਸੋ, ਜਾ ਚੁਕੀ ਹੈ ਭਾਈ ਉਹ ਇਥੋਂ। ਤੂੰ ਚਾਰ ਦਹਾਕੇ ਉਸ ਦੀਆਂ ਪੈੜਾਂ ਦੇਖੀਆਂ। ਪੈੜਾਂ ਵੀ ਕਾਹਦੀਆਂ, ਬਚੇ ਖੁਚੇ ਬਾਸੀ ਨਿਸ਼ਾਨ ਦੇਖੇ ਉਸ ਦੇ ਕਦਮਾਂ ਦੇ। ਇਥੇ ਨਹੀਂ ਉਹ।

ਮੈਂ ਪੁੱਛਿਆ, 'ਅੱਗੇ ਕਿਥੇ ਜਾ ਨਿਕਲਦੇ ਹਨ, ਫਿਰ ਇਹ ਰਸਤੇ?'

ਉਸ ਨੇ ਕਿਹਾ, ਕਿਤਾਬਾਂ ਵਿਚੋਂ ਨਿਕਲ ਕੇ ਇਹ ਪਗਡੰਡੀਆਂ ਸਿੱਧੀਆਂ ਬਾਗਾਂ ਵਿਚ ਜਾ ਨਿਕਲਦੀਆਂ ਹਨ। ਬਾਗਾਂ ਵਿਚ ਜਾਹ। ਫੁੱਲਾਂ ਨੂੰ ਧਿਆਨ ਨਾਲ ਦੇਖੀਂ। ਸਭ ਤੋਂ ਸੁਹਣੇ ਫੁੱਲ ਵਿਚ ਵਾਸਾ ਹੈ, ਉਸ ਦਾ।

ਪਲ ਭਰ ਵੀ ਹੋਰ ਜ਼ਾਇਆ ਕੀਤੇ ਬਗੈਰ ਮੈਂ ਬਾਗਾਂ ਵਿਚ ਨਿਕਲਿਆ। ਕਰੋੜਾਂ ਫੁੱਲ ਦੇਖੇ ਪਰ ਤੁਰਿਆ ਗਿਆ। ਜਾਪਾਨ ਵਿਚ ਇਕ ਬੂਟੇ ਉਤੇ ਝੂਮਦਾ, ਮੁਸਕਰਾਉਂਦਾ, ਮਹਿਕਾਂ ਭਰਿਆ ਇਕ ਵੱਡਾ ਗੁਲਾਬ ਦਾ ਫੁੱਲ ਦੇਖਿਆ। ਦੰਗ ਰਹਿ ਗਿਆ ਮੈਂ, ਤਰੰਨੁਮ ਦਾ ਨਿਵਾਸ ਦੇਖ ਕੇ। ਨਸ਼ਿਆ ਗਿਆ। ਇਸ ਮਹਿਲ ਅੱਗੇ ਵਾਰ ਵਾਰ ਮੱਥਾ ਟੇਕਿਆ, ਸਜਦੇ ਕੀਤੇ, ਜਿਵੇਂ ਕੋਈ ਮੋਮਿਨ ਨਮਾਜ਼ ਅਦਾ ਕਰਦਾ ਹੋਵੇ। ਮੈਂ ਵਾਰ ਵਾਰ ਝੁਕਿਆ। ਇਧਰੋਂ ਉਧਰੋਂ ਲੋਕ ਜਮ੍ਹਾਂ ਹੋਣੇ ਸ਼ੁਰੂ ਹੋ ਗਏ। ਪਰ ਆਪਾਂ ਨੂੰ ਕੀ! ਤਮਾਸ਼ਬੀਨਾਂ ਨੂੰ ਹਰੇਕ ਚੀਜ਼ ਤਮਾਸ਼ਾ ਲਗਦੀ ਹੈ। ਕਾਫੀ ਦੇਰ ਬਾਅਦ ਸਹਿਜੇ ਸਹਿਜੇ ਮੈਂ ਤਰੰਨੁਮ ਦੇ ਇਸ ਮਹੱਲ ਵਲ ਵਧਿਆ, ਨੇੜੇ ਗਿਆ। ਦਸਤਕ ਦੇਣ ਲਈ ਆਪਣੀ ਉਂਗਲ ਫੁੱਲ ਵਲ ਵਧਾਈ ਤਾਂ ਆਕਾਸ਼ ਵਿਚੋਂ ਆਵਾਜ਼ ਆਈ, ਉਹੀ ਆਵਾਜ਼ ਜੋ ਦਸਵੀਂ ਵਿਚ ਪਹਿਲੀ ਵਾਰ ਸੁਣੀ ਸੀ। ਏਨੇ ਸਾਲਾਂ ਬਾਅਦ ਸੁਣੀ ਇਹ ਆਵਾਜ਼ ਉਹੀ ਸੀ, ਬਿਲਕੁਲ ਉਹੀ...। ਖਾਮੋਸ਼, ਹੱਥ ਬੰਨ੍ਹ, ਅੱਖਾਂ ਬੰਦ ਕਰਕੇ ਮੈਂ ਖਲੋ ਗਿਆ। ਕਿਸੇ ਦੇਵਤੇ ਦੀ ਆਵਾਜ਼ ਸੀ ਇਹ। ਉਹ ਆਵਾਜ਼ ਕਹਿ ਰਹੀ ਸੀ, 'ਮੂਰਖ ਨਾ ਬਣ। ਤਰੰਨੁਮ ਦੇ ਇਹ ਮਹੱਲ ਫੁੱਲਾਂ ਦੇ ਮਹੱਲ ਹਨ। ਇਨ੍ਹਾਂ ਉਤੇ ਦਸਤਕ ਦੇਣ ਦੀ ਕੀ ਤਮੀਜ਼ ਨਹੀਂ ਤੈਨੂੰ? ਏਨੀ ਉਮਰ ਬੀਤ ਗਈ, ਅਜੇ ਅਦਬ ਨਹੀਂ ਸਿੱਖਿਆ? ਪਹਿਲੋਂ ਸਲੀਕਾ ਸਿੱਖ ਬਾਵਾ।'

ਮੇਰੇ ਕਦਮ ਲੜਖੜਾ ਰਹੇ ਸਨ ਪਰ ਕੰਬਦੀ ਆਵਾਜ਼ ਨਾਲ ਪੁੱਛ ਲਿਆ ਮੈਂ, 'ਫਿਰ ਕਿਵੇਂ ਖਟਖਟਾਵਾਂ ਉਸ ਦਾ ਦੁਆਰ ਮਾਲਕ? ਉਵੇਂ ਕਰਾਂਗਾ ਜਿਵੇਂ ਹੁਕਮ ਕਰੋਗੇ। ਹੁਣ ਮੇਰੀ ਉਮਰ ਦਾ ਉਹ ਸਿਰਾ ਆ ਗਿਆ ਹੈ, ਜਿਥੇ ਅਵੱਗਿਆ ਕਰਨੀ ਗਵਾਰਾ ਨਹੀਂ ਮੇਰੇ ਲਈ। ਦਇਆ ਕਰੋ ਮੇਰੇ 'ਤੇ। ਦੱਸੋ, ਕਿਵੇਂ ਬੁਲਾਵਾਂ ਉਸ ਨੂੰ?'

ਆਵਾਜ਼ ਆਈ, 'ਸੁਣ। ਧਿਆਨ ਨਾਲ ਸੁਣ। ਫੁੱਲਾਂ ਦੇ ਮਹਿਲਾਂ ਉਪਰ ਦਸਤਕ ਦੇਣ ਲਈ ਹਵਾ ਦਾ ਪਿਆਰਾ ਜਿਹਾ ਝੋਕਾ ਬਣਨਾ ਪੈਂਦਾ ਹੈ, ਇਕ ਸੂਖਮ ਜਿਹਾ ਬੁੱਲਾ। ਇਸ ਮਹੱਲ 'ਤੇ ਇੰਜ ਦਸਤਕ ਦਿੱਤੀ ਜਾਇਆ ਕਰਦੀ ਹੈ। ਠੀਕ?'

ਠੀਕ ਕਿਹਾ ਆਕਾਸ਼-ਦੇਵ ਨੇ। ਰੁਮਕਦੀ ਪੌਣ ਦਾ ਬੁੱਲਾ ਬਣਨਾ ਪਵੇਗਾ ਮੈਨੂੰ ਹੁਣ। ਉਮਰ ਬੀਤ ਗਈ ਹੈ ਮੇਰੀ। ਪਰ ਕਹਾਣੀ ਖਤਮ ਨਹੀਂ ਹੋਈ। ਇਹ ਨਾਸ਼ਵਾਨ ਸਰੀਰ ਹੁਣ ਹਵਾ ਦਾ ਬੁੱਲਾ ਬਣਨ ਦੀ ਤਿਆਰੀ ਵਿਚ ਹੈ। ਤਿਆਰੀ ਕਰ ਰਿਹਾ ਹਾਂ ਮੈਂ। ਨਜ਼ਦੀਕ ਆ ਰਿਹਾ ਹੈ ਉਹ ਪਲ ਹੁਣ, ਦਿਨ ਬਦਿਨ ਵਧਦੇ ਜਾ ਰਹੇ ਹਨ ਤਰੰਨੁਮ ਦੇ ਮਹੱਲ ਵਲ ਕਦਮ...।"

ਇੰਨੇ ਸ਼ਬਦ ਬੋਲ ਕੇ ਸੁਆਮੀ ਚੁੱਪ ਹੋ ਗਿਆ। ਕੋਈ ਨਾ ਬੋਲਿਆ। ਇਥੋਂ ਤੱਕ ਕਿ ਜਦੋਂ ਬਾਵਾ ਹੌਲੀ ਹੌਲੀ ਕਹਾਣੀ ਸੁਣਾ ਰਿਹਾ ਸੀ ਤਾਂ ਹੁੰਗਾਰਾ ਵੀ ਭਰਨਾ ਬੰਦ ਹੋ ਗਿਆ ਸੀ ਸਾਡਾ। ਡੇਰੇ ਵਿਚ ਦੋ ਬੱਚੇ ਸ਼ਾਸਤਰੀ ਸੰਗੀਤ ਸਿੱਖਣ ਆਇਆ ਕਰਦੇ ਸਨ। ਚੰਚਲ ਉਮਰ ਹੋਣ ਦੇ ਬਾਵਜੂਦ ਉਹ ਦੋਵੇਂ ਅਹਿਲ ਖਾਮੋਸ਼ ਬੈਠੇ ਸਨ। ਇਹ ਚੁੱਪ ਨਾਗਸੈਨ ਤੋੜ ਸਕਦਾ ਸੀ ਕੇਵਲ, ਖੁਮਾਰ ਵੀ ਨਹੀਂ।

ਨਾਗਸੈਨ ਨੇ ਪੁੱਛਿਆ, "ਸੁਆਮੀ, ਇਸ ਸਫਰ ਵਿਚ ਜੇ ਕਿਤੇ ਮਿਲ ਜਾਂਦੀ ਉਹ, ਦਿੱਸ ਪੈਂਦੀ ਜੇ ਕਿਧਰੇ ਤਰੰਨੁਮ, ਫਿਰ ਉਸ ਨੂੰ ਹਾਸਲ ਕਿਵੇਂ ਕਰਦੇ?"

ਸੁਆਮੀ ਦੀਆਂ ਨਮ ਅੱਖਾਂ ਸਭ ਨੇ ਦੇਖੀਆਂ। ਉਸ ਨੇ ਡੂੰਘਾ ਸਾਹ ਲਿਆ ਤੇ ਕਿਹਾ, "ਹਾਸਲ? ਤੁਸੀਂ ਹਾਸਲ ਕਰਨ ਦੀ ਗੱਲ ਕਿਵੇਂ ਛੇੜ ਲਈ? ਹਾਸਲ ਕੌਣ ਕਰ ਸਕਿਆ ਹੈ, ਉਸ ਨੂੰ ਅੱਜ ਤੱਕ? ਵੇਦਾਂ ਦੇ ਰਚਨਹਾਰਿਆਂ ਨੂੰ ਉਹ ਪ੍ਰਾਪਤ ਨਾ ਹੋਈ, ਕਲਾਸੀਕਲ ਸਾਹਿਤ ਦੇ ਕਰਤਾਰ ਉਸ ਤੋਂ ਵਾਂਝੇ ਰਹੇ, ਬਾਦਸ਼ਾਹਾਂ ਦੇ ਮਹੱਲ, ਕਾਮਲ ਫਕੀਰਾਂ ਦੀਆਂ ਖਾਨਗਾਹਾਂ, ਪੀਰਾਂ ਦੀਆਂ ਦਰਗਾਹਾਂ ਉਸ ਤੋਂ ਸੱਖਣੀਆਂ ਰਹੀਆਂ। ਮੇਰੀ ਔਕਾਤ ਦਾ ਮੈਨੂੰ ਪੂਰਾ ਪਤਾ ਹੈ। ਅਜੇ ਤੱਕ ਇਹ ਗੱਲ ਆਈ ਨਹੀਂ ਦਿਮਾਗ ਵਿਚ ਕਿ ਉਸ ਨੂੰ ਹਾਸਲ ਕਰਨਾ ਹੈ। ਦੇਖਣਾ ਸੀ ਰਤਾ, ਇਕ ਨਜ਼ਰ, ਪਲ ਭਰ ਲਈ, ਦੂਰੋਂ ਹੀ ਭਾਵੇਂ। ਹੋਰ ਕੀ? ਉਸ ਨੂੰ ਹਾਸਲ ਕਰਨ ਦੀ ਕਹਾਣੀ ਕਿਸੇ ਗੱਪੀ ਤੋਂ ਸੁਣਨੀ। ਮੇਰੀ ਤਾਂ ਅਜਿਹੀ ਸਮਰੱਥਾ ਹੈ ਨਹੀਂ।"

ਖੁਮਾਰ ਨੇ ਪ੍ਰਸ਼ਨ ਨਹੀਂ ਪੁੱਛੇ। ਇਕ ਸ਼ਿਅਰ ਸੁਆਮੀ ਦੀ ਨਜ਼ਰ ਕੀਤਾ:

ਹਸਰਤਿ ਦੀਦਾਰਿ ਜਾਨਾਂ ਖੀਂਚ ਲਾਈ ਬਜ਼ਮ ਮੇਂ
ਬਜ਼ਮ ਮੇਂ ਸੇ ਹਸਰਤਿ ਦੀਦਾਰਿ ਜਾਨਾਂ ਲੇ ਚਲੇ।

ਸ਼ਿਅਰ ਸੁਣ ਕੇ ਸੁਆਮੀ ਨੇ ਦਾਦ ਦਿੱਤੀ, "ਸ਼ਾਇਰਾਂ ਲਈ ਇਕ ਜਨਮ ਦੀ ਮਹਿਫਿਲ ਕਾਫੀ ਹੋਏਗੀ। ਫਕੀਰਾਂ ਨੇ ਲੱਖ ਮਹਿਫਿਲਾਂ ਅਜੇ ਦੇਖਣੀਆਂ ਹਨ ਭਾਵੇਂ ਲੱਖ ਦੇਖ ਚੁਕੇ ਹਨ। ਇਹ ਉਮਰ ਬੀਤ ਗਈ। ਅਗਲੀ ਕਿਸੇ ਮਹਿਫਿਲ ਵਿਚ ਮਿਲਾਂਗੇ, ਉਸ ਨੂੰ। ਬੜੀ ਜਲਦੀ। ਨਾਗਸੈਨ, ਤੂੰ ਗੰਭੀਰ ਵਿਦਵਾਨ ਹੈਂ। ਤੇਰੇ ਗ੍ਰੰਥਾਂ ਵਿਚ ਕੀ ਲਿਖਿਆ ਹੈ ਇਸ ਬਾਰੇ?"

ਨਾਗਸੈਨ ਨੇ ਕਿਹਾ, "ਇਕ ਜਨਮ ਜਾਂ ਅਨੇਕ ਜਨਮ-ਕੋਈ ਫਰਕ ਨਹੀਂ। ਇਹੋ ਜਿਹੀ ਗੱਲ ਕੀਤੀ ਸੀ, ਸਾਕਯਮੁਨੀ ਨੇ। ਤਥਾਗਤ ਨੇ ਕਿਹਾ ਸੀ, ਇਕ ਖਿਣ ਅਤੇ ਇਕ ਯੁੱਗ ਵਿਚ ਕੋਈ ਫਰਕ ਨਹੀਂ। ਜਿਸ ਕਰਮਾਂ ਵਾਲੇ ਪਲ ਨੇ ਇਹ ਰਹੱਸ ਜਾਣ ਲਿਆ, ਉਹ ਯੁੱਗ ਹੋ ਗਿਆ। ਜਿਸ ਅਭਾਗੇ ਯੁੱਗ ਨੂੰ ਇਸ ਭੇਤ ਦਾ ਪਤਾ ਨਾ ਲੱਗਾ, ਉਹ ਪਲ ਵਾਂਗ ਨਸ਼ਟ ਹੋ ਗਿਆ।"

ਸੁਆਮੀ ਮੁਸਕਰਾਇਆ। ਹੁਸਨਬੀਰ ਅਤੇ ਸੁਖਨਬੀਰ ਨੂੰ ਪੁੱਛਿਆ, "ਮੈਂ ਦੇਖਿਆ, ਪੁੱਤਰੋ ਤੁਸੀਂ ਧਿਆਨ ਨਾਲ ਸੁਣ ਰਹੇ ਸੀ, ਮੇਰੀ ਕਹਾਣੀ। ਕਿਹੋ ਜਿਹੀ ਲੱਗੀ ਇਹ ਕਥਾ?"

ਹੁਸਨਬੀਰ ਨੇ ਕਿਹਾ, "ਸੁਆਮੀ ਜੀ, ਸੰਗੀਤ ਵਿਚੋਂ ਤਲਾਸ਼ ਕਰਕੇ ਦੇਖਣੀ ਸੀ, ਸ਼ਾਇਦ ਮਿਲ ਜਾਂਦੀ ਤਰੰਨੁਮ। ਕਿਤਾਬਾਂ ਵਿਚ ਉਸ ਦੀਆਂ ਪੈੜਾਂ ਹਨ। ਜਿਵੇਂ ਚੋਰ ਦੀਆਂ ਪੈੜਾਂ ਪੁਲਿਸ ਮਸਾਲੇ ਲਾ ਕੇ ਜਮਾ ਦਿੰਦੀ ਹੈ, ਉਸ ਤਰ੍ਹਾਂ ਦੀਆਂ ਹਨ, ਇਹ ਨਿਸ਼ਾਨੀਆਂ। ਪਰ ਪੈੜਾਂ ਜਮਾ ਦੇਣ ਤੱਕ ਚੋਰ ਦੂਰ ਨਿਕਲ ਚੁਕਾ ਹੁੰਦਾ ਹੈ, ਬਹੁਤ ਦੂਰ। ਅਸੀਂ ਸੰਗੀਤ ਸਿੱਖ ਰਹੇ ਹਾਂ। ਸੰਗੀਤ ਵਿਚੋਂ ਉਸ ਦੇ ਕਦਮਾਂ ਦੀ ਆਵਾਜ਼ ਸਾਨੂੰ ਸਾਫ ਸੁਣਾਈ ਦਿੰਦੀ ਹੈ। ਇਸ ਦਾ ਅਰਥ ਹੈ, ਚੋਰ ਕਿਤੇ ਦੂਰ ਨਹੀਂ ਗਿਆ ਅਜੇ, ਉਸ ਦੀ ਪੈੜਚਾਲ ਸੁਣਾਈ ਦੇ ਰਹੀ ਹੈ, ਤਾਂ ਨੇੜੇ ਹੀ ਹੈ ਉਹ ਕਿਤੇ। ਉਸ ਨੂੰ ਲੱਭਿਆ ਜਾ ਸਕਦਾ ਹੈ। ਅਸੀਂ ਉਸ ਨੂੰ ਸੰਗੀਤ ਵਿਚੋਂ ਲੱਭਾਂਗੇ ਮਹਾਰਾਜ।"

## ਕੈਨੇਡਾ ਵਿਚ ਪੰਜਾਬੀ: 100 ਸਾਲ ਪਹਿਲਾਂ

# ਚਾਰ ਸੌ ਹਿੰਦੁਸਤਾਨੀ ਭਰਾ ਆ ਰਹੇ ਹਨ

***ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਇਸ ਵਿਚ ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚੋਂ ਨਿਕਲੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਦਾ ਜ਼ਿਕਰ ਮਿਲਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ 'ਸੁਦੇਸ਼ ਸੇਵਕ' (1909 ਤੋਂ 1911 ਤੱਕ ਛਪਿਆ) ਅਤੇ 'ਸੰਸਾਰ' (ਸਤੰਬਰ 1912 ਤੋਂ ਜੁਲਾਈ 1914 ਤੱਕ ਛਪਿਆ) ਵਿਚ ਛਪੀਆਂ ਲਿਖਤਾਂ ਪਿਛਲੇ ਅੰਕਾਂ ਵਿਚ ਪੜ੍ਹ ਚੁਕੇ ਹਨ। ਇਨ੍ਹਾਂ ਲਿਖਤਾਂ ਵਿਚ ਉਸ ਵਕਤ ਪਰਦੇਸ ਪੁੱਜੇ ਜਿਉੜਿਆਂ ਵੱਲੋਂ ਹੰਢਾਈਆਂ ਮੁਸੀਬਤਾਂ ਦਾ ਜ਼ਿਕਰ ਹੈ। ਇਨ੍ਹਾਂ ਲਿਖਤਾਂ ਦੇ ਸ਼ਬਦ-ਜੋੜ ਤੇ ਵਾਕ ਬਣਤਰ ਜਿਉਂ ਦੇ ਤਿਉਂ ਰੱਖੇ ਗਏ ਹਨ ਤਾਂ ਕਿ ਉਸ ਵਕਤ ਦੀ ਪੰਜਾਬੀ ਦੇ ਦਰਸ਼ਨ-ਦੀਦਾਰੇ ਹੋ ਸਕਣ। -ਸੰਪਾਦਕ***

(ਆਪਣਾ ਖਾਸ ਜਹਾਜ਼ ਸ਼ੰਘਈ ਤੋਂ ਤੁਰ ਪਿਆ ਹੈ, ਉਨ੍ਹਾਂ ਨੂੰ ਮੋੜਨ ਦੇ ਰੌਲੇ ਹਨ। ਮਦਦ ਲਈ ਤਿਆਰ ਹੋਵੋ)

ਪਿਆਰੇ ਕੈਨੇਡਾ ਵਾਸੀ ਵੀਰ! ਉਠ ਜਾਗ, ਤੇਰੇ ਬੂਹੇ 'ਤੇ ਚਾਰ ਸੌ ਭਰਾ ਆਉਣ ਵਾਲੇ ਹਨ ਜਿਨ੍ਹਾਂ ਦੇ ਸੁੱਖ ਆਰਾਮ, ਸੇਵਾ ਤੇ ਮਦਦ ਦਾ ਬਹੁਤ ਭਾਰ ਤੇਰੇ ਸਿਰ ਹੈ, ਪਰ ਤੂੰ ਗਾਫਲ ਬੈਠਾ ਹੈਂ। ਤੇਰੇ ਵੀਰ ਸਮੁੰਦਰ ਦੀਆਂ ਭਿਆਨਕ ਛਾਲੀਆਂ ਤੇ ਠਿੱਲ੍ਹ ਰਹੇ ਹਨ, ਪਰ ਤੇਰੀ ਅਜੇ ਅੱਖ ਨਹੀਂ ਖੁੱਲ੍ਹੀ। ਕੁਲ ਕੈਨੇਡਾ ਤੇਰੇ ਚਾਰ ਸੌ ਦੇਸ਼ ਜਾਇਆਂ ਥੱਕੇ ਟੁੱਟੇ ਸਫਰ ਤੇ ਸਤਾਏ ਵੀਰਾਂ ਨੇ ਦੁਰੇਡਾ ਪੰਧ ਨਬੇੜ ਕੇ ਤੇਰੇ ਦਰ ਆ ਖੜੋਣਾ ਹੈ ਤੇ ਜਦ ਜਣੇ ਖਣੇ ਨੇ ਉਨ੍ਹਾਂ ਵਲ ਸਖਤਾਈ ਤੇ ਕੁੜਤਣ ਤੇ ਹੁਗ ਭਰ ਕੇ ਸੁੱਟਣੇ ਹਨ। ਉਸ ਵਕਤ ਉਹ ਭਰਾ ਤੇਰੀ ਮਦਦ ਦੀ ਜੋ ਵੀ ਤੂੰ ਕਰ ਸਕੇਂ, ਆਸ ਰੱਖਣਗੇ। ਕਿਉਂਕਿ ਉਨ੍ਹਾਂ ਨੂੰ ਤੇਰੇ 'ਤੇ ਮਾਣ ਹੈ ਤੇ ਤੇਰਾ ਧਰਮ ਉਨ੍ਹਾਂ ਦੀ ਹਰ ਤਰ੍ਹਾਂ ਦੀ ਮਦਦ ਕਰਨਾ ਹੈ। ਪਰ ਤੂੰ ਉਸ ਵਕਤ ਹਫੜਾ ਦਫੜੀ ਵਿਚ ਘਾਬਰ ਜਾਵੇਗਾ। ਪਿਆਰੇ ਵੀਰ! ਇਨ੍ਹਾਂ ਸਤਰਾਂ ਨੂੰ ਪੜ੍ਹਦੇ ਸਾਰ ਬਹਿ, ਸਾਰੇ ਮਾਮਲੇ ਨੂੰ ਸੋਚ ਕੇ ਤੇ ਫੇਰ ਜਾਂਚ ਕੇ ਅੰਦਾਜ਼ਾ ਲਾ ਕਿ ਕਿਤਨਾ ਵੱਡਾ ਭਾਰਾ ਮਾਮਲਾ ਤੇਰੀਆਂ ਅੱਖਾਂ ਦੇ ਸਾਹਮਣੇ ਆਉਣ ਵਾਲਾ ਹੈ ਤੇ ਤੂੰ ਉਸ ਲਈ ਭੀ ਕੁਝ ਕਰਨ ਨੂੰ ਤਿਆਰ ਹੈਂ। ਜੇ ਤੈਨੂੰ ਭਰਾਵਾਂ ਦੇ ਦੁੱਖ ਦੀ ਪੀੜ ਹੈ, ਜੇ ਤੈਨੂੰ ਆਪਣੇ ਦੇਸ਼ ਦੀ ਲਜਿਆ ਹੈ, ਤੈਨੂੰ ਦੁੱਖਾਂ ਦਾ ਤਜਰਬਾ ਹੈ, ਜੇ ਤੈਨੂੰ ਧੱਕੇਬਾਜ਼ੀਆਂ ਦੀ ਸੂਝ ਹੈ ਤਾਂ ਵੀਰ ਫੇਰ ਇਤਨਾ ਗਾਫਲ ਕਿਉਂ ਬੈਠਾ ਹੈਂ, ਹੋਸ਼ ਕਰ, ਝਗੜੇ ਫਸਾਦਾਂ ਨੂੰ ਇਕਦਮ ਤਿਆਗ ਦੇ, ਸੁੱਖ ਚੈਨ ਭੁਲਾ ਦੇ, ਆਪਣੇ ਬਲ ਨੂੰ ਜਾਂਚ, ਇਸ ਨੂੰ ਇਕੱਠਾ ਕਰ, ਏਕਤਾ ਤੇ ਜਥੇਬੰਦੀ ਵਿਚ ਇਕਦਮ ਜੁੜ ਜਾ, ਸੁਣ ਕੀ ਮਾਮਲਾ ਹੈ।

ਪਿਆਰੇ ਵੀਰ, ਜੇ ਜ਼ੁਲਮ ਤੇ ਧੱਕੇਬਾਜ਼ੀਆਂ ਕਿਸੇ ਤੱਕੜੀ ਵਿਚ ਜੋਖ ਸਕਦੀਆਂ ਹਨ ਤਾਂ ਉਨ੍ਹਾਂ ਨੂੰ ਜੋਖ ਕੇ ਉਨ੍ਹਾਂ ਦਾ ਭਾਰ ਲਿਖ ਕੇ ਹਰ ਇਕ ਕੈਨੇਡਾ ਦੇ ਹਿੰਦੁਸਤਾਨੀ ਦੇ ਗਲ ਵਿਚ ਲਟਕਾਇਆ ਜਾਂਦਾ ਤਾਂ ਤੈਨੂੰ ਭੀ ਪਤਾ ਰਹਿੰਦਾ ਕਿ ਮੇਰੀ ਕਿਹੋ ਜਿਹੀ ਦੁਰਦਸ਼ਾ ਹੈ ਤੇ ਮੈਂ ਕਿਸੇ ਅਧੋਗਤੀ ਵਿਚ ਪਿਆ ਖੱਪ ਰਿਹਾ ਹਾਂ, ਪਰ ਹਾਏ ਅੱਜ ਤੂੰ ਸਖਤੀਆਂ ਵਿਚ ਇਥੋਂ ਤਾਈਂ ਰੁਲ ਗਿਆ ਹੈਂ ਕਿ ਆਪਣੇ ਆਪ ਦੀ ਹੋਸ਼ ਹੀ ਭੁੱਲ ਗਈ ਹੈ। ਤੂੰ ਜ਼ੁਲਮ ਤੇ ਕਰੜਾਈ ਦੇ ਭਾਗ ਨੂੰ ਡਾਢਾ ਹੀ ਹੌਲਾ ਸਮਝਦਾ ਹੈਂ। ਰੁਲ ਰਹੇ ਦੁਖੀ ਭਰਾ ਦੀ ਪੀੜ ਦਾ ਤੈਨੂੰ ਕੋਈ ਗਿਣਤੀ-ਮਿਣਤੀ ਹੀ ਨਹੀਂ ਰਹੀ। ਕੌਣ ਨਹੀਂ ਜਾਣਦਾ ਕਿ ਛੇ ਮਹੀਨੇ ਤੋਂ ਹਾਂਗਕਾਂਗ ਤੇ ਯੋਕੋਹਾਮਾ ਤੋਂ ਦੁੱਖਾਂ ਤੇ ਬਿਪਤਾ ਦੇ ਮਾਰੇ ਉਨ੍ਹਾਂ ਵੀਰਾਂ ਦੀਆਂ ਚਿੱਠੀਆਂ ਆ ਰਹੀਆਂ ਸਨ ਜੋ ਕਿ ਕਈ-ਕਈ ਸਾਲ ਕੈਨੇਡਾ ਵਿਚ ਰਹਿ ਕੇ ਦੇਸ਼ ਗਏ ਸਨ ਤੇ ਮੁੜ ਕੇ ਆਉਂਦੀ ਵਾਰੀ ਉਨ੍ਹਾਂ ਨੂੰ ਟਿਕਟ ਨਹੀਂ ਮਿਲਦਾ ਸੀ। ਇਸ ਤਰ੍ਹਾਂ ਇਕ ਨਹੀਂ, ਦੋ ਨਹੀਂ, ਸੈਂਕੜੇ ਭਰਾ ਜਿਨ੍ਹਾਂ ਦੀਆਂ ਜ਼ਮੀਨਾਂ ਜਾਇਦਾਦਾਂ ਕੈਨੇਡਾ ਵਿਚ ਸਨ, ਕਈ ਮਹੀਨਿਆਂ ਤੋਂ ਘਰੋਂ ਘਾਟੋਂ ਨਿਖੜੇ ਰਸਤਿਆਂ ਵਿਚ ਰੁਲ ਰਹੇ ਸਨ, ਪਰ ਕਿਡੇ ਸ਼ੋਕ ਦੀ ਗੱਲ ਹੈ ਕਿ ਨਾ ਹੀ ਕੈਨੇਡਾ ਦੇ ਵੀਰਾਂ ਨੇ ਉਨ੍ਹਾਂ ਆਪ ਤੋਂ ਨਿਖੜੇ ਭਰਾਵਾਂ ਨੂੰ ਇਸ ਬਿਪਤਾ ਵਿਚੋਂ ਕੱਢਣ ਲਈ ਕੋਈ ਰੌਲਾ ਪਾਇਆ ਤੇ ਨਾ ਹੀ ਦੇਸ਼ ਤੋਂ ਇਸ ਜ਼ੁਲਮ ਦੇ ਉਲਟ ਕੋਈ ਬੋਲਿਆ। ਉਨ੍ਹਾਂ ਲਈ ਘਰ ਨੂੰ ਮੁੜ ਜਾਣਾ ਔਖਾ ਸੀ, ਪਰ ਕੈਨੇਡਾ ਆਉਣਾ ਵੀ ਕਠਿਨ ਸੀ ਕਿਉਂਕਿ ਕੋਈ ਕੰਪਨੀ ਭੀ ਇਨ੍ਹਾਂ ਭਰਾਵਾਂ ਨੂੰ ਟਿਕਟ ਨਹੀਂ ਸੀ ਦਿੰਦੀ। ਸਾਡੇ ਪਾਸ ਇਨ੍ਹਾਂ ਵੀਰਾਂ ਵੱਲੋਂ ਬਹੁਤ ਤਕਲੀਫਾਂ ਤੇ ਦੁੱਖ ਪ੍ਰਗਟ ਕਰਨ ਵਾਲੀਆਂ ਕਈ ਚਿੱਠੀਆਂ ਆਈਆਂ, ਪਰ 'ਸੰਸਾਰ' ਦੇ ਬੰਦ ਹੋ ਜਾਣ ਕਰਕੇ ਇਨ੍ਹਾਂ ਭਰਾਵਾਂ ਦੀਆਂ ਔਕੜਾਂ ਅਸੀਂ ਕਿਸੇ ਤਰ੍ਹਾਂ ਵੀ ਭਰਾਵਾਂ ਤਕ ਨਹੀਂ ਪਹੁੰਚਾ ਸਕਦੇ ਸੀ, ਪਰ ਸਾਨੂੰ ਤੇ ਹੋਰ ਵੀਰਾਂ ਨੂੰ ਇਹ ਪੱਕਾ ਪਤਾ ਸੀ ਕਿ ਬੇਅੰਤ ਭਾਈ ਚਿਰਾਂ ਤੋਂ ਰਸਤੇ ਵਿਚ ਰੁਲ ਰਹੇ ਹਨ। ਇਨ੍ਹਾਂ ਲਈ ਇਕ ਹੀ ਰਸਤਾ ਸੀ ਕਿ ਆਪਣਾ ਜਹਾਜ਼ ਚਾਰਟਰ ਕਰਕੇ ਇਥੇ ਆ ਪੁੱਜਣ, ਪਰ ਇਹ ਕੰਮ ਬਹੁਤ ਪੈਸੇ, ਜਥੇਬੰਦੀ ਤੇ ਹਿੰਮਤ ਦਾ ਸੀ। ਇਨ੍ਹਾਂ ਭਰਾਵਾਂ ਦਾ ਆਪਣਾ ਜਹਾਜ਼ ਕਿਰਾਏ 'ਤੇ ਕਰਕੇ ਇਥੇ ਆ ਪੁੱਜਣਾ ਅਣਹੋਣਾ ਜਾਪਦਾ ਸੀ, ਪਰ ਅੱਜ ਸੁਣੋ ਇਹ ਆਪ ਦੇ ਰਸਤੇ 'ਚ ਰੁਲ ਰਹੇ ਵੀਰ ਬੇਅੰਤ ਪੈਸਾ ਖਰਚ ਕੇ ਆਪਣਾ ਜਹਾਜ਼ ਕਿਰਾਏ 'ਤੇ ਕਰਕੇ ਆ ਰਹੇ ਹਨ।

### ਚਾਰ ਸੌ ਹਿੰਦੁਸਤਾਨੀ ਆਉਂਦੇ ਹਨ

ਇਥੇ ਇਸ ਗੱਲ ਦਾ ਕਿਸੇ ਨੂੰ ਖਿਆਲ ਤਕ ਭੀ ਨਹੀਂ ਸੀ ਕਿ ਜਦਕਿ ਚਾਣਚਕ ਕੁਲ ਅਖਬਾਰਾਂ ਵਿਚ ਇਹ ਖਬਰ ਛਪੀ ਕਿ 14 ਅਪ੍ਰੈਲ ਨੂੰ ਚਾਰ ਸੌ ਹਿੰਦੁਸਤਾਨੀ ਸ਼ੰਘਈ ਤੋਂ ਜਾਪਾਨੀ ਜਹਾਜ਼ ਕਾਮਾਗਾਟਾ ਮਾਰੂ ਕਿਰਾਏ 'ਤੇ ਕਰਕੇ ਵਿਕਟੋਰੀਏ ਨੂੰ ਤੁਰ ਪਏ ਹਨ। ਇਹ ਤਾਰ ਸ਼ੰਘਈ ਤੋਂ ਜਰਮਨੀ, ਜਰਮਨੀ ਤੋਂ ਲੰਡਨ ਤੇ ਲੰਡਨ ਤੋਂ ਵੈਨਕੂਵਰ ਪੁੱਜੀ ਹੈ ਕਿ ਚਾਰ ਸੌ ਹਿੰਦੁਸਤਾਨੀਆਂ ਨਾਲ ਭਰਿਆ ਇਹ ਜਹਾਜ਼ 14 ਅਪ੍ਰੈਲ ਦਾ ਸ਼ੰਘਈ ਤੋਂ ਤੁਰਿਆ ਹੋਇਆ ਹੈ ਤੇ ਮਈ ਮਹੀਨੇ ਦੇ ਚੜ੍ਹਦੇ ਸਾਰ ਵਿਕਟੋਰੀਏ ਆ ਲੱਗੇਗਾ। ਇਸ ਖਬਰ ਦੇ ਪੁੱਜਦੇ ਸਾਰ ਰੌਲਾ ਪੈਣਾ ਸ਼ੁਰੂ ਹੋ ਗਿਆ ਹੈ ਤੇ ਇਹ ਪਤਾ ਲੱਗਦੇ ਸਾਰ ਮਿਸਟਰ ਸਟੀਵਨ ਨੇ ਇਮੀਗਰੇਸ਼ਨ ਦੇ ਵਜ਼ੀਰ ਨੂੰ 17 ਅਪ੍ਰੈਲ ਨੂੰ ਪਾਰਲੀਮੈਂਟ ਵਿਚ ਸਵਾਲ ਕੀਤਾ ਕਿ ਚਾਰ ਸੌ ਹਿੰਦੂ ਆਪਣਾ ਜਹਾਜ਼ ਚਾਰਟਰ ਕਰਕੇ ਸ਼ੰਘਈ ਤੋਂ ਤੁਰੇ ਹੋਏ ਹਨ, ਕੀ ਉਨ੍ਹਾਂ ਨੂੰ ਕੈਨੇਡਾ ਵਿਚ ਉਤਰਨ ਦਿੱਤਾ ਜਾਵੇਗਾ?

ਇਸ ਦੇ ਉੱਤਰ ਵਿਚ ਇੰਟੀਰੀਅਰ ਦਾ ਵਜ਼ੀਰ ਜਵਾਬ ਦੇ ਚੁਕਾ ਹੈ ਕਿ ਕਦਾਚਿਤ ਇਹ ਹਿੰਦੂ ਕੈਨੇਡਾ ਵਿਚ ਨਹੀਂ ਉਤਰ ਸਕਣਗੇ। ਇਸ



*ਵੈਨਕੂਵਰ ਵਿਚ ਸੀਮੈਂਟ ਦੀ ਸੜਕ ਬਣਾ ਰਹੇ ਕਾਮੇ। ਇਹ ਤਸਵੀਰ 1910 ਦੀ ਹੈ।*

ਵਕਤ ਇਹ ਨਹੀਂ ਕਿਹਾ ਜਾ ਸਕਦਾ ਕਿ ਆ ਰਹੇ ਭਰਾ ਕੌਣ-ਕੌਣ ਹਨ, ਪਰ ਇਹ ਮਾਲੂਮ ਹੁੰਦਾ ਹੈ ਕਿ ਇਨ੍ਹਾਂ ਵਿਚੋਂ ਉਹ ਬਹੁਤ ਹੋਣਗੇ ਜੋ ਕਈ-ਕਈ ਸਾਲ ਕੈਨੇਡਾ 'ਚ ਰਹਿ ਕੇ ਦੇਸ਼ ਗਏ ਸਨ ਤੇ ਮੁੜਦਿਆਂ ਨੂੰ ਟਿਕਟ ਨਹੀਂ ਮਿਲਦਾ ਸੀ ਤੇ ਕਈ ਨਵੇਂ ਭਰਾ ਹੋਣਗੇ। ਜਹਾਜ਼ ਦੇ ਚਾਰਟਰ ਕਰਨ ਵਾਲੇ ਭਰਾ ਦਾ ਨਾਮ ਭਾਈ ਗੁਰਦਿਤ ਸਿੰਘ ਹੈ। ਉਟਾਵੇ ਦੀਆਂ ਤਾਰਾਂ ਦੱਸਦੀਆਂ ਹਨ ਕਿ ਸਰਕਾਰ ਬੜੀ ਗਹੁ ਨਾਲ ਜਹਾਜ਼ ਦੇ ਪੁੱਜਣ ਦੀ ਉਡੀਕ ਕਰ ਰਹੀ ਹੈ। ਕੁਲ ਕੈਨੇਡਾ ਵਿਚ ਇਨ੍ਹਾਂ ਨੂੰ ਮੋੜ ਦੇਣ ਲਈ ਇਕ ਸਾਰ ਰੌਲਾ ਪੈ ਉਠਿਆ ਹੈ। ਇਸ ਲਈ ਜ਼ਰੂਰੀ ਹੈ ਕਿ ਜਿਹੜੇ ਥੋੜ੍ਹੇ ਦਿਨ ਜਹਾਜ਼ ਦੇ ਇਥੇ ਆਉਣ ਵਿਚ ਬਾਕੀ ਹਨ, ਅਸੀਂ ਕੈਨੇਡਾ ਵਾਸੀ ਭੀ ਇਕ ਤਾਕਤ ਬਣ ਕੇ ਆਉਂਦੇ ਭਰਾਵਾਂ ਦੀ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਹੋਈਏ। ਹਿੰਦੁਸਤਾਨੀਆਂ ਦਾ ਦੁਖੀ ਹੋ ਕੇ ਸੌ ਕਸ਼ਟਾਂ ਨਾਲ ਲੱਖਾਂ ਰੁਪਏ ਲਾ ਕੇ ਜਹਾਜ਼ ਚਾਰਟਰ ਕਰਕੇ ਇਥੇ ਆਉਣਾ ਕੋਈ ਮਾਮੂਲੀ ਗੱਲ ਨਹੀਂ। ਇਹ ਇਕ ਉਦਮ ਹੈ ਜਿਸ ਦੇ ਸੁਣਦਿਆਂ ਸਾਰ ਸਾਡੇ ਅੰਦਰਲੀ ਬਿਜਲੀ ਵਾਂਗ ਪਿਆਰ ਉਗਮ ਆਉਣਾ ਜ਼ਰੂਰੀ ਹੈ ਤੇ ਹਰ ਕਿਸਮ ਦੀ ਮਦਦ ਇਨ੍ਹਾਂ ਲਈ ਹਾਜ਼ਰ ਕਰਨੀ ਸਾਡਾ ਧਰਮ ਹੈ। ਸੋ, ਇਸ ਲਈ ਅਸੀਂ ਸਭ ਭਰਾਵਾਂ ਨੂੰ ਖਬਰਦਾਰ ਕਰਦਿਆਂ ਬੇਨਤੀ ਕਰਦੇ ਹਾਂ ਕਿ ਜਿਤਨਾ ਵੱਡਾ ਇਹ ਮਾਮਲਾ ਹੈ, ਉਤਨਾ ਹੀ ਦਿਲ ਜਾਨ ਤੇ ਸੋਚ ਇਸ ਵਿਚ ਲਾਉਣ। ਨਵੇਂ ਆਰਡਰ ਇਨ ਕੌਂਸਲ ਨਾਲ ਜੋ ਹੇਰ ਫੇਰ ਕਰਕੇ ਖਾਸ ਸਾਡੇ ਲਈ ਇਕ ਫੰਦਾ ਬਣਿਆ ਹੈ, ਗਵਰਨਮੈਂਟ ਇਨ੍ਹਾਂ ਭਰਾਵਾਂ ਨੂੰ ਮੋੜਨ ਦਾ ਯਤਨ ਕਰੇਗੀ, ਪਰ ਜਦ ਕਿ ਜਹਾਜ਼ ਚਾਰਟਰ ਕਰਕੇ ਆ ਰਹੇ ਸਾਡੇ ਭਰਾ ਇਸ ਕਾਨੂੰਨ ਦੀ ਪੂਰੀ ਪਰਖ ਕਰਾਉਣ ਲਈ ਇਤਨਾ ਵੱਡਾ ਉੱਦਮ ਕਰ ਚੁਕੇ ਹਨ ਤਾਂ ਸਾਡਾ ਭੀ ਕੋਈ ਉਦਮ ਉਨ੍ਹਾਂ ਦੀ ਮਦਦ ਲਈ ਬਾਕੀ ਨਹੀਂ ਰਹਿਣਾ ਚਾਹੀਦਾ। ਸੰਸਾਰ ਦਾ ਦੂਜਾ ਪਰਚਾ ਹੋਰ ਹਾਲ ਲੈ ਕੇ ਛੇਤੀ ਹੀ ਆਪ ਦੇ ਪਾਸ ਪੁੱਜੇਗਾ।

### ਕੈਨੇਡਾ ਵਿਚ ਹਿੰਦੁਸਤਾਨੀ ਬਸਤੀ ਵਸਾਓ ਤੇ ਵਸ ਜਾਓ

ਅੱਜ ਜਾਪਾਨ ਦੀ ਤਾਕਤ ਨੂੰ ਦੇਖ ਕੇ ਦੁਨੀਆਂ ਦੀਆਂ ਵੱਡੀਆਂ-ਵੱਡੀਆਂ ਪਾਤਸ਼ਾਹੀਆਂ ਸਹਿਮ ਰਹੀਆਂ ਹਨ। ਜਾਪਾਨੀਆਂ ਦੀ ਦੇਸ਼ ਭਗਤੀ ਤੇ ਕੁਰਬਾਨੀ ਦੇ ਟਾਕਰੇ ਤੋਂ ਵੱਡੀਆਂ-ਵੱਡੀਆਂ ਸੂਰਬੀਰ ਕੌਮਾਂ ਸ਼ਰਮਾਉਂਦੀਆਂ ਹਨ। ਜਾਪਾਨੀ ਕਾਰੀਗਰ ਦੇ ਸਾਹਮਣੇ ਵੱਡੀਆਂ-ਵੱਡੀਆਂ ਸਿਆਣੀਆਂ ਕੌਮਾਂ ਦੇ ਹੁਨਰ ਮੁਲੱਮੇ ਵਾਂਗਰ ਦਿਸਣ ਲੱਗ ਪਏ ਹਨ। ਜਾਪਾਨੀ ਸੁਮੰਦਰੀ ਤਾਕਤ ਦੇ ਜਹਾਜ਼ੀ ਬਲ ਦੇ ਨਸ਼ੇ ਵਿਚ ਨਿਪੁੰਨ ਸਪੁੱਤਰਾਂ ਦੀਆਂ ਧੌਣਾਂ ਆਪਣੇ ਕੌਮੀ ਮਾਣ ਵਿਚ ਕੀਲੇ ਵਾਂਗ ਖੜ੍ਹੀਆਂ ਹਨ। ਗੱਲ ਕੀ, ਜਾਪਾਨ ਅੱਜ ਇਕ ਤਾਕਤ ਹੈ ਜਿਸ ਦਾ ਨਾਮ ਸੁਣਿਆ ਤੋਂ ਸੂਰਮਿਆਂ ਦੇ ਹਿਰਦੇ ਭੀ ਕੰਬ ਉਠਦੇ ਹਨ ਤੇ ਜਿਸ ਦੀ ਕਰਨੀ ਦੀਆਂ ਸਾਖੀਆਂ ਦੁਨੀਆਂ ਵਿਚ ਘਰ-ਘਰ ਬੜੇ ਆਦਰ, ਮਾਣ ਤੇ ਸ਼ੋਭਾ ਨਾਲ ਕਹਿ ਤੇ ਸੁਣਾਈਆਂ ਜਾ ਰਹੀਆਂ ਹਨ। ਜਾਪਾਨੀ ਚੰਗੀ ਤਰ੍ਹਾਂ ਖੋਲ੍ਹ ਕੇ ਦੁਨੀਆਂ ਨੂੰ ਦੱਸ ਚੁਕੇ ਹਨ ਕਿ ਜੇ ਕਿਸੇ ਨੇ ਕਰਨੀ ਦੀ ਬਾਜ਼ੀ ਲਾਉਣੀ ਹੋਵੇ ਤਾਂ ਸਾਨੂੰ ਸੱਦੇ ਤੋਂ ਬਿਨਾਂ ਆਪਣੀ ਖੇਲ ਨੂੰ ਬੇਰਸੀ ਨਾ ਕਰੇ। ਇਹ ਮਾਣ, ਇਹ ਬਲ, ਇਹ ਆਦਰ, ਇਹ ਉਨਤੀ, ਇਹ ਨਿੱਕੀ ਜਿਹੀ ਸੁਭਾਗ ਕੌਮ ਵਿਚ ਕਿਥੋਂ ਤੇ ਕਦ ਆਏ, ਇਸ ਦਾ ਜਵਾਬ ਬੀਤੇ ਚੁਕੇ ਨਹੀਂ ਸਗੋਂ ਅੱਜ ਜਿਉਂਦੇ ਜਾਗਦੇ ਸਿਆਣੇ ਜਿਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਇਸ ਨਿੱਕੇ ਜਿਹੇ ਟਾਪੂ ਦੇ ਬੈਠਿਆਂ ਨੇ ਪਲਟਾ ਖਾਧਾ, ਇਹ ਦਿੰਦੇ ਹਨ ਕਿ ਇਹ ਸਭ ਕੁਝ ਕਰਨੀ ਦੇ ਪਿਆਰੇ ਜਾਪਨੀਆਂ ਦੀ ਤੀਹ ਸਾਲ ਦੀ ਮਿਹਨਤ ਤੇ ਹਿੰਮਤ ਦਾ ਸਿੱਟਾ ਹੈ। ਤੀਹ ਸਾਲ ਬਹੁਤ ਥੋੜ੍ਹਾ ਸਮਾਂ ਹੈ। ਤੀਹ ਸਾਲਾਂ ਵਿਚ ਵੀ ਇਤਨੀਆਂ ਵੱਡੀ ਕੌਮਾਂ ਬਣ ਸਕਦੀਆਂ ਹਨ। ਇਹ ਇਸ ਸਮੇਂ ਦਾ ਡਾਢਾ ਚਮਤਕਾਰ ਹੈ ਜੋ ਸੁਸਤ ਤੇ ਗਾਫਲਾਂ ਦੇ ਕੰਨ ਚੰਗੀ ਤਰ੍ਹਾਂ ਮਰੋੜਦਾ ਹੈ।

ਪਿਆਰੇ ਵੀਰੋ! ਆਓ, ਅੱਜ ਇਕ ਦਫੁਟੇ ਨਾਲ ਆਪਣੀ ਹਾਲਤ ਨੂੰ ਮਿਣੀਏ ਦੇ ਕਰਨੀ ਤੇ ਕਹਿਣੀ ਦੇ ਗੁਣ ਔਗੁਣਾਂ ਦਾ ਤੱਤ ਕੱਢ ਕੇ ਉਹ ਕੁਝ ਕਰਨ ਲਗੀਏ ਜੋ ਕੁਝ ਨਹੀਂ ਕੀਤਾ ਗਿਆ ਤੇ ਜੋ ਕਰਨਾ ਜ਼ਰੂਰੀ ਹੈ, ਉਹ ਕੁਝ ਧਾਰੀਏ ਜੋ ਸਾਨੂੰ ਬਲਵਾਨ ਕਰੇ ਤੇ ਜਿਸ ਨਾਲ ਸਾਡਾ ਬੁਰਾ ਚਾਹੁਣ ਵਾਲਿਆਂ ਦੇ ਖਿਆਲ ਟੁੱਟ-ਟੁੱਟ ਕੇ ਚੂਰਾ ਹੋਣ ਸਾਡਾ ਬਲ ਤੇ ਹਿੰਮਤ ਉਸ ਟਾਕਰੇ ਵਿਚ ਪਵਿਤਰ ਹੋਵੇ, ਅਸੀਂ ਪੱਕੀ ਤੇ ਨਰੋਈ ਲਾਂਘ ਪੁਟੀਏ ਜਿਸ ਦੇ ਮੋਰਚੇ 'ਤੇ ਖੜ੍ਹੋਇਆਂ ਦੁਨੀਆਂ ਹਿਲ ਜਾਏ, ਪਰ ਅਸੀਂ ਨਾ ਸਰਕੀਏ। ਤੀਹ ਸਾਲਾਂ ਦਾ ਤੀਆ ਹਿੱਸਾ ਦਸ ਸਾਲ ਬੀਤ ਚਲੇ ਹਨ ਜਦ ਕਿ ਅਸੀਂ ਕੈਨੇਡਾ ਵਿਚ ਆਏ ਸਾਂ। ਸਾਡਾ ਇਥੇ ਆਉਣਾ ਕਿਸੇ ਕੰਮ ਲਈ ਸੀ। ਅਸੀਂ ਉਸ ਜਗ੍ਹਾ ਪੁੱਜੇ ਸਾਂ, ਜੋ ਅੰਗਰੇਜ਼ੀ ਰਾਜ ਦਾ ਇੱਕ ਹਿੱਸਾ ਸੀ। ਅਸੀਂ ਉਨ੍ਹਾਂ ਲੋਕਾਂ ਦੇ ਪਾਸ ਆਏ ਸਾਂ ਜਿਨ੍ਹਾਂ ਦਾ ਸਬੰਧ ਸਾਡੇ ਨਾਲ ਦੇਰ ਤੋਂ ਪੈ ਚੁਕਾ ਸੀ ਤੇ ਜਿਹੜੇ ਸਾਡੀ ਜਨਮ ਭੂਮੀ ਵਿਚ ਨਾ ਸਿਰਫ ਖੁਲ੍ਹਮ ਖੁੱਲ੍ਹਾ ਜਾਰੀ ਰਹੇ ਸਨ ਸਗੋਂ ਵੱਡੀਆਂ-ਵੱਡੀਆਂ ਹਕੂਮਤਾਂ ਤੇ ਅਹੁਦਿਆਂ ਦੇ ਸਿਰਾਂ 'ਤੇ ਬੈਠੇ ਸਾਡੀਆਂ ਕਮਾਈਆਂ ਤੇ ਪੈਸਿਆਂ ਦਾ ਅਨੰਦ ਲੈ ਰਹੇ ਸਨ। ਅਸੀਂ ਉਸ ਜਗ੍ਹਾ ਪੁੱਜੇ ਸਾਂ ਜਿਥੇ ਦੇ ਬਾਦਸ਼ਾਹ ਨੇ ਸਾਡੇ ਦੇਸ਼ ਦਾ ਭੀ ਸ਼ਹਿਨਸ਼ਾਹ ਹੈ, ਕਈ ਵਾਰ ਸਾਨੂੰ ਸੁਨੇਹਾ ਭੇਜਿਆ ਸੀ ਕਿ ਮੇਰੇ ਰਾਜ ਦੀ ਹੱਦ 'ਚ ਰੰਗ ਤੇ ਕੌਮ ਆਦਿਕ ਦਾ ਕੋਈ ਫਰਕ ਨਹੀਂ ਸਮਝਿਆ ਜਾਵੇਗਾ ਸਗੋਂ ਸਭ ਪਰਜਾ ਇਕ ਨਜ਼ਰ ਨਾਲ ਤੱਕੀ ਜਾਵੇਗੀ। ਅਸੀਂ ਉਸ ਥਾਂ ਪੁੱਜੇ ਸਾਂ ਜਿਥੇ ਹਜ਼ਾਰਾਂ ਮੀਲ ਜੰਗਲ ਜ਼ਮੀਨ ਪਈ ਹੈ ਜਿਸ ਨੂੰ ਸੁਆਰਨ ਤੇ ਵਸਾਉਣ ਲਈ ਅਖਬਾਰਾਂ ਵਿਚ ਇਸ਼ਤਿਹਾਰਾਂ, ਲੈਕਚਰਾਂ ਤੇ ਹੋਰ ਅਨੇਕ ਤਰੀਕਿਆਂ ਨਾਲ ਦੁਹਾਈ ਪਾ ਕੇ ਕੁਲ ਦੁਨੀਆਂ ਦੇ ਲੋਕਾਂ ਨੂੰ ਸੱਦਿਆ ਜਾ ਰਿਹਾ ਸੀ ਤੇ ਕੁਲ ਦੇਸ਼ਾਂ ਦੇ ਲੋਕ ਕਾਰ ਵਿਹਾਰ ਕਰਨ ਨਵੇਂ ਦੇਸ਼ ਵਿਚ ਆਪਣੇ ਬਲ ਨੂੰ ਅਜ਼ਮਾਉਣ, ਕੁਝ ਸਿਖਣ ਤੇ ਕੁਝ ਦੱਸਣ ਲਈ ਕਮਾਈਆਂ ਕਰਨ ਲਹੀ ਵੱਸਣ ਲਈ ਆ ਰਹੇ ਸਨ ਤੇ ਅੱਜ ਵੀ ਆ ਰਹੇ ਹਨ। ਅਮਰੀਕਾ ਦੀ ਭੋਂ 'ਤੇ ਪੈਰ ਰੱਖਦਿਆਂ ਸਾਰ ਸਾਡੇ ਕੰਨਾਂ ਵਿਚ ਜ਼ੋਰ ਨਾਲ ਫੂਕ ਮਾਰੀ ਕਿ ਜ਼ੁਲਮ ਤੇ ਬੇਇਨਸਾਫੀ ਦਾ ਭੂਤ ਤੁਹਾਡੇ ਮੋਢਿਆਂ 'ਤੇ ਉਤਰਨਾ ਨਹੀਂ ਚਾਹੁੰਦਾ, ਅੱਗੋਂ ਕੈਨੇਡਾ ਦੇ ਰੁੱਖੇ ਤੇ ਕੌੜੇ ਵਰਤਾਰੇ ਜੋ ਉਸ ਨੇ ਸਾਡੇ ਨਾਲ ਕਰਨਾ ਸ਼ੁਰੂ ਕੀਤਾ, ਸਾਨੂੰ ਦੱਸ ਦਿਤਾ ਕਿ ਇਸ ਖੁਲ੍ਹੇ ਦੇਸ਼ ਦੀ ਧਰਤੀ 'ਤੇ ਭੀ ਉਹ ਸਨ ਤੇ ਮਸਾਲੇ ਤਿਆਰ ਪਏ ਹਨ ਜਿਸ ਦੇ ਰੱਸੇ ਵੱਟ ਕੇ ਇਨਸਾਫ ਹੱਕ ਤੇ ਇਕਰਾਰਾਂ ਨੂੰ ਇਕ ਪਾਸੇ ਰੱਖ ਕੇ ਸਾਨੂੰ ਜਕੜਿਆ ਜਾਵੇਗਾ।

ਆਹ! ਅਜੇ ਰਸਤੇ ਦਾ ਥਕੇਵਾਂ ਭੀ ਨਹੀਂ ਲੱਥਾ ਸੀ। ਅੱਜ ਦੁਰੇਡੇ ਪੰਧ 'ਤੇ ਪੁੱਜ ਕੇ ਕੋਈ ਦਮ ਚੈਨ ਵੀ ਨਹੀਂ ਲਿਆ ਸੀ ਕਿ ਜਦ ਕੈਨੇਡਾ ਦੀ ਸਰਕਾਰ ਦੇ ਸੁਨੇਹੇ ਆਉਣ ਲੱਗ ਪਏ ਕਿ ਤੁਹਾਡੇ ਲਈ ਇਹ ਦੇਸ਼ ਚੰਗਾ ਨਹੀਂ ਹੈ, ਤੁਸੀਂ ਇਕ ਟਾਪੂ ਵਿਚ ਜਾ ਕੇ ਟੱਕਰਾਂ ਮਾਰੋਗੇ। ਅਸੀਂ ਹੈਰਾਨ ਸਾਂ, ਪਰੇਸ਼ਾਨ ਸਾਂ ਕਿ ਇਹ ਸਮਝੌਤੀਆਂ ਦੇਣ ਵਾਲੇ ਸਿਆਣੇ ਕਿਉਂ ਖੇਚਲਾਂ ਕਰਦੇ ਹਨ ਤੇ ਔਖੇ ਹੁੰਦੇ ਹਨ ਜਦ ਕਿ ਅਸੀਂ ਇਸ ਦੇਸ਼ ਦੇ ਚੰਗੇ ਜਾਂ ਮਾੜੇ ਪੈਣੇ ਦੀ ਫਰਯਾਦ ਹੀ ਨਹੀਂ ਕੀਤੀ। ਕਾਨੂੰਨ ਬਣ ਗਏ। ਬੂਹੇ ਢੋਏ ਗਏ। ਅੱਧੇ ਇਕ ਕੰਢੇ 'ਤੇ, ਅੱਧੇ ਦੂਜੇ ਕੰਢੇ ਵਾਲੇ ਮਾਮਲੇ ਹੋ ਗਏ। ਬੇੜੀਆਂ ਰੁਕ ਗਈਆਂ। ਕਰੜੇ ਕਜੀਏ ਪਾਏ ਗਏ। ਮੋਹਰ ਛਾਪਾ ਲਗਾ ਕੇ ਹੁਕਮ ਜਾਰੀ ਹੋ ਗਏ ਜਿਸ ਨਾਲ ਅੰਗਰੇਜ਼ੀ ਪਰਜਾ ਹਿੰਦੁਸਤਾਨੀ ਨੂੰ ਮਲੋ-ਜ਼ੋਰੀ ਕੈਨੇਡਾ ਵਿਚ ਵੜਨ ਤੋਂ ਰੋਕਿਆ ਗਿਆ। ਕੈਨੇਡਾ ਵੱਲੋਂ ਉਹ ਕੁਝ ਲਿਖ ਕੇ ਸਾਡੇ ਸਾਹਮਣੇ ਰਖਿਆ ਗਿਆ ਜੋ ਪੇਚਾਂ ਤੇ ਘੁੰਡੀਆਂ ਵਿਚ ਹੱਸ-ਹੱਸ ਕੇ ਬੋਲਦਾ ਸੀ ਕਿ ਤੁਸੀਂ ਕਮਜ਼ੋਰ ਹੋ ਤੇ ਅਸੀਂ ਤਕੜੇ ਹਾਂ ਤੇ ਹੋਰ ਤਕੜਿਆਂ ਨੂੰ ਅਸੀਂ ਉਕਾ ਹੀ ਇਸ ਤਰ੍ਹਾਂ ਨਹੀਂ ਰੋਕਦੇ। ਇਹ ਕਾਨੂੰਨ ਕੀ ਸੀ, ਇਕ ਰੋਗ ਦੀ ਬੂਟੀ ਸੀ ਜੋ ਸਾਨੂੰ ਖਾਸ ਕਰਕੇ ਸੁੰਘਾਈ ਗਈ ਜਿਸ ਨੂੰ ਸੁੰਘਦਿਆਂ ਅਸੀਂ ਜ਼ਰਾ ਵੀ ਨੱਕ ਨਾ ਵਟਿਆ ਤੇ ਜ਼ਰਾ ਆਕੜ ਕੇ ਨਾ ਖੜ੍ਹੋਏ। ਉਹ ਚਿੰਬੜੇ ਹੋਏ ਰੋਗ ਦਾ ਫਲ ਚਿਰਾਂ ਤੋਂ ਭੁਗਤ ਰਹੇ ਹਾਂ ਜਿਸ ਦੇ ਸੰਤਾਪ ਦੀ ਹਾਹਾਕਾਰ ਕੁਲ ਦੁਨੀਆਂ ਤੇ ਮਚ ਰਹੀ ਹੈ। ਸਾਡੇ ਦੋਸਤ ਤੇ ਦੁਸ਼ਮਣ ਆਪਣੇ ਤੇ ਪਰਾਏ ਤਕ ਫੈਸਲਾ ਦੇ ਚੁਕੇ ਹਨ ਕਿ ਕੈਨੇਡਾ ਦੇ ਹਿੰਦੁਸਤਾਨੀਆਂ ਨੂੰ ਬੇਇਨਸਾਫੀ 'ਤੇ ਜ਼ੋਰ ਨਾਲ ਨਰੜਿਆ ਜਾ ਰਿਹਾ ਹੈ। ਇਥੇ ਇਕ ਮਾਮਲਾ ਹੈ। ਇਹ ਇਕ ਅਸਲੀਅਤ ਹੈ। ਇਸ ਗੱਲ 'ਤੇ ਸਾਡੀ ਕਰਤੂਤ ਦੇਖੀ ਜਾਣੀ ਹੈ। ਇਹ ਇਕ ਨੁਕਤਾ ਹੈ ਜਿਸ ਦੀ ਘੁੰਡੀ ਸਾਡੀ ਮਜਦਊ ਧੀਰਜ ਕੁਰਬਾਨੀ ਤੇ ਬਲ ਨਾਲ ਹੀ ਖੁੱਲ੍ਹ ਸਕਦੀ ਹੈ। ਆਉ, ਅੱਜ ਚੰਗੀ ਤਰ੍ਹਾਂ ਸਮਝੀਏ ਤੇ ਵਧੀਕੀ ਕਰਨ ਵਾਲੇ ਧੱਕੇਬਾਜ਼ਾਂ ਨਾਲ ਕਿਸੇ ਨਿਸ਼ਾਨੇ ਤੇ ਅਸੂਲ ਦੇ ਟਾਕਰਾ ਲਾਈਏ। ਦਸ ਸਾਲ ਅਜਾਈਂ ਬੀਤ ਗਏ।

ਪਿਆਰੇ ਵੀਰੋ! ਅੱਜ ਦੁਨੀਆਂ ਵਿਚ ਕੌਮਾਂ ਦੇ ਕੌਮਾਂ ਨਾਲ ਟਾਕਰੇ ਹਨ। ਦੇਸ਼ਾਂ ਤੇ ਮੁਲਖਾਂ ਦੇ ਮੁਕਾਬਲੇ ਹਨ। ਜ਼ੋਰ ਤੇ ਬਲ ਦੀ ਪਰਖ ਹੈ। ਦੁਨੀਆਂ ਅੱਜ ਪ੍ਰਤਖ ਸਬੂਤ ਮੰਗਦੀ ਹੈ ਕਿ ਤੁਸੀਂ ਆਪਣੇ ਹੱਕ ਲਈ ਕਿਥੋਂ ਤਾਈਂ ਸੱਚੇ ਹੋ ਤੇ ਕੀ ਕੁਝ ਕਰਨ ਨੂੰ ਤਿਆਰ ਹੋ। ਤੁਸੀਂ ਜ਼ੁਲਮ ਦਾ ਕਿਤਨਾ ਗਿਆਨ ਰੱਖਦੇ ਹੋ ਤੇ ਉਸ ਦੇ ਹਟਾਉਣ ਲਈ ਕਿੱਥੇ ਤਾਈਂ ਕੁਰਬਾਨੀ ਕਰਨ 'ਤੇ ਅੜਨ ਨੂੰ ਤਿਆਰ ਹੋ। ਤੁਹਾਡੀ ਜਿੱਤ ਤੁਹਾਡੇ ਹੱਥ ਵਿਚ ਹੈ। ਸੁਭਾਗ ਕੌਮਾਂ ਥੋੜ੍ਹੇ-ਥੋੜ੍ਹੇ ਸਾਲਾਂ ਵਿਚ ਮਿਹਨਤਾਂ, ਹਿੰਮਤਾਂ ਤੇ ਕੁਰਬਾਨੀਆਂ ਕਰਕੇ ਬਣੀਆਂ ਹਨ। ਗੱਲਾਂ ਨਾਲ ਵੜੇ ਪਕਾਉਣ ਵਾਲਿਆਂ ਨੂੰ ਥਾਂ ਮਾਰੇ ਹੋਏ ਤੇ ਪਾਗਲ ਕਿਹਾ ਜਾਂਦਾ ਹੈ। ਆਉ, ਅੱਜ ਅਕਲਾਂ ਤੇ ਵਿਚਾਰਾਂ ਦੀ ਦੂਰਬੀਨ ਲਾ ਕੇ ਦੁਰੇਡੇ ਮਾਮਲੇ ਤੱਕੀਏ। ਕੁਰਬਾਨੀ, ਹਿੰਮਤ, ਧੀਰਜ, ਸੱਚਾਈ ਤੇ ਦ੍ਰਿੜ ਵਿਸ਼ਵਾਸ ਦੀਆਂ ਨਰਦਾਂ ਲੈ ਕੇ ਡਾਢਿਆਂ ਨਾਲ ਆਪਣੇ ਅਸਲੀ ਹੱਕਾਂ ਦੀ ਬਾਜ਼ੀ ਲਾਈਏ। ਹਰ ਪਾਸਿਉਂ ਆਪਣੀ ਕੌਮ ਦੇ ਨਫੇ ਨੁਕਸਾਨ ਤੇ ਹਾਣ ਲਾਭ ਦੀਆਂ ਵਿਚਾਰਾਂ ਕਰਕੇ ਪੂਰੀ ਪੂਰੀ ਬਾਜ਼ੀ ਖੇਡੀਏ। ਝੂਠ ਨੂੰ ਸੱਚ ਨਾਲ ਜਿਤੀਏ। ਕੌਮ ਦੇ ਹੱਕ ਬਚਾਉਣ ਲਈ ਪੂਰੇ ਪਹਿਰੂਏ ਬਣੀਏ ਤੇ ਦੁਨੀਆਂ ਨੂੰ ਸਾਬਤ ਕਰਕੇ ਦੱਸੀਏ ਕਿ ਸੱਚ ਦੇ ਮਤਵਾਲਿਆਂ ਵਿਚ ਸਿਰਜਣਹਾਰ ਇਹ ਬਲ ਪਾਉਂਦਾ ਹੈ।

ਕੀ ਮਾਂਵਾਂ ਕੋਲ ਦੌੜ ਜਾਣ ਨਾਲ ਇਹ ਮਾਮਲੇ ਤੈਅ ਹੋ ਜਾਣਗੇ? ਕੀ ਘਰਾਂ ਨੂੰ ਖਿਸਕ ਤੁਰਿਆਂ ਤੋਂ ਮੁਕਾਬਲੇ ਜਿੱਤੇ ਜਾਣਗੇ? ਕੀ ਮੈਦਾਨ ਛੱਡ ਤੁਰਿਆਂ ਬਾਜ਼ੀ ਜਿੱਤਦੀ ਹੈ? ਨਹੀਂ, ਕਦਾਚਿਤ ਨਹੀਂ। ਇਹ ਹੀ ਤਾਂ ਗੱਲ ਹੈ ਜੋ ਕੈਨੇਡਾ ਚਾਹੁੰਦਾ ਹੈ। ਕੈਨੇਡਾ ਦੀ ਸਰਕਾਰ ਨੇ ਦਸ ਸਾਲਾਂ ਦੇ ਅਵੈੜੇ ਕਾਨੂੰਨਾਂ ਕੁਰਕੀਆਂ ਚਾਲਾਂ ਤੋਂ ਬੇਸੁਰੇ ਹਲਿਆਂ ਨਾਲ ਦਸ ਦਿਤਾ ਹੈ ਕਿ ਕੈਨੇਡਾ ਵਿਚ ਸਾਡੀ ਬਸਤੀ ਨਾ ਵੱਸਣ ਦੇਣ ਲਈ ਪੂਰੀ ਵਾਹ ਲਾ ਰਹੀ ਹੈ।

### ਹਿੰਦੁਸਤਾਨੀਆਂ ਦੀ ਬਹਾਦਰੀ ਦਾ ਬੇਨਜ਼ੀਰ ਨਜ਼ਾਰਾ

(ਕਾਮਾਗਾਟਾਮਾਰੂ ਜਹਾਜ਼ ਆ ਪੁੱਜਾ ਹੈ)

ਸੱਚ ਵਿਚ ਬੜੀ ਤਾਕਤ ਹੈ। ਸੱਚ ਵਿਚ ਚਮਕ ਪੱਥਰ ਵਾਲੀ ਸ਼ਕਤੀ ਹੈ। ਸੱਚ ਨੂੰ ਤਲਵਾਰਾਂ ਨਹੀਂ ਕੱਟ ਸਕਦੀਆਂ। ਸੱਚ ਨੂੰ ਜ਼ੋਰ ਨਹੀਂ ਜਿੱਤ ਸਕਦਾ। ਸੱਚ ਲਿਫ ਨਹੀਂ ਸਕਦਾ। ਸੱਚ ਲੁੱਕ ਨਹੀਂ ਸਕਦਾ। ਸੱਚ ਸੱਚ ਹੈ, ਇਸ ਦੇ ਪਿਆਰੇ ਡੁਬਕੜਾਂ ਵਾਂਗ ਇਸ 'ਤੇ ਵਿਕਦੇ ਹਨ। ਇਹੋ ਜਿਹਾ ਬਲਦਾਰ ਸੱਚ ਹਿੰਦੁਸਤਾਨੀਆਂ ਦਾ ਸਾਥੀ ਹੈ। ਇਹੋ ਜਿਹੀ ਮਹਾਨ ਤਾਕਤ ਭਾਰਤ ਵਾਸੀਆਂ ਦੀ ਓਟ ਹੈ। ਇਹੋ ਜਿਹੀਆਂ ਸ਼ਕਤੀਆਂ ਦੀ ਦਾਸੀ ਕੌਮ ਕਦੇ ਉਕ ਨਹੀਂ ਸਕਦੀ। ਇਸ ਪਵਿਤਰਤਾ ਦੀ ਸਹੇਲੀ ਕੌਮ ਕਦੀ ਭਰਮਾਈ ਹੋਈ ਟਪਲਾ ਨਹੀਂ ਖਾ ਸਕਦੀ। ਇਹ ਕਹਿਣ ਮਾਤਰ ਨਹੀਂ ਹੈ, ਸਗੋਂ ਅਜੇ ਕਲ੍ਹ ਅਫਰੀਕਾ ਦੇ ਜੰਗਲਾਂ, ਰਸਤਿਆਂ, ਪੁਲਾਂ ਤੇ ਜੇਲ੍ਹਾਂ ਵਿਚ ਇਸ ਨਿਰੋਲਤਾ ਦੇ ਮਤਵਾਲੇ ਹਿੰਦੀ ਅਦਭੁਤ ਖੇਲਾਂ ਖੇਲ ਰਹੇ ਸਨ। ਕਮਲੀ ਦੁਨੀਆਂ ਆਖਦੀ ਸੀ ਕਿ ਦਸ ਹਜ਼ਾਰ ਕੁਲ ਇਕ ਮਲੰਗ ਗਾਂਧੀ ਦੇ ਨਾਲ ਪੁਲ ਟੱਪਣ ਚਲੇ ਹਨ। ਬਹਾਦਰ ਹਿੰਦੀ

*(ਬਾਕੀ ਅਗਲੇ ਸਫੇ 'ਤੇ)*

# ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ

ਮੀਰੀ ਪੀਰੀ ਦੇ ਮਾਲਕ, ਬੰਦੀ ਛੋੜ ਦਾਤਾ, ਦੁੱਖ ਭੰਜਨ ਗੁਰੂ ਹਰਗੋਬਿੰਦ ਸਾਹਿਬ ਸਿੱਖਾਂ ਦੇ ਛੇਵੇਂ ਸਤਿਗੁਰੂ ਦਾ ਪ੍ਰਕਾਸ਼ ਅੰਮ੍ਰਿਤਸਰ ਨੇੜੇ ਵਡਾਲੀ ਗੁਰੂ ਵਿਚ 19 ਜੂਨ 1595 ਵਿਚ ਗੁਰੂ ਅਰਜਨ ਦੇਵ ਅਤੇ ਮਾਤਾ ਗੰਗਾ ਜੀ ਦੇ ਘਰ ਹੋਇਆ। ਬਚਪਨ ਵਿਚ ਗੁਰਬਾਣੀ, ਤੀਰ ਤੇ ਤਲਵਾਰ ਚਲਾਉਣ ਦੀ ਸਿਖਲਾਈ ਬਾਬਾ ਬੁੱਢਾ ਜੀ ਨੇ ਦਿੱਤੀ। ਉਹ ਵਧੀਆ ਘੋੜ ਸਵਾਰ ਅਤੇ ਸ਼ਿਕਾਰ ਖੇਡਣ ਦੇ ਸ਼ੌਕੀਨ ਸਨ। ਗੁਰੂ ਅਰਜਨ ਦੇਵ ਲਾਹੌਰ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਇਹ ਸਿਖਿਆ ਦੇ ਗਏ ਸਨ ਕਿ ਸ਼ਸਤਰਾਂ ਤੋਂ ਬਿਨਾ ਉਨ੍ਹਾਂ ਦੇ ਸੇਵਕਾਂ ਦੀ ਰੱਖਿਆ ਸੰਭਵ ਨਹੀਂ ਹੈ। ਇਸ ਲਈ ਗੱਦੀ 'ਤੇ ਬੈਠਣ ਸਮੇਂ ਉਹ ਸ਼ਸਤਰ ਪਹਿਨ ਕੇ ਬੈਠਣ ਅਤੇ ਜ਼ੁਲਮ ਦਾ ਟਾਕਰਾ ਕਰਨ ਲਈ ਵੱਡੀ ਫੌਜ ਵੀ ਤਿਆਰ ਕਰਨ।



ਪ੍ਰਿੰਸੀਪਲ ਗੋਪਾਲ ਸਿੰਘ
ਫੋਨ: 408-806-0286

ਗੁਰੂ ਅਰਜਨ ਦੇਵ ਦੇ ਸਮੇਂ ਤੱਕ ਸਿੱਖ ਅਮਨਪਸੰਦ ਭਾਈਚਾਰਾ ਸੀ। ਛੇਵੇਂ ਪਾਤਿਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਇਹ ਮਹਿਸੂਸ ਕੀਤਾ ਕਿ ਮੁਗਲ ਹੁਕਮਰਾਨਾਂ ਦੇ ਜ਼ੁਲਮਾਂ ਦਾ ਮੁਕਾਬਲਾ ਕਰਨ ਲਈ ਸਖਤ ਸਾਧਨਾ ਦੀ ਲੋੜ ਹੈ। ਇਸ ਲਈ ਉਨ੍ਹਾਂ ਨੇ ਯੋਧਿਆਂ ਵਾਲਾ ਵੇਸ ਤੇ ਜੀਵਨ ਸ਼ੈਲੀ ਅਖਤਿਆਰ ਕੀਤੀ। ਗੁਰਗੱਦੀ 'ਤੇ ਬੈਠਣ ਸਮੇਂ ਉਨ੍ਹਾਂ ਰਵਾਇਤੀ ਚਿੰਨ੍ਹ ਤਿਆਗ ਕੇ ਦੋ ਤਲਵਾਰਾਂ ਪਹਿਨੀਆਂ: ਇਕ ਮੀਰੀ ਦੀ (ਦੁਨਿਆਵੀ ਸ਼ਕਤੀ) ਅਤੇ ਇਕ ਪੀਰੀ ਦੀ (ਭਗਤੀ ਦੀ); ਇਕ ਸਿਆਸਤ ਦੀ ਅਤੇ ਦੂਜੀ ਭਗਤੀ ਦੀ; ਇਕ ਝੂਠ ਨੂੰ ਰੋਕਣ ਲਈ ਤੇ ਦੂਸਰੀ ਸੱਚ ਪ੍ਰਚਾਰਨ ਲਈ। ਉਨ੍ਹਾਂ ਸਿੱਖਾਂ ਨੂੰ ਕਿਹਾ, "ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ ਤੇ ਚੰਗੀ ਜਵਾਨੀ ਹਨ।"

ਗੁਰੂ ਸਾਹਿਬ ਨੇ ਬੜੀ ਸੂਝ ਸਿਆਣਪ ਨਾਲ ਫੈਸਲਾ ਕੀਤਾ ਕਿ ਹੁਣ ਸ਼ਾਂਤਮਈ ਢੰਗ ਨਾਲ ਕੰਮ ਨਹੀਂ ਸਰਨਾ। ਹਥਿਆਰਬੰਦ ਹੋਏ ਬਿਨਾ ਸਿੱਖ ਭਾਈਚਾਰੇ ਦੀ ਸੁਰੱਖਿਆ ਸੰਭਵ ਨਹੀਂ। ਉਨ੍ਹਾਂ ਜ਼ੁਲਮ ਦਾ ਟਾਕਰਾ ਕਰਨ ਲਈ ਮਜਬੂਤ ਸੈਨਿਕ ਸ਼ਕਤੀ ਜਥੇਬੰਦ ਕੀਤੀ। ਉਨ੍ਹਾਂ ਪੰਜ ਸੌ ਹਥਿਆਰਬੰਦਾਂ ਦੀ ਫੌਜ ਤਿਆਰ ਕੀਤੀ। ਭਾਈ ਬਿਧੀ ਚੰਦ ਜੀ, ਪੈੜਾ ਜੀ, ਧੁਮਣਾ ਜੀ, ਜੇਠਾ ਜੀ ਤੇ ਭਾਈ ਲੰਗਾਹ ਜੀ ਸੌ ਸੌ ਸਵਾਰਾਂ ਦੇ ਸਰਦਾਰ ਥਾਪੇ ਗਏ। ਗੁਰੂ ਜੀ ਨੇ 52 ਹਥਿਆਰਬੰਦ ਸਿੱਖਾਂ ਦੀ ਟੁਕੜੀ ਆਪਣੀ ਰੱਖਿਆ ਲਈ ਰੱਖੀ ਹੋਈ ਸੀ। ਅੰਮ੍ਰਿਤਸਰ ਦੀ ਸੁਰੱਖਿਆ ਲਈ ਉਨ੍ਹਾਂ 1609 ਵਿਚ ਲੋਹਗੜ੍ਹ ਦਾ ਕਿਲ੍ਹਾ ਬਣਾਇਆ।


ਇਸ ਤੋਂ ਪਹਿਲਾਂ ਉਨ੍ਹਾਂ ਨੇ ਜੂਨ 1606 ਵਿਚ ਅਕਾਲ ਤਖਤ ਬਣਵਾਇਆ। ਇਹ ਕਾਰਜ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਮੁਕੰਮਲ ਕੀਤਾ। ਉਹ ਅਕਾਲ ਤਖਤ ਅੱਗੇ ਜਿਸਮਾਨੀ ਮੁਕਾਬਲੇ ਕਰਵਾਉਂਦੇ, ਸੰਗਤਾਂ ਤੋਂ ਘੋੜੇ ਅਤੇ ਹਥਿਆਰਾਂ ਦੇ ਤੋਹਫੇ ਲੈਂਦੇ ਤੇ ਸੰਗਤਾਂ ਵੀ ਇਥੇ ਆ ਕੇ ਹੀ ਭੇਟਾ ਕਰਦੀਆਂ। ਇਥੇ ਹੀ ਢਾਡੀ ਅਬਦੁੱਲਾ ਤੇ ਨੱਥਾ ਯੋਧਿਆਂ ਦੀਆਂ ਬੀਰ-ਰਸੀ ਵਾਰਾਂ ਗਾਉਂਦੇ। ਅੰਮ੍ਰਿਤਸਰ ਸ਼ਹਿਰ ਵਿਚ ਰੌਣਕਾਂ ਵਧਣ ਲੱਗੀਆਂ ਤੇ ਇਹ ਸ਼ਹਿਰ ਰਾਜ ਅੰਦਰ ਰਾਜ ਬਣ ਗਿਆ। ਸੂਰਬੀਰਤਾ ਦੀ ਨਵੀਂ ਤਰੰਗ ਸਾਰੇ ਪੰਜਾਬ ਵਿਚ ਨਜ਼ਰ ਆਉਣ ਲਗ ਪਈ।

ਜਹਾਂਗੀਰ ਬਾਦਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੇ ਵਧ ਰਹੇ ਪ੍ਰਭਾਵ ਤੋਂ ਘਬਰਾ ਗਿਆ। ਚੰਦੂ ਸ਼ਾਹ ਵਰਗਿਆਂ ਨੇ ਉਸ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਸ਼ਾਹੀ ਠਾਠ ਨਾਲ ਰਹਿੰਦਾ ਹੈ, ਸਿਰ 'ਤੇ ਕਲਗੀ ਸਜਾਉਂਦਾ ਹੈ, ਹਥਿਆਰਬੰਦ ਦਰਬਾਰੀ ਰੱਖਦਾ ਹੈ ਅਤੇ ਸਿੱਖ ਉਸ ਨੂੰ ਸੱਚਾ ਪਾਤਿਸ਼ਾਹ ਕਹਿ ਕੇ ਬੁਲਾਉਂਦੇ ਹਨ। ਜਹਾਂਗੀਰ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਰਾਜਨੀਤਕ ਅਪਰਾਧੀ ਦਸਿਆ ਤੇ ਹੁਕਮ ਕੀਤਾ ਕਿ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਜਾਵੇ ਤੇ ਅਜਿਹਾ ਹੀ ਕੀਤਾ ਗਿਆ। ਗਵਾਲੀਅਰ ਦੇ ਕਿਲ੍ਹੇ ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚੋਂ ਕਈ ਰਾਜੇ ਵੀ ਕੈਦ ਸਨ, ਜਿਨ੍ਹਾਂ ਦੀ ਹਾਲਤ ਬੜੀ ਤਰਸਯੋਗ ਸੀ। ਕਿਲ੍ਹੇ ਵਿਚ ਸ਼ਾਹੀ ਕੈਦੀ ਜਾਂ ਜੋ ਰਾਜਨੀਤਕ ਅਪਰਾਧੀ ਹੁੰਦੇ ਸਨ, ਉਨ੍ਹਾਂ ਨੂੰ ਕੈਦ ਕਰਕੇ ਰੱਖਿਆ ਜਾਂਦਾ ਸੀ। ਗੁਰੂ ਜੀ ਦੇ ਆਉਣ ਨਾਲ ਸਵੇਰੇ ਸ਼ਾਮ ਦਾ ਦੀਵਾਨ ਲੱਗਣਾ ਸ਼ੁਰੂ ਹੋ ਗਿਆ। ਰਾਜਿਆਂ ਨੂੰ ਆਤਮਿਕ ਅਨੰਦ ਮਿਲਣਾ ਸ਼ੁਰੂ ਹੋ ਗਿਆ। ਸਿੱਖ ਸੰਗਤਾਂ ਵੀ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਂਦੀਆਂ ਤੇ ਬਾਹਰੋਂ ਹੀ ਕਿਲ੍ਹੇ ਦੀਆਂ ਦੀਵਾਰਾਂ ਨੂੰ ਮੱਥਾ ਟੇਕ ਕੇ ਵਾਪਸ ਮੁੜ ਜਾਂਦੀਆਂ। ਗਵਾਲੀਅਰ ਦਾ ਕਿਲ੍ਹਾ ਇਕ ਤਰ੍ਹਾਂ ਦਾ ਧਾਰਮਿਕ ਸਥਾਨ ਬਣ ਗਿਆ। ਅਖੀਰ ਮੀਆਂ ਮੀਰ, ਬਾਦਸ਼ਾਹ ਦੀ ਬੇਗਮ ਨੂਰਜਹਾਂ ਤੇ ਵਜ਼ੀਰ ਖਾਂ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਰਿਹਾ ਕਰਨ ਦਾ ਹੁਕਮ ਦੇ ਦਿੱਤਾ। ਗੁਰੂ ਜੀ ਦੀ ਰਿਹਾਈ ਸੁਣ ਕੇ ਸਾਰੇ ਰਾਜੇ ਉਦਾਸ ਹੋ ਗਏ। ਉਨ੍ਹਾਂ ਦੀ ਇਹ ਹਾਲਤ ਦੇਖ ਕੇ ਗੁਰੂ ਜੀ ਨੇ ਬਾਦਸ਼ਾਹ ਅੱਗੇ ਸ਼ਰਤ ਰੱਖੀ ਕਿ ਉਹ ਕਿਲ੍ਹਾ ਤਾਂ ਛੱਡਣਗੇ ਜੇ ਰਾਜਿਆਂ ਨੂੰ ਰਿਹਾ ਕੀਤਾ ਜਾਵੇ। ਇਸ 'ਤੇ ਬਾਦਸ਼ਾਹ ਨੇ ਹੁਕਮ ਕੀਤਾ ਕਿ ਜਿਹੜਾ-ਜਿਹੜਾ ਰਾਜਾ ਗੁਰੂ ਸਾਹਿਬ ਦਾ ਪੱਲਾ ਫੜ੍ਹ ਕੇ ਜਾ ਸਕਦਾ ਹੈ, ਚਲਾ ਜਾਵੇ। ਗੁਰੂ ਸਾਹਿਬ ਨੇ 52 ਕਲੀਆਂ ਵਾਲਾ ਚੋਲਾ ਪਹਿਨ ਲਿਆ ਤੇ ਇਸ ਤਰ੍ਹਾਂ 52 ਰਾਜੇ ਵੀ ਪੱਲਾ ਫੜ੍ਹ ਕੇ ਰਿਹਾ ਹੋ ਗਏ। ਇਸੇ ਕਰਕੇ ਉਨ੍ਹਾਂ ਨੂੰ 'ਬੰਦੀ ਛੋੜ ਬਾਬਾ' ਕਿਹਾ ਜਾਂਦਾ ਹੈ ਤੇ ਉਸ ਸਥਾਨ 'ਤੇ ਹੁਣ ਗੁਰਦੁਆਰਾ ਸ੍ਰੀ ਦਾਤਾ ਬੰਦੀ ਛੋੜ ਸਾਹਿਬ ਹੈ।

ਗੁਰੂ ਜੀ ਦੀ ਸ਼ਰਨ ਜੋ ਵੀ ਆਉਂਦਾ, ਗੁਰੂ ਜੀ ਉਸ ਦੀ ਮਦਦ ਕਰਦੇ। ਲਾਹੌਰ ਦੇ ਕਾਜ਼ੀ ਰੁਸਤਮ ਖਾਂ ਦੀ ਪੁੱਤਰੀ ਕੌਲਾਂ ਮੀਆਂ ਮੀਰ ਦੀ ਮੁਰੀਦ ਸੀ। ਬਚਪਨ ਵਿਚ ਹੀ ਉਹ ਪ੍ਰਭੂ ਭਗਤੀ ਨਾਲ ਜੁੜ ਗਈ। ਸਾਈਂ ਮੀਆਂ ਮੀਰ ਤੋਂ ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਉਪਮਾ ਸੁਣੀ ਸੀ। ਉਸ ਨੇ ਸਹਿਜੇ ਸਹਿਜੇ ਗੁਰਬਾਣੀ ਕੰਠ ਕਰ ਲਈ। ਕਾਜ਼ੀ ਨੂੰ ਇਹ ਗੱਲ ਪਸੰਦ ਨਹੀਂ ਸੀ। ਉਹ ਗੁਰੂ ਜੀ ਨੂੰ ਕਾਫਰ ਸਮਝਦਾ ਸੀ। ਗੁੱਸੇ ਵਿਚ ਕਹਿਣ ਲੱਗਾ, ਤੂੰ ਕਾਫਰ ਹੈਂ ਤੇ ਕਾਫਰ ਦੀ ਤਾਰੀਫ ਕਰਦੀ ਹੈਂ। ਇਸਲਾਮ ਵਿਚ ਕਾਫਰ ਦੀ ਤਾਰੀਫ ਕਰਨ ਵਾਲੇ ਦੀ ਸਜ਼ਾ ਮੌਤ ਹੈ। ਕੌਲਾਂ ਨੂੰ ਮੌਤ ਦਾ ਫਤਵਾ ਦਿੱਤਾ ਗਿਆ। ਮੀਆਂ ਮੀਰ ਨੇ ਉਸ ਨੂੰ ਸਲਾਹ ਦਿੱਤੀ ਕਿ ਉਹ ਗੁਰੂ ਜੀ ਦੀ ਸ਼ਰਨ ਵਿਚ ਅੰਮ੍ਰਿਤਸਰ ਚਲੀ ਜਾਵੇ। ਉਹ ਅੰਮ੍ਰਿਤਸਰ ਗੁਰੂ ਜੀ ਦੀ ਸ਼ਰਨ ਵਿਚ ਚਲੀ ਗਈ ਤੇ ਆਪਣਾ ਸਮਾਂ ਪਰਮਾਤਮਾ ਦੀ ਬੰਦਗੀ ਵਿਚ ਗੁਜ਼ਾਰਦੀ। ਉਸ ਨੇ ਆਪਣੇ ਗਹਿਣੇ ਤੇ ਨਗਦੀ ਗੁਰੂ ਜੀ ਨੂੰ ਧਾਰਮਿਕ ਕਾਰਜਾਂ ਲਈ ਦੇ ਦਿੱਤੇ। ਗੁਰੂ ਜੀ ਨੇ ਉਸ ਧਨ ਨਾਲ ਕੌਲਸਰ ਸਰੋਵਰ ਬਣਾਇਆ। ਇਹ ਪਹਿਲੀ ਰਾਜਸੀ ਸ਼ਰਨ ਸੀ ਜੋ ਗੁਰੂ ਜੀ ਨੇ ਦਿੱਤੀ।

ਗੁਰੂ ਹਰਿਗੋਬਿੰਦ ਸਾਹਿਬ ਨੇ ਲੋਹਗੜ੍ਹ, ਸ੍ਰੀ ਅਕਾਲ ਤਖਤ ਸਾਹਿਬ, ਡੇਹਰਾ ਸਾਹਿਬ ਲਾਹੌਰ, ਕੀਰਤਪੁਰ ਮਹਿਰਾਜ, ਕੌਲਸਰ, ਬਿਬੇਕਸਰ ਤੇ ਗੁਰੂਸਰ ਆਦਿ ਸਥਾਨ ਬਣਾਏ। ਉਨ੍ਹਾਂ ਮਨੁੱਖਤਾ ਦੀ ਆਜ਼ਾਦੀ ਅਤੇ ਸਵੈਮਾਣ ਲਈ ਜਬਰ ਤੇ ਜ਼ੁਲਮ ਵਿਰੁਧ ਚਾਰ ਯੁੱਧ ਲੜੇ।

ਜਹਾਂਗੀਰ ਦੀ ਮੌਤ ਪਿਛੋਂ ਫਰਵਰੀ 1628 ਵਿਚ ਸ਼ਾਹ ਜਹਾਨ ਦਿੱਲੀ ਦੇ ਤਖਤ 'ਤੇ ਬੈਠਾ। ਇਕ ਵਾਰ ਸ਼ਾਹ ਜਹਾਨ ਅੰਮ੍ਰਿਤਸਰ ਨੇੜੇ ਸ਼ਿਕਾਰ ਖੇਡ ਰਿਹਾ ਸੀ ਕਿ ਉਸ ਦਾ ਬਾਜ ਸਿੱਖਾਂ ਦੇ ਹੱਥ ਲੱਗ ਗਿਆ। ਬਾਦਸ਼ਾਹ ਨੇ ਸਿੱਖਾਂ ਕੋਲ ਬਾਜ ਵਾਪਸ ਕਰਨ ਲਈ ਆਪਣੇ ਬੰਦੇ ਭੇਜੇ ਪਰ ਸਿੱਖਾਂ ਨੇ ਨਾਂਹ ਕਰ ਦਿੱਤੀ। ਸ਼ਾਹ ਜਹਾਨ ਬਹੁਤ ਨਿਰਾਸ਼ ਹੋਇਆ ਤੇ ਲਾਹੌਰ ਦੇ ਫੌਜਦਾਰ ਮੁਖਲਿਸ ਖਾਂ ਨੂੰ 7000 ਫੌਜ ਦੇ ਕੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ। ਸਿੱਖਾਂ ਨੇ ਡਟ ਕੇ ਮੁਕਾਬਲਾ ਕੀਤਾ। ਮੁਖਲਿਸ ਖਾਂ ਜੰਗ ਵਿਚ ਮਾਰਿਆ ਗਿਆ ਤੇ ਸ਼ਾਹੀ ਫੌਜ ਲਾਹੌਰ ਵੱਲ ਭੱਜ ਗਈ। ਇਹ



ਲੜਾਈ 1631 ਵਿਚ ਹੋਈ। ਲੜਾਈ ਤੋਂ ਕੁਝ ਦੇਰ ਬਾਅਦ ਗੁਰੂ ਜੀ ਨੇ ਅੰਮ੍ਰਿਤਸਰ ਛੱਡਣ ਵਿਚ ਸਿਆਣਪ ਸਮਝੀ ਅਤੇ ਕਦੇ ਵਾਪਸ ਨਹੀਂ ਆਏ। ਉਹ ਆਦਿ ਗ੍ਰੰਥ ਪਹਿਲੀ ਵਾਰ ਆਪਣੇ ਨਾਲ ਲੈ ਗਏ ਤੇ ਪਰਿਵਾਰ ਸਮੇਤ ਕਰਤਾਰਪੁਰ ਚਲੇ ਗਏ।

ਗੁਰੂ ਸਾਹਿਬ ਜਦੋਂ ਕਰਤਾਰਪੁਰ ਸਨ ਤਾਂ ਇਕ ਦਿਨ ਸ਼ਿਕਾਰ ਖੇਡਦੇ ਬਿਆਸ ਦਰਿਆ ਦੇ ਕੰਢੇ ਰਮਣੀਕ ਸਥਾਨਕ ਪੁਰਾਤਨ ਪਿੰਡ ਰੁਹੇਲਾ ਪਹੁੰਚੇ। ਗੁਰੂ ਜੀ ਨੇ ਇਸ ਸਥਾਨ 'ਤੇ ਹਰਗੋਬਿੰਦਪੁਰ ਨਗਰ ਵਸਾਉਣਾ ਚਾਹਿਆ। ਪਿੰਡ ਦੇ ਵਸਨੀਕ ਖੁਸ਼ ਸਨ ਪਰ ਮੁਖੀਆ ਭਗਵਾਨ ਦਾਸ ਘੇਰੜ ਖੁਸ਼ ਨਹੀਂ ਸੀ। ਉਸ ਨੇ ਗੁਰੂ ਜੀ ਦੀ ਸ਼ਾਨ ਵਿਚ ਕੁਝ ਅਪਮਾਨਜਨਕ ਸ਼ਬਦ ਕਹੇ। ਸਿੱਖਾਂ ਨੇ ਬਰਦਾਸ਼ਤ ਨਾ ਕੀਤਾ ਤੇ ਭਗਵਾਨ ਦਾਸ ਨੂੰ ਮਾਰ ਕੇ ਦਰਿਆ ਵਿਚ ਸੁੱਟ ਦਿੱਤਾ।

ਭਗਵਾਨ ਦਾਸ ਦੇ ਪੁੱਤਰ ਰਤਨ ਚੰਦ ਨੇ ਜਲੰਧਰ ਦੇ ਸੂਬੇਦਾਰ ਅਬਦੁੱਲਾ ਖਾਂ ਨਾਲ ਗੁਰੂ ਜੀ ਨੂੰ ਜ਼ਿੰਦਾ ਫੜ੍ਹਨ ਤੇ ਮਾਰਨ ਦੀ ਸਾਜ਼ਿਸ਼ ਕੀਤੀ। ਅਬਦੁੱਲਾ ਖਾਂ ਨੇ ਚਾਰ ਹਜ਼ਾਰ ਸ਼ਾਹੀ ਫੌਜੀ ਲੈ ਕੇ ਗੁਰੂ ਜੀ 'ਤੇ ਹਮਲਾ ਕਰ ਦਿੱਤਾ। ਘਮਸਾਣ ਦੀ ਜੰਗ ਹੋਈ। ਭਾਈ ਬਿਧੀ ਚੰਦ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਮੁਗਲ ਫੌਜਾਂ ਨੂੰ ਭਾਜੜਾਂ ਪੈ ਗਈਆਂ। ਸੂਬੇਦਾਰ ਅਬਦੁੱਲਾ ਖਾਂ, ਉਸ ਦੇ ਦੋ ਪੁੱਤਰ ਤੇ ਪੈਰੋਕਾਰ ਮਾਰੇ ਗਏ। ਮੁਗਲ ਫੌਜਾਂ ਮੈਦਾਨ ਛੱਡ ਕੇ ਭੱਜ ਗਈਆਂ ਤੇ ਜਿੱਤ ਗੁਰੂ ਸਾਹਿਬ ਦੀ ਹੋਈ। ਇਹ ਸਤੰਬਰ 1630 ਦੀ ਗੱਲ ਹੈ।

ਕਾਬਲ ਤੋਂ ਦੋ ਮਸੰਦ-ਬਖਤ ਮੱਲ ਤੇ ਤਾਰਾ ਚੰਦ ਗੁਰੂ ਜੀ ਲਈ ਵਧੀਆ ਨਸਲ ਦੇ ਦੋ ਘੋੜੇ-ਦਿਲਬਾਗ ਤੇ ਗੁਲਬਾਗ ਤੋਹਫੇ ਵਜੋਂ ਲਿਆਏ। ਇਹ ਘੋੜੇ ਬੜੇ ਦੁਰਲੱਭ ਤੇ ਫੁਰਤੀਲੇ ਸਨ। ਮੁਗਲਾਂ ਨੇ ਘੋੜੇ ਮਸੰਦਾਂ ਤੋਂ ਖੋਹ ਕੇ ਲਾਹੌਰ ਸ਼ਾਹੀ ਅਸਤਬਲ ਵਿਚ ਭੇਜ ਦਿੱਤੇ। ਗੁਰੂ ਜੀ ਨੇ ਭਾਈ ਬਿਧੀ ਚੰਦ ਨੂੰ ਕੋਲ ਬੁਲਾਇਆ ਅਤੇ ਲਾਹੌਰੋਂ ਘੋੜੇ ਵਾਪਸ ਲਿਆਉਣ ਲਈ ਤੋਰ ਦਿਤਾ। ਭਾਈ ਬਿਧੀ ਚੰਦ ਦੋਵੇਂ ਘੋੜੇ ਲਾਹੌਰ ਦੇ ਅਸਤਬਲ ਵਿਚੋਂ ਲਿਜਾਣ 'ਚ ਸਫਲ ਹੋ ਗਏ। ਸੂਬੇਦਾਰ ਨੇ ਘੋੜਿਆਂ ਦੀ ਸੂਹ ਮਿਲਣ 'ਤੇ ਲੱਲਾ ਬੇਗ ਤੇ ਕਮਰ ਬੇਗ ਨੂੰ ਦਸ ਹਜ਼ਾਰ ਫੌਜ ਦੇ ਕੇ ਗੁਰੂ ਜੀ ਪਾਸੋਂ ਘੋੜੇ ਵਾਪਸ ਲਿਆਉਣ ਲਈ ਭੇਜ ਦਿੱਤਾ। ਸ਼ਾਹੀ ਫੌਜ ਦੇ ਆਉਣ ਬਾਰੇ ਪਤਾ ਲੱਗਣ 'ਤੇ ਗੁਰੂ ਜੀ ਨੇ ਪਿੰਡ ਨਿਥਾਣੇ ਨੇੜੇ ਪਾਣੀ ਦੀ ਢਾਬ ਕੋਲ ਮੋਰਚੇ ਲਾ ਲਏ। ਦੋਵੇਂ ਪਾਸੇ ਬਹੁਤ ਨੁਕਸਾਨ ਹੋਇਆ। ਲੱਲਾ ਬੇਗ ਤੇ ਕਮਰ ਬੇਗ ਜੰਗ ਵਿਚ ਮਾਰੇ ਗਏ ਤੇ ਸ਼ਾਹੀ ਫੌਜ ਲਾਹੌਰ ਵੱਲ ਭੱਜ ਗਈ।

ਕੁਝ ਸਮਾਂ ਸ਼ਾਂਤੀ ਨਾਲ ਬੀਤਿਆ। ਤਿੰਨ ਸਾਲ ਬਾਅਦ ਸਿੱਖਾਂ ਤੇ ਮੁਗਲ ਫੌਜਾਂ ਵਿਚਕਾਰ ਫਿਰ ਲੜਾਈ ਸ਼ੁਰੂ ਹੋ ਗਈ। ਇਹ ਲੜਾਈ ਗੁਰੂ ਘਰ ਦੇ ਧੋਖੇਬਾਜ਼ ਪੈਂਦੇ ਖਾਂ ਕਾਰਨ ਹੋਈ। ਪੈਂਦੇ ਖਾਂ ਲੰਮਾ, ਸੁਹਣਾ ਤੇ ਸਕਤੀਸ਼ਾਲੀ ਫੌਜੀ ਸੀ। ਉਸ ਦਾ ਗੁਰੂ ਜੀ ਨਾਲ ਝਗੜਾ ਸ਼ਾਹੀ ਬਾਜ਼ ਕਾਰਨ ਹੋਇਆ। ਗੁਰੂ ਜੀ ਨੇ ਉਸ ਨੂੰ ਦਰਬਾਰ 'ਚੋਂ ਕੱਢ ਦਿੱਤਾ। ਉਹ ਸ਼ਾਹੀ ਫੌਜ ਵਿਚ ਭਰਤੀ ਹੋ ਗਿਆ। ਪੈਂਦੇ ਖਾਂ ਨੇ ਬਾਦਸ਼ਾਹ ਨੂੰ ਭੜਕਾਇਆ। ਬਾਦਸ਼ਾਹ ਨੇ ਬਹੁਤ ਵੱਡੀ ਮੁਹਿੰਮ ਪੈਂਦੇ ਖਾਂ ਤੇ ਕਾਲੇ ਖਾਂ ਦੀ ਕਮਾਂਡ ਹੇਠ ਗੁਰੂ ਜੀ ਵਿਰੁਧ ਕਰਤਾਰਪੁਰ ਭੇਜੀ। ਪੈਂਦੇ ਖਾਂ ਤੇ ਕਾਲੇ ਖਾਂ ਨੇ ਕਰਤਾਰਪੁਰ ਨੂੰ ਘੇਰ ਲਿਆ। ਭਾਈ ਬਿਧੀ ਚੰਦ ਤੇ ਭਾਈ ਗੁਰਦਿੱਤਾ ਨੇ ਮੁਗਲ ਫੌਜਾਂ ਦਾ ਡਟ ਕੇ ਮੁਕਾਬਲਾ ਕੀਤਾ। ਜੰਗ ਬੜੀ ਭਿਆਨਕ ਸੀ। ਪੈਂਦੇ ਖਾਂ ਤੇ ਕਾਲੇ ਖਾਂ ਗੁਰੂ ਜੀ ਹੱਥੋਂ ਮਾਰੇ ਗਏ। ਸ਼ਾਹੀ ਫੌਜ ਜਿਧਰੋਂ ਆਈ ਸੀ, ਹਾਰ ਕੇ ਉਧਰ ਭੱਜ ਗਈ। ਇਸ ਤਰ੍ਹਾਂ ਮੁਗਲ ਕੋਈ ਵੀ ਫੈਸਲਾਕੁਨ ਜਿੱਤ ਪ੍ਰਾਪਤ ਨਾ ਕਰ ਸਕੇ।

ਗੁਰੂ ਹਰਿਗੋਬਿੰਦ ਸਾਹਿਬ ਇਨ੍ਹਾਂ ਲੜਾਈਆਂ ਕਾਰਨ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵੱਲ ਵਧੇਰੇ ਧਿਆਨ ਨਾ ਦੇ ਸਕੇ। ਉਨ੍ਹਾਂ ਆਪਣੇ ਇਸ ਮਿਸ਼ਨ ਨੂੰ ਪੂਰਾ ਕਰਨ ਲਈ ਸ਼ਾਂਤਮਈ ਸਥਾਨ 'ਤੇ ਜਾਣਾ ਠੀਕ ਸਮਝਿਆ। ਕਹਿਲੂਰ ਦਾ ਰਾਜਾ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਉਸ ਨੇ ਗੁਰੂ ਜੀ ਨੂੰ ਚੋਖੀ ਜਮੀਨ ਦੇ ਦਿੱਤੀ। ਇਸ ਸਥਾਨ 'ਤੇ ਉਨ੍ਹਾਂ ਕੀਰਤਪੁਰ ਸਾਹਿਬ ਵਸਾਇਆ। ਉਨ੍ਹਾਂ ਦੇ ਪੁੱਤਰ ਭਾਈ ਗੁਰਦਿੱਤਾ ਦਾ ਇਹ ਨਗਰ ਵਸਾਉਣ ਵਿਚ ਬਹੁਤ ਯੋਗਦਾਨ ਹੈ। ਉਨ੍ਹਾਂ ਨੇ ਜੰਗੀ ਨੀਤੀ ਤਿਆਗ ਕੇ ਸਿੱਖੀ ਪ੍ਰਚਾਰ ਵੱਲ ਵਿਸ਼ੇਸ਼ ਧਿਆਨ ਦਿੱਤਾ। ਉਨ੍ਹਾਂ ਨੇ 1636 ਵਿਚ ਬਾਬਾ ਗੁਰਦਿੱਤਾ ਨੂੰ ਵੱਖ ਵੱਖ ਇਲਾਕਿਆਂ ਵਿਚ ਸਿੱਖੀ ਦਾ ਪ੍ਰਚਾਰ ਕਰਨ ਲਈ ਫੂਲ, ਅਲਮਸਤ, ਗੋਂਦਾ ਤੇ ਬਲੂ ਹਸਨ ਪ੍ਰਚਾਰਕ ਨਿਯੁਕਤ ਕੀਤੇ।

ਗੁਰੂ ਹਰਿਗੋਬਿੰਦ ਸਾਹਿਬ ਦੇ ਤਿੰਨ ਮਹਿਲ-ਨਾਨਕੀ ਜੀ, ਦਮੋਦਰੀ ਜੀ ਤੇ ਮਹਾਂਦੇਵੀ ਜੀ ਅਤੇ ਛੇ ਬੱਚੇ-ਬਾਬਾ ਗੁਰਦਿੱਤਾ, ਅਣੀ ਰਾਏ, ਬਾਬਾ ਅਟੱਲ, ਸੂਰਜ ਮੱਲ, ਤੇਗ ਬਹਾਦਰ ਅਤੇ ਬੀਬੀ ਵੀਰੋ ਸਨ। ਪਹਿਲੇ ਤਿੰਨ ਸਰੀਰ ਤਿਆਗ ਚੁਕੇ ਸਨ। ਇਸ ਲਈ ਉਨ੍ਹਾਂ ਨੇ ਬਾਬਾ ਗੁਰਦਿੱਤਾ ਦੇ ਛੋਟੇ ਪੁੱਤਰ ਸ੍ਰੀ ਹਰਿਰਾਏ ਜੀ ਨੂੰ ਗੁਰਗੱਦੀ ਸੌਂਪੀ ਅਤੇ 3 ਮਾਰਚ 1644 ਨੂੰ ਕੀਰਤਪੁਰ ਵਿਖੇ ਜੋਤੀ ਜੋਤ ਸਮਾ ਗਏ।

ਗੁਰੂ ਹਰਿਗੋਬਿੰਦ ਸਾਹਿਬ ਸੂਰਬੀਰਤਾ, ਧੀਰਜ, ਸਹਿਨਸ਼ੀਲਤਾ, ਨਿਡਰਤਾ ਤੇ ਸ਼ਰਨ ਆਏ ਦੀ ਮਦਦ ਕਰਨਾ ਆਦਿ ਗੁਣਾਂ ਦੀ ਖਾਣ ਸਨ। ਹਰ ਸੈਨਿਕ ਕਰਤੱਵ, ਪ੍ਰਬੰਧ ਤੇ ਨਿਆਸ਼ੀਲਤਾ ਵਿਚ ਪ੍ਰਬੀਨ ਸਨ। ਉਨ੍ਹਾਂ ਦਾ ਪਹਿਰਾਵਾ ਬਾਦਸ਼ਾਹਾਂ ਵਰਗਾ ਤੇ ਰਹਿਣੀ ਫਕੀਰਾਂ ਵਰਗੀ ਸੀ। ਉਹ ਕਰਾਮਾਤਾਂ ਦਿਖਾਉਣ ਦੇ ਖਿਲਾਫ ਸਨ।

# ਕੈਨੇਡਾ ਵਿਚ ਪੰਜਾਬੀ: 100 ਸਾਲ ਪਹਿਲਾਂ

*(ਪਿਛਲੇ ਸਫੇ ਦੀ ਬਾਕੀ)*

ਆਖਦੇ ਸਨ, ਅਸੀਂ ਸੱਚ ਨੂੰ ਪਰਖਣ ਚਲੇ ਹਾਂ। ਲੋਕ ਆਖਦੇ ਸਨ, ਕੁੜੀਆਂ ਜੇਲ੍ਹਾਂ ਵਿਚ ਚਲੀਆਂ ਹਨ, ਬੀਬੀਆਂ ਆਖਦੀਆਂ ਸਨ, ਅਸੀਂ ਸੱਚ ਨੂੰ ਵਿਆਹੁਣ ਜਾਂਦੀਆਂ ਹਾਂ। ਜਿਹੜੀ ਕੌਮ ਅਫਰੀਕਾ ਦੇ ਤੱਤੇ ਜੰਗਲਾਂ ਵਿਚ ਸੱਚ ਦੇ ਨਤਾਰੇ ਕਰਾਉਣ ਲਈ ਭੁੱਲੇ ਹੋਏ ਡਾਢਿਆਂ ਨੂੰ ਰਸਤੇ 'ਤੇ ਲਿਆ ਸਕਦੀ ਹੈ, ਕੀ ਕੈਨੇਡਾ ਦੇ ਠੰਡੇ ਦੇਸ਼ ਵਿਚ ਉਸ ਦੇ ਪਾਸ ਉਹ ਬਲ ਕਿਤੇ ਮੁੱਕ ਗਿਆ ਹੈ। ਜੋ ਸਬੂਤ ਭਾਰਤ ਦੇ ਦੁਲਾਰਿਆਂ ਨੇ ਅਫਰੀਕਾ ਦੀ ਤੱਤੀ ਹਵਾ ਵਿਚ ਵਿਰੋਧੀਆਂ ਸਾਹਮਣੇ ਅਨੇਕ ਦੁੱਖ ਝਲ ਕੇ ਰਖਿਆ ਸੀ, ਉਹ ਹੀ ਅੰਗਰੇਜ਼ੀ ਪਰਜਾ ਹੋਣ ਦਾ ਨਿਗਰ ਤੇ ਇਸਪਾਤੀ ਸਬੂਤ ਅੱਜ ਕੈਨੇਡਾ ਦੇ ਸਾਹਮਣੇ ਰਖਿਆ ਜਾਂਦਾ ਹੈ। ਤੀਵੀਆਂ ਤੇ ਬੱਚਿਆਂ ਤੋਂ ਦੇਰ ਦੇ ਵਿਛੋੜੇ ਹੋਏ, ਹਿੰਦੀ ਵੀਰ ਜ਼ਮੀਨ 'ਤੇ ਬੈਠੇ ਹਨ ਤੇ ਤਿੰਨ ਸੌ ਪਚੱਤਰ ਸਰੀਰ ਸਮੁੰਦਰ ਦੇ ਪਾਣੀ ਵਿਚ ਤਰ ਰਹੇ ਹਨ ਤੇ ਪੁੱਛਦੇ ਹਨ ਕਿ ਅਸੂਲ ਤੇ ਸੱਚਾਈ ਦੇ ਅਰਥ ਕੀ ਹਨ? ਹੋਰ ਟੇਰ ਤੇ ਰਾਜਨੀਤੀ ਦੀਆਂ ਚਾਲਾਂ ਇਸ ਦੰਗਲ ਵਿਚ ਥੋਥੀਆਂ ਹਨ।

# ਭਵ ਸਾਗਰ ਬੋਹਿਥ ਹਰਿ ਚਰਣ

## ਗੁਰਬਾਣੀ ਗਿਆਨ

**ਗੋਂਡ ਮਹਲਾ ੫॥**

ਭਵ ਸਾਗਰ ਬੋਹਿਥ ਹਰਿ ਚਰਣ॥
ਸਿਮਰਤ ਨਾਮੁ ਨਾਹੀ ਫਿਰਿ ਮਰਣ॥
ਹਰਿ ਗੁਣ ਰਮਤ ਨਾਹੀ ਜਮ ਪੰਥ॥
ਮਹਾ ਬੀਚਾਰ ਪੰਚ ਦੂਤਹ ਮੰਥ॥
ਤਉ ਸਰਣਾਈ ਪੂਰਨ ਨਾਥ॥
ਜੰਤ ਅਪਨੇ ਕਉ ਦੀਜਹਿ ਹਾਥ॥ ਰਹਾਉ॥
ਸਿਮ੍ਰਿਤ ਸਾਸਤ੍ਰ ਬੇਦ ਪੁਰਾਣ॥
ਪਾਰਬ੍ਰਹਮ ਕਾ ਕਰਹਿ ਵਖਿਆਣ॥
ਜੋਗੀ ਜਤੀ ਬੈਸਨੋ ਰਾਮਦਾਸ॥
ਮਿਤਿ ਨਾਹੀ ਬ੍ਰਹਮ ਅਬਿਨਾਸ॥
ਕਰਣ ਪਲਾਹ ਕਰਹਿ ਸਿਵ ਦੇਵ॥
ਤਿਲੁ ਨਹੀ ਬੂਝਹਿ ਅਲਖ ਅਭੇਵ॥
ਪ੍ਰੇਮ ਭਗਤਿ ਜਿਸੁ ਆਪੇ ਦੇਇ॥
ਜਗ ਮਹਿ ਵਿਰਲੇ ਕੇਈ ਕੇਇ॥
ਮੋਹਿ ਨਿਰਗੁਣ ਗੁਣੁ ਕਿਛਹੂ ਨਾਹਿ॥
ਸਰਬ ਨਿਧਾਨ ਤੇਰੀ ਦ੍ਰਿਸਟੀ ਮਾਹਿ॥
ਨਾਨਕੁ ਦੀਨੁ ਜਾਚੈ ਤੇਰੀ ਸੇਵ॥
ਕਰਿ ਕਿਰਪਾ ਦੀਜੈ ਗੁਰਦੇਵ॥

ਗੁਰੂ ਅਰਜਨ ਦੇਵ ਫੁਰਮਾਉਂਦੇ ਹਨ, ਹੇ ਭਾਈ! ਪ੍ਰਭੂ ਦੇ ਚਰਨ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਲਈ ਜਹਾਜ ਹਨ। ਨਾਮ ਜਪਦਿਆਂ ਮੁੜ ਮੁੜ ਕੇ ਆਤਮਕ ਮੌਤ ਨਹੀਂ ਹੁੰਦੀ। ਭਾਈ! ਪ੍ਰਭੂ ਦੇ ਗੁਣ ਗਾਉਂਦਿਆਂ ਜਮਾਂ ਦੇ ਰਸਤੇ ਨਹੀਂ ਲੰਘਣਾ ਪੈਂਦਾ। ਪਰਮਾਤਮਾ ਦੇ ਨਾਮ ਦੀ ਵਿਚਾਰ ਉਤਮ ਵਿਚਾਰ ਹੈ, ਜੋ ਪੰਜਾਂ ਦੂਤਾਂ-ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦਾ ਨਾਸ ਕਰ ਦਿੰਦੀ ਹੈ।

ਤਉ ਸਰਣਾਈ ਪੂਰਨ ਨਾਥ॥
ਜੰਤ ਅਪਨੇ ਕਉ ਦੀਜਹਿ ਹਾਥ॥ ਰਹਾਉ॥

ਪੰਚਮ ਪਾਤਸ਼ਾਹ ਅਕਾਲ ਪੁਰਖ ਅੱਗੇ ਬੇਨਤੀ ਕਰਦੇ ਹਨ, ਹੇ ਸਾਰੇ ਜਗਤ ਦੇ ਮਾਲਕ, ਸਭ ਗੁਣਾਂ ਨਾਲ ਭਰਪੂਰ ਪ੍ਰਭੂ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ। ਤੂੰ ਮੈਨੂੰ ਆਪਣੇ ਪੈਦਾ ਕੀਤੇ ਗਰੀਬੜੇ ਜਿਹੇ ਦਾਸ ਸੇਵਕ ਨੂੰ ਹੱਥਾਂ ਦਾ ਸਹਾਰਾ ਦੇ ਕੇ ਆਪਣੇ ਨਾਲ ਜੋੜ ਲਓ ਜੀ।

ਸਿਮ੍ਰਿਤ ਸਾਸਤ੍ਰ ਬੇਦ ਪੁਰਾਣ॥
ਪਾਰਬ੍ਰਹਮ ਕਾ ਕਰਹਿ ਵਖਿਆਣ॥
ਜੋਗੀ ਜਤੀ ਬੈਸਨੋ ਰਾਮਦਾਸ॥
ਮਿਤਿ ਨਾਹੀ ਬ੍ਰਹਮ ਅਬਿਨਾਸ॥

ਗੁਰਦੇਵ ਜੀ ਆਖਦੇ ਹਨ, ਹੇ ਭਾਈ! ਸਿਮ੍ਰਿਤੀਆਂ, ਸ਼ਾਸਤਰ, ਵੇਦ, ਪੁਰਾਨ-ਇਹ ਸਭ ਧਰਮ ਪੁਸਤਕਾਂ ਉਸ ਪਰਮ ਪਿਤਾ ਦੇ ਗੁਣਾਂ ਦਾ ਵਿਖਿਆਣ ਕਰ ਰਹੀਆਂ ਹਨ। ਹੇ ਭਾਈ! ਜੋਗੀ, ਜਤੀ, ਬੈਸਨੋ, ਵੈਸ਼ਨਵ ਸਾਧੂ, ਰਾਮਦਾਸ, ਬੈਰਾਗੀ, ਭਗਤ-ਇਹ ਸਾਰੇ ਭੀ ਪ੍ਰਭੂ ਦੇ ਗੁਣਾਂ ਦਾ ਵਿਚਾਰ ਕਰਦੇ ਹਨ, ਪਰ ਉਸ ਅਬਿਨਾਸੀ ਪ੍ਰਭੂ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ।

ਕਰਣ ਪਲਾਹ ਕਰਹਿ ਸਿਵ ਦੇਵ॥
ਤਿਲੁ ਨਹੀ ਬੂਝਹਿ ਅਲਖ ਅਭੇਵ॥
ਪ੍ਰੇਮ ਭਗਤਿ ਜਿਸੁ ਆਪੇ ਦੇਇ॥
ਜਗ ਮਹਿ ਵਿਰਲੇ ਕੇਈ ਕੇਇ॥

ਸਤਿਗੁਰੂ ਆਖਦੇ ਹਨ, ਭਾਈ ਸ਼ਿਵ ਜੀ ਤੇ ਹੋਰ ਅਨੇਕਾਂ ਹੀ ਦੇਵਤੇ ਉਸ ਪ੍ਰਭੂ ਦਾ ਅੰਤ ਲੱਭਣ ਲਈ ਤਰਲੇ ਪਏ ਲੈਂਦੇ ਹਨ, ਪਰ ਪ੍ਰਭੂ ਨੂੰ ਰਤਾ ਭਰ ਵੀ ਨਹੀਂ ਸਮਝ ਸਕਦੇ। ਉਹ ਮਾਲਕ ਮਿਹਰ ਕਰਕੇ ਜਿਸ ਜੀਵ ਨੂੰ ਆਪਣੀ ਪ੍ਰੇਮ ਭਗਤੀ ਦਿੰਦਾ ਹੈ, ਇਸ ਜਗਤ ਵਿਚ ਅਜਿਹੇ ਵਡਭਾਗੇ ਤਾਂ ਕੋਈ ਵਿਰਲੇ ਵਿਰਲੇ ਹੀ ਹੈਣ।

ਮੋਹਿ ਨਿਰਗੁਣ ਗੁਣੁ ਕਿਛਹੂ ਨਾਹਿ॥
ਸਰਬ ਨਿਧਾਨ ਤੇਰੀ ਦ੍ਰਿਸਟੀ ਮਾਹਿ॥
ਨਾਨਕੁ ਦੀਨੁ ਜਾਚੈ ਤੇਰੀ ਸੇਵ॥
ਕਰਿ ਕਿਰਪਾ ਦੀਜੈ ਗੁਰਦੇਵ॥

ਗੁਰਦੇਵ ਜੀ ਅਰਦਾਸ ਕਰਦੇ ਹਨ, ਹੇ ਮੇਰੇ ਮਿਹਰਬਾਨ ਪਿਤਾ! ਮੈਂ ਤਾਂ ਨਿਰਗੁਣ ਹਾਂ, ਮੇਰੇ ਵਿਚ ਕੋਈ ਵੀ ਗੁਣ ਨਹੀਂ, ਫਿਰ ਭਲਾ ਮੈਂ ਤੇਰਾ ਅੰਤ ਕਿਵੇਂ ਪਾ ਸਕਦਾ ਹਾਂ! ਪ੍ਰਭ ਸਾਰੇ ਮਿਹਰਾਂ ਦੇ ਖਜਾਨੇ ਤਾਂ ਤੇਰੀ ਨਜ਼ਰ ਵਿਚ ਹਨ, ਜਿਸ ਉਤੇ ਤੂੰ ਨਜ਼ਰ ਕਰ ਦਿੰਦਾ ਹੈਂ, ਉਸੇ ਨੂੰ ਪ੍ਰਾਪਤ ਹੋ ਜਾਂਦੇ ਹਨ। ਇਹ ਗਰੀਬ ਨਾਨਕ ਤੇਰੇ ਕੋਲੋਂ ਤੇਰੀ ਭਗਤੀ ਦੀ ਦਾਤ ਮੰਗਦਾ ਹੈ। ਖੈਰ ਮੇਰੀ ਝੋਲੀ ਵਿਚ ਪਾ ਦਿਓ ਜੀ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਚਾਬੀ ਕੀ ਹੈ?

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਇੱਕ ਚੁਟਕਲੇ ਤੋਂ ਗੱਲ ਸ਼ੁਰੂ ਕਰਦੇ ਹਾਂ। ਇੱਕ ਜਣੇ ਨੇ ਦੂਸਰੇ ਨੂੰ ਗੰਭੀਰਤਾ ਸਹਿਤ ਪੁੱਛਿਆ, "ਚਾਬੀ ਨੂੰ ਅੰਗਰੇਜ਼ੀ ਵਿਚ ਕੀ ਕਹਿੰਦੇ ਹਨ?" ਦੂਸਰੇ ਨੇ ਤੁਰਤ ਜਵਾਬ ਦਿੱਤਾ, "ਯਾਰ ਕੀ ਕਹਿੰਦੇ ਹਨ।" ਪਹਿਲੇ ਨੇ ਸਮਝਿਆ ਕਿ ਉਹ ਜਾਣ-ਬੁਝ ਕੇ ਇਮਤਿਹਾਨ ਲੈ ਰਿਹਾ ਹੈ, ਇਸ ਲਈ ਉਸ ਨੇ ਫਿਰ ਕੁਝ ਗੁੱਸੇ ਵਿਚ ਆ ਕੇ ਆਪਣਾ ਸਵਾਲ ਦੁਹਰਾਇਆ, "ਮੈਂ ਪੁੱਛਦਾਂ ਚਾਬੀ ਨੂੰ ਅੰਗਰੇਜ਼ੀ ਵਿਚ ਕੀ ਕਹਿੰਦੇ ਹਨ, ਤੂੰ ਉਲਟਾ ਮੈਨੂੰ ਹੀ ਪੁੱਛਣ ਡਿਹਾ ਏਂ। ਮੈਨੂੰ ਨਹੀਂ ਪਤਾ ਤਾਂ ਹੀ ਤਾਂ ਪੁੱਛ ਰਿਹਾਂ।" ਦੂਸਰਾ ਬੋਲਿਆ, "ਮੈਂ ਵੀ ਤਾਂ ਤੈਨੂੰ ਜਵਾਬ ਦੇ ਰਿਹਾ ਹਾਂ ਕਿ ਇਸ ਨੂੰ ਕੀ ਕਹਿੰਦੇ ਹਨ।" ਗੱਲ ਕੀ, ਉਨ੍ਹਾਂ ਦਾ ਕਾਂਟਾ ਉਦੋਂ ਤੱਕ 'ਕੀ' 'ਤੇ ਫਸਿਆ ਰਿਹਾ ਜਦੋਂ ਤੱਕ ਕਿਸੇ ਹੋਰ ਨੇ ਆ ਕੇ ਉਨ੍ਹਾਂ ਨੂੰ ਵਿਚਲੀ ਗੱਲ Key ਦੱਸ ਕੇ ਛੁਡਾਇਆ ਨਹੀਂ।

ਮੁਢਲੇ ਤੌਰ 'ਤੇ ਚਾਬੀ ਜਿੰਦਾ ਖੋਲ੍ਹਣ ਜਾਂ ਬੰਦ ਕਰਨ ਵਾਲਾ ਯੰਤਰ ਹੈ, ਜਦ ਕਿ ਕੁਝ ਕੋਸ਼ ਸਿਰਫ ਖੋਲ੍ਹਣ ਵਾਲਾ ਜੁਗਾੜ ਦੱਸ ਰਹੇ ਹਨ। ਭਲਾ ਦੱਸੋ! ਪਹਿਲਾਂ ਜਿੰਦੇ ਨੂੰ ਬੰਦ ਕਾਸ ਨਾਲ ਕੀਤਾ ਜਾਵੇਗਾ? ਕੋਸ਼ ਵਿਚ ਸ਼ਬਦ ਦੀ ਪਰਿਭਾਸ਼ਾ ਐਸੀ ਹੋਣੀ ਚਾਹੀਦੀ ਹੈ ਕਿ ਇਹ ਸਭ ਪੱਖਾਂ ਨੂੰ ਸਮੇਟ ਲਏ। ਖੈਰ, ਇਹ ਵੱਖਰੀ ਗੱਲ ਹੈ ਕਿ ਕੁਝ ਜਿੰਦੇ ਘੁੱਟ ਕੇ ਵੀ ਬੰਦ ਕੀਤੇ ਜਾਂਦੇ ਹਨ ਤੇ ਚੋਰ ਸਾਹਮਣੇ ਤਾਂ ਜਿੰਦਾ ਆਪੇ ਖੁੱਲ੍ਹ ਜਾਂਦਾ ਹੈ।...ਜਿੰਦਾ ਹੈ, ਤਾਂ ਚਾਬੀ ਹੈ। ਪਰ ਇੱਥੇ 'ਕੁਕੜੀ ਪਹਿਲਾਂ ਆਈ ਕਿ ਆਂਡਾ' ਜਿਹਾ ਸਵਾਲ ਨਹੀਂ ਪੁੱਛਿਆ ਜਾ ਸਕਦਾ। ਸ਼ਾਇਦ ਪਹਿਲਾਂ ਪਹਿਲਾਂ ਜੰਦਰਾ ਤੇ ਚਾਬੀ ਇਕੋ ਜੁਗਾੜ ਸੀ। ਸਮਝੋ ਕੁੰਡਾ/ਕੁੰਡੀ ਹੀ ਜੰਦਰਾ ਸੀ, ਜਿਸ ਨੂੰ ਹੱਥ ਨਾਲ ਹੀ ਖੋਲ੍ਹਿਆ ਜਾ ਸਕਦਾ ਹੈ। ਇੰਜ ਹੱਥ ਇਕ ਤਰ੍ਹਾਂ ਚਾਬੀ ਦਾ ਕੰਮ ਦਿੰਦਾ ਸੀ।

ਮਾਲ ਮੱਤੇ ਦੀ ਵਧੇਰੇ ਸੁਰੱਖਿਆ ਲਈ ਜੰਦਰਾ ਤੇ ਚਾਬੀ ਅਲੱਗ ਅਲੱਗ ਹੋ ਗਏ, ਹਰ ਜਿੰਦਰੇ ਦੀ ਆਪਣੀ ਨਿਵੇਕਲੀ ਚਾਬੀ ਬਣ ਗਈ। ਅਮੀਰ ਰੋਮਨ ਆਪਣੇ ਕੀਮਤੀ ਸਮਾਨ ਨੂੰ ਡੱਬਿਆਂ ਵਿਚ ਰੱਖਦੇ ਸਨ ਤੇ ਜੰਦਰੇ ਮਾਰ ਕੇ ਚਾਬੀਆਂ ਛੱਲੇ ਵਾਂਗ ਉਂਗਲਾਂ ਵਿਚ ਪਾ ਕੇ ਅਤੇ ਘੁਮਾ ਕੇ ਆਮ ਲੋਕਾਂ ਵਿਚ ਆਪਣੀ ਅਮੀਰੀ ਦਾ ਵਿਖਾਵਾ ਕਰਦੇ ਸਨ। ਕੁਝ ਇਸ ਤਰ੍ਹਾਂ ਜਿਵੇਂ ਸਲਵਾਰ ਦਾ ਘੁੰਗਰੂਆਂ ਵਾਲਾ ਨਾਲਾ ਲਮਕਾਇਆ ਅਤੇ ਦਿਖਾਇਆ ਜਾਂਦਾ ਹੈ। ਧਿਆਨ ਦਿਉ, ਨਾਲਾ ਸਲਵਾਰ ਦਾ ਜੰਦਰਾ ਵੀ ਹੈ ਤੇ ਕੁੰਜੀ ਵੀ!

ਖੋਲ੍ਹਣ ਬੰਦ ਕਰਨ ਦੇ ਇਸ ਜੁਗਾੜ ਲਈ ਪੰਜਾਬੀ ਵਿਚ ਹੋਰ ਪ੍ਰਚਲਿਤ ਸ਼ਬਦ ਕੁੰਜੀ ਹੈ। ਹਿੰਦੀਨੁਮਾ ਪੰਜਾਬੀ ਜਾਂ ਹਿੰਦੀ ਵਿਚ ਇਸ ਨੂੰ ਤਾਲੀ ਵੀ ਕਹਿੰਦੇ ਹਨ। ਪਰ ਮੇਰਾ ਪ੍ਰਭਾਵ ਹੈ ਕਿ ਪੰਜਾਬੀ ਜਗਤ ਵਿਚ ਹੁਣ ਚਾਬੀ ਸ਼ਬਦ ਹੀ ਵਧੇਰੇ ਪ੍ਰਚਲਿਤ ਹੋ ਰਿਹਾ ਹੈ। ਸਮਾਨਰਥਕ ਸ਼ਬਦ ਕਈ ਪ੍ਰਸੰਗਾਂ ਵਿਚ ਇੱਕ ਦੂਜੇ ਦੇ ਪਰਥਾਏ ਵਰਤੇ ਜਾ ਸਕਦੇ ਹਨ, ਹਰ ਪ੍ਰਸੰਗ ਵਿਚ ਨਹੀਂ। ਮਸਲਨ ਅਸੀਂ ਸਫਲਤਾ ਦੀ ਕੁੰਜੀ ਕਹਿ ਲੈਂਦੇ ਹਾਂ, ਸਫਲਤਾ ਦੀ ਚਾਬੀ ਨਹੀਂ; ਚਾਬੀ ਦੇਣਾ ਕਹਿ ਦਈਦਾ ਹੈ, ਕੁੰਜੀ ਦੇਣਾ ਨਹੀਂ। ਚਾਬੀ ਦੇ ਖਿਡੌਣੇ ਹੁੰਦੇ ਹਨ, ਕੁੰਜੀ ਦੇ ਨਹੀਂ। ਕਿਹਾ ਜਾ ਸਕਦਾ ਹੈ ਕਿ ਚਾਬੀ ਸ਼ਬਦ ਇਕ ਤਰ੍ਹਾਂ ਕਿਸੇ ਮਕਾਨਕੀ ਗਤੀ ਦੇ ਚਾਲਕ ਪੁਰਜੇ ਲਈ ਵੀ ਵਰਤਿਆ ਜਾਂਦਾ ਹੈ।

ਚਾਬੀ ਜੰਦਰੇ ਤੋਂ ਬਿਨਾ ਕਿਸੇ ਹੋਰ ਚੀਜ਼ ਨੂੰ ਖੋਲ੍ਹਣ ਵਾਲੀ ਸ਼ੈਅ ਵੀ ਹੈ ਜਿਵੇਂ ਬੋਤਲ ਆਦਿ ਦਾ ਡੱਟ। ਇਸ ਨੂੰ ਅੰਗਰੇਜ਼ੀ ਵਿਚ ਓਪਨਰ ਕਹਿੰਦੇ ਹਨ। ਇਹ ਚਾਬੀ ਡੱਟ ਨਾਲ ਬੰਦ ਬੋਤਲ ਨੂੰ ਖੋਲ੍ਹ ਤਾਂ ਸਕਦੀ ਹੈ, ਬੰਦ ਨਹੀਂ ਕਰ ਸਕਦੀ। ਸਪਰਿੰਗ ਵਾਲੀ ਘੜੀ ਨੂੰ ਚਾਲੂ ਰੱਖਣ ਲਈ ਵੀ ਚਾਬੀ ਦੇਣੀ ਪੈਂਦੀ ਹੈ ਜਦ ਕਿ ਘੁਮਾਉਣ ਵਾਲੇ ਪੁਰਜੇ ਨੂੰ ਚਾਬੀ ਨਹੀਂ ਕਹਿੰਦੇ। ਰੈਂਚ ਨੂੰ ਵੀ ਚਾਬੀ ਕਿਹਾ ਜਾਂਦਾ ਹੈ। ਚਾਬੀ ਦੇਣ ਨਾਲ ਘੜੀ ਜਾਂ ਖਿਡੌਣੇ ਚੱਲਣ ਲਗਦੇ ਹਨ, ਇਸ ਲਈ 'ਚਾਬੀ ਦੇਣਾ' ਮੁਹਾਵਰੇ ਦਾ ਅਰਥ ਬਣਿਆ-ਕਿਸੇ ਨੂੰ ਪੱਟੀ ਪੜ੍ਹਾ ਕੇ ਉਹੀ ਕਰਵਾਉਣਾ। ਚਾਬੀ ਮਰੋੜਨਾ ਹੁੰਦਾ ਹੈ-ਇੱਕ ਵਾਰੀ ਕਿਸੇ ਨੂੰ ਗੱਲੀਂ ਲਾ ਦੇਣਾ ਤਾਂ ਜੁ ਫਿਰ ਉਹ ਆਪ ਹੀ ਗੱਲਾਂ ਕਰਦਾ ਫਿਰੇ।

ਪੰਜਾਬੀ ਵਿਚ ਕੁੰਜੀ ਸ਼ਬਦ ਢੇਰ ਪੁਰਾਣਾ ਹੈ। ਤੀਜੇ ਗੁਰੂ ਸਾਹਿਬ ਨੇ ਇਹ ਸ਼ਬਦ ਵਰਤਿਆ ਹੈ। ਪਰ ਚਾਬੀ ਸਾਡੇ ਕੋਲ ਬਹੁਤ ਪਿਛੋਂ ਜਾ ਕੇ ਆਈ ਲਗਦੀ ਹੈ। ਪੁਰਾਣਿਆਂ ਲਿਖਤਾਂ ਵਿਚ ਇਸ ਦੀ ਰੜਕ ਨਹੀਂ ਪੈਂਦੀ। ਸੋ, ਪ੍ਰਸ਼ਨ ਹੈ ਕਿ ਜੇ ਕੁੰਜੀ ਨਾਲ ਜਿੰਦੇ ਖੁੱਲ੍ਹ ਜਾਂਦੇ ਸਨ ਤਾਂ ਚਾਬੀ ਦੀ ਕੀ ਲੋੜ ਪੈ ਗਈ ਸੀ? ਕਿਸੇ ਵਿਦੇਸ਼ੀ ਤਾਕਤ ਦਾ ਦੂਜੇ ਦੇਸ਼ 'ਤੇ ਗਲਬਾ ਹੋ ਜਾਣ ਕਾਰਨ ਜਿੱਥੇ ਉਸ ਵਿਦੇਸ਼ੀ ਤਾਕਤ ਦੇ ਤੌਰ ਤਰੀਕੇ, ਰਹਿਣ ਸਹਿਣ, ਧਰਮ ਆਦਿ ਦਾ ਦੂਜੇ ਦੇਸ਼ 'ਤੇ ਅਸਰ ਪੈਂਦਾ ਹੈ, ਉਥੇ ਵਿਦੇਸ਼ੀ ਭਾਸ਼ਾ ਵੀ ਜ਼ਰੂਰ ਘੁਸਪੈਠ ਕਰਦੀ ਹੈ। ਪੰਜਾਬੀ ਵਿਚ ਕਿੰਨੇ ਹੀ ਸ਼ਬਦ ਅਰਬੀ, ਫਾਰਸੀ ਅਤੇ ਅੰਗਰੇਜ਼ੀ ਵਲੋਂ ਆਏ ਹਨ। 16ਵੀਂ ਸਦੀ ਦੇ ਅਰੰਭ ਵਿਚ ਹੀ ਦੱਖਣੀ ਏਸ਼ੀਆ ਅਤੇ ਭਾਰਤ ਦੇ ਦੱਖਣ ਵਿਚ ਸਮੁੰਦਰ ਵਿਚ ਪੈਂਦੇ ਦੇਸਾਂ-ਪਰਦੇਸਾਂ ਵਿਚ ਪੁਰਤਗਾਲੀਆਂ ਦਾ ਕਬਜ਼ਾ ਹੋ ਗਿਆ ਸੀ। ਇਹ ਭਾਸ਼ਾ ਭਾਰਤ, ਲੰਕਾ, ਪਰਸ਼ੀਆ, ਬਸਰਾ, ਮਲੇਸ਼ੀਆ, ਪੇਗੂ, ਬਰਮਾ, ਸਿਆਮ, ਚੀਨ, ਮੱਕਾ ਆਦਿ ਤੱਕ ਕਈ ਲੋਕਾਂ ਵਿਚ ਬੋਲੀ ਜਾਂ ਸਮਝੀ ਜਾਣ ਲੱਗੀ। ਇਸ ਸਮੇਂ ਦੌਰਾਨ ਹੀ ਪੁਰਤਗਾਲੀ ਦੇ ਕਈ ਸ਼ਬਦ ਸਾਡੀਆਂ ਭਾਸ਼ਾਵਾਂ ਵਿਚ ਆ ਗਏ। ਪੁਰਤਗਾਲੀ ਮਿਸ਼ਨਰੀਆਂ ਨੇ ਇਸ ਨੂੰ ਹੋਰ ਵੀ ਉਤਸ਼ਾਹਿਤ ਕੀਤਾ। ਗਿਰਜਾ, ਪਾਦਰੀ ਸ਼ਬਦ ਮਿਸ਼ਨਰੀਆਂ ਦੀ ਹੀ ਦੇਣ ਹਨ। ਦੱਖਣ ਭਾਰਤ ਦੀਆਂ ਭਾਸ਼ਾਵਾਂ, ਖਾਸ ਤੌਰ 'ਤੇ ਕੋਂਕਣੀ, ਟੂੱਲੂ, ਗੁਜਰਾਤੀ ਅਤੇ ਮਰਾਠੀ ਵਿਚ ਤਾਂ ਹੋਰ ਅਨੇਕਾਂ ਸ਼ਬਦ ਹਨ। ਅਸੀਂ ਬਾਲਟੀ ਅਤੇ ਅਨਾਨਾਸ ਬਾਰੇ ਪਹਿਲਾਂ ਲਿਖ ਆਏ ਹਾਂ।





ਪੁਰਤਗਾਲੀ ਵਿਚ ਕੁੰਜੀ ਲਈ 'ਸ਼ਾਵੀ' ਜਿਹਾ ਸ਼ਬਦ ਹੈ/ਸੀ। ਇਸ ਦੇ ਹੋਰ ਅਰਥ ਸਨ-ਪਾਨਾ, ਰੈਂਚ, ਪੇਚਕੱਸ ਆਦਿ। ਸਾਡੀ ਕੁੰਜੀ ਇਨ੍ਹਾਂ ਅਰਥਾਂ ਵਿਚ ਨਹੀਂ ਸੀ ਵਰਤੀ ਜਾਂਦੀ। ਪੁਰਤਗਾਲੀਆਂ ਦਾ ਸਿੱਕਾ ਬੰਗਾਲ ਤੱਕ ਵੀ ਚਲਦਾ ਸੀ। ਬੱਸ ਇਸ ਸਮੇਂ ਦੌਰਾਨ ਹੀ ਚਾਬੀ ਸ਼ਬਦ ਪੁਰਤਗਾਲੀ ਭਾਸ਼ਾ ਤੋਂ ਢੇਰ ਸਾਰੀਆਂ ਭਾਰਤੀ ਭਾਸ਼ਾਵਾਂ ਜਿਵੇਂ ਕੋਂਕਣੀ, (ਚਾਵੀ), ਗੁਜਰਾਤੀ (ਛਾਵੀ), ਹਿੰਦੁਸਤਾਨੀ (ਚਾਬੀ, ਚਾਭੀ), ਨੈਪਾਲੀ, ਉੜੀਆ, ਬੰਗਾਲੀ, ਆਸਾਮੀ (ਚਬੀ, ਚਾਬੀ, ਸਬੀ), ਤਾਮਿਲ (ਸਵੀ), ਕੰਨੜ, ਟੂੱਲੂ (ਚਵੀ) ਆਦਿ ਵਿਚ ਦਾਖਲ ਹੋ ਗਿਆ ਤੇ ਇਹ ਕੁੰਜੀ ਤੋਂ ਬਿਨਾ ਉਪਰ ਗਿਣਾਏ ਹੋਰ ਅਰਥ ਵੀ ਦੇਣ ਲੱਗ ਪਿਆ। ਕੋਂਕਣੀ ਵਿਚ ਤਾਂ ਚਾਬੀਆਂ ਦੇ ਇੰਚਾਰਜ ਲਈ 'ਚਾਵਯੇਕਾਰ' ਅਤੇ ਚਾਬੀਆਂ ਦੇ ਗੁੱਛੇ ਲਈ 'ਚਾਵਰ' ਜਿਹੇ ਸ਼ਬਦ ਵੀ ਹੋਂਦ ਵਿਚ ਆ ਗਏ। ਪੰਜਾਬੀ ਵਿਚ ਮੈਨੂੰ ਚਾਬੀ ਤੋਂ ਬਣਿਆ ਕੋਈ ਹੋਰ ਸ਼ਬਦ ਨਹੀਂ ਲੱਭਦਾ।

ਪੁਰਤਗਾਲੀ ਦਾ ਸ਼ਾਵੀ ਸ਼ਬਦ ਵੀ ਇਸ ਦਾ ਆਪਣਾ ਨਹੀਂ। ਇਹ ਭਾਰੋਪੀ ਸਮੱਗਰੀ ਤੋਂ ਬਣਿਆ ਸ਼ਬਦ ਹੈ। ਹੋਰ ਵੀ ਕਈ ਯੂਰਪੀ ਭਾਸ਼ਾਵਾਂ ਵਿਚ ਇਸ ਨਾਲ ਮਿਲਦੇ-ਜੁਲਦੇ ਸ਼ਬਦ ਹਨ, ਜਿਨ੍ਹਾਂ ਦਾ ਅਰਥ ਕੁੰਜੀ ਹੈ। ਕੁਝ ਗਿਣ ਲਈਏ: ਇਤਾਲਵੀ Chiave, ਸਪੈਨਿਸ਼ Clave, ਲਾਤੀਨੀ Clavis. ਦਰਅਸਲ ਪੁਰਤਗਾਲੀ ਸ਼ਾਵੀ ਪੁਰਾਣੀ ਲਾਤੀਨੀ ਦੇ ਸ਼ਬਦ Clavis ਤੋਂ ਹੀ ਵਿਉਤਪਤ ਹੋਇਆ ਹੈ। ਲਾਤੀਨੀ ਤੋਂ ਵੀ ਪਹਿਲਾਂ ਪ੍ਰਾਕ-ਇਤਾਲਵੀ ਭਾਸ਼ਾ ਵਿਚ ਇਸ ਦਾ ਰੂਪ Klawis ਜਿਹਾ ਸੀ ਤੇ ਅਰਥ ਸੀ-ਕੁੰਡਾ, ਜਿੰਦਾ, ਸਲਾਖ ਆਦਿ। ਇਸ ਦਾ ਭਾਰੋਪੀ ਮੂਲ ਹੈ, Klau, ਜਿਸ ਵਿਚ ਮੁੱਖ ਭਾਵ ਕੁੰਡਾ ਹੈ ਤੇ ਹੋਰ ਭਾਵ ਹਨ-ਕੀਲਾ, ਕੀਲੀ, ਕਿੱਲ, ਮੇਖ, ਪਿੰਨ। ਇਹ ਸਭ ਚੀਜ਼ਾਂ ਕਿਸੇ ਵੇਲੇ ਜੰਦਰੇ ਵਾਂਗ ਵਰਤੀਆਂ ਜਾਂਦੀਆਂ ਸਨ। ਪੁਰਾਣੇ ਜ਼ਮਾਨੇ ਵਿਚ ਦਰਵਾਜਾ ਬੰਦ ਕਰਨ ਲਈ ਕੁੰਡਾ/ਕੁੰਡੀ ਨੂੰ ਫਸਾਉਣਾ ਹੀ ਕਾਫੀ ਹੁੰਦਾ ਸੀ।

ਅੰਗਰੇਜ਼ੀ ਭਾਸ਼ਾ ਵਿਚ ਇਸ ਮੂਲ ਤੋਂ ਪੈਦਾ ਹੋਏ ਹੋਰ ਸ਼ਬਦਾਂ ਦਾ ਜ਼ਿਕਰ ਕਰਨ ਤੋਂ ਪਹਿਲਾਂ ਇਕ ਅਜਿਹੇ ਸ਼ਬਦ ਦੀ ਚਰਚਾ ਕਰ ਲਈਏ ਜੋ ਪੰਜਾਬੀ ਵਿਚ ਖੂਬ ਵਰਤੀਂਦਾ ਹੈ। ਇਹ ਸ਼ਬਦ ਹੈ 'ਕਾਬਲਾ' ਜੋ ਇੱਕ ਲੰਮਾ ਪੇਚ ਜਾਂ ਕਿੱਲ ਹੁੰਦਾ ਹੈ, ਜਿਸ ਵਿਚ ਢਿੱਬਰੀ ਕੱਸੀ ਜਾਂਦੀ ਹੈ। ਇਹ ਸ਼ਬਦ ਵੀ ਪੁਰਤਗਾਲੀ Chevilla ਦਾ ਵਿਗੜਿਆ ਰੂਪ ਹੈ। ਪਰ ਸ਼ਾਇਦ ਇਹ ਅਰਬੀ ਰਾਹੀਂ ਆਇਆ ਹੈ। ਹੰਸਲੀ ਅਰਥਾਤ ਮੋਢੇ ਦੀ ਤਿਰਛੀ ਜਿਹੀ ਹੱਡੀ ਨੂੰ ਅੰਗਰੇਜ਼ੀ ਵਿਚ Clavicle ਕਹਿੰਦੇ ਹਨ। ਇਹ ਸ਼ਬਦ ਵੀ ਅੰਤਿਮ ਤੌਰ 'ਤੇ ਲਾਤੀਨੀ 'ਚੋਂ ਫਰਾਂਸੀਸੀ ਵਿਚ ਦੀ ਹੁੰਦਾ 17ਵੀਂ ਸਦੀ ਵਿਚ ਅੰਗਰੇਜ਼ੀ ਵਿਚ ਆਇਆ। ਲਾਤੀਨੀ ਵਿਚ ਇਹ ਸ਼ਬਦ ਛੋਟੀ ਕੁੰਜੀ, ਕੁੰਡੀ ਲਈ ਵਰਤਿਆ ਜਾਂਦਾ ਸੀ। ਇਹ ਸ਼ਬਦ ਬਣਿਆ Clavis+Cula ਤੋਂ। ਇਸ ਵਿਚ Cula ਲਘੂਤਾ ਸੂਚਕ ਪਿਛੇਤਰ ਹੈ। ਸ਼ਾਇਦ ਇਸ ਵਿਚ ਜੋੜਕ ਦਾ ਭਾਵ ਹੈ, ਹੰਸਲੀ ਹੱਡੀ ਕੁੰਡੇ ਵਾਂਗ ਮੋਢੇ ਅਤੇ ਪਸਲੀਆਂ ਦੀ ਉਪਰਲੀ ਹੱਡੀ ਨੂੰ ਜੋੜਦੀ ਹੈ। ਇੱਕ ਵਿਚਾਰ ਅਨੁਸਾਰ ਕਿਉਂਕਿ ਹੰਸਲੀ ਚਾਬੀ ਵਾਂਗ ਉਪਰ-ਥੱਲੇ ਘੁੰਮ ਸਕਦੀ ਹੈ, ਇਸ ਲਈ ਇਹ ਨਾਂ ਪਿਆ।

ਇਕ ਹੋਰ ਦਿਲਚਸਪ ਅੰਗਰੇਜ਼ੀ ਸ਼ਬਦ ਹੈ, Cheville (ਸ਼ੁਹਵੀ), ਇਹ ਛੰਦ-ਸ਼ਾਸਤਰ ਨਾਲ ਸਬੰਧਤ ਪਦ ਹੈ। ਸ਼ੁਹਵੀ ਕਿਸੇ ਤੁਕ ਵਿਚ ਉਸ ਸ਼ਬਦ ਨੂੰ ਆਖਦੇ ਹਨ, ਜੋ ਕਾਵਿਤਾ ਦਾ ਸਿਰਫ ਵਜ਼ਨ ਪੂਰਾ ਕਰਨ ਲਈ ਵਾਧੂ ਘਸੋੜਿਆ ਗਿਆ ਹੋਵੇ, ਹੋਰ ਉਸ ਦੀ ਕੋਈ ਲੋੜ ਨਾ ਹੋਵੇ। ਕਵੀ ਅਤੇ ਕਵਿਤਾ ਦੇ ਰਸੀਏ ਇਸ ਵਰਤਾਰੇ ਬਾਰੇ ਖੂਬ ਜਾਣਦੇ ਹਨ। ਮੈਨੂੰ ਇਸ ਦੇ ਬਰਾਬਰ ਦਾ ਪੰਜਾਬੀ ਸ਼ਬਦ ਨਹੀਂ ਸੁੱਝ ਰਿਹਾ, ਕਾਸ਼ ਕੋਈ ਦੱਸ ਸਕੇ। ਇਹ ਸ਼ਬਦ ਪਿਛੇ ਜ਼ਿਕਰ ਕੀਤੇ ਲਾਤੀਨੀ ਸ਼ਬਦ Clâvicula ਤੋਂ ਹੀ ਬਣਿਆ ਹੈ। ਅਸਲ ਵਿਚ ਫਰਾਂਸੀਸੀ ਵਿਚ ਆ ਕੇ ਇਹ ਸ਼ਬਦ ਗਿੱਟਾ, ਕੀਲੀ, ਬੁੱਜਾ, ਡੱਟ ਆਦਿ ਦੇ ਅਰਥ ਵੀ ਦੇਣ ਲੱਗ ਪਿਆ। ਬੁੱਜਾ ਜਾਂ ਡੱਟ ਖਾਲੀ ਥਾਂ ਭਰਨ ਦੇ ਕੰਮ ਆਉਂਦੇ ਹਨ, ਕੀਲੀ ਜਾਂ ਕੀਲੇ ਨਾਲ ਕੁਝ ਬੰਨ੍ਹਿਆ ਜਾਂਦਾ ਹੈ। ਕਵਿਤਾ ਵਿਚਲਾ ਫਾਲਤੂ ਸ਼ਬਦ ਵੀ ਇੱਕ ਤਰ੍ਹਾਂ ਖਾਨਾ ਪੂਰਤੀ ਹੀ ਕਰਦਾ ਹੈ।

ਸੰਖੇਪ ਵਿਚ ਅੰਗਰੇਜ਼ੀ ਦੇ ਕੁਝ ਹੋਰ ਸ਼ਬਦ ਵਿਚਾਰ ਲਈਏ। Close (ਬੰਦ ਕਰਨਾ); Closet (ਪੜ੍ਹਨ ਆਦਿ ਲਈ ਇੱਕ ਛੋਟਾ ਕਮਰਾ, ਵਗਲੇ ਹੋਏ, ਬੰਦ ਕੀਤੇ ਹੋਏ ਹੋਣ ਦਾ ਭਾਵ); Clove (ਲੌਂਗ, ਮੇਖ ਜਾਂ ਕਿੱਲ ਵਰਗੀ ਸ਼ਕਲ ਹੋਣ ਤੋਂ); Conclude (ਮੁਢਲਾ ਭਾਵ ਦਲੀਲਬਾਜ਼ੀ ਵਿਚ ਕਿਸੇ ਨੂੰ ਘੇਰ ਲੈਣ, ਖੂੰਜੇ ਲਾ ਦੇਣ ਅਰਥਾਤ ਬੰਦ ਜਿਹਾ ਕਰਨ ਤੋਂ ਹੈ। ਦਲੀਲ ਵਿਚ ਕਿਸੇ ਨੂੰ ਜਿੱਤ ਲਿਆ ਤਾਂ ਗੱਲ ਖਤਮ, ਨਤੀਜੇ 'ਤੇ ਅੱਪੜ ਗਏ); Include (ਪਹਿਲਾਂ ਬੰਦ ਕਰਨ, ਤਾੜਨ, ਢੱਕਣ ਦਾ ਭਾਵ ਹੀ ਸੀ, ਫਿਰ 'ਸ਼ਾਮਲ ਕਰਨ' ਦਾ ਭਾਵ ਆਇਆ)। ਅੰਗਰੇਜ਼ੀ ਤੇ ਹੋਰ ਯੂਰਪੀ ਭਾਸ਼ਾਵਾਂ ਵਿਚ ਹੋਰ ਬਹੁਤ ਸਾਰੇ ਸ਼ਬਦ ਹਨ। ਪੰਜਾਬੀ ਦਾ ਕਿੱਲ, ਕੀਲਾ, ਕੀਲੀ ਸ਼ਬਦ ਧੁਨੀ ਅਤੇ ਅਰਥ ਵਜੋਂ ਉਪਰੋਕਤ ਸ਼ਬਦਾਂ ਨਾਲ ਸਬੰਧਤ ਜਾਪਦੇ ਹਨ। ਕੀਲੀ ਦਾ ਪੰਜਾਬੀ ਤੇ ਹੋਰ ਕਈ ਭਾਸ਼ਾਵਾਂ ਵਿਚ ਇਕ ਅਰਥ ਕੁੰਜੀ ਹੈ। ਪਰ ਵਿਦਵਾਨ ਇਸ ਨਤੀਜੇ 'ਤੇ ਨਹੀਂ ਪਹੁੰਚੇ।

# 'ਜੇ ਰੱਬ ਜਿਉਂਦਾ ਹੁੰਦਾ' ਪੜ੍ਹਦਿਆਂ...

ਪੁਸਤਕ ਪੜਚੋਲ

'ਜੇ ਰੱਬ ਜਿਉਂਦਾ ਹੁੰਦਾ' (ਪੰਨੇ 134, ਚੇਤਨਾ ਪ੍ਰਕਾਸ਼ਨ ਲੁਧਿਆਣਾ, ਮੁੱਲ 175 ਰੁਪਏ) ਕੋਈ ਪਰੀ ਕਹਾਣੀ ਜਾਂ ਲੰਬੀ ਕਵਿਤਾ ਨਹੀਂ ਸਗੋਂ ਭਾਰਤੀ ਧਰਾਤਲ ਨਾਲ ਜੁੜੇ ਆਧੁਨਿਕ ਗੰਧਲੀ ਸਿਆਸਤ ਦੇ ਜਾਣਕਾਰ ਵਰਿੰਦਰ ਸਿੰਘ ਪਰਹਾਰ ਦੀ ਪਲੇਠੀ ਨਾਵਲ ਰਚਨਾ ਹੈ। ਦੇਖਣ ਨੂੰ ਨਾਵਲੈਟ ਜਾਪਦਾ ਇਹ ਨਾਵਲ ਬਹੁਤ ਤੇਜ਼ ਚਾਲ ਤੁਰਦਾ, ਅਜੋਕੀ ਸਿਆਸਤ ਦੇ ਪਰਖਚੇ ਉਡਾਉਂਦਾ, ਅੱਜ ਦੇ ਸਮਾਜਕ, ਆਰਥਕ ਤੇ ਧਾਰਮਿਕ ਜੀਵਨ ਵਿਚੋਂ

ਅਵਤਾਰ ਸਿੰਘ ਬਿਲਿੰਗ

ਕਰੂਰ ਝਲਕੀਆਂ ਦਿਖਾਉਂਦਾ ਪਾਠਕ ਨੂੰ ਆਪਣੇ ਨਾਲ ਜੋੜ ਕੇ ਰੱਖਦਾ ਹੈ। ਬੰਟੀ, ਬੇਬੀ, ਖਾਲਸਾ, ਅਯੁਧਿਆ ਪ੍ਰਸਾਦ, ਜੀਵਨ ਪ੍ਰਕਾਸ਼, ਭੋਲਾ ਤੇ ਕਾਲੀਦਾਸ ਵੰਨ-ਸੁਵੰਨੀਆਂ ਝਾਕੀਆਂ ਦੇ ਰੰਗਦਾਰ ਪਾਤਰ ਹਨ।

ਦੋ ਲੋਕਲ ਸਿਆਸਤਦਾਨਾਂ-ਮੋਹਨ ਦਾਸ ਅਤੇ ਬੂਟਾ ਸਿੰਘ ਵਿਚਕਾਰ ਚਲਦੀ ਸਿਆਸੀ ਰੱਸਾਕਸ਼ੀ ਨਾਵਲੀ ਘਟਨਾਵਾਂ ਦੇ ਵਾਪਰਨ ਦਾ ਕਾਰਨ ਬਣਦੀ ਹੈ। ਅਨਭੋਲ ਭੋਲੇ, ਆਪਹੁਦਰੀ, ਅਵਾਰਾ ਬੇਬੀ ਅਤੇ ਵਿਦੇਸ਼ੀ ਧਰਤੀ ਉਤੇ ਪਲੇ ਤੇ ਪ੍ਰਵਾਨ ਚੜ੍ਹੇ ਪ੍ਰੋਫੈਸਰ ਕਾਲੀ ਦਾਸ ਤੋਂ ਬਿਨਾ ਲਗਭਗ ਬਾਕੀ ਸਾਰੇ ਪਾਤਰ ਸਿਆਸੀ ਮੋਹਰੇ ਹਨ ਜੋ ਆਪੋ-ਆਪਣੇ ਆਕਾ ਦੇ ਨਚਾਏ ਕਠਪੁਤਲੀਆਂ ਵਾਂਗ ਨੱਚਦੇ ਹਨ।

ਨਾਵਲਕਾਰ ਨੇ ਕਿਸੇ ਵਿਸ਼ੇਸ਼ ਸਿਆਸੀ ਪਾਰਟੀ ਦਾ ਨਾਂ ਲਏ ਬਿਨਾ ਭਾਰਤੀ ਚਿੱਤਰਪਟ ਉਤੇ ਨਗਨ ਸਿਆਸੀ ਅਤੇ ਧਾਰਮਿਕ ਨਾਚ ਕਰਦੀਆਂ ਲਗਭਗ ਸਾਰੀਆਂ ਸਿਰ ਕੱਢ ਪਾਰਟੀਆਂ ਬਾਰੇ ਬੜਾ ਕੁਝ ਸੁਝਾ ਦਿੱਤਾ ਹੈ। ਪਚਵੰਜਾ ਇੰਚ ਦੀ ਛਾਤੀ ਵਾਲਾ ਲੀਡਰ, ਛੋਟੇ ਕੱਦ ਦਾ ਸਾਂਵਲਾ ਨੇਤਾ, ਗਲ ਵਿਚ ਟਾਇਰ ਪਾ ਕੇ ਬੇਦੋਸੇ ਸਾੜਨ ਵਾਲੀ ਪਾਰਟੀ ਦੀ ਔਰਤ ਨੇਤਾ ਭੈਣ ਜੀ ਵਾਲੀ ਦਲਿਤ ਪਾਰਟੀ, ਅੱਸੀ ਕੁ ਸਾਲਾਂ ਦਾ ਬਹੁਤ ਹੀ ਪਵਿਤਰ ਸਮਝਿਆ ਜਾਂਦਾ ਧਾਰਮਿਕ ਨੇਤਾ ਆਦਿ ਨੂੰ ਸਮਝਦਿਆਂ ਪਾਠਕ ਨੂੰ ਦੇਰ ਨਹੀਂ ਲੱਗਦੀ।

ਬੱਲੂ ਲੰਬੜਦਾਰ ਪਿੰਡ ਵਿਚ ਵੱਡੀ ਸਾਮੀ ਸਮਝੀ ਜਾਂਦੀ ਹੈ ਕਿਉਂਕਿ ਉਸ ਦਾ ਕੁਝ ਪਰਿਵਾਰ ਵਿਦੇਸ਼ ਵਿਚ ਸਥਾਪਤ ਹੈ। ਉਸ ਦੇ ਲੜਕੇ ਦੀਪੇ ਵੱਲੋਂ ਇਕ ਲੜਕੀ ਨੇਹਾ ਨਾਲ ਛੇੜਛਾੜ, ਪੰਚਾਇਤੀ ਸਮਝੌਤਾ ਹੋਣ ਦੇ ਬਾਵਜੂਦ ਨਾਵਲੀ ਐਕਸ਼ਨ ਦਾ ਅਰੰਭ ਕਰਦੀ ਹੈ। ਇਹ ਆਮ ਜਿਹੀ ਪੇਂਡੂ ਘਟਨਾ ਬੰਟੀ ਪ੍ਰਧਾਨ ਦੀ ਖੁਦਗਰਜ਼ੀ ਤੋਂ ਪ੍ਰੇਰਿਤ ਚੁੱਕ-ਥੱਲ ਕਾਰਨ ਤੂਲ ਫੜ੍ਹਦੀ ਵੱਡੀ ਦਲਿਤ ਸਮੱਸਿਆ ਬਣਦੀ, ਥਾਣੇ ਪਹੁੰਚਦੀ, ਕਿੰਨੇ ਹੋਰ ਛੋਟੇ ਵੱਡੇ ਲੀਡਰਾਂ ਵੱਲੋਂ ਭੜਕਾਈ ਹੋਈ ਅਖੀਰ ਸਥਾਨਕ ਆਗੂਆਂ ਦੀ ਘਟੀਆ ਸਿਆਸਤ ਦੀ ਕੁੜਿਕੀ ਵਿਚ ਫਸੇ ਲੰਬੜਦਾਰ ਪਾਸੋਂ ਭਾਰੀ ਰਕਮ ਦੀ ਵਸੂਲੀ ਮਗਰੋਂ ਸ਼ਾਂਤ ਹੋਈ ਜਾਪਦੀ ਹੈ ਜਦੋਂ ਸਮਝੌਤੇ ਦੀ ਰਕਮ ਦੀਆਂ ਬਰਾਬਰ ਬਣਾਈਆਂ ਢੇਰੀਆਂ ਦੀ ਬੰਟੀ, ਪੁਲਿਸ ਅਮਲਾ ਫੈਲਾ, ਕੀਮਤੀ ਲਾਲ ਵਰਗੇ ਟੁੱਕੜਬੋਚਾਂ ਵਿਚਕਾਰ ਵੰਡ ਵੰਡਾਈ ਹੋ ਜਾਂਦੀ ਹੈ ਪਰ ਅਸਲ ਵਿਚ ਇਹ ਘਟਨਾ ਲੋਕਲ ਲੀਡਰਾਂ ਦੀ ਮਾਇਕ ਭੁੱਖ ਨੂੰ ਭੜਕਾਉਂਦੀ, ਚਮਕਾਉਂਦੀ, ਉਨ੍ਹਾਂ ਵਿਚਾਲੇ ਸੰਭਾਵੀ ਟਕਰਾਅ ਦਾ ਮਾਹੌਲ ਸਿਰਜਦੀ, ਅਖੀਰ ਕੀਮਤ ਲਾਲ ਦੇ ਕਤਲ ਦਾ ਕਾਰਨ ਬਣਦੀ, ਅਰਸ਼ ਤੋਂ ਫਰਸ਼ 'ਤੇ ਡਿੱਗੇ ਬੰਟੀ ਨੂੰ ਉਮਰ ਕੈਦ ਕਰਵਾਉਂਦੀ, ਆਖਰ ਨਾਵਲੀ ਡਰਾਮੇ ਦਾ ਪਰਦਾ ਡੇਗਣ ਵਿਚ ਸਹਾਈ ਹੁੰਦੀ ਹੈ।

ਬੰਟੀ ਜਦੋਂ ਸੀਖਾਂ ਪਿੱਛੇ ਪਹੁੰਚਦਾ ਹੈ, ਉਥੇ ਅਯੁਧਿਆ ਪ੍ਰਸਾਦ ਪੁਜਾਰੀ ਤੇ ਗੀਤਾ ਦੇ ਕਤਲ ਵਿਚ ਝੂਠਾ ਫਸਾਇਆ ਗਿਆ, ਅਸਲ ਵਿਚ ਇਸੇ ਬੰਟੀ ਦੀਆਂ ਕਰਤੂਤਾਂ ਦਾ ਸ਼ਿਕਾਰ ਹੋਇਆ ਅਨਭੋਲ ਭੋਲਾ ਪਹਿਲਾਂ ਹੀ ਸਜ਼ਾ ਕੱਟ ਰਿਹਾ ਦਿਖਾਈ ਦਿੰਦਾ ਹੈ ਜਿਸ ਨਾਲ ਕਿਸੇ ਗਰਮ, ਧਾਰਮਿਕ ਦਲ ਨਾਲ ਸਬੰਧਤ, ਖਾਲਸਾ ਵੀ ਲੰਬੇ ਸਮੇਂ ਤੋਂ ਨਜ਼ਰਬੰਦ ਹੈ।

ਵੱਡੇ ਪੱਧਰ 'ਤੇ ਰਚੀ ਗਈ ਸਿਆਸੀ ਸਾਜ਼ਿਸ਼ ਕਾਰਨ ਯੂਨੀਵਰਸਿਟੀ ਵਿਚ ਪਏ ਘਸਮਾਣ ਨਾਲ ਪ੍ਰੋਫੈਸਰ ਕਾਲੀਦਾਸ ਵੀ ਇਨ੍ਹਾਂ ਦਾ ਸਾਥੀ ਬਣ ਜਾਂਦਾ ਹੈ; ਜਦੋਂਕਿ ਗਰੀਬ ਪਿਛੋਕਤ ਵਿਚੋਂ ਉਭਰੀ, ਅੱਧ-ਪੜ੍ਹ ਕਿਸਮ ਦੀ ਅਵਾਰਾ ਬੇਬੀ ਨੇੜਲੇ ਸ਼ਹਿਰ ਦੀ ਬਦਨਾਮ ਔਰਤ ਹੈ ਜਿਸ ਨੂੰ ਕੰਵਰਪਾਲ ਵਰਗਾ ਸਖਤ ਸੁਭਾਅ ਪੁਲਿਸ ਅਫਸਰ ਵੀ ਕਾਬੂ ਕਰਨ ਵਿਚ ਅਸਫਲ ਰਹਿੰਦਾ ਹੈ ਅਤੇ ਆਪਣੇ ਮਹਿਕਮੇ ਦੀ ਕਰੋਪੀ ਦਾ ਸ਼ਿਕਾਰ ਬਣ ਲਾਈਨ ਹਾਜ਼ਰ ਹੋ ਜਾਂਦਾ ਹੈ। ਉਹ ਬਦਕਾਰ ਸਮਝੀ ਜਾਣ ਵਾਲੀ ਔਰਤ, ਜਾਤਪਾਤ ਤੇ ਸਮਾਜਕ ਤ੍ਰਿਸਕਾਰ ਦੀ ਤੜਫਾਈ ਤਪਾਈ ਹੋਈ, ਈਸਾਈ ਮੱਤ ਦੀ ਲੀਡਰ ਵਜੋਂ ਵਿਚਰਦੀ, ਪੇਸ਼ਾ ਕਰਦੀ-ਕਰਵਾਉਂਦੀ ਐਸ਼ ਦੀ ਜ਼ਿੰਦਗੀ ਜਿਉਂਦੀ ਦਿਖਾਈ ਗਈ ਹੈ।

ਇੰਜ ਸਿਆਸੀ, ਸਮਾਜਕ ਤੇ ਧਾਰਮਿਕ ਜੀਵਨ ਵਿਚ ਉਥਲ ਪੁਥਲ ਮਚਾਉਂਦਾ ਇਹ ਨਾਵਲ ਬੜੇ ਨਾਟਕੀ ਢੰਗ ਨਾਲ ਸਮਾਪਤ ਹੋ ਜਾਂਦਾ ਹੈ। ਖਾਲਸੇ ਦੀ ਪਾਰਟੀ ਵੱਲੋਂ ਅਗਵਾ ਕੀਤੇ ਪੁਲਸੀਆਂ ਦੇ ਜਵਾਕਾਂ ਬਦਲੇ ਖਾਲਸਾ, ਕਾਲੀਦਾਸ, ਭੋਲਾ ਤੇ ਬੰਟੀ ਨੂੰ ਰਿਹਾ ਕਰਵਾ ਲਿਆ ਜਾਂਦਾ ਹੈ ਪਰ ਬਾਹਰ ਨਿਕਲਦੇ ਸਾਰ, ਵਿਚਾਰਕ ਪੱਖ ਤੋਂ ਬੇਈਮਾਨ ਹੁੰਦੇ ਪੁਲਿਸ ਅਫਸਰ ਇਨ੍ਹਾਂ ਦਾ ਖਾਤਮਾ ਕਰਨ ਵਿਚ ਰਾਹਤ ਮਹਿਸੂਸ ਕਰਦੇ ਹਨ।

ਨਾਵਲ ਦਾ ਸਾਰਾ ਘਟਨਾਕ੍ਰਮ ਇਹੀ ਸੁਝਾਉਂਦਾ ਹੈ ਕਿ ਇਹ ਸਾਰਾ ਸਿਆਸੀ ਗੰਧਲ ਰਾਜਸੀ ਤੇ ਧਾਰਮਿਕ ਧਿਰਾਂ ਕਾਰਨ ਪਿਆ ਹੋਇਆ ਹੈ। ਰੱਬ ਨੂੰ ਵੀ ਇਨ੍ਹਾਂ ਨੇ ਸਿਰਜਿਆ ਹੈ। ਜੇ ਸੱਚਮੁੱਚ ਰੱਬ ਦੀ ਹੋਂਦ ਹੁੰਦੀ ਤਾਂ ਉਹ ਭੋਲੇ ਵਰਗੇ ਬੇਕਸੂਰਾਂ ਨੂੰ ਕਿਉਂ ਮਰਨ ਦਿੰਦਾ। ਗੀਤਾ ਵਰਗੀਆਂ ਸੁਸ਼ੀਲ ਕੜੀਆਂ ਵਿਧਵਾਵਾਂ ਬਣ ਕੇ ਕਿਉਂ ਦੁੱਖ ਭੋਗਦੀਆਂ। ਅਯੁਧਿਆ ਪ੍ਰਸਾਦ ਤਾਂ ਭਲਾ ਆਪਣੇ ਭਾਵੁਕ ਉਲਾਰ ਦਾ ਸ਼ਿਕਾਰ ਹੋ ਗਿਆ ਸੀ।

ਨਾਵਲ ਦਾ ਚਿੰਤਨੀ ਪੱਖ ਵੀ ਪਾਠਕ ਦਾ ਧਿਆਨ ਖਿੱਚਦਾ ਹੈ। ਨਾਵਲਕਾਰ ਨੂੰ ਪੂਰਨ ਸੋਝੀ ਹੈ ਕਿ ਸਿਆਸੀ ਗਿਰਾਵਟ, ਧਾਰਮਿਕ ਅਸਹਿਣਸ਼ੀਲਤਾ ਅਤੇ ਸਮਾਜਕ ਸੰਕੀਰਣਤਾ-ਸਭ ਸਮੱਸਿਆਵਾਂ ਦਾ ਮੂਲ ਕਾਰਨ ਹੈ। ਜੇ ਜਨਤਾ ਉਕਤ ਤਿੰਨ ਤਾਕਤਾਂ-ਧਰਮ, ਜਾਤ ਤੇ ਸਿਆਸਤ ਵਲੋਂ ਵਰਗਲਾਉਣੀ ਬੰਦ ਹੋ ਜਾਵੇ ਤਾਂ ਭਾਰਤ ਵੀ ਦੁਨੀਆਂ ਦਾ ਵਧੀਆ ਰਾਸ਼ਟਰ ਬਣ ਸਕਦਾ ਹੈ। ਕਾਲੀ ਦਾਸ ਦੀ ਫਿਲਾਸਫੀ ਜੋ ਮਹਾਂਭਾਰਤ, ਗੀਤਾ ਤੇ ਹੋਰ ਧਾਰਮਿਕ ਗ੍ਰੰਥਾਂ ਵਿਚੋਂ ਲਿਆ ਅਤੇ ਸਥਿਤੀ ਵਿਸ਼ਲੇਸ਼ਣ ਵਜੋਂ ਪੇਸ਼ ਕੀਤਾ ਗਿਆ ਗਿਆਨ ਹੈ, ਅਸਲ ਵਿਚ ਨਾਵਲਕਾਰ ਦੀ ਦ੍ਰਿਸ਼ਟੀ ਨੂੰ ਦੀਰਘ ਬਣਾਉਂਦਾ ਅਤੇ ਨਾਵਲੀ ਵਿਖਿਆਨ ਨੂੰ ਨਿਗਰਾਈ ਬਖਸ਼ਦਾ ਹੈ।

ਇਹ ਛੋਟਾ ਨਾਵਲ ਭਵਿਖ ਵਿਚ ਏਸ ਦੀਰਘ ਦ੍ਰਿਸ਼ਟੀ ਵਾਲੇ, ਮਾਨਸਿਕ ਪੱਖ ਤੋਂ ਬੜੇ ਪ੍ਰੌੜ ਨਾਵਲਕਾਰ ਵਰਿੰਦਰ ਸਿੰਘ ਪਰਹਾਰ ਵੱਲੋਂ ਹੋਰ ਵੀ ਵਿਸ਼ਾਲ ਕੈਨਵਸ ਵਾਲੀ ਰਚਨਾ ਸਿਰਜੇ ਜਾਣ ਦੀ ਆਸ ਬੰਨ੍ਹਾਉਂਦਾ ਹੈ।

###

# ਮਿਸਾਲੀ ਆਗੂ ਹਰਕਿਸ਼ਨ ਸਿੰਘ ਸੁਰਜੀਤ

**ਬਰਸੀ 'ਤੇ ਵਿਸ਼ੇਸ਼**

23 ਮਾਰਚ 1932 ਦਾ ਦਿਨ ਸੀ-ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਸ਼ਹੀਦੀ ਦੀ ਪਹਿਲੀ ਬਰਸੀ। ਭਗਤ ਸਿੰਘ ਅਤੇ ਸਾਥੀਆਂ ਦੀ ਫਾਂਸੀ ਕਾਰਨ ਲੋਕਾਂ, ਖਾਸ ਕਰ ਨੌਜੁਆਨਾਂ ਵਿਚ ਰੋਹ ਸੀ। ਇਨ੍ਹੀਂ ਦਿਨੀਂ ਭਾਰਤ ਨੂੰ ਆਜ਼ਾਦ ਕਰਾਉਣ ਲਈ ਕਈ ਲਹਿਰਾਂ ਚੱਲ ਰਹੀਆਂ ਸਨ। ਇਹ ਲਹਿਰ ਵੀ ਚੱਲ ਰਹੀ ਸੀ ਕਿ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਤੋਂ ਅੰਗਰੇਜ਼ੀ ਝੰਡਾ (ਯੂਨੀਅਨ ਜੈਕ) ਲਾਹ ਕੇ ਤਿਰੰਗਾ ਲਹਿਰਾਇਆ ਜਾਵੇ, ਜਿਸ ਕਰਕੇ ਇਨ੍ਹਾਂ ਦਫਤਰਾਂ ਦੁਆਲੇ ਪੁਲਿਸ ਦਾ ਘੇਰਾ ਸਖਤ ਸੀ। ਹੁਸ਼ਿਆਰਪੁਰ ਡਿਪਟੀ ਕਮਿਸ਼ਨਰ ਦੇ ਦਫਤਰ

**ਨਰਿੰਦਰ ਸਿੰਘ ਢਿੱਲੋਂ**
ਫੋਨ: 403-616-4032

ਵਿਖੇ 16 ਸਾਲਾ ਨੌਜੁਆਨ ਪੁਲਿਸ ਨੂੰ ਝਕਾਨੀ ਦੇ ਕੇ ਬੜੀ ਫੁਰਤੀ ਨਾਲ ਦਫਤਰ 'ਤੇ ਚੜ੍ਹ ਗਿਆ ਤੇ ਯੂਨੀਅਨ ਜੈਕ ਲਾਹ ਕੇ ਤਿਰੰਗਾ ਲਹਿਰਾ ਦਿੱਤਾ। ਪੁਲਿਸ ਨੇ ਤਾੜ-ਤਾੜ ਕਰਦੀਆਂ ਗੋਲੀਆਂ ਚਲਾਈਆਂ ਪਰ ਨੌਜੁਆਨ ਬਚ ਗਿਆ। ਉਸ ਨੂੰ ਫੜ੍ਹ ਕੇ ਅਦਾਲਤ ਵਿਚ ਪੇਸ਼ ਕੀਤਾ ਗਿਆ।

ਜੱਜ ਨੇ ਪੁੱਛਿਆ, "ਤੇਰਾ ਨਾਂ ਕੀ ਹੈ?"

ਨੌਜੁਆਨ ਦਾ ਉਤਰ ਸੀ, "ਲੰਡਨ ਤੋੜ ਸਿੰਘ।"

ਜੱਜ: ਪਿਤਾ ਦਾ ਨਾਂ?

ਉਤਰ: ਗੁਰੂ ਗੋਬਿੰਦ ਸਿੰਘ।

ਜੱਜ: ਪਿੰਡ ਕਿਹੜਾ?

ਉਤਰ: ਅਨੰਦਪੁਰ ਸਾਹਿਬ।

ਜੱਜ ਨੇ ਛੇ ਮਹੀਨੇ ਕੈਦ ਦਾ ਹੁਕਮ ਸੁਣਾ ਦਿੱਤਾ ਤਾਂ ਨੌਜੁਆਨ ਨੇ ਮੁਸਕਰਾਉਂਦਿਆਂ ਕਿਹਾ, "ਬੱਸ, ਛੇ ਮਹੀਨੇ ਹੀ?"

ਜੱਜ: "ਇਕ ਸਾਲ।"

ਨੌਜੁਆਨ: "ਬੱਸ ਇਕੋ ਹੀ ਸਾਲ।"

ਜੱਜ: "ਦੋ ਸਾਲ, ਤੇ ਇਸ ਕੇਸ ਵਿਚ ਮੈਂ ਇਸ ਤੋਂ ਵੱਧ ਸਜ਼ਾ ਦੇ ਹੀ ਨਹੀਂ ਸਕਦਾ।"


ਇਹ ਨੌਜੁਆਨ ਬਾਅਦ ਵਿਚ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ (23 ਮਾਰਚ 1916-1 ਅਗਸਤ 2008) ਦੇ ਨਾਂ ਨਾਲ ਮਸ਼ਹੂਰ ਹੋਇਆ।

ਹਰਕਿਸ਼ਨ ਸਿੰਘ ਸੁਰਜੀਤ ਦਾ ਜਨਮ ਹਰਨਾਮ ਸਿੰਘ ਅਤੇ ਗੁਰਬਚਨ ਕੌਰ ਦੇ ਘਰ ਨਾਨਕੇ ਪਿੰਡ ਰੁਪੋਵਾਲ (ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ) ਵਿਚ ਹੋਇਆ। ਉਂਜ ਉਨ੍ਹਾਂ ਦਾ ਆਪਣਾ ਪਿੰਡ ਬੁੰਡਾਲਾ (ਜ਼ਿਲ੍ਹਾ ਜਲੰਧਰ) ਹੈ। ਉਸ ਦੇ ਪਿਤਾ ਖੁਦ ਦੇਸ਼ ਭਗਤ ਸਨ ਤੇ ਗਦਰ ਪਾਰਟੀ ਨਾਲ ਸਬੰਧਤ ਸਨ। ਉਹ ਅਕਾਲੀ ਲਹਿਰ ਵਿਚ ਹਿੱਸਾ ਲੈਂਦੇ ਰਹੇ ਸਨ। ਆਜ਼ਾਦੀ ਦੀ ਲਹਿਰ ਦੇ ਪ੍ਰਚਾਰ ਹਿਤ 1920 ਵਿਚ ਜਲੰਧਰ ਤੋਂ ਕੱਢੇ ਜਾ ਰਹੇ ਪਰਚੇ 'ਦੇਸ਼ ਸੇਵਕ' ਦੇ ਉਹ ਸੰਪਾਦਕ ਸਨ, ਜਿਸ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਪਰਚਾ ਬੰਦ ਕਰਨ ਦਾ ਯਤਨ ਕੀਤਾ ਗਿਆ। ਸੁਰਜੀਤ ਦੇ ਪਿਤਾ ਦੀ ਗ੍ਰਿਫਤਾਰੀ ਪਿਛੋਂ ਜਿਹੜਾ ਸ਼ਖਸ ਵੀ 'ਦੇਸ਼ ਸੇਵਕ' ਦਾ ਸੰਪਾਦਕ ਬਣਦਾ, ਉਸ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ, ਜਿਸ ਕਰਕੇ ਪਰਚਾ ਬੰਦ ਕਰਨਾ ਪਿਆ। ਇਸ ਪਰਚੇ ਦੀ ਯਾਦ ਹਿੱਤ ਸੁਰਜੀਤ ਨੇ ਮਗਰੋਂ ਪਹਿਲੀ ਜਨਵਰੀ 1996 ਤੋਂ ਚੰਡੀਗੜ੍ਹ ਤੋਂ 'ਰੋਜ਼ਾਨਾ ਦੇਸ਼ ਸੇਵਕ' ਚਾਲੂ ਕੀਤਾ ਜੋ ਅੱਜ ਵੀ ਚੱਲ ਰਿਹਾ ਹੈ।

ਪਿਤਾ ਆਜ਼ਾਦੀ ਘੁਲਾਟੀਆ ਹੋਣ ਕਰਕੇ ਘਰ ਵਿਚ ਦੇਸ਼ ਭਗਤਾਂ ਦਾ ਆਉਣਾ ਜਾਣਾ ਲੱਗਾ ਰਹਿੰਦਾ ਸੀ ਜਿਸ ਕਰਕੇ ਸੁਰਜੀਤ ਨੂੰ ਆਜ਼ਾਦੀ ਲਈ ਘੋਲ ਦੀ ਪ੍ਰੇਰਨਾ ਘਰ ਤੋਂ ਹੀ ਮਿਲੀ। 1930 ਵਿਚ ਉਹ ਪਿੰਡ ਦੀ ਨੌਜੁਆਨ ਸਭਾ ਵਿਚ ਸ਼ਾਮਲ ਹੋ ਗਏ ਅਤੇ 1931 ਵਿਚ ਉਨ੍ਹਾਂ ਗਦਰੀ ਬਾਬਿਆਂ-ਕਰਮ ਸਿੰਘ ਚੀਮਾ ਅਤੇ ਭਾਗ ਸਿੰਘ ਕੈਨੇਡੀਅਨ ਦੀ ਅਗਵਾਈ ਵਿਚ ਆਪਣੇ ਪਿੰਡ ਵਿਚ ਜਲਸਾ ਕਰਵਾਇਆ। ਇਸ ਦੋਸ਼ ਵਿਚ ਉਨ੍ਹਾਂ ਨੂੰ ਪਿੰਡ ਦੇ ਹੀ ਖਾਲਸਾ ਸਕੂਲ ਵਿਚੋਂ ਕੱਢ ਦਿੱਤਾ ਗਿਆ। ਸਕੂਲ ਪ੍ਰਬੰਧਕਾਂ ਨੇ ਮੁੜ ਸਕੂਲ ਵਿਚ ਦਾਖਲ ਕਰਨ ਲਈ ਮੁਆਫੀ ਮੰਗਣ ਦੀ ਸ਼ਰਤ ਲਾ ਦਿੱਤੀ ਪਰ ਉਨ੍ਹਾਂ ਮੁਆਫੀ ਮੰਗਣ ਤੋਂ ਨਾਂਹ ਕਰ ਦਿੱਤੀ।

ਬਾਅਦ ਵਿਚ ਕੁਝ ਆਜ਼ਾਦੀ ਘੁਲਾਟੀਆਂ ਦੇ ਦਖਲ ਨਾਲ ਉਨ੍ਹਾਂ ਨੂੰ ਦੁਆਬਾ ਖਾਲਸਾ ਹਾਈ ਸਕੂਲ, ਜਲੰਧਰ ਦਾਖਲਾ ਮਿਲ ਗਿਆ। ਹੁਸ਼ਿਆਰਪੁਰ ਵਾਲੀ ਘਟਨਾ ਸਮੇਂ ਉਹ ਇਸੇ ਸਕੂਲ ਵਿਚ ਪੜ੍ਹਦੇ ਸਨ ਤੇ ਇਸ ਘਟਨਾ ਨੇ ਉਨ੍ਹਾਂ ਦੀ ਸੁਤੰਤਰਤਾ ਸੰਗਰਾਮੀਏ ਦੇ ਰੂਪ ਵਿਚ ਪਛਾਣ ਪੱਕੀ ਕਰ ਦਿੱਤੀ। ਇਸ ਘਟਨਾ ਸਮੇਂ ਦਸਵੀਂ ਦੇ ਸਾਲਾਨਾ ਪੇਪਰ ਦੇ ਚੁਕੇ ਸਨ, ਸਿਰਫ ਸਾਇੰਸ ਦਾ ਪ੍ਰੈਕਟੀਕਲ ਹੀ ਰਹਿੰਦਾ ਸੀ ਪਰ ਇਸ ਉਭਰ ਰਹੇ ਦੇਸ਼ ਭਗਤ ਨੇ ਸਾਇੰਸ (ਮਾਰਕਸਵਾਦ) ਦੀ ਐਸੀ ਪ੍ਰੀਖਿਆ ਦਿੱਤੀ ਜਿਸ ਵਿਚੋਂ ਉਹ ਪਹਿਲੀ ਕਤਾਰ ਦੇ ਪ੍ਰੀਖਿਆਰਥੀ ਵਜੋਂ ਪਾਸ ਹੋ ਕੇ ਪਹਿਲੀ ਅਗਸਤ 2008 ਨੂੰ 92 ਸਾਲ ਦੀ ਉਮਰੇ ਦੁਨੀਆਂ ਨੂੰ ਅਲਵਿਦਾ ਆਖ ਗਏ।

ਆਜ਼ਾਦੀ ਦੀ ਲੜਾਈ ਵਿਚ ਜਦ ਉਹ ਪਾਰਟੀ ਦਾ ਕੰਮ ਰੂਪੋਸ਼ ਹੋ ਕੇ ਕਰਦੇ ਸਨ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ 1940 ਵਿਚ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਕੈਦ ਕੱਟਦਿਆਂ ਉਨ੍ਹਾਂ ਨੂੰ ਐਸੀ ਜਗ੍ਹਾ ਰਖਿਆ ਜਿਥੇ ਕਈ ਕਈ ਦਿਨ ਸੂਰਜ ਨਹੀਂ ਸੀ ਦੇਖਿਆ ਜਾ ਸਕਦਾ ਤੇ ਕੈਦੀਆਂ ਦੇ ਕਪੜਿਆਂ ਵਿਚ ਜੂੰਆਂ ਪੈ ਜਾਂਦੀਆਂ ਸਨ। ਇਹ ਮੁਸ਼ਕਿਲਾਂ ਵੀ ਉਨ੍ਹਾਂ ਦਾ ਹੌਸਲਾ ਨਾ ਤੋੜ ਸਕੀਆਂ। ਉਹ ਕੇਵਲ ਭਾਰਤ ਦੀ ਆਜ਼ਾਦੀ ਲਈ ਘੁਲਾਟੀਏ ਨਹੀਂ ਸਨ, ਉਹ ਕੌਮਾਂਤਰੀ ਪੱਧਰ ਦੇ ਕਿਰਤੀ ਲੋਕਾਂ ਦੀ ਆਜ਼ਾਦੀ ਲਈ ਸੰਗਰਾਮੀਆਂ ਵਿਚੋਂ ਇਕ ਸਨ। ਉਹ ਦੁਨੀਆਂ ਭਰ ਦੇ ਕਮਿਊਨਿਸਟ ਆਗੂਆਂ ਵਿਚ ਪਹਿਲੀ ਕਤਾਰ ਦੇ ਆਗੂ ਸਨ ਅਤੇ ਉਹ ਮਾਰਕਸਵਾਦ-ਲੈਨਿਨਵਾਦ ਦੇ ਸਿਧਾਂਤਕ ਪੈਂਤੜਿਆਂ 'ਤੇ ਚਲਦਿਆਂ ਦੁਨੀਆਂ ਭਰ ਵਿਚ ਵੱਖ-ਵੱਖ ਸਮੱਸਿਆਵਾਂ ਤੇ ਕੁਰਾਹਿਆਂ ਨਾਲ ਨਜਿੱਠਣ ਲਈ ਦਾਅ-ਪੇਚ ਘੜਨ ਦੇ ਉਸਤਾਦ ਗਿਣੇ ਜਾਂਦੇ ਸਨ। ਉਹ ਆਪਣੇ ਸਿਆਸੀ ਵਿਰੋਧੀਆਂ ਨੂੰ ਦਲੀਲ ਨਾਲ ਬੁਰੀ ਤਰ੍ਹਾਂ ਪਛਾੜ ਦਿੰਦੇ ਸਨ, ਇਸੇ ਕਰਕੇ ਭਾਰਤ ਵਿਚ ਭਾਵੇਂ ਕਿਸੇ ਵੀ ਪਾਰਟੀ ਦੀ ਕੇਂਦਰ ਸਰਕਾਰ ਹੁੰਦੀ ਸੀ, ਜਦ ਵੀ ਕਦੇ ਕੌਮੀ ਜਾਂ ਕੌਮਾਂਤਰੀ ਮੁੱਦਿਆਂ 'ਤੇ ਉਲਝਣ ਮਹਿਸੂਸ ਹੁੰਦੀ ਤਾਂ ਕਾਮਰੇਡ ਸੁਰਜੀਤ ਦੀ ਸਲਾਹ ਲਈ ਜਾਂਦੀ ਸੀ। ਰਾਜ ਕਰ ਰਹੀ ਪਾਰਟੀ ਨਾਲ ਸਿਆਸੀ ਮਤਭੇਦ ਹੋਣ ਦੇ ਬਾਵਜੂਦ ਉਹ ਦੇਸ਼ ਹਿੱਤ ਵਿਚ ਵਿਚਾਰ-ਵਟਾਂਦਰਾ ਕਰਨ ਤੋਂ ਕਦੇ ਪਾਸਾ ਨਹੀਂ ਸਨ ਵਟਦੇ।



*ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ*

1987 ਵਿਚ ਮਾਸਕੋ ਵਿਚ ਸੋਵੀਅਤ ਰੂਸ ਦੀ ਅਕਤੂਬਰ ਇਨਕਲਾਬ ਦੀ 70ਵੀਂ ਵਰ੍ਹੇਗੰਢ ਮੌਕੇ ਉਨ੍ਹਾਂ ਮਿਖਾਈਲ ਗੋਰਬਾਚੋਵ ਨੂੰ ਸਾਫ ਕਹਿ ਦਿੱਤਾ ਸੀ ਕਿ ਉਸ ਵਲੋਂ ਪੇਸ਼ ਥੀਸਿਸ ਦਰੁਸਤ ਨਹੀਂ ਹੈ ਤੇ ਇਹ ਥੀਸਿਸ ਸੋਵੀਅਤ ਯੂਨੀਅਨ ਅਤੇ ਕੌਮਾਂਤਰੀ ਕਮਿਊਨਿਸਟ ਲਹਿਰ ਲਈ ਮਾਰੂ ਸਾਬਤ ਹੋਵੇਗਾ। ਇਹ ਥੀਸਿਸ ਮਾਰਕਸਵਾਦ-ਲੈਨਿਨਵਾਦ ਦੇ ਸਿਧਾਂਤ ਦੇ ਉਲਟ ਹੈ। ਉਸ ਵਕਤ ਸੋਵੀਅਤ ਰੂਸ ਦੇ ਕਈ ਲੀਡਰਾਂ ਨੇ ਇਸ ਆਲੋਚਨਾ ਦਾ ਬੁਰਾ ਮਨਾਇਆ ਪਰ ਕਾਮਰੇਡ ਸੁਰਜੀਤ ਦੀ ਕਹੀ ਗੱਲ ਬਾਅਦ ਵਿਚ ਸੱਚ ਸਾਬਤ ਹੋਈ।

ਕਾਮਰੇਡ ਸੁਰਜੀਤ 1934 ਵਿਚ ਭਰ ਜੁਆਨੀ ਵੇਲੇ ਭਾਰਤੀ ਕਮਿਊਨਿਸਟ ਪਾਰਟੀ 'ਚ ਸ਼ਾਮਲ ਹੋਏ ਅਤੇ ਪਾਰਟੀ ਵਿਚ ਕੰਮ ਕਰਦਿਆਂ ਉਨ੍ਹਾਂ ਆਪਣਾ ਕਾਰਜ ਖੇਤਰ ਕਿਸਾਨੀ ਨੂੰ ਚੁਣਿਆ। ਉਹ ਸਮਝਦੇ ਸਨ ਕਿ ਕਿਸਾਨੀ ਦੇ ਜਥੇਬੰਦ ਹੋਣ ਨਾਲ ਹੋਰ ਵਰਗਾਂ ਨੂੰ ਜਥੇਬੰਦ ਕਰਨਾ ਆਸਾਨ ਹੋ ਜਾਂਦਾ ਹੈ। ਇਸ ਨਾਲ ਆਜ਼ਾਦੀ ਦੀ ਲੜਾਈ ਵਿਚ ਆਮ ਲੋਕਾਂ ਦੀ ਸ਼ਮੂਲੀਅਤ ਸੌਖੀ ਹੋ ਸਕਦੀ ਸੀ। ਇਸ ਕਰਕੇ 1936 ਵਿਚ ਕੁਲ ਹਿੰਦ ਕਿਸਾਨ ਸਭਾ ਦੀ ਨੀਂਹ ਰੱਖੀ ਗਈ ਜਿਸ ਵਿਚ ਉਹ ਸਾਧਾਰਨ ਵਰਕਰ ਤੋਂ ਲੈ ਕੇ ਕੁਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਵੀ ਰਹੇ।

ਭਾਰਤ ਦੀ ਆਜ਼ਾਦੀ ਦੀ ਸੰਗਰਾਮ ਵਿਚ ਉਹ ਜਿਥੇ ਜੋਸ਼ ਤੋਂ ਕੰਮ ਲੈਂਦੇ, ਉਥੇ ਆਪਣੀ ਹੋਸ਼ ਨੂੰ ਹੋਰ ਤਿੱਖਾ ਕਰਨ ਲਈ ਕਿਤਾਬਾਂ ਬਹੁਤ ਪੜ੍ਹਦੇ ਸਨ। ਇਸ ਕਰਕੇ ਜੇਲ੍ਹ ਦੀਆਂ ਸੀਖਾਂ ਵੀ ਉਨ੍ਹਾਂ ਦਾ ਮਨੋਬਲ ਤੋੜ ਨਾ ਸਕੀਆਂ। 1947 ਦੀ ਹਿੰਦ-ਪਾਕਿਸਤਾਨ ਵੰਡ ਮੌਕੇ ਜੋ ਦੁਖਾਂਤ ਵਾਪਰਿਆ, ਉਸ ਦਾ ਕਾਮਰੇਡ ਸੁਰਜੀਤ ਦੇ ਦਿਲ ਦਿਮਾਗ 'ਤੇ ਡੂੰਘਾ ਸਦਮਾ ਰਿਹਾ। ਉਹ ਦ੍ਰਿੜ ਸਨ ਕਿ ਭਾਰਤ ਇਕ ਦੇਸ਼ ਰਹਿਣ ਵਿਚ ਲੋਕਾਂ ਦਾ ਭਲਾ ਹੈ। ਉਨ੍ਹਾਂ ਧਰਮ ਦੇ ਨਾਂ 'ਤੇ ਰਾਜਨੀਤੀ ਕਰਨ ਵਾਲੀਆਂ ਤਾਕਤਾਂ ਤੇ ਫਿਰਕਾਪ੍ਰਸਤੀ ਫੈਲਾ ਕੇ ਲੋਕਾਂ ਵਿਚ ਫੁੱਟ ਪਾਉਣ ਤੇ ਕਤਲੋਗਾਰਤ ਕਰਨ ਵਾਲੀਆਂ ਤਾਕਤਾਂ ਦਾ ਵਿਰੋਧ ਕੀਤਾ।

ਆਜ਼ਾਦੀ ਪਿਛੋਂ ਖੁਸ਼ਹੈਸੀਅਤ ਟੈਕਸ ਵਿਰੁਧ ਘੋਲ ਵਿਚ ਕਾਮਰੇਡ ਸੁਰਜੀਤ ਦਾ ਅਹਿਮ ਯੋਗਦਾਨ ਸੀ ਜਿਸ ਨੇ ਪ੍ਰਤਾਪ ਸਿੰਘ ਕੈਰੋਂ ਵਰਗੇ ਮੁੱਖ ਮੰਤਰੀ ਨੂੰ ਵੀ ਝੁਕਾਅ ਦਿੱਤਾ ਸੀ। ਆਪਣੀ ਤੇਜ਼ ਸਮਝ ਤੇ ਸਿਆਣਪ, ਮਾਰਕਸਵਾਦੀ ਸਿਧਾਂਤ ਅਨੁਸਾਰ ਢੁਕਵੇਂ ਦਾਅ-ਪੇਚ ਘੜਨ ਵਿਚ ਮੁਹਾਰਤ ਅਤੇ ਅਣਥੱਕ ਮਿਹਨਤੀ ਹੋਣ ਕਰਕੇ ਉਹ 1954 ਵਿਚ ਕਮਿਊਨਿਸਟ ਪਾਰਟੀ ਦੀ ਪੋਲਿਟ ਬਿਊਰੋ ਦੇ ਮੈਂਬਰ ਬਣ ਗਏ। ਉਹ ਅੰਤ ਤਕ ਪੋਲਿਟ ਬਿਊਰੋ ਮੈਂਬਰ ਤਾਂ ਰਹੇ ਹੀ, ਲੰਮਾ ਸਮਾਂ ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜਨਰਲ ਸਕੱਤਰ ਵੀ ਰਹੇ।

ਪੰਜਾਬੀ ਸੂਬੇ ਦੀ ਲਹਿਰ ਸਮੇਂ ਇਸ ਲਹਿਰ ਨੂੰ ਇਕ ਧਰਮ ਨਾਲ ਜੋੜਨ ਦਾ ਵਿਰੋਧ ਕਰਦਿਆਂ ਸੂਬੇ ਦਾ ਆਧਾਰ ਭਾਸ਼ਾ ਨੂੰ ਹੀ ਬਣਾਉਣ 'ਤੇ ਜ਼ੋਰ ਦਿੱਤਾ ਅਤੇ ਕੇਂਦਰ ਦੀ ਬਦਨੀਤੀ ਕਾਰਨ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਤੋਂ ਬਾਹਰ ਰੱਖਣ ਦਾ ਵਿਰੋਧ ਕੀਤਾ। 1975 ਵਿਚ ਇੰਦਰਾ ਗਾਂਧੀ ਵੱਲੋਂ ਲਾਗੂ ਕੀਤੀ ਐਮਰਜੈਂਸੀ ਦਾ ਪਾਰਟੀ ਸਮੇਤ ਡਟਵਾਂ ਵਿਰੋਧ ਕੀਤਾ।

ਭਾਰਤੀ ਰਾਜਨੀਤੀ ਕਈ ਪੜਾਵਾਂ ਵਿਚੋਂ ਗੁਜ਼ਰਦੀ ਰਹੀ ਹੈ। ਜਦੋਂ ਭਾਜਪਾ ਦੀ ਅਗਵਾਈ ਵਿਚ ਫਿਰਕਾਪ੍ਰਸਤੀ ਨੇ ਸਿਰ ਚੁਕਿਆ ਹੈ, ਇਸ ਦਾ ਟਾਕਰਾ ਕਰਨ ਲਈ ਕਾਮਰੇਡ ਸੁਰਜੀਤ ਨੇ ਸਾਰੀਆਂ ਖੱਬੀਆਂ, ਧਰਮ ਨਿਰਪੱਖ ਤੇ ਜਮਹੂਰੀ ਸ਼ਕਤੀਆਂ ਨੂੰ ਇਕੱਠੇ ਹੋਣ ਦਾ ਹੋਕਾ ਦਿੱਤਾ। ਉਨ੍ਹਾਂ ਦੀ ਇਸ ਗੱਲ 'ਤੇ ਕਈ ਆਗੂਆਂ ਨੇ ਆਲੋਚਨਾ ਵੀ ਕੀਤੀ ਪਰ ਉਹ ਆਪਣੇ ਨਿਸ਼ਚੇ 'ਤੇ ਡਟੇ ਰਹੇ। ਭਾਜਪਾ ਦੀ ਫਿਰਕੂ ਕਾਰਜਸ਼ੈਲੀ ਕਰਕੇ ਛੇਤੀ ਹੀ ਉਨ੍ਹਾਂ ਦੇ ਆਲੋਚਕਾਂ ਦਾ ਭਰਮ ਦੂਰ ਹੋ ਗਿਆ।

ਆਪਣੀ 92 ਸਾਲ ਦੀ ਜ਼ਿੰਦਗੀ ਵਿਚੋਂ 76 ਸਾਲ ਲੋਕਾਂ ਦੇ ਲੇਖੇ ਲਾਉਣ ਵਾਲੇ ਕਾਮਰੇਡ ਸੁਰਜੀਤ ਰਾਜ ਸਭਾ ਦੇ ਮੈਂਬਰ ਵੀ ਰਹੇ। ਉਨ੍ਹਾਂ ਨੂੰ ਪੰਜਾਬ ਵਿਚ 1967 ਵਿਚ ਸਾਂਝੇ ਫਰੰਟ ਦੀ ਸਰਕਾਰ ਦਾ ਸਰਪ੍ਰਸਤ ਬਣਾਇਆ ਗਿਆ। ਉਦੋਂ ਸੀ. ਪੀ. ਆਈ. ਨੇਤਾ ਸਤਪਾਲ ਡਾਂਗ ਖੁਰਾਕ ਤੇ ਸਪਲਾਈ ਮੰਤਰੀ ਸਨ। ਥੋੜ੍ਹਾ ਸਮਾਂ ਚੱਲੀ ਇਸ ਸਰਕਾਰ ਨੇ ਕਿਸਾਨਾਂ ਲਈ ਜੋ ਕਦਮ ਪੁੱਟੇ, ਉਹ ਅੱਜ ਤਕ ਕੋਈ ਵੀ ਸਰਕਾਰ ਨਹੀਂ ਪੁੱਟ ਸਕੀ। ਹਰਿਆਣਾ ਨਾਲ ਪਾਣੀ ਦੇ ਝਗੜੇ ਬਾਰੇ ਕਾਮਰੇਡ ਸੁਰਜੀਤ ਦੇ ਦਖਲ ਨਾਲ ਫੈਸਲਾ ਪੰਜਾਬ ਦੇ ਹੱਕ ਵਿਚ ਹੋ ਗਿਆ ਸੀ ਪਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਬਦਨੀਤੀ ਕਾਰਨ ਫੈਸਲੇ 'ਤੇ ਸਹੀ ਪਾਉਣ ਲਈ ਤਿਆਰ ਕੀਤਾ ਖਰੜਾ ਐਨ ਬਦਲ ਦਿੱਤਾ ਗਿਆ ਜਿਸ ਦਾ ਕਾਮਰੇਡ ਸੁਰਜੀਤ ਨੇ ਸਖਤ ਵਿਰੋਧ ਕੀਤਾ, ਫੈਸਲਾ ਫਿਰ ਅਟਕ ਗਿਆ।

ਪੰਜਾਬ ਵਿਚ ਅਤਿਵਾਦ ਦੇ ਦੌਰ ਵਿਚ ਜਿਥੇ ਉਨ੍ਹਾਂ ਅਤਿਵਾਦੀਆਂ ਤੇ ਦੇਸ਼ ਵਿਰੋਧੀ ਸ਼ਕਤੀਆਂ ਵਿਰੁਧ ਲਾਮਬੰਦੀ ਕੀਤੀ ਤੇ ਬਹੁਤ ਸਾਰੇ ਪਾਰਟੀ ਨੇਤਾਵਾਂ ਨੇ ਸ਼ਹੀਦੀਆਂ ਵੀ ਪਾਈਆਂ, ਉਥੇ ਉਨ੍ਹਾਂ ਕਾਂਗਰਸ ਪਾਰਟੀ ਵਲੋਂ ਪੰਜਾਬ ਨਾਲ ਕੀਤੇ ਜਾ ਰਹੇ ਵਿਤਕਰਿਆਂ ਵਿਰੁਧ ਆਵਾਜ਼ ਉਠਾਈ ਤੇ ਇੰਦਰਾ ਗਾਂਧੀ ਦੀ ਪੰਜਾਬ ਵਿਰੋਧੀ ਨੀਤੀ ਨੂੰ ਲੋਕਾਂ ਵਿਚ ਨੰਗਿਆਂ ਕੀਤਾ। ਇਸ ਬਾਰੇ ਅਖਬਾਰਾਂ ਵਿਚ ਲੇਖ ਲਿਖੇ ਅਤੇ ਕਿਤਾਬਚੇ ਛਪਵਾਏ। 1984 ਵਿਚ ਆਪਰੇਸ਼ਨ ਬਲੂ ਸਟਾਰ ਸਮੇਂ ਦੀਆਂ ਅਖਬਾਰਾਂ ਗਵਾਹ ਹਨ ਕਿ ਜਦ ਬਾਕੀ ਸਿਆਸੀ ਪਾਰਟੀਆਂ ਦੇ ਨੇਤਾ ਚੁੱਪ ਕਰਕੇ ਅੰਦਰੀਂ ਲੁਕੇ ਹੋਏ ਸਨ ਤਾਂ ਕਾਮਰੇਡ ਸੁਰਜੀਤ ਨੇ ਆਪਰੇਸ਼ਨ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਇਸ ਨਾਲ ਅਤਿਵਾਦ ਹੋਰ ਵਧੇਗਾ ਤੇ ਪੰਜਾਬ ਦਾ ਹੋਰ ਨੁਕਸਾਨ ਹੋਵੇਗਾ।

ਪਿਛਲੀ ਸਦੀ ਦੇ ਅੰਤ ਵਿਚ ਜਦੋਂ ਕਾਂਗਰਸ ਦੀ ਸਰਦਾਰੀ ਟੁੱਟ ਗਈ ਤਾਂ ਗਠਜੋੜ ਸਰਕਾਰ ਦੇ ਦੌਰ ਵਿਚ ਉਨ੍ਹਾਂ ਦੀ ਅਹਿਮ ਭੂਮਿਕਾ ਰਹੀ। ਵੀ. ਪੀ. ਸਿੰਘ, ਐਚ. ਡੀ. ਦੇਵਗੌੜਾ, ਇੰਦਰ ਕੁਮਾਰ ਗੁਜਰਾਲ ਤੇ ਡਾ. ਮਨਮੋਹਨ ਸਿੰਘ ਦੀਆਂ ਗਠਜੋੜ ਸਰਕਾਰਾਂ ਬਣਾਉਣ ਤੇ ਸਿਆਸੀ ਸੀਨ ਤੋਂ ਭਾਜਪਾ ਨੂੰ ਨਿਖੇੜਨ ਵਿਚ ਉਨ੍ਹਾਂ ਦੀ ਦੇਣ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਉਹ ਜਿਥੇ ਚੰਗੇ ਬੁਲਾਰੇ, ਲੇਖਕ, ਆਪਣੀ ਗੱਲ ਕਹਿਣ ਵਿਚ ਨਿਧੜਕ ਅਤੇ ਪੁਸਤਕਾਂ ਪੜ੍ਹਨ ਵਿਚ ਰੁਚੀ ਰੱਖਣ ਵਾਲੇ ਸਨ, ਉਥੇ ਅੰਤ ਤਕ ਲੋਕ ਹਿੱਤ, ਕੌਮਪ੍ਰਸਤੀ, ਧਰਮ ਨਿਰਪੱਖਤਾ, ਸਮਾਜਵਾਦ, ਲੋਕ ਜਮਹੂਰੀ ਅਤੇ ਮਜ਼ਦੂਰ ਕੌਮਾਂਤਰੀਵਾਦ 'ਤੇ ਪਹਿਰਾ ਦਿੰਦੇ ਰਹੇ। ਉਨ੍ਹਾਂ ਦੀ 10ਵੀਂ ਸਾਲਾਨਾ ਬਰਸੀ ਪਹਿਲੀ ਅਗਸਤ ਨੂੰ ਮਨਾਈ ਜਾ ਰਹੀ ਹੈ।

# ਬੱਬਰ ਆਤਮਾ ਸਿੰਘ ਬੀਕਾ

ਬੱਬਰ ਆਤਮਾ ਸਿੰਘ ਬੀਕਾ ਦਾ ਜਨਮ ਪਿੰਡ ਬੀਕਾ (ਬਲਾਕ ਬੰਗਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ) 'ਚ ਮਇਆ ਸਿੰਘ ਸੰਧੂ ਦੇ ਘਰ ਹੋਇਆ। ਇਸ ਪਿੰਡ ਦੀ ਹੱਦ ਬਸਤ ਨੰਬਰ 72 ਅਤੇ ਰਕਬਾ 128 ਹੈਕਟੇਅਰ ਹੈ। ਇਹ ਮੁਕੰਦਪੁਰ ਫਗਵਾੜਾ ਸੜਕ ਤੋਂ ਦੋ ਕਿਲੋਮੀਟਰ ਅਤੇ ਬਹਿਰਾਮ ਰੇਲਵੇ ਸਟੇਸ਼ਨ ਤੋਂ ਚਾਰ ਕਿਲੋਮੀਟਰ ਦੂਰ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਤਾ ਪਾਸ ਕਰ ਕੇ ਸਾਰੇ ਅੰਮ੍ਰਿਤਧਾਰੀ ਸਿੰਘਾਂ ਨੂੰ ਹਦਾਇਤ ਕੀਤੀ ਸੀ ਕਿ ਆਪਣੇ ਨਾਂਵਾਂ ਨਾਲ ਗੋਤ

**ਵਾਸਦੇਵ ਸਿੰਘ ਪਰਹਾਰ**
ਫੋਨ: 206-434-1155

ਨਾ ਲਿਖਣ ਜਿਸ ਤੋਂ ਉਨ੍ਹਾਂ ਦੀ ਜਾਤ ਪਛਾਣੀ ਜਾ ਸਕੇ। ਇਸੇ ਕਰ ਕੇ ਪ੍ਰਤਾਪ ਸਿੰਘ ਆਪਣੇ ਨਾਂ ਪਿਛੇ ਢਿੱਲੋਂ ਦੀ ਥਾਂ ਕੈਰੋਂ, ਜੀਵਨ ਸਿੰਘ ਧਾਲੀਵਾਲ ਦੀ ਥਾਂ ਉਮਰਾਨੰਗਲ ਤੇ ਸੋਹਣ ਸਿੰਘ ਤੂੜ ਦੀ ਥਾਂ ਨਾਗੋਕੇ ਲਿਖਣ ਲੱਗ ਪਏ ਸਨ। ਇਸੇ ਤਰ੍ਹਾਂ ਬੱਬਰ ਆਤਮਾ ਸਿੰਘ ਅੰਮ੍ਰਿਤ ਛਕਣ ਪਿਛੋਂ ਆਪਣੇ ਨਾਂ ਪਿਛੇ ਸੰਧੂ ਦੀ ਥਾਂ ਬੀਕਾ ਲਿਖਦੇ ਸਨ।

ਹੁਸ਼ਿਆਰ ਸਿੰਘ ਦੁਲੇਹ ਨੇ ਆਪਣੀ ਕਿਤਾਬ 'ਜੱਟਾਂ ਦਾ ਇਤਿਹਾਸ' ਵਿਚ ਲਿਖਿਆ ਹੈ: ਸੰਧੂ ਜੱਟ ਸੂਰਜ ਬੰਸੀ ਰਾਜਪੂਤਾਂ ਵਿਚੋਂ ਹਨ। ਸਿੱਧੂ ਬਰਾੜਾਂ ਤੋਂ ਬਾਅਦ ਪੰਜਾਬ ਵਿਚ ਵੱਡੀ ਗਿਣਤੀ ਇਸੇ ਗੋਤ ਦੀ ਹੈ। ਇਨ੍ਹਾਂ ਦੇ ਸਰਹਾਲੀ ਖੇਤਰ (ਮਾਝਾ) ਵਿਚ 22 ਪਿੰਡ ਹਨ। ਸਾਰੇ ਹੀ ਪੰਜਾਬ ਵਿਚ ਇਹ ਮਿਲਦੇ ਹਨ ਤੇ ਨਿਧੜਕ ਲੜਾਕੇ ਹਨ। ਇਸ ਮਾਮਲੇ ਵਿਚ ਵਿਰਕਾਂ ਅਤੇ ਬਾਜਵਿਆਂ ਤੋਂ ਬਾਅਦ ਇਨ੍ਹਾਂ ਦਾ ਨੰਬਰ ਆਉਂਦਾ ਹੈ। ਆਪਣੇ ਇਸੇ ਗੁਣ ਕਰ ਕੇ ਪੰਜਾਬ ਦੀਆਂ 12 ਮਿਸਲਾਂ ਵਿਚੋਂ ਚਾਰ ਮਿਸਲਾਂ ਕੇਵਲ ਸੰਧੂਆਂ ਦੀਆਂ ਸਨ। ਗੁਰੂ ਨਾਨਕ ਜੀ ਦਾ ਪ੍ਰਸਿਧ ਸਿੱਖ ਭਾਈ ਬਾਲਾ, ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਰਹੇ ਜਾਟ ਚੌਧਰੀ ਚਰਨ ਸਿੰਘ ਵੀ ਸੰਧੂ ਗੋਤ ਦੇ ਸਨ। ਫਰੀਦਕੋਟ ਦੇ ਇਲਾਕੇ ਵਿਚ ਪਿੰਡ ਮਰਾਲਾ ਵਿਚ ਸੰਧੂਆਂ ਦਾ ਭਾਰੀ ਮੇਲਾ ਲੱਗਦਾ ਹੈ। ਸੰਧੂ ਆਪਣੇ ਪੁੱਤਰ ਦੇ ਵਿਆਹ ਸਮੇਂ ਬਾਲੇ ਕਾਲੇ ਮਾਹਿਰ ਦੀ ਸਮਾਧ 'ਤੇ ਚੜ੍ਹਾਵਾ ਚੜ੍ਹਾਉਂਦੇ ਹਨ। ਇਹ ਸਾਰਾ ਚੜ੍ਹਾਵਾ ਸੰਧੂਆਂ ਦੇ ਮਰਾਸੀ ਨੂੰ ਦਿੱਤਾ ਜਾਂਦਾ ਹੈ। ਬ੍ਰਾਹਮਣ ਨੂੰ ਇਸ ਕਰ ਕੇ ਨਹੀਂ ਦਿੱਤਾ ਜਾਂਦਾ ਕਿਉਂਕਿ ਉਨ੍ਹਾਂ ਦੇ ਮੋਢੀ ਬਾਬਾ ਮਾਹਿਰ ਨੂੰ ਕਿਸੇ ਬ੍ਰਾਹਮਣ ਰਸੋਈਏ ਨੇ ਭੱਠੀਆਂ ਦੇ ਕਹਿਣ 'ਤੇ ਖਾਣੇ ਵਿਚ ਜ਼ਹਿਰ ਦੇ ਕੇ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਮਰਾਸੀਆਂ ਨੂੰ ਸੰਧੂਆਂ ਦੀਆਂ ਬੰਸਾਵਲੀਆਂ ਜ਼ਬਾਨੀ ਯਾਦ ਹਨ। ਸਿੱਖ ਰਾਜ ਕਾਲ ਵਿਚ ਸੰਧੂਆਂ ਦੀ ਰਾਜਸੀ ਸੱਤਾ ਸਿਖਰ 'ਤੇ ਸੀ। ਇਨ੍ਹਾਂ ਦੇ ਸਿੱਖ ਜੱਟਾਂ ਦਾ ਦਰਜਾ ਰਾਜਪੂਤਾਂ ਅਤੇ ਖੱਤਰੀਆਂ ਤੋਂ ਵੀ ਉਚਾ ਹੋ ਗਿਆ।

ਆਤਮਾ ਸਿੰਘ ਬੱਬਰਾਂ ਦੇ ਜਥੇ ਵਿਚ ਬੜੇ ਚਾਅ ਨਾਲ ਸ਼ਾਮਿਲ ਹੋਇਆ। ਉਹ ਆਪਣੀ ਲਿਆਕਤ ਅਤੇ ਲਗਨ ਨਾਲ ਬੱਬਰ ਕਰਮ ਸਿੰਘ ਦੌਲਤਪੁਰ, ਬੱਬਰ ਕਿਸ਼ਨ ਸਿੰਘ ਗੜਗੱਜ, ਮਾਸਟਰ ਦਲੀਪ ਸਿੰਘ ਗੋਸਲ ਅਤੇ ਚੋਟੀ ਦੇ ਹੋਰ ਬੱਬਰਾਂ ਦੀਆਂ ਨਜ਼ਰਾਂ ਵਿਚ ਆ ਗਿਆ। ਉਹ ਬੱਬਰ ਅਕਾਲੀ ਦੁਆਬਾ ਅਖਬਾਰ ਵੰਡਣ ਦਾ ਕੰਮ ਦਿਨ ਰਾਤ ਇਕ ਕਰ ਕੇ ਕਰਦਾ ਸੀ। ਉਹ ਸੰਤ ਕਰਤਾਰ ਸਿੰਘ ਦੀ ਕੁਟੀਆ ਵਿਚ ਅਖਬਾਰਾਂ ਪਹੁੰਚਾਉਣ ਵੀ ਜਾਂਦਾ ਹੁੰਦਾ ਸੀ ਜੋ ਬਾਅਦ ਵਿਚ ਵਾਅਦਾ ਮੁਆਫ ਗਵਾਹ ਬਣ ਗਿਆ। ਇਸ ਸੰਤ ਨੇ ਉਸ ਖਿਲਾਫ ਆਪਣੀ ਗਵਾਹੀ ਵਿਚ ਇਹੋ ਆਖਿਆ ਕਿ ਬੱਬਰ ਆਤਮਾ ਸਿੰਘ ਨੇ ਛੇ ਕੁ ਮਹੀਨੇ 45ਵੀਂ ਸਿੱਖ ਰੈਜੀਮੈਂਟ ਵਿਚ ਨੌਕਰੀ ਕੀਤੀ ਪਰ ਅੱਖ ਵਿਚ ਕੁਝ ਨੁਕਸ ਹੋਣ ਤੋਂ ਬਾਅਦ ਉਹ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ। ਜਿਥੇ ਕਿਤੇ ਵੀ ਬੱਬਰ ਅਕਾਲੀਆਂ ਦਾ ਦੀਵਾਨ ਲਗਦਾ, ਉਹ ਜ਼ਰੂਰ ਹੁੰਦਾ ਅਤੇ ਆਪਣੇ ਨਾਲ ਹੋਰ ਲੋਕਾਂ ਨੂੰ ਵੀ ਇਕੱਠੇ ਕਰ ਕੇ ਦੀਵਾਨਾਂ ਦੀ ਰੌਣਕ ਵਧਾਉਂਦਾ। ਇਨ੍ਹਾਂ ਦੀਵਾਨਾਂ ਵਿਚ ਉਹ ਸਟੇਜ ਤੋਂ ਦੇਸ਼ ਪਿਆਰ ਅਤੇ ਅੰਗਰੇਜ਼ ਸਰਕਾਰ ਦੀਆਂ ਵਧੀਕੀਆਂ ਦਾ ਜ਼ਿਕਰ ਕਰਦਾ। ਉਹ ਹਰ ਸਾਲ ਹੋਲੇ ਮਹੱਲੇ 'ਤੇ ਲੰਗਰ ਲਾਉਂਦਾ ਅਤੇ ਹੱਥੀਂ ਸੇਵਾ ਕਰਦਾ। ਉਸ ਨੇ ਮੇਲੇ 'ਤੇ 38 ਰੁਪਏ ਇਕੱਠੇ ਕਰ ਕੇ ਬੱਬਰ ਹਰੀ ਸਿੰਘ ਜਲੰਧਰੀ ਨੂੰ ਬੱਬਰ ਲਹਿਰ ਲਈ ਦਿੱਤੇ। ਇਹ ਰਕਮ ਉਸ ਵੇਲੇ ਕਾਫੀ ਸਮਝੀ ਜਾਂਦੀ ਸੀ।

ਬੱਬਰ ਨੂੰ ਗ੍ਰਿਫਤਾਰ ਕਰ ਕੇ ਪੁਲਿਸ ਨੇ ਤਿੰਨ ਮਹੀਨੇ ਥਾਣਾ ਬੰਗਾ ਵਿਚ ਰੱਖਿਆ। ਬਹੁਤ ਤਸੀਹੇ ਦਿੱਤੇ ਗਏ। ਉਸ ਨੇ ਆਪਣੇ ਬਿਆਨਾਂ ਵਿਚ ਤਿੰਨ ਸਿਪਾਹੀਆਂ ਗਿਆਨ ਸਿੰਘ, ਚੰਦਾ ਸਿੰਘ ਅਤੇ ਨੱਥਾ ਸਿੰਘ ਦਾ ਜ਼ਿਕਰ ਕੀਤਾ ਕਿ ਇਨ੍ਹਾਂ ਨੇ ਉਸ ਨੂੰ ਬਿਨਾ ਕਾਰਨ ਬਹੁਤ ਤੰਗ ਕੀਤਾ। ਉਸ ਮੁਤਾਬਕ, ਖਾਨ ਬਹਾਦਰ ਮੀਰ ਫਜ਼ਲ ਇਮਾਮ (ਡੀ. ਐਸ. ਪੀ.-ਸੀ. ਆਈ. ਡੀ.) ਨੇ ਪੁੱਛਗਿੱਛ ਦੌਰਾਨ ਉਸ ਦੇ ਨੱਕ 'ਤੇ ਡੰਡਾ ਮਾਰਿਆ, ਜਿਸ ਕਾਰਨ ਨੱਕ 'ਚੋਂ ਖੂਨ ਵਹਿ ਨਿਕਲਿਆ। ਇਹੀ ਨਹੀਂ, ਡੀ. ਐਸ. ਪੀ. ਨੇ ਉਸ ਕੋਲੋਂ ਕੁਝ ਕੋਰੇ ਕਾਗਜ਼ਾਂ 'ਤੇ ਦਸਤਖਤ ਇਹ ਕਹਿ ਕੇ ਕਰਵਾਏ ਕਿ ਇਹ ਰਿਹਾਈ ਦੇ ਕਾਗਜ਼ ਹਨ। ਇਉਂ ਉਸ ਨਾਲ ਧੋਖਾ ਕੀਤਾ ਗਿਆ ਅਤੇ ਉਸ ਨੂੰ ਰਿਹਾ ਨਹੀਂ ਕੀਤਾ ਗਿਆ।

ਐਡੀਸ਼ਨਲ ਸੈਸ਼ਨ ਜੱਜ ਲੁਈਸ ਏ. ਬੁਲ ਨੇ ਫੈਸਲੇ ਵਿਚ ਲਿਖਿਆ ਕਿ ਆਤਮਾ ਸਿੰਘ ਵਿਰੁਧ ਗਵਾਹੀਆਂ ਤੋਂ ਸਾਬਤ ਹੁੰਦਾ ਹੈ ਕਿ ਉਹ ਬੱਬਰ ਅਕਾਲੀ ਸਾਜ਼ਿਸ਼ ਵਿਚ ਸ਼ਾਮਲ ਚੋਟੀ ਦੇ ਬੱਬਰਾਂ ਦਾ ਨੇੜਲਾ ਸਾਥੀ ਸੀ ਅਤੇ ਲੋਕਾਂ ਨੂੰ ਅੰਗਰੇਜ਼ ਸਰਕਾਰ ਵਿਰੁਧ ਬਗਾਵਤ ਕਰਾਉਣ ਵਿਚ ਉਸ ਨੇ ਪੂਰਾ ਹਿੱਸਾ ਪਾਇਆ ਹੈ। ਇਸ ਲਈ ਉਹ ਇੰਡੀਅਨ ਪੀਨਲ ਕੋਡ ਦੇ ਸੈਕਸ਼ਨ 120 ਬੀ/109 ਅਧੀਨ ਦੋਸ਼ੀ ਹੈ। ਉਹ ਕਤਲਾਂ ਅਤੇ ਹੋਰ ਅਪਰਾਧਾਂ ਦਾ ਦੋਸ਼ੀ ਹੈ, ਜਿਸ ਕਰ ਕੇ ਉਸ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਜਾਂਦੀ ਹੈ।

ਹੈ ਨਾ ਨ੍ਹੇਰ ਸਾਈਂ ਦਾ! ਨਾ ਕੋਈ ਕਤਲ ਕੀਤਾ, ਨਾ ਕੋਈ ਡਾਕਾ ਮਾਰਿਆ, ਨਾ ਹੀ ਕਿਸੇ ਨੂੰ ਇਹ ਕਰਨ ਲਈ ਉਕਸਾਇਆ। ਹੁਕਮਰਾਨ ਵਿਦੇਸ਼ੀ ਸਰਕਾਰ ਦਾ ਆਪਣੇ ਗੁਲਾਮ ਲੋਕਾਂ 'ਤੇ ਇੰਨਾ ਜ਼ੁਲਮ ਕਿ ਸਰਕਾਰ ਵਿਰੁਧ ਕਵਿਤਾਵਾਂ ਪੜ੍ਹਨ ਅਤੇ ਦੇਸ਼ ਪ੍ਰੇਮੀ ਬੱਬਰਾਂ ਨਾਲ ਨੇੜਤਾ ਰੱਖਣ ਦੀ ਸਜ਼ਾ ਉਮਰ ਕੈਦ।

# ਰੁੱਝੇ ਹੋਏ ਬਰੋਕਰ ਦਾ ਰੁਮਾਂਸ

**ਅੰਗਰੇਜ਼ੀ ਕਹਾਣੀ**

*ਮਸ਼ਹੂਰ ਅਮਰੀਕੀ ਲਿਖਾਰੀ ਓ ਹੈਨਰੀ (11 ਸਤੰਬਰ 1862-5 ਜੂਨ 1910) ਦਾ ਅਸਲ ਨਾਂ ਵਿਲੀਅਮ ਸਿਡਨੀ ਪੋਰਟਰ ਸੀ। ਕਹਾਣੀ ਜਗਤ ਵਿਚ ਉਸ ਦਾ ਨਾਂ ਬੜੇ ਮਾਣ ਨਾਲ ਲਿਆ ਜਾਂਦਾ ਹੈ। ਉਸ ਦੀਆਂ ਕਹਾਣੀਆਂ ਦਾ ਵਿਸ਼ੇਸ਼ ਪੱਖ ਕਹਾਣੀ ਦਾ ਹੈਰਾਨੀਜਨਕ ਅੰਤ ਹੈ। 'ਰੁੱਝੇ ਹੋਏ ਬਰੋਕਰ ਦਾ ਰੁਮਾਂਸ' ਵੀ ਇਸੇ ਰੰਗ ਦੀ ਕਹਾਣੀ ਹੈ ਜਿਸ ਵਿਚ ਮਸ਼ੀਨ ਹੋ ਗਏ ਬੰਦੇ ਦੀ ਕਥਾ ਬੜੇ ਖੂਬਸੂਰਤ ਅੰਦਾਜ਼ ਵਿਚ ਬਿਆਨ ਕੀਤੀ ਗਈ ਹੈ। -ਸੰਪਾਦਕ*



**ਓ. ਹੈਨਰੀ**

**ਪੰਜਾਬੀ ਤਰਜਮਾ: ਬਲਰਾਜ ਧਾਰੀਵਾਲ**

ਹਾਰਵੇ ਮੈਕਸਵੈੱਲ ਸ਼ੇਅਰ ਬਾਜ਼ਾਰ ਦਾ ਦਲਾਲ ਸੀ, ਤੇ ਉਸ ਦਾ ਚਿਹਰਾ ਅਕਸਰ ਭਾਵਹੀਣ ਰਹਿੰਦਾ ਸੀ, ਅੱਜ ਜਦੋਂ ਸਾਢੇ ਨੌਂ ਵਜੇ ਆਪਣੀ ਖੂਬਸੂਰਤ ਸਟੈਨੋਗ੍ਰਾਫਰ ਨਾਲ ਕੰਪਨੀ 'ਚ ਬੜੀ ਫੁਰਤੀ ਨਾਲ ਦਾਖਲ ਹੋਇਆ ਤਾਂ ਉਸ ਦੇ ਕਲਰਕ ਪਿੱਚਰ ਨੇ ਕੁਝ ਹੈਰਾਨੀ ਭਰੀ ਦਿਲਚਸਪੀ ਨਾਲ ਦੇਖਿਆ। ਉਸ ਨੇ ਪਿੱਚਰ ਨੂੰ ਬੜੇ ਚੁਸਤ ਅੰਦਾਜ਼ ਵਿਚ 'ਗੁੱਡ ਮੌਰਨਿੰਗ' ਆਖੀ ਅਤੇ ਬੜੇ ਜੋਸ਼ ਨਾਲ ਆਪਣੇ ਡੈਸਕ ਵੱਲ ਇੰਜ ਗਿਆ ਜਿਵੇਂ ਉਥੇ ਤਕ ਦੌੜ ਕੇ ਜਾਣਾ ਚਾਹੁੰਦਾ ਹੋਵੇ। ਫਿਰ ਉਹ ਚਿੱਠੀਆਂ ਤੇ ਟੈਲੀਗ੍ਰਾਮਾਂ ਦੇ ਢੇਰ 'ਚ ਖੁੱਭ ਗਿਆ ਜੋ ਉਸੇ ਦੀ ਉਡੀਕ ਵਿਚ ਸਨ।

ਉਸ ਦੇ ਨਾਲ ਵਾਲੀ ਖੂਬਸੂਰਤ ਔਰਤ ਇਕ ਸਾਲ ਤੋਂ ਉਸ ਦੀ ਸਟੈਨੋਗ੍ਰਾਫਰ ਦੇ ਤੌਰ 'ਤੇ ਕੰਮ ਕਰ ਰਹੀ ਸੀ। ਉਹ ਨਿਰਸੰਦੇਹ ਬਹੁਤ ਸੁਹਣੀ ਸੀ। ਦੇਖਣ 'ਚ ਦੂਜੀਆਂ ਸਟੈਨੋਗ੍ਰਾਫਰਾਂ ਵਰਗੀ ਨਹੀਂ ਸੀ ਲੱਗਦੀ। ਉਹ ਵਾਲਾਂ ਦੇ ਦਿਲਕਸ਼ ਸਟਾਈਲ ਬਣਾਉਣ ਦੀ ਤੜਕ-ਭੜਕ ਤੋਂ ਦੂਰ ਸੀ। ਉਹ ਚੇਨ, ਗਜਰਾ ਤੇ ਨਾ ਹੀ ਕਦੇ ਕੋਈ ਲਾਕੇਟ ਹੀ ਪਾਉਂਦੀ ਸੀ ਅਤੇ ਨਾ ਹੀ ਕਿਸੇ ਵੱਲੋਂ ਖਾਣੇ ਦੇ ਸੱਦੇ ਦੀ ਝਾਕ ਰੱਖਦੀ ਸੀ। ਉਸ ਦਾ ਫਿੱਕਾ, ਸਾਦ ਮੁਰਾਦਾ ਪਹਿਰਾਵਾ ਉਸ ਦੇ ਸਰੀਰ 'ਤੇ ਬਹੁਤ ਫੱਬਦਾ ਸੀ ਅਤੇ ਉਸ ਦੇ ਸਲੀਕੇ ਵੱਲ ਧਿਆਨ ਖਿੱਚਦਾ ਸੀ। ਉਸ ਦੀ ਸਾਫ, ਕਾਲੇ ਰੰਗ ਦੀ ਪਗੜੀ ਵਰਗੀ ਟੋਪੀ 'ਤੇ ਦੱਖਣੀ ਅਮਰੀਕਾ ਦੇ ਤੋਤੇ ਦਾ ਸੁਨਹਿਰੀ ਤੇ ਹਰੇ ਰੰਗ ਦਾ ਖੰਭ ਟੰਗਿਆ ਹੋਇਆ ਸੀ। ਅੱਜ ਉਹ ਥੋੜ੍ਹਾ ਸੰਗਦੀ ਸੰਗਦੀ ਇੰਜ ਜਾਪ ਰਹੀ ਸੀ ਜਿਵੇਂ ਕਿਸੇ ਅਲੌਕਿਕ ਹੁਸਨ ਦੀ ਮਲਿਕਾ ਹੋਵੇ। ਉਸ ਦੀਆਂ ਲਿਸ਼ਕਦੀਆਂ ਅੱਖਾਂ ਸੁਪਨਮਈ ਜਾਪ ਰਹੀਆਂ ਸਨ ਅਤੇ ਉਸ ਦੀਆਂ ਹਲਕੇ ਗੁਲਾਬੀ ਰੰਗ ਦੀਆਂ ਮੁਲਾਇਮ ਗੱਲ੍ਹਾਂ ਪੂਰੀ ਤਰ੍ਹਾਂ ਚਮਕ ਰਹੀਆਂ ਸਨ। ਉਸ ਦੇ ਚਿਹਰੇ ਦੇ ਭਾਵਾਂ ਤੋਂ ਇੰਜ ਜਾਪਦਾ ਸੀ ਜਿਵੇਂ ਉਹ ਆਪਣੀ ਹੀ ਕੋਈ ਬੀਤੇ ਸਮੇਂ ਦੀ ਗੱਲ ਯਾਦ ਕਰ ਕੇ ਖੁਸ਼ ਹੋ ਰਹੀ ਹੋਵੇ।

ਪਿੱਚਰ ਨੂੰ ਅੱਜ ਸਟੈਨੋਗ੍ਰਾਫਰ ਦੇ ਤੌਰ ਤਰੀਕਿਆਂ 'ਚ ਫਰਕ ਨਜ਼ਰ ਆ ਰਿਹਾ ਸੀ ਅਤੇ ਉਹ ਉਸ ਬਾਰੇ ਕੁਝ ਹੋਰ ਜਾਣਨ ਲਈ ਉਤਸੁਕ ਸੀ। ਸਟੈਨੋਗ੍ਰਾਫਰ ਨਾਲ ਵਾਲੇ ਕਮਰੇ, ਜਿਥੇ ਉਸ ਦੀ ਸੀਟ ਹੁੰਦੀ ਸੀ, ਵਿਚ ਜਾਣ ਦੀ ਥਾਂ ਬਾਹਰ ਵਾਲੇ ਦਫਤਰ 'ਚ ਕੁਝ ਚਿਰ ਲਈ ਰੁਕ ਗਈ। ਇਕ ਵਾਰੀ ਤਾਂ ਉਹ ਮੈਕਸਵੈੱਲ ਦੇ ਡੈਸਕ ਦੇ ਵੀ ਕਾਫੀ ਨੇੜੇ ਚਲੀ ਗਈ ਤਾਂ ਕਿ ਉਸ ਨੂੰ ਉਸ ਦੇ ਆਉਣ ਦਾ ਅਹਿਸਾਸ ਹੋ ਜਾਏ।

ਪਰ ਹੁਣ ਉਥੇ ਡੈਸਕ ਉਪਰ ਕੋਈ ਆਦਮੀ ਨਹੀਂ ਸਗੋਂ ਮਸ਼ੀਨ ਰੂਪੀ ਬੰਦਾ ਬੈਠਾ ਹੋਇਆ ਜਾਪ ਰਿਹਾ ਸੀ ਜੋ ਨਿਊ ਯਾਰਕ ਦੇ ਬਹੁਤ ਹੀ ਰੁਝੇਵਿਆਂ ਭਰੇ ਬਾਜ਼ਾਰ ਦਾ ਦਲਾਲ ਸੀ ਤੇ ਉਹ ਬਿਜਲੀ ਦੀ ਤੇਜ਼ੀ ਵਾਂਗ ਆਪਣਾ ਕੰਮ ਕਰ ਰਿਹਾ ਸੀ।

"ਹਾਂ... ਕੀ ਗੱਲ ਹੈ? ਕੀ ਕੁਝ ਚਾਹੀਦਾ ਹੈ?" ਮੈਕਸਵੈੱਲ ਨੇ ਉਥੇ ਖੜ੍ਹੀ ਸਟੈਨੋਗ੍ਰਾਫਰ ਨੂੰ ਬੜੀ ਕਾਹਲੀ ਨਾਲ ਪੁੱਛਿਆ। ਮੈਕਸਵੈੱਲ ਦੀ ਸਾਰੀ ਡਾਕ ਖੁੱਲ੍ਹੀ ਹੋਈ ਸੀ ਅਤੇ ਡੈਸਕ ਉਪਰ ਚਿੱਠੀਆਂ ਤੇ ਟੈਲੀਗ੍ਰਾਮਾਂ ਦਾ ਢੇਰ ਲੱਗਾ ਹੋਇਆ ਸੀ। ਉਸ ਨੇ ਆਪਣੀਆਂ ਤਿੱਖੀਆਂ, ਭੂਰੀਆਂ ਅੱਖਾਂ ਨਾਲ ਓਪਰਾ, ਰੁੱਖਾ ਜਿਹਾ, ਕਾਹਲੀ ਤੇ ਕੁਝ ਬੇਸਬਰੀ ਨਾਲ ਸਟੈਨੋਗ੍ਰਾਫਰ ਵੱਲ ਤੱਕਿਆ।

"ਕੁਝ ਨਹੀਂ।" ਸਟੈਨੋਗ੍ਰਾਫਰ ਨੇ ਕਿਹਾ ਤੇ ਥੋੜ੍ਹਾ ਜਿਹਾ ਮੁਸਕਰਾ ਕੇ ਉਥੋਂ ਚੱਲ ਪਈ।

ਸਟੈਨੋਗ੍ਰਾਫਰ ਨੇ ਕਲਰਕ ਨੂੰ ਪੁੱਛਿਆ, "ਮਿਸਟਰ ਪਿੱਚਰ, ਮਿਸਟਰ ਮੈਕਸਵੈੱਲ ਨੇ ਨਵੀਂ ਸਟੈਨੋਗ੍ਰਾਫਰ ਰੱਖਣ ਲਈ ਕਿਹਾ ਹੈ?"

ਪਿੱਚਰ ਨੇ ਜੁਆਬ ਦਿੱਤਾ, "ਹਾਂ, ਉਸ ਨੇ ਮੈਨੂੰ ਨਵੀਂ ਸਟੈਨੋਗ੍ਰਾਫਰ ਰੱਖਣ ਲਈ ਕਿਹਾ ਸੀ। ਮੈਂ ਕੱਲ੍ਹ ਏਜੰਸੀ ਵਾਲਿਆਂ ਨੂੰ ਕਹਿ ਦਿੱਤਾ ਸੀ ਕਿ ਉਹ ਅੱਜ ਸਵੇਰੇ ਕੁਝ ਉਮੀਦਵਾਰ ਸਾਡੇ ਦਫਤਰ 'ਚ ਭੇਜਣ। ਹੁਣ ਪੌਣੇ ਦਸ ਵੱਜ ਚੁੱਕੇ ਹਨ, ਪਰ ਹਾਲੇ ਤਕ ਕੋਈ ਵੀ ਨਹੀਂ ਪਹੁੰਚਿਆ।"

"ਚਲੋ ਠੀਕ ਹੈ, ਜਦੋਂ ਤਕ ਕੋਈ ਮੇਰੀ ਥਾਂ 'ਤੇ ਆ ਨਹੀਂ ਜਾਂਦੀ, ਮੈਂ ਉਦੋਂ ਤਕ ਆਪਣਾ ਕੰਮ ਪਹਿਲਾਂ ਵਾਂਗ ਹੀ ਕਰਦੀ ਰਹਾਂਗੀ।" ਉਹ ਇਹ ਕਹਿ ਕੇ ਕਾਹਲੀ ਨਾਲ ਆਪਣੇ ਡੈਸਕ 'ਤੇ ਆ ਗਈ। ਉਸ ਨੇ ਆਪਣੀ ਕਾਲੇ ਰੰਗ ਦੀ ਪੱਗ ਵਰਗੀ ਟੋਪੀ, ਜਿਸ 'ਤੇ ਦੱਖਣੀ ਅਮਰੀਕਾ ਦੇ ਖਾਸ ਕਿਸਮ ਦੇ ਤੋਤੇ ਦਾ ਖੰਭ ਲੱਗਾ ਹੋਇਆ ਸੀ, ਨੂੰ ਇਸ ਦੀ ਮਿੱਥੀ ਹੋਈ ਥਾਂ 'ਤੇ ਟੰਗ ਦਿੱਤਾ।

ਜੇ ਕੋਈ ਬੰਦਾ ਮੈਨਹੱਟਨ (ਨਿਊ ਯਾਰਕ ਦਾ ਟਾਪੂ ਜੋ ਐਕਸਚੇਂਜ ਦੀਆਂ ਸਰਗਰਮੀਆਂ ਤੇ ਮਨਪ੍ਰਚਾਵੇ ਦੇ ਹੋਰ ਸਾਧਨਾਂ ਲਈ ਮਸ਼ਹੂਰ ਹੈ) ਦੇ ਸ਼ੇਅਰ ਬਾਜ਼ਾਰ ਦੇ ਦਲਾਲ ਦੇ ਰੁਝੇਵਿਆਂ ਭਰੇ ਕੰਮਾਂ ਨੂੰ ਦੇਖਣ ਤੋਂ ਟਾਲਾ ਵੱਟਦਾ ਹੈ ਤਾਂ ਉਹ ਮਾਨਵ ਜਾਤੀ ਦੇ ਵਿਗਿਆਨ ਦੇ ਪੇਸ਼ੇ ਵਾਸਤੇ ਯੋਗ ਨਹੀਂ ਹੋ ਸਕਦਾ। ਕਵੀ 'ਖੂਬਸੂਰਤ ਜ਼ਿੰਦਗੀ ਦੀ ਨੱਠ ਭੱਜ' ਦੇ ਇਕ ਘੰਟੇ ਬਾਰੇ ਕਵਿਤਾਵਾਂ ਲਿਖਦੇ ਹਨ ਜਾਂ ਬੋਲਦੇ ਹਨ, ਪਰ ਸ਼ੇਅਰ ਬਾਜ਼ਾਰ ਦੇ ਦਲਾਲ ਦੀ ਜ਼ਿੰਦਗੀ ਦਾ ਸਿਰਫ ਇਕ ਘੰਟਾ ਹੀ ਨੱਠ ਭੱਜ ਵਾਲਾ ਨਹੀਂ ਸਗੋਂ ਉਸ ਦੇ ਸਾਰੇ ਮਿੰਟ ਤੇ ਸਕਿੰਟ ਵੀ ਉਸ ਦੀ ਜ਼ਿੰਦਗੀ ਰੂਪੀ ਸਟੇਜ ਦੇ ਅਗਲੇ ਪਿਛਲੇ ਹਿੱਸਿਆਂ ਨਾਲ ਲਟਕੇ ਤੇ ਭਰੇ ਪਏ ਹੁੰਦੇ ਹਨ, ਭਾਵ ਇਹ ਹੈ ਕਿ ਉਸ ਨੂੰ ਇਕ ਪਲ ਦੀ ਵੀ ਵਿਹਲ ਨਹੀਂ ਹੁੰਦੀ।

ਅੱਜ ਮੈਕਸਵੈੱਲ ਦਾ ਦਿਨ ਬਹੁਤ ਰੁਝੇਵਿਆਂ ਭਰਿਆ ਸੀ। ਪ੍ਰਿੰਟਿੰਗ ਮਸ਼ੀਨ ਚੱਲਣ ਦੇ ਸ਼ੋਰ ਦੌਰਾਨ ਰਿਬਨਾਂ ਵਰਗੇ ਬਹੁਤ ਸਾਰੇ ਕਾਗਜ਼, ਜਿਨ੍ਹਾਂ 'ਤੇ ਸ਼ੇਅਰ ਬਾਜ਼ਾਰ ਨਾਲ ਸਬੰਧਿਤ ਜਾਣਕਾਰੀ ਦਰਜ ਸੀ, ਬਾਹਰ ਆ ਰਹੇ ਸਨ। ਡੈਸਕ 'ਤੇ ਪਏ ਟੈਲੀਫੋਨ 'ਤੇ ਵਾਰ ਵਾਰ ਉਹੀ ਪੁਰਾਣੀ ਟਰਨ ਟਰਨ ਦੀ ਆਵਾਜ਼ ਆ ਰਹੀ ਸੀ। ਦਫਤਰ 'ਚ ਲੋਕਾਂ ਦੀ ਭੀੜ ਜਮਾ ਹੋ ਗਈ ਸੀ। ਲੋਕ ਰੇਲਿੰਗ ਦੇ ਉਤੋਂ ਦੀ ਹੋ ਕੇ ਖੁਸ਼ਮਿਜ਼ਾਜੀ ਤੇ ਫੁਰਤੀ ਨਾਲ ਅਤੇ ਕੁਝ ਗੁੱਸੇ ਨਾਲ ਉਤੇਜਿਤ ਹੋ ਕੇ ਉਸ ਨਾਲ ਗੱਲਬਾਤ ਕਰ ਰਹੇ ਸਨ। ਹਰਕਾਰੇ ਸੁਨੇਹੇ ਤੇ ਟੈਲੀਗ੍ਰਾਮਾਂ ਲੈ ਕੇ ਇਧਰ ਉਧਰ ਆ ਜਾ ਰਹੇ ਸਨ। ਦਫਤਰ ਦੇ ਕਲਰਕ ਇੰਜ ਉਛਲ ਰਹੇ ਸਨ ਜਿਵੇਂ ਸਮੁੰਦਰੀ ਤੂਫਾਨ ਦੌਰਾਨ ਯਾਤਰੀ ਉਛਲ ਰਹੇ ਹੋਣ। ਇਥੋਂ ਤਕ ਕਿ ਪਿੱਚਰ ਦਾ ਚਿਹਰਾ ਵੀ ਹੌਲੀ-ਹੌਲੀ ਉਤਸ਼ਾਹ ਨਾਲ ਭਰ ਗਿਆ ਸੀ।

ਸ਼ੇਅਰ ਬਾਜ਼ਾਰ 'ਚ ਤੂਫਾਨ, ਝੱਖੜ, ਬਰਫੀਲੇ ਤੂਫਾਨ, ਬਰਫਾਨੀ ਤੋਦੇ ਅਤੇ ਜਵਾਲਾਮੁਖੀ ਫੁਟ ਰਹੇ ਸਨ, ਭਾਵ ਸ਼ੇਅਰ ਬਾਜ਼ਾਰ ਵਿਚ ਤੇਜ਼ੀ ਨਾਲ ਆ ਰਹੇ ਉਤਰਾ-ਚੜ੍ਹਾਅ ਨੇ ਖਲਬਲੀ ਮਚਾਈ ਹੋਈ ਸੀ ਅਤੇ ਦਲਾਲਾਂ ਦੇ ਦਫਤਰਾਂ ਵਿਚ ਇਨ੍ਹਾਂ ਸਾਰੀਆਂ ਘਟਨਾਵਾਂ ਬਾਰੇ ਲਘੂ ਰੂਪ 'ਚ ਦੁਬਾਰਾ ਦੱਸਿਆ ਜਾ ਰਿਹਾ ਸੀ। ਮੈਕਸਵੈੱਲ ਨੇ ਆਪਣੀ ਕੁਰਸੀ ਘਤੀਸ ਕੇ ਕੰਧ ਨਾਲ ਕਰ ਲਈ ਤੇ ਪੱਬਾਂ ਭਾਰ ਖਲੋ ਕੇ ਤੇਜ਼ੀ ਨਾਲ ਆਪਣਾ ਕਾਰੋਬਾਰ ਕਰਨ ਲੱਗਿਆ। ਉਹ ਡਰਾਮੇ ਦੇ ਸਿੱਖੇ ਹੋਏ ਫੁਰਤੀਲੇ ਮਸਖਰੇ ਪਾਤਰ ਵਾਂਗ ਪ੍ਰਿੰਟਿੰਗ ਮਸ਼ੀਨ ਵੱਲੋਂ ਫੋਨ ਵੱਲ ਤੇ ਡੈਸਕ ਤੋਂ ਦਰਵਾਜ਼ੇ ਵੱਲ ਉਛਲਦਾ ਹੋਇਆ ਆਉਣ ਜਾਣ ਲੱਗਿਆ।

ਇਸ ਵਧਦੇ ਹੋਏ ਤੇ ਇੰਨੇ ਜ਼ਿਆਦਾ ਤਣਾਅਪੂਰਨ ਸਮੇਂ ਦੌਰਾਨ ਦਲਾਲ ਅਚਾਨਕ ਹੀ ਇਕ ਔਰਤ ਦੇ ਉਥੇ ਆਉਣ ਨਾਲ ਸੁਚੇਤ ਹੋ ਗਿਆ ਜਿਸ ਨੇ ਆਪਣੇ ਸੁਨਹਿਰੀ ਵਾਲਾਂ ਦੀਆਂ ਲਟਕਦੀਆਂ ਲਿਟਾਂ ਨੂੰ ਰੋਲ ਕਰਕੇ ਉਚਾ ਬੰਨ੍ਹਿਆ ਹੋਇਆ ਸੀ ਅਤੇ ਸਿਰ ਉਪਰ ਮਖਮਲੀ ਟੋਪੀ ਪਾਈ ਹੋਈ ਸੀ ਜੋ ਹਿਲ ਰਹੀ ਸੀ ਤੇ ਕਿਨਾਰਿਆਂ ਤੋਂ ਸ਼ੁਤਰਮੁਰਗ ਦੀ ਸ਼ਕਲ ਵਰਗੀ ਜਾਪ ਰਹੀ ਸੀ। ਉਸ ਦਾ ਗਾਊਨ ਸੀਲ ਮੱਛੀ ਦੀ ਚਮੜੀ ਵਰਗੇ ਕੱਪੜੇ ਤੋਂ ਬਣਿਆ ਜਾਪ ਰਿਹਾ ਸੀ। ਉਸ ਨੇ ਗਲੇ 'ਚ ਅਮਰੀਕੀ ਅਖਰੋਟਾਂ ਦੀ ਸ਼ਕਲ ਦੇ ਮੋਤੀਆਂ ਦੀ ਲੰਮੀ ਮਾਲਾ ਪਾਈ ਹੋਈ ਸੀ ਜਿਸ ਦਾ ਅਖੀਰਲਾ ਸਿਰਾ ਹੇਠਾਂ ਫਰਸ਼ ਦੇ ਨਾਲ ਕਰਕੇ ਲਟਕ ਰਿਹਾ ਸੀ ਅਤੇ ਉਸ ਵਿਚ ਚਾਂਦੀ ਦਾ ਬਣਿਆ ਦਿਲ ਦੀ ਸ਼ਕਲ ਦਾ ਲਾਕੇਟ ਪਿਆ ਹੋਇਆ ਸੀ। ਉਹ ਜਵਾਨ ਔਰਤ ਸਜ-ਧਜ ਵਾਲੀਆਂ ਇਹ ਸਾਰੀਆਂ ਚੀਜ਼ਾਂ ਪਹਿਨ ਕੇ ਸ਼ਾਂਤ ਚਿਤ ਹੋ ਕੇ ਉਥੇ ਖੜ੍ਹੀ ਸੀ ਅਤੇ ਪਿੱਚਰ ਉਸ ਦੇ ਹਾਵ-ਭਾਵ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ।

ਪਿੱਚਰ ਨੇ ਮੈਕਸਵੈੱਲ ਨੂੰ ਦੱਸਿਆ, "ਸਟੈਨੋਗ੍ਰਾਫਰਾਂ ਦੀ ਏਜੰਸੀ ਤੋਂ ਇਕ ਮਹਿਲਾ ਉਮੀਦਵਾਰ ਨੌਕਰੀ ਬਾਰੇ ਪਤਾ ਕਰਨ ਆਈ ਹੈ।"

ਮੈਕਸਵੈੱਲ ਥੋੜ੍ਹਾ ਜਿਹਾ ਮੁੜਿਆ। ਉਸ ਦੇ ਹੱਥਾਂ 'ਚ ਕਾਫੀ ਸਾਰੇ ਕਾਗਜ਼ ਤੇ ਪ੍ਰਿੰਟਿੰਗ ਮਸ਼ੀਨ 'ਚੋਂ ਨਿਕਲੇ ਕਾਗਜ਼ਾਂ ਦੇ ਟੁਕੜੇ ਸਨ। ਮੱਥੇ 'ਤੇ ਤਿਊੜੀ ਪਾ ਕੇ ਬੋਲਿਆ, "ਕਾਹਦੀ ਨੌਕਰੀ ਬਾਰੇ?"

ਪਿੱਚਰ ਬੋਲਿਆ, "ਸਟੈਨੋਗ੍ਰਾਫਰ ਦੀ ਨੌਕਰੀ ਬਾਰੇ, ਕੱਲ੍ਹ ਤੁਸੀਂ ਮੈਨੂੰ ਏਜੰਸੀ ਨੂੰ ਫੋਨ ਕਰਨ ਲਈ ਕਿਹਾ ਸੀ ਕਿ ਉਹ ਇਥੇ ਅੱਜ ਸਵੇਰੇ ਕਿਸੇ ਨੂੰ ਭੇਜਣ।"

"ਪਿੱਚਰ, ਤੇਰਾ ਦਿਮਾਗ ਖਰਾਬ ਹੋ ਗਿਆ। ਮੈਂ ਤੈਨੂੰ ਇਹੋ ਜਿਹੀ ਹਦਾਇਤ ਕਿਉਂ ਦੇਣੀ ਸੀ? ਮਿਸ ਲੈਸਲੀ ਪਿਛਲੇ ਇਕ ਸਾਲ ਤੋਂ ਤਸੱਲੀਬਖਸ਼ ਕੰਮ ਕਰ ਰਹੀ ਹੈ। ਜਿੰਨਾ ਚਿਰ ਚਾਹੇ, ਉਹ ਇਸ ਅਹੁਦੇ 'ਤੇ ਕੰਮ ਕਰ ਸਕਦੀ ਹੈ।" ਫਿਰ ਪਿੱਚਰ ਨੇ ਉਸ ਔਰਤ ਨੂੰ ਕਿਹਾ, "ਇਥੇ ਕੋਈ ਖਾਲੀ



ਆਸਾਮੀ ਨਹੀਂ ਹੈ।"

ਮੈਕਸਵੈੱਲ ਨੇ ਨਾਲ ਹੀ ਪਿੱਚਰ ਨੂੰ ਕਿਹਾ, "ਏਜੰਸੀ ਨੂੰ ਦਿੱਤਾ ਇਹ ਆਰਡਰ ਕੈਂਸਲ ਕਰ ਦਿਉ ਅਤੇ ਹੋਰ ਕਿਸੇ ਨੂੰ ਹੁਣ ਇਧਰ ਲੈ ਕੇ ਆਉਣ ਦੀ ਲੋੜ ਨਹੀਂ।"

ਚਾਂਦੀ ਦੇ ਦਿਲ ਦੀ ਮਾਲਾ ਵਾਲੀ ਔਰਤ ਦਫਤਰ ਦੇ ਫਰਨੀਚਰ ਵਿਚ ਵੱਜਦੀ ਤੇ ਖੜਾਕ ਕਰਦੀ ਨਾਰਾਜ਼ਗੀ ਦੀ ਭਾਵਨਾ ਨਾਲ ਦਫਤਰ 'ਚੋਂ ਨਿਕਲ ਗਈ। ਪਿੱਚਰ ਇਕ ਪਲ ਲਈ ਅਕਾਊਂਟੈਂਟ ਕੋਲ ਰੁਕਿਆ ਅਤੇ ਮੈਕਸਵੈੱਲ ਬਾਰੇ ਕਹਿਣ ਲੱਗਾ, "ਇਹ 'ਬੁੱਢਾ ਆਦਮੀ' ਦਿਨੋ ਦਿਨ ਦੁਨੀਆਂ ਤੋਂ ਬੇਖਬਰ ਤੇ ਭੁਲੱਕੜ ਹੁੰਦਾ ਜਾ ਰਿਹਾ ਹੈ।"

ਕਾਰੋਬਾਰ ਦੀ ਚਾਲ 'ਚ ਹੋਰ ਤੇਜ਼ੀ ਤੇ ਤੀਬਰਤਾ ਆ ਗਈ ਸੀ। ਅੱਧੀ ਦਰਜਨ ਤਾਂ ਉਥੇ ਅਜਿਹੇ ਸਟਾਕ ਸਨ ਜਿਨ੍ਹਾਂ 'ਚ ਮੈਕਸਵੈੱਲ ਦੇ ਆਪਣੇ ਗਾਹਕਾਂ ਨੇ ਪੂੰਜੀ ਲਾਈ ਹੋਈ ਸੀ। ਸ਼ੇਅਰ ਖਰੀਦਣ ਤੇ ਵੇਚਣ ਦੇ ਆਰਡਰ ਇੰਨੀ ਤੇਜ਼ੀ ਨਾਲ ਆ ਜਾ ਰਹੇ ਸਨ ਜਿੰਨੀ ਤੇਜ਼ੀ ਨਾਲ ਅਬਾਬੀਲਾਂ ਉਡਦੀਆਂ ਹਨ। ਉਸ ਦੀ ਆਪਣੀ ਕੁਝ ਜਮ੍ਹਾਂ ਪੂੰਜੀ ਖਤਰੇ 'ਚ ਪੈ ਗਈ ਸੀ, ਪਰ ਤਾਂ ਵੀ ਉਹ ਵਧੀਆ, ਕੁਸ਼ਲ ਤੇ ਮਜ਼ਬੂਤ ਅਤੇ ਚੰਗੀ ਤਰ੍ਹਾਂ ਤਣੀ ਹੋਈ ਮਸ਼ੀਨ ਵਾਂਗ ਪੂਰੀ ਸਪੀਡ ਨਾਲ ਬਿਲਕੁਲ ਸਹੀ ਬਿਨਾਂ ਕਿਸੇ ਹਿਚਕਿਚਾਹਟ ਦੇ ਉਚਿਤ ਸ਼ਬਦ ਬੋਲਦਾ ਤੇ ਫੈਸਲੇ ਕਰਦਾ ਸਾਰੇ ਕੰਮ ਘੜੀ ਦੀ ਰਫਤਾਰ ਨਾਲ ਕਰ ਰਿਹਾ ਸੀ। ਇਥੇ ਬੱਸ ਪੂੰਜੀ, ਪੈਸਿਆਂ ਦੀਆਂ ਸ਼ਰਤਾਂ, ਕਰਜ਼ਿਆਂ, ਚੀਜ਼ਾਂ ਗਿਰਵੀ ਰੱਖਣ, ਵਪਾਰ ਤੇ ਕਰਜ਼ੇ ਦੇ ਕਾਗਜ਼ਾਂ ਬਾਰੇ ਹੀ ਗੱਲਾਂ ਸਨ- ਇਹ ਪੂੰਜੀ ਲਾਉਣ ਦਾ ਵੱਖਰਾ ਹੀ ਸੰਸਾਰ ਸੀ ਅਤੇ ਇਥੇ ਇਨਸਾਨਾਂ ਜਾਂ ਕੁਦਰਤ ਦੀ ਦੁਨੀਆਂ ਬਾਰੇ ਕੋਈ ਥਾਂ ਨਹੀਂ ਸੀ।

ਜਦੋਂ ਦੁਪਹਿਰ ਦੇ ਖਾਣੇ ਦਾ ਸਮਾਂ ਹੋਇਆ ਤਾਂ ਰੌਲਾ ਰੱਪਾ ਕੁਝ ਘਟ ਗਿਆ। ਮੈਕਸਵੈੱਲ ਆਪਣੇ ਹੱਥਾਂ 'ਚ ਬਹੁਤ ਸਾਰੇ ਦਸਤਾਵੇਜ਼ ਅਤੇ ਟੈਲੀਗ੍ਰਾਮਾਂ ਫੜ ਕੇ ਆਪਣੇ ਡੈਸਕ ਦੇ ਨੇੜੇ ਖੜ੍ਹਾ ਸੀ। ਉਸ ਦੇ ਸੱਜੇ ਕੰਨ 'ਤੇ ਇਕ ਫਾਊਂਟੇਨ ਪੈੱਨ ਟੰਗਿਆ ਹੋਇਆ ਸੀ ਤੇ ਉਸ ਦੇ ਵਾਲਾਂ ਦੀਆਂ ਲਿਟਾਂ ਮੱਥੇ 'ਤੇ ਇਧਰ ਉਧਰ ਖਿੰਡੀਆਂ ਹੋਈਆਂ ਸਨ। ਉਸ ਦੇ ਕਮਰੇ ਦੀ ਬਾਰੀ ਖੁੱਲ੍ਹੀ ਹੋਈ ਸੀ, ਧਰਤੀ 'ਤੇ ਫੁੱਲ ਬੂਟੇ ਵਿਗਸਣ ਨਾਲ ਬਹਾਰ ਦੀ ਪਿਆਰੀ ਰੁੱਤ ਦੀ ਆਮਦ ਕੁਝ ਨਿੱਘੀ ਹੋ ਗਈ ਸੀ।

ਬਾਰੀ ਰਾਹੀਂ ਅਚੇਤ ਹੀ ਹੌਲੀ-ਹੌਲੀ ਲਿਲੀ ਦੇ ਫੁੱਲਾਂ ਦੀ ਕੋਮਲ ਤੇ ਮਿੱਠੀ ਸੁਗੰਧ ਆਉਣ ਲੱਗੀ ਜਿਸ ਨੇ ਦਲਾਲ ਨੂੰ ਇਕ ਪਲ ਵਾਸਤੇ ਮੰਤਰ ਮੁਗਧ ਕਰ ਦਿੱਤਾ, ਇਸ ਤਰ੍ਹਾਂ ਦੀ ਸੁਗੰਧ ਤਾਂ ਲੈਸਲੀ ਕੋਲੋਂ ਆਉਂਦੀ ਸੀ ਅਤੇ ਇਹ ਸੁਗੰਧ ਸਿਰਫ ਉਸ ਦੀ ਹੀ ਹੋ ਸਕਦੀ ਸੀ।

ਖੁਸ਼ਬੂ ਸੁੰਘਣ ਨਾਲ ਉਸ ਨੂੰ ਜਾਪਿਆ ਕਿ ਮਿਸ ਲੈਸਲੀ ਉਸ ਦੇ ਸਾਹਮਣੇ ਆ ਗਈ ਹੋਵੇ। ਪੂੰਜੀ ਨਿਵੇਸ਼ ਦਾ ਸੰਸਾਰ ਅਚਾਨਕ ਹੀ ਖਤਮ ਹੋ ਗਿਆ, ਉਹ (ਮਿਸ ਲੈਸਲੀ) ਤਾਂ ਉਥੋਂ ਸਿਰਫ ਵੀਹ ਕਦਮ ਦੂਰ ਅਗਲੇ ਕਮਰੇ 'ਚ ਸੀ।

ਮੈਕਸਵੈੱਲ ਕਹਿਣ ਲੱਗਾ, "ਮੈਨੂੰ ਸੰਤ ਜਾਰਜ ਦੀ ਸਹੁੰ, ਮੈਂ ਹੁਣੇ ਉਹਦੇ ਨਾਲ ਗੱਲ ਕਰਾਂਗਾ। ਮੈਂ ਹੈਰਾਨ ਹਾਂ ਕਿ ਮੈਂ ਇੰਨੇ ਚਿਰ ਤੋਂ ਉਸ ਨਾਲ ਗੱਲ ਕਿਉਂ ਨਹੀਂ ਕੀਤੀ!"

ਉਸ ਨੇ ਅੰਦਰ ਵਾਲੇ ਦਫਤਰ ਜਾਣ ਲਈ ਛੇਤੀ ਨਾਲ ਪੈਰ ਪੁੱਟੇ। ਉਹ ਬੜੀ ਫੁਰਤੀ ਨਾਲ ਸਟੈਨੋਗ੍ਰਾਫਰ ਦੇ ਮੇਜ਼ ਵੱਲ ਗਿਆ। ਸਟੈਨੋਗ੍ਰਾਫਰ ਨੇ ਮੁਸਕਰਾਹਟ ਨਾਲ ਉਸ ਵੱਲ ਦੇਖਿਆ। ਉਸ ਦੀਆਂ ਗੱਲ੍ਹਾਂ ਦਾ ਰੰਗ ਹਲਕਾ ਗੁਲਾਬੀ ਹੋ ਗਿਆ ਤੇ ਉਸ ਦੀਆਂ ਅੱਖਾਂ 'ਚ ਮੋਹ ਤੇ ਭੋਲਾਪਣ ਛਲਕਣ ਲੱਗਾ। ਮੈਕਸਵੈੱਲ ਆਪਣੀ ਕੂਹਣੀ ਡੈਸਕ ਉਪਰ ਰੱਖ ਕੇ ਖਲੋ ਗਿਆ। ਉਸ ਦੇ ਦੋਹਾਂ ਹੱਥਾਂ 'ਚ ਫੜੇ ਕਾਗਜ਼ ਹਾਲੇ ਵੀ ਲਹਿਰਾ ਰਹੇ ਸਨ ਤੇ ਪੈੱਨ ਉਸੇ ਤਰ੍ਹਾਂ ਕੰਨ 'ਤੇ ਟੰਗਿਆ ਹੋਇਆ ਸੀ।

ਉਸ ਨੇ ਛੇਤੀ ਨਾਲ ਕਹਿਣਾ ਸ਼ੁਰੂ ਕੀਤਾ, "ਮਿਸ ਲੈਸਲੀ, ਮੇਰੇ ਕੋਲ ਇਕ ਪਲ ਤੋਂ ਜ਼ਿਆਦਾ ਸਮਾਂ ਨਹੀਂ। ਮੈਂ ਇਸੇ ਇਕੋ ਪਲ 'ਚ ਇਕ ਗੱਲ ਕਹਿਣੀ ਚਾਹੁੰਦਾ ਹਾਂ, ਕੀ ਤੂੰ ਮੇਰੇ ਨਾਲ ਵਿਆਹ ਕਰੇਂਗੀ? ਮੇਰੇ ਕੋਲ ਆਮ ਲੋਕਾਂ ਵਾਂਗ ਤੇਰੇ ਨਾਲ ਪਿਆਰ ਕਰਨ ਲਈ ਸਮਾਂ ਨਹੀਂ ਸੀ, ਪਰ ਮੈਂ ਤੈਨੂੰ ਸੱਚਮੁੱਚ ਪਿਆਰ ਕਰਦਾ ਹਾਂ। ਮਿਹਰਬਾਨੀ ਕਰਕੇ, ਛੇਤੀ ਦੱਸ। ਨਹੀਂ ਤਾਂ ਦੂਜੇ ਲੋਕਾਂ ਨੇ ਆ ਕੇ ਇਥੇ ਇਕੱਠੇ ਹੋ ਜਾਣਾ ਹੈ।"


ਖੂਬਸੂਰਤ ਸਟੈਨੋਗ੍ਰਾਫਰ ਕਹਿਣ ਲੱਗੀ, "ਹੈਂ, ਤੂੰ ਕੀ ਕਹਿ ਰਿਹਾ ਹੈਂ?" ਉਹ ਉਠ ਖਲੋਤੀ ਤੇ ਹੈਰਾਨ ਹੋ ਕੇ ਅੱਖਾਂ ਘੁੰਮਾਉਂਦੀ ਉਸ ਵੱਲ ਦੇਖਣ ਲੱਗੀ। ਮੈਕਸਵੈੱਲ ਬੇਚੈਨੀ ਨਾਲ ਕਹਿਣ ਲੱਗਾ, "ਤੂੰ ਸਮਝਦੀ ਨਹੀਂ ਕਿ ਮੈਂ ਤੇਰੇ ਨਾਲ ਵਿਆਹ ਕਰਾਉਣਾ ਚਾਹੁੰਦਾ ਹਾਂ। ਮਿਸ ਲੈਸਲੀ, ਮੈਂ ਤੈਨੂੰ ਪਿਆਰ ਕਰਦਾ ਹਾਂ। ਮੈਂ ਇਹ ਗੱਲ ਤੈਨੂੰ ਦੱਸਣੀ ਚਾਹੁੰਦਾ ਸਾਂ ਅਤੇ ਹੁਣ ਜਦੋਂ ਕੰਮ ਕੁਝ ਮੱਠਾ ਪਿਆ ਹੈ ਤਾਂ ਮੈਂ ਇਸ ਗੱਲ ਲਈ ਇਕ ਮਿੰਟ ਕੱਢ ਕੇ ਤੇਰੇ ਕੋਲ ਆਇਆ ਹਾਂ। ਲਉ, ਉਹ ਮੈਨੂੰ ਹੁਣ ਫੋਨ 'ਤੇ ਬੁਲਾਉਣ ਵੀ ਲੱਗ ਪਏ ਹਨ। ਪਿੱਚਰ, ਜ਼ਰਾ ਉਨ੍ਹਾਂ ਨੂੰ ਕਹਿ, ਇਕ ਮਿੰਟ ਮੇਰੀ ਉਡੀਕ ਕਰਨ। ਮਿਸ ਲੈਸਲੀ, ਤੂੰ ਕੋਈ ਗੱਲ ਨਹੀਂ ਕਹੇਂਗੀ?"

ਸੁਣ ਕੇ ਸਟੈਨੋਗ੍ਰਾਫਰ ਨੂੰ ਅਜੀਬ ਜਿਹਾ ਮਹਿਸੂਸ ਹੋਇਆ। ਪਹਿਲਾਂ ਤਾਂ ਉਹ ਆਪਣੀ ਹੈਰਾਨੀ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦੀ ਲੱਗੀ, ਉਸ ਦੀਆਂ ਹੈਰਾਨੀ ਭਰੀਆਂ ਅੱਖਾਂ ਵਿਚੋਂ ਅੱਥਰੂ ਵਹਿ ਤੁਰੇ ਤੇ ਫਿਰ ਉਸ ਦੀਆਂ ਅੱਖਾਂ 'ਚ ਖੁਸ਼ੀ ਵਾਲੀ ਚਮਕ ਆ ਗਈ ਤੇ ਉਸ ਨੇ ਮੁਸਕਰਾ ਕੇ ਆਪਣੀ ਇਕ ਬਾਂਹ ਸ਼ੇਅਰ ਦਲਾਲ ਦੀ ਧੌਣ ਵੱਲ ਸਰਕਾ ਦਿੱਤੀ।

ਉਹ ਹਲੀਮੀ ਨਾਲ ਬੋਲੀ, "ਮੈਨੂੰ ਹੁਣ ਪਤਾ ਲੱਗ ਚੁਕਾ ਹੈ ਕਿ ਤੂੰ ਇਹ ਪੁਰਾਣਾ ਕਾਰੋਬਾਰ ਕਰਦੇ ਸਮੇਂ ਏਨਾ ਰੁੱਝ ਜਾਂਦਾ ਹੈਂ ਕਿ ਇਸ ਕੰਮ ਤੋਂ ਇਲਾਵਾ ਤੇਰੇ ਦਿਮਾਗ 'ਚੋਂ ਹੋਰ ਸਭ ਗੱਲਾਂ ਮਨਫੀ ਹੋ ਜਾਂਦੀਆਂ ਹਨ। ਪਹਿਲਾਂ ਤਾਂ ਮੈਂ ਡਰ ਗਈ ਸੀ। ਹਾਰਵੇ, ਤੈਨੂੰ ਯਾਦ ਨਹੀਂ ਕਿ ਅਸੀਂ ਹਾਲੇ ਰਾਤੀਂ ਅੱਠ ਵਜੇ ਨੁੱਕਰ ਵਾਲੇ ਗਿਰਜਾਘਰ ਵਿਚ ਵਿਆਹ ਕਰਵਾਇਆ ਸੀ?"

## ਜੀਨ ਦੇ ਛੋਟੀ ਜੇਬ ਕਿਉਂ ਹੁੰਦੀ ਹੈ?

ਅਕਸਰ ਸਾਨੂੰ ਜ਼ਿੰਦਗੀ 'ਚ ਕਈ ਅਜਿਹੀਆਂ ਚੀਜ਼ਾਂ ਦਿਸ ਜਾਂਦੀਆਂ ਹਨ, ਜੋ ਵਰਤਦੇ ਤਾਂ ਅਸੀਂ ਰੋਜ਼ ਹਾਂ, ਪਰ ਸਾਡਾ ਧਿਆਨ ਉਧਰ ਨਹੀਂ ਜਾਂਦਾ। ਦੇਖਦੇ ਤਾਂ ਹਾਂ ਪਰ ਬਹੁਤਾ ਸੋਚਦੇ ਨਹੀਂ ਕਿ ਇਹ ਇਸ ਤਰ੍ਹਾਂ ਕਿਉਂ ਹੈ?



ਉਂਜ ਤਾਂ ਔਰਤ-ਮਰਦ ਹਰ ਕੋਈ ਜੀਨ ਪਾਉਂਦਾ ਹੈ, ਪਰ ਕਦੇ ਕਿਸੇ ਨੇ ਸੋਚਿਆ, ਜੀਨ ਨੂੰ ਇਕ ਛੋਟੀ ਜੇਬ ਕਿਉਂ ਲਾਈ ਜਾਂਦੀ ਹੈ? ਆਮ ਤੌਰ 'ਤੇ ਲੋਕ ਸੋਚਦੇ ਹਨ ਕਿ ਸਿੱਕੇ ਜਾਂ ਪੈਸੇ ਪਾਉਣ ਲਈ ਇਹ ਜੇਬ ਲਾਈ ਜਾਂਦੀ ਹੈ।

ਵੈਸੇ ਤਾਂ ਅੱਜ ਕਲ ਛੋਟੀ ਜੇਬ ਤੋਂ ਬਿਨਾ ਵੀ ਜੀਨ ਬਾਜ਼ਾਰ ਵਿਚ ਆਉਣ ਲੱਗ ਪਈ ਹੈ, ਪਰ ਫਿਰ ਵੀ ਜ਼ਿਆਦਾਤਰ ਜੀਨ ਨੂੰ ਛੋਟੀ ਜੇਬ ਹੁੰਦੀ ਹੈ। ਇਸ ਦਾ ਵੀ ਆਪਣਾ ਇਕ ਇਤਿਹਾਸ ਹੈ। ਕਿਹਾ ਜਾਂਦਾ ਹੈ ਕਿ ਜੀਨ ਪੈਂਟ ਦੀ ਛੋਟੀ ਜੇਬ ਦੀ ਸ਼ੁਰੂਆਤ ਜੀਨਾਂ ਬਣਾਉਣ ਵਾਲੀ ਕੰਪਨੀ 'ਲੇਬੀਸਟ੍ਰਾਸ' ਨੇ ਕੀਤੀ, ਜੋ ਅੱਜ ਦੁਨੀਆਂ ਭਰ ਵਿਚ ਲੇਵਾਇਸ ਦੇ ਨਾਂ ਨਾਲ ਜਾਣੀ ਜਾਂਦੀ ਹੈ।

ਜੀਨ ਦੀ ਇਸ ਛੋਟੀ ਜੇਬ ਦਾ ਨਾਂ ਅਸਲ ਵਿਚ ਘੜੀ ਜੇਬ (ਵਾਚ ਪਾਕਟ) ਹੈ, ਜਿਸ ਨੂੰ ਪਿਛਲੇ ਸਮੇਂ ਵਿਚ ਕਾਓ ਬਾਊਜ਼ ਲਈ ਤਿਆਰ ਕੀਤਾ ਗਿਆ ਸੀ। ਇਹ ਜੇਬ ਖਾਸ ਤੌਰ 'ਤੇ ਘੜੀ ਰੱਖਣ ਲਈ ਬਣਾਈ ਗਈ ਸੀ ਜੋ 1879 ਤੋਂ ਲੈ ਕੇ ਅੱਜ ਤੱਕ ਬਰਕਰਾਰ ਹੈ।

ਕਿਹਾ ਜਾਂਦਾ ਹੈ ਕਿ 18ਵੀਂ ਸਦੀ ਵਿਚ ਕਾਓ ਬਾਊਜ਼ ਘੜੀ ਰੱਖਣ ਦਾ ਬਹੁਤ ਸ਼ੌਕੀਨ ਸੀ ਜਿਸ ਨੂੰ ਦੇਖਦਿਆਂ ਲੇਵਾਇਸ ਕੰਪਨੀ ਨੇ ਜੀਨ ਨੂੰ ਛੋਟੀ ਜੇਬ ਲਾਉਣੀ ਸ਼ੁਰੂ ਕਰ ਦਿੱਤੀ ਤਾਂ ਕਿ ਕਾਓ ਬਾਊਜ਼ ਆਪਣੀ ਘੜੀ ਰੱਖ ਸਕੇ। ਇਸ ਪਿਛੇ ਇਕ ਹੋਰ ਵੀ ਕਹਾਣੀ ਇਹ ਵੀ ਹੈ ਕਿ ਜੇਬ ਵਿਚ ਘੜੀ ਰੱਖਣ 'ਤੇ ਡਿੱਗਣ ਦਾ ਡਰ ਨਹੀਂ ਸੀ ਰਹਿੰਦਾ ਅਤੇ ਨਾ ਹੀ ਜੇਬ ਵਿਚ ਰੱਖੀ ਦੂਸਰੀ ਚੀਜ਼ ਨਾਲ ਘੜੀ 'ਤੇ ਸਕ੍ਰੈਚ ਪੈਣ ਦਾ ਡਰ ਰਹਿੰਦਾ ਸੀ।

-ਅਮਰਜੀਤ ਚੰਦਰ ਲੁਧਿਆਣਾ
ਫੋਨ: 91-94176-00014

# ਕਲਮ ਦੀ ਕਰਾਮਾਤ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਭੁੱਖ ਦੇ ਵੱਖ ਵੱਖ ਰੂਪਾਂ ਅਤੇ ਇਸ ਦੀ ਤ੍ਰਿਪਤੀ ਦਾ ਕਿੱਸਾ ਫਰੋਲਿਆ ਸੀ। ਉਨ੍ਹਾਂ ਭੁੱਖ ਦੀ ਅਨੰਤਤਾ ਦੀ ਗੱਲ ਕਰਦਿਆਂ ਲਿਖਿਆ ਸੀ, "ਭੁੱਖ ਦੀ ਪੂਰਤੀ ਲਈ ਸੰਜਮ, ਸੰਤੋਖ ਤੇ ਸਬਰ-ਸਬੂਰੀ ਜਰੂਰੀ। ਪਰ ਭੋਖੜਾ, ਲਾਲਚ, ਬੇਸਬਰੀ, ਬੇਅਦਬੀ ਤੇ ਬਰਬਾਦੀ ਦਾ ਆਧਾਰ। ਅਜੋਕੇ ਸਮੇਂ ਵਿਚ ਲੋਕ ਭੁੱਖ ਨਹੀਂ, ਭੋਖੜੇ ਦਾ ਸ਼ਿਕਾਰ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਲਮ ਦੀ ਗਾਥਾ ਬਿਆਨੀ ਹੈ, "ਕਲਮ, ਕਹਿਰਾਂ, ਕਾਤਲਾਂ, ਕੁਕਰਮਾਂ, ਕੁਰੀਤੀਆਂ ਅਤੇ ਕੁਰਹਿਤਾਂ ਸੰਗ ਜੂਝਣ ਦਾ ਨਾਂ ਅਤੇ ਇਸ ਜਦੋਜਹਿਦ ਵਿਚੋਂ ਜੇਤੂ ਹੋ ਕੇ ਜੀਵਨ-ਹਰਫ ਨੂੰ ਨਵੀਆਂ ਸੇਧਾਂ ਤੇ ਸੰਭਾਵਨਾਵਾਂ ਸਮਰਪਣ ਦਾ ਕਰਮ।" ਉਹ ਸੁਚੇਤ ਕਰਦੇ ਹਨ, "ਕਲਮ ਜਦ ਕਠੋਰ, ਕਰੁਣਾਮਈ, ਕੁਲਹਿਣੀ ਅਤੇ ਕੁੜਿੱਤਣ ਵਿਚ ਲਬਰੇਜ਼ ਹੋ, ਕਾਹਲੀ ਵਿਚ ਕਾਲੇ ਹਰਫਾਂ ਦੀ ਤਫਸੀਲ ਲਿਖਦੀ ਤਾਂ ਸ਼ਬਦਾਂ ਦੇ ਸੀਨਿਆਂ 'ਚ ਸੋਗ ਧਰਿਆ ਜਾਂਦਾ ਅਤੇ ਕਈ ਵਾਰ ਤਾਂ ਉਹ ਆਪਣੀ ਹੋਂਦ ਤੋਂ ਮੁਨਕਰੀ ਦਾ ਰਾਹ ਵੀ ਫੜ੍ਹਦੇ।" -ਸੰਪਾਦਕ*

## ਨਿਆਮਤਾਂ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਕਲਮ, ਹਰਫ-ਵਾਹਕ, ਵਿਚਾਰ-ਕੰਧਾੜਾ, ਸੋਚ-ਸਰਦਲ ਅਤੇ ਸ਼ਬਦਾਂ ਨੂੰ ਕਾਗਜ਼-ਵਰਕਿਆਂ 'ਤੇ ਉਕਰਨ ਦਾ ਕਰਮ।

ਕਲਮ, ਕਰਤਾਰੀ ਸ਼ਕਤੀਆਂ ਨਾਲ ਵਰੋਸਾਈ, ਸ਼ੁਭ-ਕਰਮਨ ਦੇ ਭਾਗ, ਸੂਹੀਆਂ ਸੋਚਾਂ ਦਾ ਸੰਦਲੀ ਰਾਗ ਅਤੇ ਇਸ ਵਿਚੋਂ ਰਿਸਦਾ ਜੀਵਨ-ਰਾਹਾਂ ਨੂੰ ਸ਼ਿੰਗਾਰਦਾ ਅਤੇ ਵਿਸਥਾਰਦਾ ਰਿਆਜ਼।

ਕਲਮ, ਕਰਮ-ਧਰਾਤਲ ਦਾ ਪਹਿਲਾ ਹਰਫ, ਮਾਨਵੀ ਅਰਾਧਨਾ ਦੀ ਪਹਿਲੀ ਜੁੰਬਸ਼, ਵਿਚਾਰ-ਪਰਵਾਜ਼ ਨੂੰ ਪਹਿਲਾ ਹਿਲੋਰਾ ਅਤੇ ਕੁਝ ਨਰੋਇਆ ਸਿਰਜਣ ਦੀ ਕਾਮਨਾ।

ਕਲਮ, ਕਾਮਨਾ, ਕਿਰਤ, ਕਰਮਯੋਗਤਾ ਅਤੇ ਕ੍ਰਿਆਤਮਕਤਾ ਵਿਚੋਂ ਆਪਣੀ ਹੋਂਦ, ਸਦੀਵਤਾ ਅਤੇ ਸਥਿਰਤਾ ਦੀ ਪਛਾਣ ਸਿਰਜਦੀ।

ਕਲਮ, ਕਿਰਤੀਆਂ, ਕਿਰਤਦਾਨਾਂ, ਕਮਜੋਰਾਂ, ਕਬੀਲਿਆਂ ਅਤੇ ਕਰਮਯੋਗੀਆਂ ਦੇ ਰਾਹਾਂ ਵਿਚ ਚਾਨਣ-ਕਾਤਰ ਧਰਦੀ, ਉਨ੍ਹਾਂ ਦੀਆਂ ਕਰਮ-ਬਰੂਹਾਂ ਨੂੰ ਨਮਸਕਾਰਦੀ ਅਤੇ ਉਨ੍ਹਾਂ ਦੇ ਸੋਚ-ਦਿਸਹੱਦਿਆਂ ਨੂੰ ਵਿਸਥਾਰਦੀ।

ਕਲਮ, ਕਹਿਰਾਂ, ਕਾਤਲਾਂ, ਕੁਕਰਮਾਂ, ਕੁਰੀਤੀਆਂ ਅਤੇ ਕੁਰਹਿਤਾਂ ਸੰਗ ਜੂਝਣ ਦਾ ਨਾਂ ਅਤੇ ਇਸ ਜਦੋਜਹਿਦ ਵਿਚੋਂ ਜੇਤੂ ਹੋ ਕੇ ਜੀਵਨ-ਹਰਫ ਨੂੰ ਨਵੀਆਂ ਸੇਧਾਂ ਤੇ ਸੰਭਾਵਨਾਵਾਂ ਸਮਰਪਣ ਦਾ ਕਰਮ।

ਕਲਮ, ਕਲਾਕਾਰਾਂ, ਕਲਮਕਾਰਾਂ ਤੇ ਕੀਰਤੀਮਾਨ ਸਿਰਜਕਾਂ ਦਾ ਸਭ ਤੋਂ ਸੂਖਮ, ਸਹਿਜ, ਸਫਲ ਤੇ ਸਾਜਗਾਰ ਸਾਧਨ। ਇਸ ਦੀ ਸੁਯੋਗਤਾ ਨਾਲ ਨਵੀਆਂ ਪੈੜਾਂ, ਨਵੀਆਂ ਪਰਿਕਰਮਾਵਾਂ ਅਤੇ ਨਵੀਆਂ ਪ੍ਰਸਿਧੀਆਂ ਦਾ ਪੈਗਾਮ ਫਿਜ਼ਾ ਦੇ ਨਾਮ ਹੁੰਦਾ।

ਕਲਮ ਜਾਗਦੀ ਤਾਂ ਹਰਫ ਜਾਗਦੇ, ਸ਼ਬਦਾਂ ਵਿਚ ਅਰਥ ਅੰਗੜਾਈਆਂ ਲੈਂਦੇ, ਵਾਕਾਂ ਵਿਚ ਜ਼ਿੰਦਾਦਿਲੀ ਤੇ ਸੁਹਜਾਤਮਕਤਾ ਪੈਦਾ ਹੁੰਦੀ ਅਤੇ ਵਰਕੇ 'ਤੇ ਜਿਉਂਦੀ-ਜਾਗਦੀ ਇਬਾਰਤ ਇਕ ਅਜਿਹੀ ਤਹਿਰੀਕ ਦਾ ਨਾਮਕਰਨ ਕਰਦੀ ਜੋ ਆਉਣ ਵਾਲੀਆਂ ਕਈ ਨਸਲਾਂ ਲਈ ਮਾਰਗ ਦਰਸ਼ਕ ਬਣਦੀ।

ਕਲਮ, ਆਵੇਸ਼, ਧਰਮ, ਸੁੱਚਮ ਨਾਲ ਭਰਪੂਰ ਕਰਮ ਅਤੇ ਇਸ ਦੀ ਕਰਮਯੋਗਤਾ ਵਿਚੋਂ ਹੀ ਨਵੇਂ ਸੁਪਨਿਆਂ ਨਾਲ ਤਦਬੀਰਾਂ ਅਤੇ ਤਕਦੀਰਾਂ ਦੀ ਸਿਰਜਣਾ ਹੁੰਦੀ।

ਕਲਮ, ਕਦੇ ਵੀ ਖਾਮੋਸ਼ ਨਹੀਂ ਹੁੰਦੀ, ਕਦੇ ਇਹ ਮੂਕ ਵੇਦਨਾ ਨਾਲ ਖੁਦ ਨੂੰ ਪ੍ਰਗਟਾਉਂਦੀ ਅਤੇ ਕਦੇ ਹਰਫਾਂ ਦਾ ਜਾਮਾ ਪਹਿਨ, ਤਹਿਜ਼ੀਬ ਦਾ ਮੌਜੂਦਾ ਰੰਗ ਸਮਿਆਂ ਦੇ ਨਾਮ ਲਾਉਂਦੀ।

ਕਲਮ ਦਾ ਚੁੱਪ ਹੋਣਾ, ਅਣਕਿਆਸੀ ਮੌਤ। ਇਸ ਦੇ ਸੋਗ ਵਿਚ ਪੌਣਾਂ 'ਚ ਸਿਸਕਦੀਆਂ ਅਤੇ ਬੋਲਾਂ ਵਿਚ ਵੈਣ ਉਗਦੇ, ਜੋ ਸਮਿਆਂ ਦੀ ਵਹਿੰਗੀ ਦਾ ਵਿਰਲਾਪ ਬਣਦੇ।

ਕਲਮ, ਸੁੱਚੀਆਂ ਭਾਵਨਾਵਾਂ ਨੂੰ ਦਿੱਤੀ ਜ਼ੁਬਾਨ, ਚਾਵਾਂ ਨੂੰ ਹਰਫਾਂ ਦੀ ਪਨਾਹ ਵਿਚ ਆਉਣ ਦਾ ਨਿਉਂਦਾ ਅਤੇ ਮਨ ਦੇ ਵਲਵਲਿਆਂ ਨੂੰ ਵਾਕਾਂ 'ਚ ਕਲਾਨਿਕਾਸ਼ੀ ਕਰਨ ਦਾ ਹੁਨਰ।

ਕਲਮ ਦਾ ਸਫਰ, ਮਾਣਮੱਤਾ ਹਰਫਨਾਮਾ। ਉਸਤਾਦਾਂ ਵਲੋਂ ਕਾਨਿਆਂ ਦੀ ਘੜੀ ਕਲਮ ਤੋਂ ਜੀ ਦੀ ਨਿਬ ਅਤੇ ਡਰੰਕ ਦੀ ਲਿਖਾਈ ਤੋਂ ਬਾਅਦ ਅਜੋਕੇ ਰੂਪ ਵਿਚ ਕਈ ਰੂਪਾਂ ਅਤੇ ਰੰਗਾਂ ਸੰਗ ਆਪਣੀ ਹੋਂਦ ਦਾ ਸੱਚ ਮਨਾਉਂਦੀ। ਨਿਰੰਤਰ ਜਾਰੀ ਏ ਇਸ ਦਾ ਸਫਰ।

ਕਲਮ ਜਦ ਕਠੋਰ, ਕਰੁਣਾਮਈ, ਕੁਲਹਿਣੀ ਅਤੇ ਕੁੜਿੱਤਣ ਵਿਚ ਲਬਰੇਜ਼ ਹੋ, ਕਾਹਲੀ ਵਿਚ ਕਾਲੇ ਹਰਫਾਂ ਦੀ ਤਫਸੀਲ ਲਿਖਦੀ ਤਾਂ ਸ਼ਬਦਾਂ ਦੇ ਸੀਨਿਆਂ ਵਿਚ ਸੋਗ ਧਰਿਆ ਜਾਂਦਾ ਅਤੇ ਕਈ ਵਾਰ ਤਾਂ ਉਹ ਆਪਣੀ ਹੋਂਦ ਤੋਂ ਮੁਨਕਰੀ ਦਾ ਰਾਹ ਵੀ ਫੜ੍ਹਦੇ।


ਕਲਮ, ਕਰਮਯੋਗਤਾ, ਕਰਮਸ਼ੀਲਤਾ ਅਤੇ ਕਰਮ ਜਾਚਨਾ ਨਾਲ ਲਬੋਲਬ ਭਰੀ ਹੋਵੇ ਤਾਂ ਇਸ ਦੇ ਸੀਨੇ ਵਿਚ ਆਇਆ ਹਰਫਾਂ ਦਾ ਉਬਾਲ, ਵਰਕਿਆਂ 'ਤੇ ਫੁੱਲਾਂ ਦੀ ਖੇਤੀ ਕਰਦਾ ਅਤੇ ਇਸ ਨੂੰ ਰੰਗਾਂ ਤੇ ਮਹਿਕਾਂ ਨਾਲ ਲਬਰੇਜ਼ ਕਰ, ਰੰਗਰੇਜ਼ ਧਰਾਤਲ ਸਿਰਜਣ ਵਿਚ ਮਾਣ ਮਹਿਸੂਸ ਕਰਦਾ।

ਕਲਮ, ਤਾਕਤਵਰ ਅਤੇ ਕਾਰਗਰ ਹਥਿਆਰ, ਤਲਵਾਰ ਨਾਲੋਂ ਜੋਰਾਵਰ। ਕਲਮ ਦਾ ਫੱਟ ਤਲਵਾਰ ਨਾਲੋਂ ਵੱਧ ਡੂੰਘਾ ਅਤੇ ਸੰਵੇਦਨਮਈ। ਤਲਵਾਰ ਦਾ ਫੱਟ ਤਾਂ ਸਮੇਂ ਨਾਲ ਭਰ ਜਾਂਦਾ ਪਰ ਕਲਮ ਦੇ ਦਿੱਤੇ ਜਖਮ ਸਾਰੀ ਉਮਰ ਚਸਕਦੇ ਰਹਿੰਦੇ।

ਕਲਮ, ਨਫਰਤ ਨੂੰ ਦੁਲਾਰ, ਦੁਸ਼ਮਣੀ ਨੂੰ ਪਿਆਰ, ਵੈਰੀ ਨੂੰ ਯਾਰ ਅਤੇ ਬਿਗਾਨਿਆਂ ਨੂੰ ਦਿਲਦਾਰ ਬਣਾਉਣ ਦਾ ਸਭ ਤੋਂ ਉਤਮ, ਸੌਖਾ ਅਤੇ ਸਹਿਜ ਉਪਚਾਰ।

ਕਲਮ 'ਚੋਂ ਨਿਕਲੇ ਸੋਹਲ ਹਰਫ ਗੁਟਕਦੇ, ਬਾਚੀਆਂ ਪਾਉਂਦੇ, ਮਸੋਸੀ ਰੂਹ ਨੂੰ ਖਿੜਾਉਂਦੇ ਅਤੇ ਇਕ ਰੁੱਸੇ ਹੋਏ ਸਾਥੀ ਨੂੰ ਦਿਲਦਾਰੀ ਭਰੇ ਹਰਫਾਂ ਸੰਗ ਮਨਾਉਂਦੇ।

ਕਲਮ, ਹਰਫਾਂ ਦੀ ਕਿਰਤ ਵਿਚੋਂ ਸਕੂਨ, ਸੰਤੁਸ਼ਟੀ ਅਤੇ ਸੰਪੂਰਨਤਾ ਪਾਉਣ ਵੰਨੀਂ ਪਹਿਲਕਦਮੀ ਕਰਦੀ ਤਾਂ ਵਕਤ ਵੀ ਇਸ ਦੀਆਂ



ਦੁਆਵਾਂ ਮੰਗਦਾ।

ਕਲਮ, ਕਿਸੇ ਦੀ ਤਲੀ 'ਤੇ ਹਾਸਿਆਂ ਦੀ ਪਟਾਰੀ, ਕਿਸੇ ਦੀ ਸੋਚ ਵਿਚ ਸੁਖਨ ਉਡਾਰੀ ਜਾਂ ਕਿਸੇ ਦੇ ਸੀਨੇ 'ਚ ਅੰਬਰ 'ਚ ਲਾਈ ਤਾਰੀ ਵਰਗਾ ਅਹਿਸਾਸ ਪੈਦਾ ਕਰੇ ਤਾਂ ਇਸ ਦੀ ਦੇਣ ਦਾ ਦਮ ਸਮੁੱਚਾ ਜ਼ਮਾਨਾ ਭਰੇ।

ਕਲਮ, ਕਦੇ ਵੀ ਜੋਰ-ਜਬਰਦਸਤੀ ਵਿਚੋਂ ਖੁਦ ਨੂੰ ਨਹੀਂ ਪ੍ਰਗਟਾਉਂਦੀ ਅਤੇ ਨਾ ਹੀ ਹਰਫਾਂ ਨੂੰ ਆਪਣੀ ਨੋਕ 'ਤੇ ਖਿਡਾਉਂਦੀ। ਇਹ ਤਾਂ ਇਕ ਵੇਗ ਵਿਚੋਂ ਹੀ ਸਿਰਜਣਹਾਰੀ ਦਾ ਰੁਤਬਾ ਪ੍ਰਾਪਤ ਕਰਦੀ ਅਤੇ ਹਰਫ-ਯੋਗ ਨੂੰ ਆਪਣੇ ਨਾਂ ਕਰਦੀ।

ਕਲਮ ਦਾ ਕਦੇ ਵੀ ਕਿਸੇ ਨਾਲ ਮੁਕਾਬਲਾ ਨਹੀਂ। ਇਹ ਖੁਦ ਵਿਚੋਂ ਹੀ ਖੁਦ ਨੂੰ ਪਛਾਣਦੀ, ਪਰਿਭਾਸ਼ਤ ਕਰਦੀ ਅਤੇ ਖੁਦ ਦੇ ਨਿਰਧਾਰਤ ਕੀਤੇ ਟੀਚੇ ਹਾਸਲ ਕਰਨ ਦੇ ਹੁਲਾਸ ਵਿਚ ਜ਼ਿੰਦਗੀ ਮਾਣਦੀ।

ਕਲਮ ਵਿਚੋਂ ਹੀ ਕਲਮਾਂ ਦੀਆਂ ਕਲਮਾਂ ਲੱਗਦੀਆਂ ਅਤੇ ਕਲਮਾਂ ਦੀ ਖੇਤੀ ਹੁੰਦੀ। ਇਹ ਕਲਮਾਂ ਇਕ ਅਜਿਹੀ ਕਲਮਕਾਰੀ ਦਾ ਨਿਵੇਕਲਾ ਅਤੇ ਸੁੰਦਰ ਸੰਸਾਰ ਸਿਰਜਦੀ। ਹਰ ਕੋਈ ਕਲਮ-ਖੇਤ ਦੇ ਸਦਕੇ ਜਾਂਦਾ।

ਕਲਮ ਦਾ ਯੋਗ ਕਮਾਉਣਾ, ਸਭ ਤੋਂ ਔਖਾ। ਆਪਣੇ ਆਪ ਨੂੰ ਸਾਧਨਾ, ਖੁਦ ਵਿਚੋਂ ਖੁਦ ਨੂੰ ਪ੍ਰਗਟਾਉਣਾ ਅਤੇ ਸ਼ਬਦਾਂ ਦੀ ਜੂਨੇ ਪਾਉਣਾ, ਸਭ ਤੋਂ ਅਹਿਮ, ਅਹਿਲ ਅਤੇ ਅਸਾਨ। 'ਕੇਰਾਂ ਹਰਫ ਜੂਨੇ ਪਿਆਂ ਹਰਫ-ਇਬਾਰਤ ਪਾਠਕਾਂ ਦੀ ਅਮਾਨਤ ਅਤੇ ਕਲਮਕਾਰ ਲਿਖਤ ਵਿਚੋਂ ਮਨਫੀ।

ਕਲਮ, ਕਮੀਆਂ, ਕੁਰੀਤੀਆਂ, ਕਮੀਨਗੀਆਂ ਨੂੰ ਜਦੋਂ ਸਫਿਆਂ ਦੇ ਨਾਮ ਕਰਦੀ ਤਾਂ ਕਾਗਜ਼ ਦੇ ਪਿੰਡੇ 'ਤੇ ਉਗ ਆਈਆਂ ਸੂਲਾਂ ਵਿਚ ਪਰੋਈਆਂ ਜਾਂਦੀਆਂ ਇਹ ਕੁਕਰਮੀ ਕਰਤੂਤਾਂ। ਫਿਰ ਸਮਿਆਂ ਦੀ ਤੰਦੀ 'ਤੇ ਚੰਗੇਰੇ ਵਕਤਾਂ ਦੇ ਲੰਮੇ ਲੰਮੇ ਤੰਦ ਵਕਤ ਨੂੰ ਜਿਉਣ-ਜੋਗਾ ਕਰਦੇ।

ਕਲਮ, ਕਲੀਆਂ ਦੀ ਮਾਸੂਮੀਅਤ ਬਿਆਨਦੀ, ਇਸ ਦੀ ਕੋਮਲਤਾ ਦਾ ਵਿਖਿਆਨ ਕਰਨ ਦੇ ਨਾਲ-ਨਾਲ ਜਦ ਇਸ ਦੀ ਕੰਡਿਆਲੀ ਵਾੜ ਬਣ ਕੇ ਰਾਖੀ ਕਰਦੀ ਤਾਂ ਕਲੀ ਦਾ ਫੁੱਲ ਬਣ ਕੇ ਮਹਿਕਣ ਅਤੇ ਚੌਗਿਰਦੇ ਨੂੰ ਮਹਿਕਾਉਣ ਦਾ ਸੁਪਨਾ ਪੂਰਾ ਹੁੰਦਾ।

ਕਲਮ, ਕਦਰਦਾਨਾਂ ਅਤੇ ਕਾਰਿੰਦਿਆਂ ਨੂੰ ਬਰਾਬਰ ਪਲੋਸਦੀ, ਹਰੇਕ ਨੂੰ ਆਪਣੀ ਬੁੱਕਲ ਦਾ ਨਿੱਘ ਬਖਸ਼ਦੀ ਅਤੇ ਆਸਾਂ ਤੇ ਭਾਵਨਾਵਾਂ ਦੀ ਪੂਰਤੀ ਕਰਨਾ ਆਪਣਾ ਧੰਨਭਾਗ ਸਮਝਦੀ।

ਕਲਮ, ਕੁਦਰਤੀ ਨਿਆਮਤ ਜੋ ਲਿਖਤੀ-ਕਰਾਮਾਤ ਬਣ, ਨਵੇਂ ਕੀਰਤੀਮਾਨ, ਕਿਰਤਾਂ, ਕਾਰਨਾਮਿਆਂ ਅਤੇ ਕੁਬੇਰੀ ਦਾ ਸਬੱਬ ਬਣ, ਵਕਤ-ਮੱਥੇ ਨੂੰ ਚਾਨਣ ਦੀ ਕਾਤਰ ਨਾਲ ਸਜਾਉਂਦੀ।

ਕਲਮ, ਕੁਝ ਕੁ ਅਜਿਹੇ ਲੋਕਾਂ ਦੀ ਬਾਂਦੀ ਜਿਨ੍ਹਾਂ ਦੇ ਪੋਟਿਆਂ ਵਿਚ ਆ, ਪੂਰਨ ਸਮਰਪਣ ਤੇ ਸ਼ਰਧਾ ਨਾਲ ਅਲੋਕਾਰੀ ਅਤੇ ਅਹਿਮ ਕਿਰਤਾਂ ਨੂੰ ਸਿਰਜਦੀ ਜੋ ਸਮਾਂ-ਸੀਮਾ ਤੋਂ ਪਾਰ ਹਰ ਯੁੱਗ ਵਿਚ ਸਾਰਥਕ।

ਕਲਮ, ਜਦ ਬੱਚੇ ਦੇ ਹੱਥਾਂ ਵਿਚ ਪੂਰਨਿਆਂ 'ਤੇ ਤੁਰਦੀ ਨਵੀਆਂ ਰਾਹਾਂ ਨੂੰ ਨਿਹਾਰਦੀ ਤਾਂ ਅੱਖਰਾਂ ਦੇ ਰੂਪ ਵਿਚੋਂ ਵਿਅਕਤੀਤਵ ਗੁਣਾਂ ਨੂੰ ਨਿਹਾਰਦੀ, ਉਸ ਦੀ ਭਵਿੱਖੀ ਪਛਾਣ ਦਾ ਨਾਮਕਰਨ ਵੀ ਕਰਦੀ। ਇਬਾਰਤ ਵਿਚੋਂ ਸ਼ਖਸੀ ਬਿੰਬ ਜਦ ਜੱਗ-ਜਾਹਰ ਹੁੰਦਾ ਤਾਂ ਕਲਮ ਦੀ ਕਰਤਾਰੀ ਸ਼ਕਤੀ ਆਪਣੇ ਜਾਹੋ-ਜਲਾਲ ਵਿਚ ਪ੍ਰਗਟ ਹੁੰਦੀ। ਭਾਵੇਂ ਅਜੋਕੇ ਆਧੁਨਿਕ ਮਸ਼ੀਨੀ ਯੁੱਗ ਨੇ ਕਲਮ ਦੀ ਸਾਰਥਕਤਾ ਨੂੰ ਗਵਾਇਆ ਏ, ਪਰ ਇਸ ਦੀ ਮਹਾਨਤਾ ਕਦੇ ਵੀ ਸਦਾ ਲਈ ਮਨਫੀ ਨਹੀਂ ਹੋਵੇਗੀ।

ਕਲਮ ਜਦ ਪੂਰਨਿਆਂ ਤੋਂ ਸ਼ਬਦ-ਜੋੜ, ਵਾਕ-ਬਣਤਰ ਤੱਕ ਪਹੁੰਚ ਆਪਣੇ ਵਿਚਾਰਾਂ ਨੂੰ ਤਰਤੀਬ ਦੇਣ ਦੇ ਰਾਹ ਤੁਰ ਪਵੇ ਤਾਂ ਕਲਮ ਇਕ ਕਿਰਤ ਨੂੰ ਜਨਮ ਦਿੰਦੀ ਜੋ ਰਾਹਗੀਰ ਬਣ ਨਵੀਆਂ ਰਾਹਾਂ ਸਿਰਜਦਾ।

ਕਲਮ, ਇਕ ਹਰਫਦਾਨੀ, ਕਲਮ ਇਕ ਸ਼ਬਦ-ਸੰਯੋਗ। ਕਲਮ ਸੁੱਚੀ, ਕਰਮਾਂ ਸੰਦੀ, ਕਲਮ ਇਕ ਕਰਮਯੋਗ। ਕਲਮ ਇਕ ਮਾਰਗ ਦਰਸ਼ਕ, ਕਲਮ ਇਕ ਕਰਮ-ਸੰਯੋਗ। ਕਲਮ ਵਰਕੇ 'ਤੇ ਕਲਾ-ਨਿਕਾਸ਼ੀ, ਕਲਮ ਸਾਹਾਂ ਦੀ ਯੋਗ। ਕਲਮ ਸੋਚਾਂ ਦਾ ਭਵ-ਸਾਗਰ ਚੀਰੇ, ਕਲਮ ਚਾਵਾਂ ਦੀ ਚੋਗ। ਕਲਮ ਰੂਹਾਂ ਦਾ ਮੇਲ-ਮਿਲਾਪ, ਕਲਮ ਵੇਗ-ਵਿਯੋਗ। ਕਲਮ ਖੇੜੇ ਦੀ ਰੂਹ ਹੁੰਦੀ, ਕਦੇ ਨਾ ਬਣਦੀ ਸੋਗ। ਕਲਮ ਦੀ ਜੂਹੇ ਜੋ ਉਗਮਦਾ, ਲਿਖਿਆ ਧੁਰ-ਸੰਯੋਗ। ਕਲਮ ਨੂੰ ਕਲਮ ਦੇ ਸਾਹੀਂ ਜੀਓ, ਨਾ ਬਣਾਓ ਕਰਮਾਂ ਦਾ ਰੋਗ। ਤਾਂ ਹੀ ਇਸ ਦੀ ਰੂਹ 'ਚੋਂ ਸਿੰਮਦਾ, ਸਾਹਾਂ-ਸੰਦੜੀ ਚੋਗ।

ਕਲਮ, ਕਮਜ਼ੋਰੀਆਂ ਨੂੰ ਕਰਾਮਾਤਾਂ ਵਿਚ ਬਦਲਣ ਦੀ ਊਰਜਾ, ਆਲਸੀਆਂ ਦੇ ਸੀਨੇ ਵਿਚ ਹਿੰਮਤ ਦੀ ਜਾਗ ਲਾਉਣ ਦਾ ਵਸੀਲਾ, ਨੈਣ ਬਨੇਰਿਆਂ 'ਤੇ ਦੀਵੇ ਜਗਾਉਣ ਦੀ ਅਰਾਧਨਾ, ਸੁਪਨਹੀਣਾਂ ਨੂੰ ਸੁਪਨਿਆਂ ਦਾ ਵਰਦਾਨ ਅਤੇ ਧੁੰਧਲਕੇ ਵਿਚ ਚਾਨਣ ਚਾਨਣ ਅਸਮਾਨ।

ਕਲਮ, ਵਹੀ-ਖਾਤਿਆਂ ਵਿਚੋਂ ਨਿਕਲ ਜਦ ਕਵੀ ਦੇ ਵਿਹੜੇ ਵਿਚ ਪੈਰ ਧਰਦੀ ਤਾਂ ਇਸ ਵਿਚੋਂ ਕੁਕਨੂਸ ਪੈਦਾ ਹੁੰਦਾ, ਝਰਨਿਆਂ ਦਾ ਸੰਗੀਤ ਪੈਦਾ ਹੁੰਦਾ ਅਤੇ ਕੁਦਰਤ ਦਾ ਸੁਹੱਪਣ ਆਪਣੀ ਸੰਪੂਰਨਤਾ ਸੰਗ ਪ੍ਰਗਟਦਾ।

ਕਲਮ, ਨਿਰੰਤਰਤਾ, ਸਿੱਧਯੋਗ, ਇਕਸੁਰਤਾ, ਇਕਸਾਰਤਾ ਤੇ ਇਕਾਗਰਤਾ ਭਰਪੂਰ ਅਰਪਣ ਅਤੇ ਅਰਾਧਨਾ।

ਕਲਮ ਹੈ ਤਾਂ ਕਲਾਕਾਰ, ਕਵੀ, ਕਿਰਤੀ ਤੇ ਕਲਮਕਾਰ ਹਨ। ਕਿਰਤਾਂ ਵਿਚੋਂ ਬੋਲਦੇ ਸੰਵਾਦ, ਹੁੰਗਾਰਾ ਭਰਦੇ ਬੋਲ, ਜੁਗਨੂੰ ਜਗਮਗ ਕਰਦੇ, ਮੰਤਰਮੁਗਧ ਕਰਦੇ, ਸ਼ਬਦ-ਜੂਹ 'ਚ ਬੈਠੇ ਹਨ ਜੋਗੀ, ਮਹਾਂਕਵੀ, ਗੁਰੂ, ਮਹਾਤਮਾ, ਵਿਗਿਆਨੀ, ਮਹਾਂ ਪੰਡਿਤ। ਕਲਮ ਦੀ ਅਣਹੋਂਦ ਵਿਚ ਅਸੀਂ ਇਨ੍ਹਾਂ ਨੂੰ ਕਿੰਜ ਮਿਲਣਾ ਸੀ?

ਕਲਮ ਕਰਕੇ ਹੀ ਹਰਫਾਂ ਵਿਚ ਸੋਚ, ਸੰਜੀਦਗੀ, ਸਰਲਤਾ, ਸੂਖਮਤਾ ਅਤੇ ਸਹਿਜ ਸਮੋਈ ਜੋ ਵਰਕਿਆਂ ਨੂੰ ਇਬਾਦਤਯੋਗ ਬਣਾਉਂਦੀ। ਇਸ ਦੀ ਅੰਤਰੀਵੀ ਸਾਧਨਾ ਹੀ ਮਨੁੱਖ ਨੂੰ ਵਿਸਥਾਰਦੀ ਤੇ ਵਿਸ਼ਾਲਦੀ। ਮਨੁੱਖੀ ਵਿਕਾਸ ਵਿਚ ਕਲਮਕਾਰੀ ਦਾ ਸਭ ਤੋਂ ਵੱਡਾ ਯੋਗਦਾਨ ਅਤੇ ਅਹਿਮੀਅਤ।

ਕਲਮ ਨੂੰ ਬਚਪਨ ਵਿਚ ਯਾਦ ਹੈ, ਗਾਚਣੀ ਨਾਲ ਫੱਟੀ ਦਾ ਪੋਚਣਾ, ਸੂਰਜ ਦੇ ਵਿਹੜੇ ਵਿਚ ਸੁਕਾਉਣਾ, ਦਵਾਤ ਵਿਚ ਸਿਆਹੀ ਬਣਾ ਕਲਮ ਨਾਲ ਪੂਰਨਿਆਂ ਨੂੰ ਸਜਾਉਣਾ ਅਤੇ ਨਿੱਕੀ ਨਿੱਕੀ ਖੁਸ਼ੀ ਵਿਚੋਂ ਹੁਲਾਸ ਅਤੇ ਖੇੜਾ ਮਾਸੂਮੀਅਤ ਦੇ ਮੂੰਹ 'ਤੇ ਲਿਆਉਣਾ। ਕਲਮ ਨੂੰ ਮਾਣ ਹੈ, ਪੂਰਨਿਆਂ ਵਾਲੀ ਕਲਮ ਵਿਚੋਂ ਹੀ ਸਮੇਂ ਨਾਲ ਹਰਫ ਨਾਜ਼ਲ ਹੋਏ ਜਿਨ੍ਹਾਂ ਨੇ ਵਰਕਿਆਂ ਦੇ ਨਾਂ ਨਵੀਂ ਤਹਿਰੀਕ ਕੀਤੀ।

ਕਲਮ ਦਾ ਵਸੀਹ ਦਾਇਰਾ ਅਤੇ ਤਾਕਤ। ਕਈ ਵਾਰ ਬੱਚੇ ਵਲੋਂ ਆਪਣੇ ਅਧਿਆਪਕ ਦੀ ਰਹਿਨੁਮਾਈ ਹੇਠ ਕਲਮ ਨਾਲ ਸਿਰਜੇ ਸ਼ਬਦ ਦੁਨੀਆਂ ਬਦਲਦੇ। ਇਸੇ ਲਈ ਤਾਂ ਅਬਰਾਹਮ ਲਿੰਕਨ ਨੇ ਆਪਣੇ ਬੱਚੇ ਦੀ ਅਧਿਆਪਕ ਨੂੰ ਕਿਹਾ ਸੀ ਕਿ ਮੇਰੇ ਬੱਚੇ ਨੂੰ ਹੰਝੂਆਂ ਦੀ ਇਬਾਰਤ ਸਮਝਣ ਦੀ ਸਮਝ ਆਵੇ।

ਕਲਮ ਨਾਲ ਹੀ ਲਿਖੇ ਜਾਂਦੇ ਨੇ ਜ਼ਫਰਨਾਮੇ ਤੇ ਜ਼ਿੰਦਗੀਨਾਮੇ। ਕਾਟਾ ਮਾਰਿਆ ਜਾਂਦਾ ਏ ਬੀਤੇ 'ਤੇ ਅਤੇ ਝਰੀਟਿਆਂ ਜਾਂਦਾ ਏ ਜ਼ਿੰਦਗੀ ਦੇ ਖਾਲੀ ਵਰਕਿਆਂ 'ਤੇ ਸੂਰਜਮੁਖੀ ਭਵਿੱਖ। ਕਲਮ ਦੀ ਵਰਤੋਂ ਅਤੇ ਕੁਵਰਤੋਂ ਦਾ ਵੱਲ ਜਰੂਰ ਆਉਣਾ ਚਾਹੀਦੈ।

ਕਲਮ, ਰੂਹ ਦੀ ਜ਼ੁਬਾਨ, ਮੂਕ ਬੋਲਾਂ ਨੂੰ ਦਿੱਤੇ ਅਲਫਾਜ਼, ਸਿਮਟੀਆਂ ਸੋਚਾਂ ਨੂੰ ਫੈਲਣ ਲਈ ਪਰ ਅਤੇ ਜ਼ੰਜ਼ੀਰਾਂ ਵਿਚ ਬੱਝੇ ਪੈਰਾਂ ਨੂੰ ਮੰਜ਼ਿਲ ਦੀ ਸੂਹ।

ਕਲਮ ਰਾਹੀਂ ਆਪਣੇ ਜਜ਼ਬਾਤ ਨੂੰ ਪਿਘਲਾਉਣ ਦਾ ਸ਼ਰਫ ਹਾਸਲ ਹੋਵੇ ਤਾਂ ਨਾੜਾਂ 'ਚ ਖੂਨ ਨਹੀਂ ਜੰਮਦਾ, ਜਿਸ ਨੂੰ ਚਾਲੂ ਕਰਨ ਲਈ ਕਈ ਵਾਰ ਔਜਾਰਾਂ ਦੀ ਲੋੜ ਪੈਂਦੀ।

ਕਲਮ, ਕਦੇ ਬਚਪਨੀ ਪੈਨਸਲ ਹੁੰਦੀ ਤਾਂ ਜੋ ਗਲਤੀਆਂ ਮਿਟਾਈਆਂ ਜਾ ਸਕਣ। ਪਰ ਜਦ ਜਵਾਨੀ ਪਹਿਰ ਇਹ ਪੈਨ ਦਾ ਰੂਪ ਵਟਾਉਂਦੀ ਤਾਂ ਗਲਤੀਆਂ ਨੂੰ ਮਿਟਾਉਣ ਦੀ ਗੁਜਾਇਸ਼ ਨਹੀਂ ਰਹਿੰਦੀ।

ਕਲਮ ਜਦ ਵਰਕਿਆਂ 'ਤੇ ਤਾਰੇ ਪੈਦਾ ਕਰਦੀ ਤਾਂ ਹਨੇਰੇ ਰਾਹਾਂ ਵਿਚ ਰੌਸ਼ਨੀ ਫੈਲਦੀ। ਜਦ ਕਲਮ ਅੱਗ ਉਗਲਦੀ ਤਾਂ ਪਾਪਾਂ ਦਾ ਨਾਸ਼ ਕਰ, ਯੱਖ ਮੌਸਮਾਂ ਵਿਚ ਨਿੱਘ ਵਰਤਾਉਂਦੀ। ਜਦ ਹੂਕ ਲਈ ਹੂੰਗਰ ਮਾਰਦੀ ਤਾਂ ਜਖਮਾਂ 'ਤੇ ਫਹੇ ਧਰ, ਮਰਹਮ ਪੱਟੀ ਦਾ ਓਹੜ-ਪੋਹੜ ਵੀ ਕਰਦੀ। ਰੌਸ਼ਨੀ, ਅੱਗ ਜਾਂ ਹੂੰਗਰ, ਕਲਮ ਦਾ ਵਰਦਾਨ ਜੋ ਸਭ ਤੋਂ ਜ਼ਿਆਦਾ ਪ੍ਰਭਾਵਸ਼ਾਲੀ।

ਕਲਮ ਕਦੇ ਵੀ ਆਪਣਾ ਰੰਗ ਨਹੀਂ ਬਦਲਦੀ। ਸਕੈਚ ਪੈਨਾਂ ਵਾਂਗ ਦਿਨ ਬਦਿਨ ਰੰਗ ਬਦਲਣ ਵਾਲੀ ਕਲਮ 'ਤੇ ਕੌਣ ਇਤਬਾਰ ਕਰੇਗਾ?

ਕਲਮ ਨਾਲ ਉਸਾਰੂ, ਉਪਯੋਗਵਾਦੀ, ਉਤਮ ਅਤੇ ਉਮੀਦ ਜਗਾਉਣ ਵਾਲਾ ਉਪਚਾਰ ਉਜਾਗਰ ਹੋਵੇ ਤਾਂ ਇਸ ਦੀਆਂ ਕਾਤਰਾਂ ਵਿਚੋਂ ਜੀਵਨ-ਲੋਰ ਲਰਜਦੀ ਜੋ ਚੌਗਿਰਦੇ ਨੂੰ ਤਰੰਗਤ ਕਰਦੀ।

ਕਲਮ ਦਾ ਤੋਹਫਾ, ਸਭ ਤੋਂ ਉਤਮ। ਕਲਮ ਦੀ ਕਰਮ-ਧਰਾਤਲ ਵਿਚੋਂ ਕਿਰਮਚੀ ਕਿਰਨਾਂ ਦਾ ਕਾਫਲਾ ਕੁਰਬਲ-ਕੁਬਰਲ ਕਰਦਾ ਜੋ ਤੁਹਾਡੀਆਂ ਹਨੇਰੀਆਂ ਕੰਦਕਾਂ ਲਈ ਚਾਨਣ ਦੀ ਦਸਤਕ ਬਣਦਾ।

ਕਲਮ ਨੂੰ ਕਿਸੇ ਦੇ ਹੱਥ ਨਾ ਦਿਓ ਜਦ ਖੁਦ ਦੀ ਜ਼ਿਆਰਤ ਕਰ ਰਹੇ ਹੋਵੋ ਕਿਉਂਕਿ ਇਸ ਨਾਲ ਬਹੁਤ ਸਾਰੀਆਂ ਖਾਲੀ ਥਾਂਵਾਂ ਰਹਿ ਜਾਣਗੀਆਂ ਜੋ ਤੁਹਾਡੇ ਮਨ-ਮਸਤਕ ਵਿਚ ਸਦਾ ਚਸਕਦੀਆਂ ਰਹਿਣਗੀਆਂ।

ਕਲਮਾਂ, ਕਦਮ, ਕਿਰਤ ਅਤੇ ਕਰਮ ਹੀ ਕਹਾਣੀਆਂ ਬਣਦੇ ਜੋ ਰੂਹ ਵਿਚੋਂ ਸਿੰਮ ਕੇ ਪਿੰਡਿਆਂ 'ਤੇ ਖੁਣੀਆਂ ਜਾਂਦੀਆਂ।

ਕਲਮ, ਹਰ ਯੁਗ ਵਿਚ ਅਹਿਮ ਅਤੇ ਇਸ ਵਿਚੋਂ ਉਗੀਆਂ ਯੁੱਗ ਪਲਟਾਊ ਕਿਰਤਾਂ ਨੇ ਸਮਿਆਂ ਦੀ ਬੀਹੀ ਵਿਚ ਵਿਲੱਖਣਤਾ ਅਤੇ ਵਿਕਲੋਤਰੇਪਣ ਦਾ ਹੋਕਰਾ ਲਾਇਆ।

ਕਲਮ, ਕਾਗਜ਼, ਦਵਾਤ ਅਤੇ ਸਿਆਹੀ ਨਾਲ ਲਿਖੇ ਸੱਚ ਨੂੰ ਅਕੀਦਤ ਯੋਗ ਬਣਾਉਂਦਿਆਂ, ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

ਧੰਨੁ ਸੁ ਕਾਗਦੁ ਕਲਮ ਧੰਨੁ
ਧਨੁ ਭਾਂਡਾ ਧਨੁ ਮਸੁ॥
ਧਨੁ ਲੇਖਾਰੀ ਨਾਨਕਾ
ਜਿਨਿ ਨਾਮੁ ਲਿਖਾਇਆ ਸਚੁ। (ਪੰਨਾ 1291)

ਕਲਮ ਸਦਾ ਜਿਉਂਦੀ ਰਹੇ, ਜਿਉਂਦੇ ਰਹਿਣ ਕਲਮਕਾਰ, ਜਾਗਦੀਆਂ ਰਹਿਣ ਕਲਮ-ਕਿਰਤਾਂ ਅਤੇ ਸੁਪਨੇ ਲੋਚਦੇ ਦੀਦਿਆਂ ਨੂੰ ਸੁਪਨਿਆਂ ਨਾਲ ਵਰਦੀਆਂ ਰਹਿਣ ਇਸ ਨਾਲ ਉਕਰੀਆਂ ਹਰਫ-ਇਬਾਰਤਾਂ।



**ਕਲਮ ਨੂੰ ਬਚਪਨ ਵਿਚ ਯਾਦ ਹੈ, ਗਾਚਣੀ ਨਾਲ ਫੱਟੀ ਦਾ ਪੋਚਣਾ, ਸੂਰਜ ਦੇ ਵਿਹੜੇ ਵਿਚ ਸੁਕਾਉਣਾ, ਦਵਾਤ ਵਿਚ ਸਿਆਹੀ ਬਣਾ ਕਲਮ ਨਾਲ ਪੂਰਨਿਆਂ ਨੂੰ ਸਜਾਉਣਾ ਅਤੇ ਨਿੱਕੀ ਨਿੱਕੀ ਖੁਸ਼ੀ ਵਿਚੋਂ ਹੁਲਾਸ ਅਤੇ ਖੇੜਾ ਮਾਸੂਮੀਅਤ ਦੇ ਮੂੰਹ 'ਤੇ ਲਿਆਉਣਾ। ਕਲਮ ਨੂੰ ਮਾਣ ਹੈ, ਪੂਰਨਿਆਂ ਵਾਲੀ ਕਲਮ ਵਿਚੋਂ ਹੀ ਸਮੇਂ ਨਾਲ ਹਰਫ ਨਾਜ਼ਲ ਹੋਏ ਜਿਨ੍ਹਾਂ ਨੇ ਵਰਕਿਆਂ ਦੇ ਨਾਂ ਨਵੀਂ ਤਹਿਰੀਕ ਕੀਤੀ।**

# ਕੈਬਰੇ ਡਾਂਸ ਤੋਂ ਆਈਟਮ ਨੰਬਰ ਤਕ

**ਫਿਲਮ ਜਗਤ**

ਹਿੰਦੀ ਫਿਲਮਾਂ ਦਾ ਸਫਰ ਸੌ ਸਾਲ ਪੂਰੇ ਕਰ ਚੁੱਕਿਆ ਹੈ। ਗੀਤ-ਸੰਗੀਤ ਅਤੇ ਨਾਚ ਗਾਣੇ ਸਦਾ ਇਨ੍ਹਾਂ ਫਿਲਮਾਂ ਦੀ ਖ਼ਾਸੀਅਤ ਰਹੇ ਹਨ, ਜਦੋਂਕਿ ਵਿਦੇਸ਼ੀ ਫਿਲਮਾਂ ਵਿਚ ਇਨ੍ਹਾਂ ਦੀ ਥਾਂ ਆਟੇ ਵਿਚ ਲੂਣ ਬਰਾਬਰ ਵੀ ਨਹੀਂ ਹੁੰਦੀ। ਅਸਲ ਵਿਚ, ਗੀਤ ਪੁਰਾਣੀਆਂ ਹਿੰਦੀ ਫਿਲਮਾਂ ਦੀ ਪਛਾਣ ਹੁੰਦੇ ਸਨ। ਹੈਲਨ ਜਿਹੀਆਂ ਕਲਾਕਾਰਾਂ ਦੇ ਕੈਬਰੇ ਡਾਂਸ ਦਰਸ਼ਕਾਂ ਨੂੰ ਦੀਵਾਨਾ ਬਣਾ ਦਿੰਦੇ ਸਨ। ਅੱਜ ਕੱਲ੍ਹ ਦੀਆਂ ਫਿਲਮਾਂ ਵਿਚ ਆਈਟਮ ਨੰਬਰ ਨੇ ਉਨ੍ਹਾਂ ਦੀ ਥਾਂ ਲੈ ਲਈ ਹੈ। ਪਹਿਲਾਂ ਤਕਰੀਬਨ ਹਰ ਫਿਲਮ ਵਿਚ ਇਕ-ਦੋ ਕੈਬਰੇ ਡਾਂਸ ਜ਼ਰੂਰ ਹੁੰਦੇ ਸਨ ਅਤੇ ਉਨ੍ਹਾਂ ਦਾ ਵਜੂਦ ਦਰੱਖਤਾਂ ਦੇ ਆਲੇ-ਦੁਆਲੇ ਚੱਕਰ ਲਾ ਕੇ ਗਾਏ ਜਾਣ ਵਾਲੇ ਹੀਰੋ-ਹੀਰੋਇਨਾਂ ਦੇ ਗਾਣਿਆਂ ਨਾਲੋਂ ਜ਼ਿਆਦਾ ਹੁੰਦਾ ਸੀ। ਉਸੇ ਤਰਜ਼ 'ਤੇ ਅੱਜ ਦੀ ਕਿਸੇ ਫਿਲਮ ਵਿਚਲਾ ਆਈਟਮ ਨੰਬਰ ਉਸ ਫਿਲਮ ਦੇ ਦੂਜੇ ਨਾਚ-ਗਾਣਿਆਂ ਨਾਲੋਂ ਜ਼ਿਆਦਾ ਮਹੱਤਵ ਰੱਖਦਾ ਹੈ।

ਕੈਬਰੇ ਡਾਂਸ ਦੀ ਦੁਨੀਆਂ ਵੱਲ ਝਾਤੀ ਮਾਰੀ ਜਾਵੇ ਤਾਂ ਹਿੰਦੀ ਫਿਲਮਾਂ ਵਿਚ ਇਕ ਨਾਲੋਂ ਵਧ ਕੇ ਇਕ ਸੁਪਰਹਿਟ ਕੈਬਰੇ ਡਾਂਸ ਦੇਖਣ ਨੂੰ ਮਿਲ ਜਾਂਦੇ ਹਨ। ਬਤੌਰ ਕੈਬਰੇ ਡਾਂਸਰ ਹੈਲਨ ਦਾ ਇਕ ਦਹਾਕੇ ਤਕ ਰਾਜ ਰਿਹਾ ਹੈ। ਉਸ ਦਾ ਜਲਵਾ ਲੰਮੇ ਦੌਰ ਤਕ ਹਿੰਦੀ ਫਿਲਮਾਂ ਵਿਚ ਛਾਇਆ ਰਿਹਾ ਹੈ। ਹਕੀਕਤ ਤਾਂ ਇਹ ਹੈ ਕਿ ਹੈਲਨ ਅੱਗੇ ਕੋਈ ਦੂਜੀ ਕੈਬਰੇ ਡਾਂਸਰ ਬਹੁਤਾ ਸਮਾਂ ਟਿਕ ਨਹੀਂ ਸਕੀ।

ਉਂਜ ਤਾਂ ਫਰੀਦਾ ਜਲਾਲ, ਪਦਮਾ ਖੰਨਾ, ਬਿੰਦੂ, ਅਰੁਣਾ ਇਰਾਨੀ, ਜੈਸ੍ਰੀ ਟੀ. ਜਿਹੀਆਂ ਤਮਾਮ ਕੈਬਰੇ ਡਾਂਸਰਾਂ ਨੇ ਕਈ ਫਿਲਮਾਂ ਵਿਚ ਆਪਣੀਆਂ ਅਦਾਵਾਂ ਨਾਲ ਲੱਖਾਂ ਦਰਸ਼ਕਾਂ ਨੂੰ ਦੀਵਾਨਾ ਬਣਾਇਆ ਪਰ ਇਨ੍ਹਾਂ 'ਚੋਂ ਕੋਈ ਵੀ ਹੈਲਨ ਦੇ ਵਾਂਗ ਲੰਮੇ ਅਰਸੇ ਤਕ ਆਪਣਾ ਅਸਰ ਕਾਇਮ ਰੱਖਣ ਵਿਚ ਕਾਮਯਾਬ ਨਹੀਂ ਹੋ ਸਕੀ। ਕੁਝ ਹੱਦ ਤਕ ਬਿੰਦੂ ਜ਼ਰੂਰ ਹੈਲਨ ਦਾ ਮੁਕਾਬਲਾ ਕਰ ਸਕੀ। 1969 ਵਿਚ ਆਈ ਫਿਲਮ 'ਇੰਤਕਾਮ' 'ਚ ਹੈਲਨ ਦਾ ਕੈਬਰੇ ਡਾਂਸ ਬਹੁਤ ਪਸੰਦ ਕੀਤਾ ਗਿਆ ਸੀ। ਲਤਾ ਮੰਗੇਸ਼ਕਰ ਦੇ ਗਾਏ ਗੀਤ 'ਆ ਜਾਨੇ ਜਾਂ, ਮੇਰਾ ਯੇਹ ਹੁਸਨ ਜਵਾਂ' ਗੀਤ 'ਤੇ ਹੈਲਨ ਨੇ ਖ਼ੂਬ ਜਲਵੇ ਦਿਖਾਏ ਸਨ।

ਇਸੇ ਤਰ੍ਹਾਂ ਜਤਿੰਦਰ ਨਾਲ ਆਸ਼ਾ ਪਾਰੇਖ ਦੀ ਸੁਪਰਹਿਟ ਫਿਲਮ 'ਕਾਰਵਾਂ' ਦਾ ਕੈਬਰੇ ਡਾਂਸ 'ਪਿਯਾ ਤੂੰ ਅਬ ਤੋ ਆ ਜਾ' ਵੀ ਬਹੁਤ ਪ੍ਰਸਿਧ ਹੋਇਆ ਸੀ। ਹੈਲਨ ਦਾ ਇਹ ਨਾਚ ਫਿਲਮ ਦੀ ਹੀਰੋਇਨ ਆਸ਼ਾ ਪਾਰੇਖ 'ਤੇ ਵੀ ਭਾਰੀ ਪੈ ਗਿਆ ਸੀ। ਰਾਜੇਸ਼ ਖੰਨਾ ਅਤੇ ਮੁਮਤਾਜ਼ ਦੀ ਸੁਪਰਹਿਟ ਫਿਲਮ 'ਅਪਨਾ ਦੇਸ਼' ਦਾ ਗੀਤ 'ਦੁਨੀਆ ਮੇਂ ਲੋਗੋਂ ਕੋ ਧੋਖਾ ਕਭੀ ਹੋ ਜਾਤਾ ਹੈ' ਵੀ ਗਜ਼ਬ ਦਾ ਸੀ। ਆਰ.ਡੀ. ਬਰਮਨ ਦੇ ਜਾਦੂ ਭਰੇ ਸੰਗੀਤ ਅਤੇ ਦਮਦਾਰ ਆਵਾਜ਼ ਨੇ ਇਸ ਗੀਤ ਨੂੰ ਚਾਰ ਚੰਨ ਲਾ ਦਿੱਤੇ ਸਨ। ਫਿਲਮ ਦੀ ਹੀਰੋਇਨ ਮੁਮਤਾਜ਼ ਨੇ ਹੀ ਭੇਸ ਬਦਲ ਕੇ ਇਹ ਉਤੇਜਿਤ ਡਾਂਸ ਕੀਤਾ ਸੀ।

ਇਸੇ ਲੜੀ ਵਿਚ ਦੇਵ ਆਨੰਦ ਤੇ ਹੇਮਾ ਮਾਲਿਨੀ ਦੀ ਸੁਪਰਹਿਟ ਫਿਲਮ 'ਜਾਨੀ ਮੇਰਾ ਨਾਮ' ਦਾ ਕੈਬਰੇ ਡਾਂਸ ਵੀ ਯਾਦਗਾਰ ਹੈ। 'ਹੁਸਨ ਕੇ ਲਾਖੋਂ ਰੰਗ' ਗੀਤ ਵਿਚ ਪਦਮਾ ਖੰਨਾ ਨੇ ਆਪਣੇ ਜਲਵੇ ਦਿਖਾਏ ਸਨ। ਦੇਵ ਆਨੰਦ ਦੀ ਫਿਲਮ 'ਜਿਊਲ ਥੀਫ' ਦਾ ਡਾਂਸ ਨੰਬਰ 'ਰਾਤ ਨਸ਼ੀਲੀ ਹੈ… ਬੁਝ ਗਏ ਦੀਏ' ਵੀ ਬੇਮਿਸਾਲ ਸੀ। ਸੱਤਰ ਦੇ ਦਹਾਕੇ ਵਿਚ ਰਾਜੇਸ਼ ਖੰਨਾ ਦੀਆਂ ਰੁਮਾਂਟਿਕ ਫਿਲਮਾਂ ਵਿਚ ਜੋ ਕੈਬਰੇ ਡਾਂਸ ਹੁੰਦੇ ਸਨ, ਉਹ ਗੋਲਡਨ ਜੁਬਲੀ ਪੱਧਰ ਦੇ ਹੀ ਹੁੰਦੇ ਸਨ। ਸ਼ਕਤੀ ਸਾਮੰਤ ਦੀ ਫਿਲਮ 'ਕਟੀ ਪਤੰਗ' ਨੇ ਨਾ ਸਿਰਫ ਗੋਲਡਨ ਜੁਬਲੀ ਮਨਾਈ ਸੀ, ਬਲਕਿ ਉਸ ਦੇ ਸਾਰੇ ਗਾਣੇ ਛਾ ਗਏ ਸਨ ਪਰ ਤਮਾਮ ਗਾਣਿਆਂ ਦੇ ਵਿਚਾਲੇ 'ਮੇਰਾ ਨਾਮ ਹੈ ਸ਼ਬਨਮ' ਗੀਤ ਬਿੰਦੂ ਦੇ ਕੈਬਰੇ ਡਾਂਸ ਦੇ ਚਲਦਿਆਂ ਟਿਕਟ ਖਿੜਕੀ 'ਤੇ ਛਾ ਗਿਆ ਸੀ।

ਰਾਜੇਸ਼ ਖੰਨਾ ਅਤੇ ਤਨੂਜਾ ਦੀ ਫਿਲਮ 'ਮੇਰੇ ਜੀਵਨ ਸਾਥੀ' ਵਿਚ ਹੈਲਨ ਦੇ ਡਾਂਸ ਨਾਲ ਸਜਿਆ ਗੀਤ 'ਆਓ ਨਾ… ਗਲੇ ਲਗਾਓ ਨਾ' ਆਪਣਾ ਵੱਖਰਾ ਜਾਦੂ ਜਗਾਉਣ ਵਿਚ ਕਾਮਯਾਬ ਰਿਹਾ ਸੀ। ਹਿੰਦੀ ਫਿਲਮੀ 'ਸ਼ੋਅਲੇ' ਵੀ ਭਲਾ ਕੈਬਰੇ ਡਾਂਸ ਤੋਂ ਕਿਵੇਂ ਵਾਂਝੀ ਰਹਿੰਦੀ। ਇਸ ਵਿਚ ਹੈਲਨ ਅਤੇ ਜਲਾਲ ਆਗਾ 'ਤੇ ਫਿਲਮਾਇਆ ਗਿਆ ਗੀਤ 'ਮਹਿਬੂਬਾ ਓ ਮਹਿਬੂਬਾ' ਖ਼ੂਬ ਗੂੰਜਿਆ ਸੀ।

ਐਕਸ਼ਨ ਫਿਲਮਾਂ ਦੇ ਸ਼ਹਿਨਸ਼ਾਹ ਅਮਿਤਾਭ ਬੱਚਨ ਦੀਆਂ ਸੁਪਰਹਿਟ ਫਿਲਮਾਂ ਵੀ ਕੈਬਰੇ ਡਾਂਸ ਦੇ ਅਸਰ ਤੋਂ ਅਣਛੂਹੀਆਂ ਨਹੀਂ ਰਹੀਆਂ। ਜ਼ੀਨਤ ਅਮਾਨ ਦੇ ਨਾਲ ਵਾਲੀ ਸੁਪਰਹਿਟ ਫਿਲਮ 'ਡੌਨ' ਦੇ ਹੈਲਨ 'ਤੇ ਫਿਲਮਾਏ 'ਯੇ ਮੇਰਾ ਦਿਲ' ਗੀਤ ਨੇ ਦਰਸ਼ਕਾਂ ਦਾ ਮਨ ਮੋਹ ਲਿਆ ਸੀ। ਇਵੇਂ ਹੀ ਇਕ ਨਾਲੋਂ ਵਧ ਕੇ ਇਕ ਕੈਬਰੇ ਡਾਂਸ ਅਤੇ ਗੀਤਾਂ ਨਾਲ ਹਿੰਦੀ ਫਿਲਮਾਂ ਦਾ ਇਤਿਹਾਸ ਮਾਲਾ-ਮਾਲ ਹੈ ਅਤੇ ਹੁਣ ਇਹ ਜਗ੍ਹਾ ਵਰਤਮਾਨ ਦੌਰ ਦੇ ਆਈਟਮ ਨੰਬਰਾਂ ਨੇ ਲੈ ਲਈ ਹੈ ਜਿਨ੍ਹਾਂ ਵਿਚ ਅਕਸਰ ਫਿਲਮ ਦੀ ਹੀਰੋਇਨ ਜਾਂ ਦੂਜੀ ਨਾਮੀ ਅਦਾਕਾਰਾ ਆਪਣੀਆਂ ਅਦਾਵਾਂ ਨਾਲ ਦਰਸ਼ਕਾਂ ਨੂੰ ਆਪਣੇ ਵੱਲ ਖਿੱਚਦੀ ਹੈ। ਮਸ਼ਹੂਰ ਹੀਰੋਇਨ ਮਨੀਸ਼ਾ ਕੋਇਰਾਲਾ ਦੀ ਸੁਪਰਹਿਟ ਫਿਲਮ 'ਮੁੰਬਈ' ਉਂਜ ਤਾਂ ਪੂਰੀ ਤਰ੍ਹਾਂ ਮਨੀਸ਼ਾ ਅਤੇ ਅਰਵਿੰਦ ਸਵਾਮੀ ਦੀ ਫਿਲਮ ਸੀ ਪਰ ਉਸ ਵਿਚ ਸੋਨਾਲੀ ਬੇਂਦਰੇ 'ਤੇ ਫਿਲਮਾਇਆ ਗਿਆ ਆਈਟਮ ਗੀਤ 'ਹੁੰਮਾ ਹੁੰਮਾ' ਵੀ ਸ਼ਾਮਲ ਸੀ।

1999 ਵਿਚ ਆਈ ਫਿਲਮ 'ਸ਼ੂਲ' ਵਿਚ ਰਵੀਨਾ ਟੰਡਨ ਅਤੇ ਮਨੋਜ ਵਾਜਪਾਈ ਸਨ ਪਰ ਫਿਲਮ ਦੀ ਕਾਮਯਾਬੀ ਦਾ ਸਿਹਰਾ ਸ਼ਿਲਪਾ ਸ਼ੈਟੀ ਆਪਣੇ ਆਈਟਮ ਨੰਬਰ 'ਦਿਲ ਵਾਲੋਂ ਕੇ ਦਿਲ ਕਾ ਕਰਾਰ ਲੂਟਨੇ' ਦੇ ਜ਼ਰੀਏ ਲੁੱਟ ਕੇ ਲੈ ਗਈ ਸੀ। ਇਹੀ ਕ੍ਰਿਸ਼ਮਾ ਉਰਮਿਲਾ ਮਾਂਤੋਂਡਕਰ ਨੇ ਫਿਲਮ 'ਚਾਇਨਾ ਗੇਟ' ਵਿਚ ਕੀਤਾ ਸੀ। ਉਸ ਫਿਲਮ ਦੀ ਖ਼ਾਸੀਅਤ ਉਰਮਿਲਾ ਦਾ 'ਛੰਮਾ ਛੰਮਾ' ਆਈਟਮ ਨੰਬਰ ਹੀ ਸੀ। ਉਂਜ ਤਾਂ ਮਾਧੁਰੀ ਫਿਲਮ 'ਤੇਜ਼ਾਬ' ਦੀ ਹੀਰੋਇਨ ਸੀ ਪਰ ਉਸ ਵਿਚ ਉਸ 'ਤੇ ਫਿਲਮਾਇਆ ਗਿਆ ਆਈਟਮ ਗੀਤ 'ਏਕ ਦੋ ਤੀਨਞ' ਫਿਲਮ ਦੀ ਕਾਮਯਾਬੀ ਦਾ ਖ਼ਾਸ ਕਾਰਨ ਸੀ। ਫਿਲਮ 'ਬੜੇ ਮੀਆਂ ਛੋਟੇ ਮੀਆਂ' ਵਿਚ ਮਾਧੁਰੀ ਦੀਕਸ਼ਤ ਨੇ ਆਈਟਮ ਨੰਬਰ 'ਮੱਖਣਾਂ… ਤੇਰੇ ਪਿਆਰ ਦਾ ਰਸ' ਕੀਤਾ ਸੀ ਅਤੇ ਉਹ ਫਿਲਮ ਦੀ ਦੂਜੀਆਂ ਹੀਰੋਇਨਾਂ ਰਵੀਨਾ ਟੰਡਨ ਅਤੇ ਰਮਯਾ 'ਤੇ ਭਾਰੀ ਪਈ ਸੀ।

ਫਿਲਮ 'ਦਮ' ਦਾ ਯਾਨਾ ਗੁਪਤਾ 'ਤੇ ਫਿਲਮਾਇਆ ਗਿਆ ਆਈਟਮ ਨੰਬਰ 'ਬਾਬੂ ਜੀ ਜ਼ਰਾ ਧੀਰੇ ਚਲੋ' ਵੀ ਗਜ਼ਬ ਦਾ ਸੀ। ਇਸੇ ਕਿਸਮ ਦਾ ਜਲਵਾ ਫਿਲਮ ਜ਼ਮੀਨ ਦੇ 'ਦਿੱਲੀ ਕੀ ਸਰਦੀ' ਆਈਟਮ ਨੰਬਰ ਵਿਚ ਅੰਮ੍ਰਿਤਾ ਅਰੋੜਾ ਨੇ ਦਿਖਾਇਆ ਸੀ। ਫਿਲਮ 'ਓਮਕਾਰਾ' ਦੇ ਆਈਟਮ ਡਾਂਸ 'ਬੀੜੀ ਜਲਾਈ ਲੇ' ਵਿਚ ਬਿਪਾਸ਼ਾ ਬਾਸੂ ਦੇ ਅੰਦਾਜ਼ ਦੇ ਸਾਹਮਣੇ ਹੀਰੋਇਨ ਕਰੀਨਾ ਕਪੂਰ ਦੀਆਂ ਅਦਾਵਾਂ ਫਿੱਕੀਆਂ ਪੈ ਗਈਆਂ ਸਨ। ਆਈਟਮ ਡਾਂਸ ਦੀ ਗੱਲ ਚੱਲੇ ਅਤੇ 'ਸ਼ੀਲਾ ਕੀ ਜਵਾਨੀ' ਦਾ ਜ਼ਿਕਰ ਨਾ ਹੋਵੇ, ਇਹ ਹੋ ਨਹੀਂ ਸਕਦਾ। ਫਿਲਮ 'ਤੀਸ ਮਾਰ ਖਾਂ' ਦੇ ਉਸ ਡਾਂਸ ਵਿਚ ਕੈਟਰੀਨਾ ਕੈਫ ਦੇ ਜਲਵੇ ਦੇਖਣ ਵਾਲੇ ਸਨ।


ਕੁਝ ਇਹੋ ਜਿਹਾ ਹੀ ਅਸਰ ਐਸ਼ਵਰਿਆ ਰਾਏ ਨੇ ਫਿਲਮ 'ਬੰਟੀ ਔਰ ਬਬਲੀ' ਦੇ 'ਮੇਰਾ ਚੈਨ ਵੈਨ ਸਭ ਉਜੜਾ' ਆਈਟਮ ਨੰਬਰ ਰਾਹੀਂ ਛੱਡਿਆ ਸੀ। ਫਿਲਮ 'ਦਬੰਗ' ਦੇ ਆਈਟਮ ਗੀਤ 'ਮੁੰਨੀ ਬਦਨਾਮ ਹੂਈ ਡਾਰਲਿੰਗ ਤੇਰੇ ਲੀਏ' ਰਾਹੀਂ ਮਲਾਇਕਾ ਅਰੋੜਾ ਨੇ ਵੀ ਖ਼ੂਬ ਚਰਚਾ ਖੱਟੀ। ਫਿਲਮ 'ਦਬੰਗ 2' ਵਿਚ ਕਰੀਨਾ ਕਪੂਰ ਨੇ 'ਫੈਵੀਕੋਲ ਸੇ' ਆਈਟਮ ਨੰਬਰ ਕਰਕੇ ਅਹਿਸਾਸ ਕਰਵਾ ਦਿੱਤਾ ਕਿ ਉਹ ਹਰ ਕਿਰਦਾਰ ਨਿਭਾਉਣ ਦੇ ਸਮਰੱਥ ਹੈ। ਇਸ ਤੋਂ ਇਲਾਵਾ ਫਿਲਮ 'ਹੀਰੋਇਨ' ਦੇ 'ਹਲਕਟ ਜਵਾਨੀ' ਆਈਟਮ ਗੀਤ ਵਿਚ ਵੀ ਕਰੀਨਾ ਨੇ ਕਮਾਲ ਦੇ ਜਲਵੇ ਦਿਖਾਏ ਅਤੇ 'ਤੇਰਾ ਰਸਤਾ ਦੇਖ ਰਹੀ' ਗੀਤ 'ਤੇ ਬਿਹਤਰੀਨ ਡਾਂਸ ਕੀਤਾ।


'ਸ਼ੀਲਾ ਕੀ ਜਵਾਨੀ' ਅਤੇ 'ਮੁੰਨੀ ਬਦਨਾਮ ਹੂਈ' ਗੀਤਾਂ ਨੂੰ ਲੈ ਕੇ ਕੈਟਰੀਨਾ ਅਤੇ ਮਲਾਇਕਾ ਦੀ ਜ਼ਬਰਦਸਤ ਤੁਲਨਾ ਹੋਈ ਸੀ। ਉਸ ਤੋਂ ਬਾਅਦ ਨਵੀਂ ਫਿਲਮ ਅਗਨੀਪਥ ਵਿਚ 'ਚਿਕਨੀ ਚਮੇਲੀ' ਆਈਟਮ ਗੀਤ 'ਤੇ ਕੈਟਰੀਨਾ ਹੋਰ ਖੁੱਲ੍ਹ ਕੇ ਨੱਚੀ ਸੀ। 'ਹਾਊਸਫੁਲ' ਦੇ 'ਅਨਾਰਕਲੀ ਡਿਸਕੋ ਚਲੀ' ਜ਼ਰੀਏ ਮਲਾਇਕਾ ਨੇ ਵੀ ਖ਼ੁਦ ਨੂੰ ਸਾਬਤ ਕਰ ਦਿੱਤਾ। ਖੁੱਲ੍ਹ ਕੇ ਸਾਹਮਣੇ ਆਉਣ ਲਈ ਮਸ਼ਹੂਰ ਮਲਿਕਾ ਸ਼ੇਰਾਵਤ ਭਲਾ ਇਸ ਮਾਮਲੇ ਵਿਚ ਕਿਥੇ ਪਿੱਛੇ ਰਹਿਣ ਵਾਲੀ ਸੀ। ਫਿਲਮ 'ਡਬਲ ਧਮਾਲ' ਦੇ 'ਜਲੇਬੀ ਬਾਈ' ਆਈਟਮ ਗੀਤ ਵਿਚ ਮਲਿਕਾ ਨੇ ਦਰਸ਼ਕਾਂ ਦਾ ਦਿਲ ਜਿੱਤ ਲਿਆ।

ਅੱਜ ਦੇ ਦੌਰ ਦੀਆਂ ਕਾਮਯਾਬ ਹੀਰੋਇਨਾਂ ਵਿਚ ਗਿਣੀ ਜਾਂਦੀ ਪ੍ਰਿਯੰਕਾ ਚੋਪੜਾ ਵੀ ਇਸ ਮਾਮਲੇ ਵਿਚ ਪਿਛੇ ਨਹੀਂ ਰਹੀ। ਫਿਲਮ 'ਸ਼ੂਟ ਆਊਟ ਐਟ ਵਡਾਲਾ' ਦੇ 'ਬਬਲੀ ਬਦਮਾਸ਼' ਆਈਟਮ ਨੰਬਰ ਨਾਲ ਪ੍ਰਿਯੰਕਾ ਨੇ ਆਪਣੀ ਆਰਜ਼ੂ ਪੂਰੀ ਕੀਤੀ ਅਤੇ ਫਿਰ ਫਿਲਮ 'ਰਾਮ ਲੀਲ੍ਹਾ' ਵਿਚ 'ਰਾਮ ਚਾਹੇ ਲੀਲਾ ਚਾਹੇ… ਲੀਲਾ ਚਾਹੇ ਰਾਮ' ਆਈਟਮ ਨੰਬਰ ਵਿਚ ਪ੍ਰਿਯੰਕਾ ਆਪਣੇ ਪੂਰੇ ਰੰਗ ਵਿਚ ਨਜ਼ਰ ਆਈ।

ਅੱਜ ਕੱਲ੍ਹ ਤੇਜ਼ੀ ਨਾਲ ਉਭਰਨ ਵਾਲੀ ਹੀਰੋਇਨ ਸੋਨਾਕਸ਼ੀ ਸਿਨਹਾ ਵੀ ਇਸ ਮਾਮਲੇ ਵਿਚ ਪਿੱਛੇ ਨਹੀਂ ਰਹੀ। 'ਓ ਮਾਈ ਗੌਡ' ਫਿਲਮ ਵਿਚ ਪ੍ਰਭੁਦੇਵਾ ਦੇ ਨਾਲ 'ਗੋ ਗੋ ਗੋਬਿੰਦਾ' ਆਈਟਮ ਨੰਬਰ ਕਰਕੇ ਸੋਨਾਕਸ਼ੀ ਨੇ ਜਤਲਾ ਦਿੱਤਾ ਕਿ ਉਹ ਵੀ ਟੱਕਰ ਦੇਣ ਲਈ ਤਿਆਰ ਹੈ। ਅਮਿਤਾਭ ਬੱਚਨ ਅਤੇ ਕਿਮੀ ਕਾਰਟਰ 'ਤੇ ਫਿਲਮਾਇਆ ਗਿਆ ਫਿਲਮ 'ਹਮ' ਦੇ ਆਈਟਮ ਨੰਬਰ 'ਚੁੰਮਾ ਚੁੰਮਾ ਦੇ ਦੇ' ਨੇ ਵੀ ਆਪਣੇ ਦੌਰ ਵਿਚ ਰਿਕਾਰਡ ਤੋੜ ਸਫਲਤਾ ਹਾਸਲ ਕੀਤੀ ਸੀ ਅਤੇ ਹਾਲ ਹੀ ਵਿਚ 'ਯੇ ਜਵਾਨੀ ਹੈ ਦੀਵਾਨੀ' ਫਿਲਮ ਵਿਚ ਮਾਧੁਰੀ ਦੀਕਸ਼ਤ ਨੇ ਆਪਣੇ ਆਈਟਮ ਨੰਬਰ 'ਘਾਗਰਾ' ਜ਼ਰੀਏ ਇਹ ਸਾਬਤ ਕਰ ਦਿੱਤਾ ਕਿ ਉਹ ਅੱਜ ਵੀ ਕਿਸੇ ਨਾਲੋਂ ਘੱਟ ਨਹੀਂ ਹੈ।

ਪਹਿਲਾਂ ਕੈਬਰੇ ਡਾਂਸ ਬੇਸ਼ਕ ਭੜਕਾਊ ਹੁੰਦੇ ਸਨ, ਫਿਰ ਵੀ ਉਦੋਂ ਅਭਿਨੇਤਰੀਆਂ ਚਮੜੀ ਦੇ ਰੰਗ ਨਾਲ ਮੇਲ ਖਾਂਦੇ ਰੰਗ ਦੇ ਭੀੜੇ ਕੱਪੜੇ ਪਾ ਕੇ ਰੱਖਦੀਆਂ ਸਨ। ਉਦੋਂ ਅੱਜ ਵਾਂਗ ਨੰਗੇਜ਼ ਭਾਰੂ ਨਹੀਂ ਸੀ।





*(ਖੱਬੇ) ਪ੍ਰਸਿਧ ਕੈਬਰੇ ਡਾਂਸਰ ਹੈਲਨ ਆਪਣੇ ਖਾਵੰਦ ਸਲੀਮ ਖਾਨ ਨਾਲ ਅਤੇ (ਸੱਜੇ) ਕੈਟਰੀਨਾ ਕੈਫ*

**-ਨਿਰਮਲ ਪ੍ਰੇਮੀ**

# ਸ਼ਬਾਨਾ ਆਜ਼ਮੀ ਦਾ ਸੁਨੇਹਾ

ਉਘੀ ਅਦਾਕਾਰਾ ਸ਼ਬਾਨਾ ਆਜ਼ਮੀ ਦਾ ਕਹਿਣਾ ਹੈ ਕਿ ਅਸੀਂ ਸਮਾਜ ਵਿਚ ਵਿਚਰਦਿਆਂ ਸਾਂਭ ਸੰਭਾਲ ਖੁਣੋਂ ਕਲਾ ਦੀ ਪ੍ਰਵਾਹ ਨਹੀਂ ਕਰਦੇ ਜਦਕਿ ਮਨੁੱਖ ਨੂੰ ਤਰਾਸ਼ਣ ਵਿਚ ਕਲਾ ਦਾ ਅਹਿਮ ਯੋਗਦਾਨ ਹੈ। ਉਨ੍ਹਾਂ ਕਿਹਾ, "ਮੇਰਾ ਮੰਨਣਾ ਹੈ ਕਿ ਕਲਾ ਭਾਵੇਂ ਕਿਸੇ ਵੀ ਰੂਪ ਵਿਚ ਹੋਵੇ, ਉਹ ਸਮਾਜ ਵਿਚ ਮਨੁੱਖ ਨੂੰ ਖਾਸ ਦਿਸ਼ਾ ਵਿਚ ਢਾਲਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਹ ਨਾ ਸਿਰਫ ਉਸ ਨੂੰ ਆਪਣਾ ਨਜ਼ਰੀਆ ਬਣਾਉਣ ਬਲਕਿ ਉਸ ਨੂੰ ਮੁਕੰਮਲ ਮਨੁੱਖ ਬਣਾਉਣ ਵਿਚ ਵੀ ਮਦਦਗਾਰ ਹੁੰਦੀ ਹੈ। ਅੱਜ ਕੱਲ੍ਹ ਹਾਲ ਇਹ ਹੈ ਕਿ ਅਸੀਂ ਕਲਾ ਦੇ ਇਸ ਪਹਿਲੂ ਵੱਲ ਧਿਆਨ ਹੀ ਨਹੀਂ ਦਿੰਦੇ। ਆਪਣੇ ਵਿਤ ਮੁਤਾਬਕ ਸਾਨੂੰ ਸਾਰਿਆਂ ਨੂੰ ਕਲਾ ਨੂੰ ਹੱਲਾਸ਼ੇਰੀ ਅਤੇ ਸਰਪ੍ਰਸਤੀ ਦੇਣੀ ਚਾਹੀਦੀ ਹੈ। ਸਾਨੂੰ ਸਕੂਲ ਦੇ ਦਿਨਾਂ ਤੋਂ ਹੀ ਬੱਚਿਆਂ ਨੂੰ ਕਲਾ ਦੇ ਵੱਖ ਵੱਖ ਰੂਪਾਂ ਦੇ ਰੂ-ਬ-ਰੂ ਕਰਾਉਣਾ ਚਾਹੀਦਾ ਹੈ, ਕਿਉਂਕਿ ਜਿੰਨੀ ਦੇਰ ਤਕ ਤੁਹਾਨੂੰ ਕਿਸੇ ਚੀਜ਼ ਬਾਰੇ ਖੁੱਲ੍ਹ ਕੇ ਚਾਨਣਾ ਨਹੀਂ ਹੁੰਦਾ, ਓਨੀ ਦੇਰ ਤੁਹਾਡੀ ਕਲਪਨਾ ਸ਼ਕਤੀ 'ਚ ਹੁਲਾਰਾ ਨਹੀਂ ਆ ਸਕਦਾ।"



ਕਲਾਕਾਰਾਂ ਨੂੰ ਆਪਣੇ ਮੁੱਦਿਆਂ ਅਤੇ ਮਸਲਿਆਂ ਬਾਰੇ ਮੁਖਾਤਿਬ ਹੋਣ ਲਈ ਜਥੇਬੰਦ ਹੋਣ ਅਤੇ ਜਥੇਬੰਦੀ ਬਣਾਉਣ ਬਾਰੇ ਉਨ੍ਹਾਂ ਕਿਹਾ ਕਿ ਕਲਾਕਾਰਾਂ ਨੂੰ ਇਸ ਬਾਰੇ ਫੈਸਲਾ ਖ਼ੁਦ, ਮੌਕੇ ਮੁਤਾਬਕ ਲੈਣਾ ਚਾਹੀਦਾ ਹੈ। ਜੇ ਅਜਿਹੀ ਕੋਈ ਪਹਿਲਕਦਮੀ ਹੁੰਦੀ ਹੈ ਤਾਂ ਉਹ ਇਸ ਵਿਚ ਸ਼ਾਮਲ ਹੋ ਸਕਦੀ ਹੈ। ਯਾਦ ਰਹੇ ਕਿ ਪਿਛਲੇ ਸਾਲ ਹੀ ਆਈ ਫਿਲਮ 'ਬਲੈਕ ਪ੍ਰਿੰਸ' ਜੋ ਮਹਾਰਾਜਾ ਦਲੀਪ ਸਿੰਘ ਬਾਰੇ ਬਣਾਈ ਗਈ ਸੀ, ਸ਼ਾਬਾਨਾ ਆਜ਼ਮੀ ਨੇ ਮਹਾਰਾਣੀ ਜਿੰਦਾਂ ਦਾ ਰੋਲ ਨਿਭਾਇਆ ਸੀ। ਉਂਜ ਵੀ, ਅਦਾਕਾਰੀ ਦੇ ਪੱਖ ਤੋਂ ਫਿਲਮੀ ਦੁਨੀਆਂ ਵਿਚ ਉਨ੍ਹਾਂ ਦੀ ਸਦਾ ਝੰਡੀ ਰਹੀ ਹੈ। ਉਨ੍ਹਾਂ ਨੂੰ ਪੰਜ ਵਾਰ ਕੌਮੀ ਫਿਲਮ ਐਵਾਰਡ ਅਤੇ ਪੰਜ ਵਾਰ ਹੀ ਫਿਲਮਫੇਅਰ ਐਵਾਰਡ ਮਿਲ ਚੁੱਕਾ ਹੈ। ਇਹੀ ਨਹੀਂ, ਉਹ ਅੱਠ ਵਾਰ ਕੌਮੀ ਐਵਾਰਡ ਲਈ ਨਾਮਜ਼ਦ ਹੋਏ ਹਨ। ਉਨ੍ਹਾਂ ਆਪਣੀ ਪਹਿਲੀ ਹੀ ਫਿਲਮ 'ਅੰਕੁਰ' ਜੋ 1974 ਵਿਚ ਆਈ ਸੀ, ਨਾਲ ਹੀ ਫਿਲਮੀ ਦੁਨੀਆਂ ਵਿਚ ਧੁੰਮ ਮਚਾ ਦਿੱਤੀ ਸੀ। ਇਸ ਫਿਲਮ ਲਈ ਉਨ੍ਹਾਂ ਨੂੰ ਸਰਵੋਤਮ ਅਦਾਕਾਰਾ ਦਾ ਕੌਮੀ ਐਵਰਡ ਮਿਲਿਆ ਸੀ। ਹੁਣ ਤੱਕ ਉਹ ਸੌ ਤੋਂ ਵੱਧ ਫਿਲਮਾਂ ਵਿਚ ਆਪਣੀ ਅਦਾਕਾਰੀ ਦੇ ਜਲਵੇ ਦਿਖਾ ਚੁੱਕੇ ਹਨ। ਉਹ ਅਜਿਹੀ ਅਦਾਕਾਰਾ ਹੈ ਜਿਸ ਨੇ ਕਲਾ ਅਤੇ ਵਪਾਰਕ, ਦੋਹਾਂ ਕਿਸਮ ਦੀਆਂ ਫਿਲਮਾਂ ਵਿਚ ਕੰਮ ਕੀਤਾ ਅਤੇ ਵਾਹ-ਵਾਹ ਖੱਟੀ।

**-ਗੁਰਜੰਟ ਸਿੰਘ**

# ਕੰਗਨਾ ਤੇ ਰਿਤਿਕ: ਕੁੰਢੀਆਂ ਦੇ ਸਿੰਗ ਫਸੇ

ਅਦਾਕਾਰਾ ਕੰਗਨਾ ਰਨੌਤ ਅਤੇ ਰਿਤਿਕ ਰੌਸ਼ਨ ਇਕ ਵਾਰ ਫਿਰ ਆਪਸ ਵਿਚ ਖਹਿ ਰਹੇ ਹਨ। ਦੋਵੇਂ ਜਣੇ ਅਗਲੇ ਸਾਲ ਜਨਵਰੀ ਵਿਚ ਟਿਕਟ ਖਿੜਕੀ 'ਤੇ ਇਕ ਦੂਜੇ ਨੂੰ ਚੁਣੌਤੀ ਦੇਣਗੇ। ਕੰਗਨਾ ਦੀ ਵੱਡੇ ਪ੍ਰੋਜੈਕਟ ਵਾਲੀ ਫਿਲਮ 'ਮਨੀਕਰਨਿਕਾ: ਦਿ ਕੁਈਨਜ਼ ਆਫ ਝਾਂਸੀ' ਅਤੇ ਰਿਤਿਕ ਦੀ ਫਿਲਮ 'ਸੁਪਰ 30' ਇਕੋ ਦਿਨ 25 ਜਨਵਰੀ 2019 ਨੂੰ ਰਿਲੀਜ਼ ਹੋਣਗੀਆਂ।



'ਮਨੀਕਰਨਿਕਾ' ਪਹਿਲਾਂ ਇਸੇ ਸਾਲ ਅਪਰੈਲ 'ਚ ਰਿਲੀਜ਼ ਹੋਣੀ ਸੀ, ਪਰ ਫਿਰ ਇਸ ਨੂੰ 15 ਅਗਸਤ ਅਤੇ ਮਗਰੋਂ ਸਤੰਬਰ ਤਕ ਲਈ ਅੱਗੇ ਪਾ ਦਿੱਤਾ ਗਿਆ। ਕ੍ਰਿਸ਼ ਵੱਲੋਂ ਨਿਰਦੇਸ਼ਿਤ ਇਸ ਫਿਲਮ ਵਿਚ ਕੰਗਨਾ ਰਨੌਤ ਨੇ ਰਾਣੀ ਲਕਸ਼ਮੀਬਾਈ ਦਾ ਮੁੱਖ ਕਿਰਦਾਰ ਨਿਭਾਇਆ ਹੈ। ਉਧਰ ਰਿਤਿਕ ਰੌਸ਼ਨ ਦੀ ਫਿਲਮ 'ਸੁਪਰ 30' ਪਟਨਾ ਦੇ ਮਸ਼ਹੂਰ ਗਣਿਤ ਸ਼ਾਸਤਰੀ ਆਨੰਦ ਕੁਮਾਰ 'ਤੇ ਬਣੀ ਬਾਇਓਪਿਕ ਹੈ ਜੋ ਹਰ ਸਾਲ ਤੀਹ ਆਈ.ਆਈ.ਟੀ. ਉਮੀਦਵਾਰਾਂ ਨੂੰ ਸਿਖਲਾਈ ਦਿੰਦਾ ਹੈ। ਫਿਲਮ ਨੂੰ ਵਿਕਾਸ ਬਹਿਲ ਨੇ ਨਿਰਦੇਸ਼ਤ ਕੀਤਾ ਹੈ।



ਯਾਦ ਰਹੇ ਕਿ ਪਿਛਲੇ ਸਮੇਂ ਦੌਰਾਨ ਕੰਗਨਾ ਰਨੌਤ ਅਤੇ ਰਿਤਿਕ ਰੌਸ਼ਨ ਦੇ ਰਿਸ਼ਤੇ ਸੁਖਾਵੇਂ ਨਹੀਂ ਰਹੇ ਹਨ। ਮਸਲਾ ਕੰਗਨਾ ਦੀ ਨਿੱਕੀ ਜਿਹੀ ਟਿੱਪਣੀ ਤੋਂ ਸ਼ੁਰੂ ਹੋਇਆ ਸੀ ਅਤੇ ਬਾਅਦ ਵਿਚ ਇੰਨਾ ਜ਼ਿਆਦਾ ਤੂਲ ਫੜ ਗਿਆ ਕਿ ਥਾਣੇ-ਕਚਿਹਿਰੀਆਂ ਵਿਚ ਜਾ ਪੁੱਜਾ ਸੀ। ਅਸਲ ਵਿਚ ਕੰਗਨਾ ਨੇ ਰਿਤਿਕ ਨਾਲ ਆਪਣੀ ਮੁਹੱਬਤ ਹੋਣ ਬਾਰੇ ਰਤਾ ਕੁ ਟੇਢੇ ਢੰਗ ਮਾਲ ਆਖ ਦਿਤਾ ਸੀ ਅਤੇ ਰਿਤਿਕ ਨੇ ਇਸ ਦਾਅਵੇ ਨੂੰ ਝੁਠਲਾਉਣ ਦਾ ਯਤਨ ਕੀਤਾ ਸੀ। ਇਨ੍ਹਾਂ ਯਤਨਾਂ ਵਿਚ ਹੀ ਗੱਲ ਵਧੇਰੇ ਵਿਗੜ ਗਈ। ਇਸ ਤੋਂ ਬਾਅਦ ਆਪੋ-ਆਪਣਾ ਪੈਂਤੜਾ ਸਾਬਤ ਕਰਨ ਲਈ ਈਮੇਲ ਨਸ਼ਰ ਕਰਨ ਦਾ ਸਿਲਸਿਲਾ ਚੱਲ ਪਿਆ। ਮਸਾਂ ਕਿਤੇ ਜਾ ਕੇ ਦੋਵੀਂ ਪਾਸੀਂ ਚੁੱਪ ਵਰਤੀ ਸੀ ਕਿ ਹੁਣ ਦੋਵੇਂ ਬਾਕਸ ਆਫਿਸ ਉਤੇ ਇਕ ਵਾਰ ਫਿਰ ਆਹਮੋ-ਸਾਹਮਣੇ ਆ ਗਏ ਹਨ।

**-ਆਮਨਾ ਕੌਰ**

PAO
Punjabi American Organization

# Punjabi American Organization

ਵਲੋਂ ਮਾਣ ਨਾਲ ਪੇਸ਼ ਹੈ ਮਿਡਵੈਸਟ ਦਾ 14ਵਾਂ ਰੰਗਾਰੰਗ ਪ੍ਰੋਗਰਾਮ

# Teeyan Da Mela-2018

## ਤੀਆਂ ਦਾ ਮੇਲਾ-2018


ਬੀਬੀ ਜਸਵੰਤ ਕੌਰ ਧਾਲੀਵਾਲ

*Ladies Only*

Dedicated to Late Mrs. Jaswant Kaur Dhaliwal

**Sunday, July 29th, 2018**

*Time: 10:30 AM to 4:30 PM*

**Waterford Banquet Hall**

933 S Riverside Dr, Elmhurst, IL 60126

Fashion Show Sponsored By:
The Purpple Closet
Ph: 847-722-9262

**Join us and enjoy:**
**Giddha, Dholki, Punjabi Songs and Open Dance**


Program Hosted by Jyoti Sharma
*TV/Radio Host/Singer/Actress*

Also enjoy Shopping, Suits, Jewelry, Gift items & Mehandi.

Live Music by DJ Aladdin

## Special attraction of the Event
## Mrs. Punjaban 2018

For Participants requirements, contact any team member.

VIP Ticket: $100
*(On the Table by Stage)*
Ticket Price $25
*Kids Under 5 yrs are Free!*

Lunch and parking included






**For More Information Contact**

Minni Multani 630-935-5239
Sukhi Singh 847-917-3664
Naiha Walia 847-687-9074
Pinki Walia 847-999-8720
Naina Singh 847-828-9412
Navjot Bajwa 312-446-4432

Manisha Garg 847-904-7458
Aarti Singla 630-479-3661
Jasmeet Suga 630-673-6300
Kamal Hunjan 630-673-5156
www.paochicago.org

Satinder Kaur 630-696-8705
Pammi Sangha 630-965-2930
Rajinder Mago 630-890-1362
Gurpreet Singh 630-677-6144
Shaloo Chhabra 813-317-6815
Prabh Khaira 630-267-2107

"Volunteers and new members needed. High school volunteers will get community service hours"

ੴ ਸਤਿਗੁਰ ਪ੍ਰਸਾਦਿ॥

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥
*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1105)*

# ਸ਼ਹੀਦ ਊਧਮ ਸਿੰਘ ਜੀ ਦਾ 78ਵਾਂ ਸ਼ਹੀਦੀ ਦਿਹਾੜਾ

## *78th Anniversary of Martyrdom of Shaheed Udham Singh is being* observed from Friday August 3 to Sunday August 5, 2018 at SIKH CULTURAL SOCIETY 95-30, 118 St. Richmond Hill, New York 11419



Shaheed Uddham Singh
Alias Ram Mohammed Singh Azad

## *Program*

**Arambh Akhand Paath: Friday August 3, 9am**
**Bhog Akhand Paath: Sunday August 5, 9am**
**Shabad Keertan, Katha, Dhaadhi Vaaran & Paying Tributes, up to 3pm**

***"When I am gone, in my place will come thousands to free my country."***

ਭਾਰਤ ਦੀ ਆਜ਼ਾਦੀ ਦੇ ਮਹਾਨ ਸ਼ਹੀਦ ਊਧਮ ਸਿੰਘ ਜੀ ਦਾ ਸ਼ਹੀਦੀ ਦਿਨ ਸ਼ੁੱਕਰਵਾਰ 3 ਅਗਸਤ ਤੋਂ 5 ਅਗਸਤ 2018 ਤਕ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ (95-30, 118 ਸਟਰੀਟ, ਰਿਚਮੰਡ ਹਿੱਲ, ਨਿਊ ਯਾਰਕ 11419) ਵਿਖੇ ਹਰ ਸਾਲ ਦੀ ਤਰ੍ਹਾਂ ਸ਼ਹੀਦ ਊਧਮ ਸਿੰਘ ਸਭਾ ਆਫ ਨਿਊ ਯਾਰਕ (ਇੰਕ) ਵਲੋਂ ਟ੍ਰਾਈ ਸਟੇਟ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਸਹਿਤ ਮਨਾਇਆ ਜਾ ਰਿਹਾ ਹੈ। ਤਿੰਨ ਦਿਨਾਂ ਦਾ ਪ੍ਰੋਗਰਾਮ ਇਸ ਪ੍ਰਕਾਰ ਹੈ,

**ਅਰੰਭ ਸ੍ਰੀ ਅਖੰਡ ਪਾਠ ਸਾਹਿਬ: ਸ਼ੁੱਕਰਵਾਰ 3 ਅਗਸਤ 2018, ਸਵੇਰੇ 9:00 ਵਜੇ**
**ਭੋਗ ਸ੍ਰੀ ਅਖੰਡ ਪਾਠ ਸਾਹਿਬ: ਐਤਵਾਰ 5 ਅਗਸਤ 2018, ਸਵੇਰੇ 9:00 ਵਜੇ**
ਅਰਦਾਸ ਉਪਰੰਤ ਸ਼ਬਦ ਕੀਰਤਨ ਅਤੇ ਢਾਡੀ ਦਰਬਾਰ ਬਾਅਦ ਦੁਪਹਿਰ 3 ਵਜੇ ਤੱਕ ਸਜਣਗੇ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ

**ਹੋਰ ਜਾਣਕਾਰੀ ਲਈ ਸੰਪਰਕ ਕਰੋ:** ਜਸਵੰਤ ਸਿੰਘ ਜੱਸਾ (ਪ੍ਰਧਾਨ) ਫੋਨ: 347-249-2473
ਸਵਿੰਦਰ ਸਿੰਘ ਜੋਸਨ (ਚੇਅਰਮੈਨ) ਫੋਨ: 718-343-5589; ਮਾਸਟਰ ਫੁੰਮਣ ਸਿੰਘ (ਸਕੱਤਰ) ਫੋਨ: 718-749-5032

## ਸ਼ਹੀਦ ਊਧਮ ਸਿੰਘ ਸਭਾ ਆਫ ਨਿਊ ਯਾਰਕ (ਇੰਕ)